ਕੌਮਾਂਤਰੀ
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 12 | Issue 61 | 8 to 14 March, 2023 | Ph.: (510) 240-5949 | Email: asrtimes@gmail.com




# ਹੰਗਾਮੇ ਭਰਪੂਰ ਹੈ ਪੰਜਾਬ ਵਿਧਾਨ ਸਭਾ ਦਾ ਬਜਟ ਸੈਸ਼ਨ

➢ ਮੁੱਖ ਮੰਤਰੀ ਮਾਨ ਅਤੇ ਵਿਰੋਧੀ ਆਗੂ ਬਾਜਵਾ ਹੋਏ ਮਿਹਣੋ ਮਿਹਣੀ ➢ ਲੋਕਤੰਤਰ ਦੀਆਂ ਕਦਰਾਂ ਕੀਮਤਾਂ ਨੂੰ ਕਾਇਮ ਰੱਖਣ ਦੀ ਲੋੜ

➢ ਸਦਨ ਦੀ ਮਰਿਆਦਾ ਦੀ ਕੀਤੀ ਜਾਵੇ ਪਾਲਣਾ ➢ ਵਿਧਾਇਕਾਂ ਦੀ ਆਪਸੀ ਬਹਿਸਬਾਜ਼ੀ ਵਿੱਚ ਰੁਲ ਗਏ ਆਮ ਲੋਕਾਂ ਦੇ ਵੱਡੇ ਮਸਲੇ

ਚੰਡੀਗੜ੍ਹ/ਏ.ਟੀ.ਨਿਊਜ਼ :- ਪੰਜਾਬ ਵਿਧਾਨ ਸਭਾ ਦਾ ਚੱਲ ਰਿਹਾ ਬਜਟ ਸ਼ੈਸ਼ਨ ਹੁਣ ਤਕ ਹੰਗਾਮੇ ਭਰਪੂਰ ਰਿਹਾ ਹੈ। ਅਸਲ ਵਿੱਚ ਇਸ ਸ਼ੈਸਨ ਦੇ ਹੰਗਾਮੇ ਭਰਪੂਰ ਹੋਣ ਦੀ ਆਸ ਉਦੋਂ ਬਣ ਗਈ ਸੀ, ਜਦੋਂ ਇਸ ਬਜਟ ਸ਼ੈਸਨ ਦੀ ਪ੍ਰਵਾਨਗੀ ਨੂੰ ਲੈ ਕੇ ਪੰਜਾਬ ਦੇ ਰਾਜਪਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਵਿਚਾਲੇ ਠੰਡੀ ਜੰਗ ਸ਼ੁਰੂ ਹੋ ਗਈ ਅਤੇ ਪੰਜਾਬ ਸਰਕਾਰ ਨੂੰ ਬਜਟ ਸ਼ੈਸਨ ਦੀ ਪ੍ਰਵਾਨਗੀ ਲੈਣ ਲਈ ਸੁਪਰੀਮ ਕੋਰਟ ਦਾ ਸਹਾਰਾ ਲੈਣਾ ਪਿਆ।

ਬਜਟ ਸ਼ੈਸਨ ਦੇ ਪਹਿਲੇ ਦਿਨ ਰਾਜਪਾਲ ਦੇ ਭਾਸ਼ਣ ਦੌਰਾਨ ਵੀ ਹੰਗਾਮਾ ਹੁੰਦਾ ਰਿਹਾ ਅਤੇ ਰਾਜਪਾਲ ਵਲੋਂ ਪੰਜਾਬ ਸਰਕਾਰ ਨੂੰ ਮੇਰੀ ਸਰਕਾਰ ਦਾ ਸੰਬੋਧਨ ਕਰਨ 'ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਇਤਰਾਜ ਕੀਤਾ ਅਤੇ ਰਾਜਪਾਲ ਨੂੰ ਮੇਰੀ ਸਰਕਾਰ ਦੀ ਥਾਂ ਸਿਰਫ ਸਰਕਾਰ ਕਹਿਣ ਦੀ ਅਪੀਲ ਕੀਤੀ। ਰਾਜਪਾਲ ਨੇ ਉਸ ਤੋਂ ਬਾਅਦ ਆਪਣੇ ਭਾਸ਼ਣ ਵਿਚ ਮੇਰੀ ਸਰਕਾਰ ਦੀ ਥਾਂ ਸਰਕਾਰ



ਕਹਿਣਾ ਆਰੰਭ ਕਰ ਦਿਤਾ ਜਿਸ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਰਾਜਪਾਲ ਨੂੰ ਸਦਨ ਦੀ ਮਰਿਆਦਾ ਅਨੁਸਾਰ ਮੇਰੀ ਸਰਕਾਰ ਸ਼ਬਦ ਵਰਤਣ ਦੀ ਅਪੀਲੀ ਕੀਤੀ , ਜਿਸ ਨੂੰ ਮੰਨਦਿਆਂ ਰਾਜਪਾਲ ਨੇ ਆਪਣੇ ਭਾਸ਼ਣ ਵਿਚ ਮੁੜ ਮੇਰੀ ਸਰਕਾਰ ਕਹਿਣਾ ਆਰੰਭ ਕਰ ਦਿਤਾ।

ਪੰਜਾਬ ਵਿਧਾਨ ਸਭਾ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਕਿ ਜਦੋਂ ਬਜਟ ਸੈਸਨ ਦੇ ਪਹਿਲੇ ਦਿਨ ਵਿਰੋਧੀ ਧਿਰ ਨੇ ਵਾਕਆਊਟ ਕੀਤਾ ਤਾਂ ਰਾਜਪਾਲ ਨੇ ਵਿਰੋਧੀ ਧਿਰ ਨੂੰ ਵਾਕਆਊਟ ਕਰਨ ਤੋਂ ਰੋਕਣ ਦਾ ਯਤਨ ਕੀਤਾ। ਇਸ ਤੋਂ ਬਾਅਦ ਕੁਝ ਮ੍ਰਿਤਕ ਸ਼ਖਸੀਅਤਾਂ ਨੂੰ ਸ਼ਰਧਾਂਜਲੀ ਦੇਣ ਤੋਂ ਬਾਅਦ ਸਦਨ ਮੁਲਤਵੀ ਕਰ ਦਿਤਾ ਗਿਆ।

ਬਜਟ ਸ਼ੈਸਨ ਦੇ ਅਗਲੇ ਦਿਨ ਫਿਰ ਸਦਨ ਵਿਚ ਹੰਗਾਮੇ ਭਰਪੂਰ ਸਥਿਤੀ ਬਣੀ ਰਹੀ ਅਤੇ ਮੁੱਖ ਮੰਤਰੀ ਮਾਨ ਅਤੇ ਵਿਰੋਧੀ (ਬਾਕੀ ਸਫ਼ਾ 30 'ਤੇ)

## ਸਦਨ ਦੀ ਮਰਿਆਦਾ ਦੀ ਕੀਤੀ ਜਾਵੇ ਪਾਲਣਾ

ਪੰਜਾਬ ਵਿਧਾਨ ਸਭਾ ਦੇ ਬਜਟ ਸ਼ੈਸਨ ਦੇ ਹੰਗਾਮੇ ਭਰਪੂਰ ਰਹਿਣ ਦੇ ਦੌਰਾਨ ਇਹ ਗਲ ਉਭਰ ਕੇ ਸਾਹਮਣੇ ਆਈ ਕਿ ਇਸ ਸ਼ੈਸਨ ਦੌਰਾਨ ਲੋਕਤੰਤਰ ਦੀਆਂ ਕਦਰਾਂ ਕੀਮਤਾਂ ਦਾ ਪੂਰੀ ਤਰਾਂ ਖਿਆਲ ਨਹੀਂ ਰਖਿਆ ਗਿਆ। ਬਜਟ ਸ਼ੈਸ਼ਨ ਦੌਰਾਨ ਜਿਸ ਤਰੀਕੇ ਨਾਲ ਸੱਤਾਧਾਰੀ ਧਿਰ ਅਤੇ ਵਿਰੋਧੀ ਧਿਰ ਵਿਚਾਲੇ ਝੜਪਾਂ ਹੋਈਆਂ, ਮੁੱਖ ਮੰਤਰੀ ਅਤੇ ਵਿਰੋਧੀ ਧਿਰ ਦੇ ਆਗੂ ਮਿਹਣੋ ਮਿਹਣੀ ਹੋਏ। ਉਸ ਨੂੰ ਸਦਨ ਦੀ ਮਰਿਆਦਾ ਦੇ ਅਨੁਸਾਰ ਨਹੀਂ ਮੰਨਿਆ ਜਾ ਸਕਦਾ। ਭਾਰਤ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਮੰਨਿਆਂ ਜਾਂਦਾ ਹੈ, ਜਿਥੇ ਕਿ ਲੋਕਾਂ ਵਲੋਂ , ਲੋਕਾਂ ਦੀ ਅ ਤੇ ਲੋਕਾਂ ਦੇ ਲਈ ਸਰਕਾਰ ਦੀ ਚੋਣ ਵੋਟਾਂ ਪਾ ਕੇ ਕੀਤੀ ਜਾਂਦੀ ਹੈ। ਇਸ ਲੋਕਤੰਤਰੀ ਪ੍ਰਣਾਲੀ ਅਧੀਨ ਭਾਰਤ ਵਿਚ ਹਰ ਕਿਸੇ ਨੂੰ ਬੋਲਣ ਦੀ ਆਜਾਦੀ ਦਿਤੀ ਹੋਈ ਹੈ ਪਰ ਬਜਟ ਸ਼ੈਸਨ ਦੌਰਾਨ ਇਹ ਗਲ ਵੇਖਣ ਵਿਚ ਆਈ ਕਿ ਸਦਨ ਵਿਚ ਬੋਲਣ ਸਮੇਂ ਅਨੇਕਾਂ ਵਿਧਾਇਕ ਬੋਲਣ ਦੀ ਆਜਾਦੀ ਦੀ ਮਰਿਆਦਾ ਦੀ ਉਲੰਘਣਾ ਕਰ ਗਏ। ਹਰ ਵਿਧਾਇਕ ਨੂੰ ਉਸ ਦੇ ਵਿਧਾਨ ਸਭਾ ਖੇਤਰ ਦੇ ਲੋਕਾਂ ਵਲੋਂ ਵੱਡਾ ਭਰੋਸਾ ਕਰਕੇ ਵੋਟਾਂ ਪਾ ਕੇ ਜਿਤਾ ਕੇ ਭੇਜਿਆ ਜਾਂਦਾ ਹੈ, ਤਾਂ ਕਿ ਵਿਧਾਨ ਸਭਾ ਵਿਚ ਜਾ ਕੇ ਉਸ ਵਿਧਾਇਕ ਵਲੋਂ ਲੋਕਾਂ ਦੇ ਮਸਲੇ ਉਠਾਏ ਜਾਣ ਪਰ ਜਿਸ ਤਰੀਕੇ ਨਾਲ ਪੰਜਾਬ ਵਿਧਾਨ ਸਭਾ ਦੇ ਮੌਜੂਦਾ ਬਜਟ ਸ਼ੈਸਨ ਦੌਰਾਨ ਸੱਤਾਧਾਰੀ ਆਗੂਆਂ ਅਤੇ ਵਿਰੋਧੀ ਧਿਰ ਦੇ ਆਗੂਆਂ ਅਤੇ ਮੰਤਰੀਆਂ ਤੇ ਵਿਧਾਇਕਾਂ ਵਿਚਾਲੇ ਬਹਿਸ ਹੋਈ ਅਤੇ ਇਕ ਦੂਜੇ 'ਤੇ ਦੋਸ਼ ਲਗਾਏ ਗਏ, ਉਹ ਹੰਗਾਮੇ ਦੌਰਾਨ ਪੰਜਾਬ ਦੇ ਆਮ ਲੋਕਾਂ ਦੇ ਵੱਡੇ ਮਸਲੇ ਰੁਲ ਗਏ। ਚਾਲੂ ਬਜਟ ਸ਼ੈਸਨ ਦੌਰਾਨ ਸੱਤਾਧਾਰੀ ਧਿਰ ਅਤੇ ਵਿਰੋਧੀ ਧਿਰ ਨੂੰ ਸਦਨ ਦੀ ਮਰਿਆਦਾ ਦਾ ਜਰੂਰ ਖਿਆਲ ਰਖਣਾ ਚਾਹੀਦਾ ਹੈ।



## ਧਾਰਮਿਕ ਸਥਾਨ 'ਤੇ ਕਤਲ, ਸਿੱਖ ਕੌਮ ਲਈ ਚਿੰਤਾ ਦਾ ਵਿਸ਼ਾ

ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਲੇ ਮੁਹੱਲੇ ਵਿੱਚ ਸ਼ਾਮਿਲ ਹੋਣ ਪੁੱਜੇ ਐਨ.ਆਰ.ਆਈ. ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਗਾਜੀਕੋਟ ਦੇ ਪ੍ਰਦੀਪ ਸਿੰਘ ਉਰਫ਼ ਪ੍ਰਿੰਸ (ਉਮਰ 24 ਸਾਲ) ਦਾ ਕਤਲ ਇਕੱਲਾ ਨਿੰਦਣਯੋਗ ਹੀ ਨਹੀਂ ਸਗੋਂ ਸਿੱਖ ਕੌਮ ਲਈ ਚਿੰਤਾਜਨਕ ਵੀ ਹੈ। ਸਾਡੇ ਮਾਣਮੱਤੇ ਇਤਿਹਾਸ ਵਾਲੇ ਧਾਰਮਿਕ ਸਥਾਨ ਜਿੱਥੋਂ ਮਨੁੱਖਤਾ ਦੀ ਕਦਰ ਦਾ ਸੁਨੇਹਾ ਮਿਲਦਾ ਹੈ, ਉੱਥੇ ਇੱਕ ਅਜਿਹੇ ਮਨੁੱਖ ਦਾ ਕਤਲ ਹੋ ਜਾਣਾ ਜੋ ਹੋਲੇ ਮਹੱਲੇ ਵਿੱਚ ਜਵਾਨੀ ਦੇ ਜੋਸ਼ ਵਿੱਚ ਧਾਰਮਿਕ ਵਾਰਾਂ ਦੀ ਥਾਂ ਕੁਰਾਹੇ ਪਾਉਂਦੇ ਗੀਤ ਸੁਣਦਿਆਂ ਨੂੰ ਰੋਕ ਰਿਹਾ ਸੀ (ਜਿਵੇਂ ਕਿ ਸ਼ੁਰੂਆਤੀ ਰਿਪੋਰਟਾਂ ਤੋਂ ਪਤਾ ਲੱਗਿਆ), ਇਹ ਮਨੁੱਖਤਾ ਦਾ ਘਾਣ ਹੈ। ਧਾਰਮਿਕ ਸਥਾਨ ਸੁਚੱਜੀ ਜ਼ਿੰਦਗੀ ਜਿਉਣ ਦਾ ਸੁਨੇਹਾ ਦਿੰਦੇ ਨੇ ਤੇ ਹਰ ਕੋਈ ਉੱਥੋਂ ਸੇਧ ਲੈਣ ਜਾਂਦਾ ਹੈ ਪਰ ਪ੍ਰਿੰਸ ਨਾਲ ਵਾਪਰੀ ਘਟਨਾ ਨੇ ਲੋਕਾਂ ਨੂੰ ਹਲੂਣ ਕੇ ਰੱਖ ਦਿੱਤਾ। ਸਿੱਖ ਜਥੇਬੰਦੀਆਂ ਨੂੰ ਅਜਿਹੇ ਮਸਲੇ ਤੇ ਸਿਰ ਜੋੜ ਕੇ ਵਿਚਾਰਾਂ ਕਰਨ ਦੀ ਲੋੜ ਹੈ। ਮੋਹਾਲੀ 'ਚ ਲੱਗੇ ਬੰਦੀ ਸਿੰਘਾਂ ਦੀ ਰਿਹਾਈ ਲਈ ਪੱਕੇ ਮੋਰਚੇ ਵਿੱਚ ਵੀ ਕੁਝ ਨੌਜਵਾਨ (ਸਾਰੇ ਨਹੀਂ) ਟਰੈਕਟਰਾਂ ਤੇ ਸਪੀਕਰ ਲਗਾ ਕੇ ਗੇੜੇ ਦਿੰਦੇ ਨੇ। ਇੱਕ ਗੱਲ ਹੋਰ ਜੇਕਰ ਅਜਿਹੇ ਨੌਜਵਾਨਾਂ ਨੂੰ ਕੋਈ ਨਸੀਹਤ ਦੇਣ ਦੀ ਗੱਲ ਕਰਦਾ ਹੈ ਤਾਂ ਉਸਨੂੰ ਕਾਮਰੇਡ ਜਾਂ ਹੋਰ ਨਾਂਅ ਦੇ ਕੇ ਮਾਵਾਂ-ਭੈਣਾਂ ਦੀਆਂ ਗਾਲਾਂ ਦੀ ਹਨੇਰੀ ਲਿਆ ਦਿੱਤੀ ਜਾਂਦੀ ਹੈ। ਸ੍ਰੀ ਆਨੰਦਪੁਰ ਸਾਹਿਬ ਵਿਖੇ (ਬਾਕੀ ਸਫ਼ਾ 30 'ਤੇ)

## ਬਜਟ ਸੈਸ਼ਨ ਦੀਆਂ ਦਿਲਚਸਪ ਝਲਕੀਆਂ

ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਭਾਵੇਂ ਸੱਤਾਧਾਰੀ ਧਿਰ ਅਤੇ ਵਿਰੋਧੀ ਧਿਰ ਵਿਚਾਲੇ ਤਲਖੀ ਦਿਖਾਈ ਦਿੱਤੀ ਅਤੇ ਬਹਿਸਬਾਜ਼ੀ ਹੁੰਦੀ ਰਹੀ ਪਰ ਇਸ ਬਜਟ ਸੈਸ਼ਨ ਦੌਰਾਨ ਕਈ ਦਿਲਚਸਪ ਗੱਲਾਂ ਵੀ ਹੋਈਆਂ ਅਤੇ ਕਈ ਵਾਰ ਸਦਨ ਵਿੱਚ ਹਾਸਾ ਠੱਠਾ ਵੀ ਹੋਇਆ। ਇਸ ਤੋਂ ਇਲਾਵਾ ਸਦਨ ਵਿੱਚ ਸ਼ੇਅਰੋ-ਸ਼ਾਇਰੀ ਦਾ ਦੌਰ ਵੀ ਚੱਲਿਆ :-

* ਸਦਨ ਵਿੱਚ ਪ੍ਰਸ਼ਨ ਕਾਲ ਦੌਰਾਨ ਜਦੋਂ ਵਿਧਾਇਕ ਜੰਗੀ ਲਾਲ ਮਹਾਜਨ ਆਪਣੀ ਸੀਟ ਤੋਂ ਉੱਠ ਕੇ ਖੜ੍ਹੇ ਹੋਏ ਤਾਂ ਸਪੀਕਰ ਨੇ ਕਿਹਾ ਕਿ ਆਪਣਾ ਪ੍ਰਸ਼ਨ ਨੰਬਰ ਪੜ੍ਹੋ, ਅੱਗਿਓਂ ਮਹਾਜਨ ਨੇ ਜਦੋਂ 'ਪ੍ਰਸ਼ਨ ਨੰਬਰ 420' ਪੜ੍ਹਿਆ ਤਾਂ ਸਾਰੇ ਪਾਸੇ ਹਾਸਾ ਮੱਚ ਗਿਆ।

* ਸਪੀਕਰ ਕੁਲਤਾਰ ਸੰਧਵਾਂ ਨੇ ਦਿਲਚਸਪੀ ਦਿਖਾਉਂਦੇ ਹੋਏ ਸ਼ੇਅਰ ਸੁਣਨ ਲਈ ਉਚੇਚੇ ਤੌਰ 'ਤੇ ਵਜ਼ੀਰ ਡਾ. ਇੰਦਰਬੀਰ ਸਿੰਘ ਨਿੱਝਰ ਨੂੰ ਸੱਦਾ ਦਿੱਤਾ।

* ਸਿਹਤ ਮੰਤਰੀ ਡਾਕਟਰ ਬਲਵੀਰ ਸਿੰਘ ਨੇ ਵਿਅੰਗ ਕੀਤਾ ਤੇ ਕਿਹਾ ਕਿ ਪਿਛਲੀ ਸਰਕਾਰ ਸਮੇਂ ਡਾਕਟਰ ਪੰਜਾਬ 'ਚੋਂ ਬਾਹਰ ਜਾਂਦੇ ਸਨ ਤੇ ਸ਼ਰਾਬ ਬਾਹਰੋਂ ਪੰਜਾਬ 'ਚ ਆਉਂਦੀ ਸੀ।

*ਪੂਰੀ ਸਕਰੀਨ ਤੇ ਛਾਏ ਹੋਏ ਪ੍ਰਤਾਪ ਸਿੰਘ ਬਾਜਵਾ ਨੇ ਰੋਸ ਜਤਾਇਆ ਕਿ ਲਾਈਵ ਪ੍ਰਸਾਰਣ ਸਮੇਂ ਵਿਰੋਧੀ ਧਿਰ ਦੇ ਮੈਂਬਰਾਂ ਤੇ ਕੈਮਰੇ ਦੀ ਅੱਖ ਬੰਦ ਕੀਤੀ ਜਾ ਰਹੀ ਹੈ।

* ਪਹਿਲਾਂ ਤਾਂ ਰਾਜਾ ਵੜਿੰਗ ਦਾ ਪੁਰਾਣ ਜੋਸ਼ ਸਦਨ ਵਿੱਚ ਨਜ਼ਰ ਨਹੀਂ ਆਇਆ, ਅਸਿੱਧੀ ਚੁੱਪ ਹਲਕਿਆਂ 'ਚ ਰੜਕੀ ਪਰ ਰਾਜਾ ਵੜਿੰਗ ਨੇ ਅਗਲੇ ਦਿਨ ਮੁਖ ਮੰਤਰੀ ਦੀ ਤਾਰੀਫ਼ ਕਰਕੇ ਆਪਣੀ ਸੰਗ ਦੂਰ ਕੀਤੀ ਤੇ ਕੈਪਟਨ ਅਮਰਿੰਦਰ ਸਿੰਘ 'ਤੇ ਸ਼ਬਦੀ ਤੀਰ ਛੱਡੇ।

* ਸਪੀਕਰ ਦੇ ਸੱਦੇ ਦੇ ਬਾਵਜੂਦ ਵੀ ਵਿਰੋਧੀ ਧਿਰ ਨੇ ਦੁਪਹਿਰ ਦੇ ਖਾਣੇ ਦਾ ਬਾਈਕਾਟ ਕੀਤਾ।

* ਮਾਲੇਰਕੋਟਲਾ ਤੋਂ ਵਿਧਾਇਕ ਡਾ. ਮੁਹੰਮਦ ਜਮੀਲ ਉਰ ਰਹਿਮਾਨ ਨੇ ਕਿਹਾ, 'ਪੰਜਾਬੀ ਭਾਸ਼ਾ ਮੇਰੀ ਮਾਂ ਬੋਲੀ ਹੈ ਤੇ ਉਰਦੂ ਮੇਰੀ ਮਹਿਬੂਬਾ।' ਉਨ੍ਹਾਂ ਉਰਦੂ ਜ਼ਬਾਨ ਲਈ ਬਣਦਾ ਹੱਕ ਮੰਗਿਆ।

* ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਡਾਕਟਰ ਗੁਰਪ੍ਰੀਤ ਕੌਰ ਵੀ ਸਦਨ ਵਿਚ ਸ਼ਾਮਿਲ ਹੋਏ। ਮੁੱਖ ਮੰਤਰੀ ਨੇ ਆਪਣੇ ਭਾਸ਼ਣ ਵਿੱਚ ਲੰਘੇ ਦਿਨੀਂ ਧਨੀ ਰਾਮ ਚਾਤ੍ਰਿਕ ਨੂੰ ਵੀ ਯਾਦ ਕੀਤਾ।

(ਬਾਕੀ ਸਫ਼ਾ 30 'ਤੇ)

# ਸਿੱਖ ਪੰਚਾਇਤ ਦੀ ਸਲੇਟ
# SIKH PANCHAYAT SLATE

## ਗੁਰਦੁਆਰਾ ਸਾਹਿਬ ਫਰੀਮੌਂਟ ਵਿਚ ਆਪਸੀ ਸਦਭਾਵਨਾ ਵਾਲਾ ਧਾਰਮਿਕ ਮਾਹੌਲ ਬਣਾਉਣ ਲਈ ਅਤੇ ਸੁਚੱਜਾ ਪ੍ਰਬੰਧ ਚਲਾਉਣ ਲਈ ਅਗਾਂਹ ਵਧੂ ਸੋਚ ਵਾਲੇ ਪੜ੍ਹੇ ਲਿਖੇ

# ਨਿਸ਼ਕਾਮ ਸੇਵਕਾਂ ਨੂੰ ਸੇਵਾ ਦਾ ਮੌਕਾ ਦਿਓ ਜੀ


ਹਰਪ੍ਰੀਤ ਸਿੰਘ ਬੈਂਸ
Harpreet Singh Bains


ਡਾ. ਜਸਪ੍ਰੀਤ ਸਿੰਘ ਅਟਵਾਲ
Dr. Jaspreet Singh Atwal


ਸੁਰਿੰਦਰਜੀਤ ਕੌਰ
Surinderjit Kaur


ਰਜਿੰਦਰ ਸਿੰਘ ਰਾਜਾ
Rajinder Singh Raja


ਜਸਵੰਤ ਸਿੰਘ
Jaswant Singh

## ਹਰਪ੍ਰੀਤ ਸਿੰਘ ਬੈਂਸ

ਦਾਸ ਕੈਲੀਫੋਰਨੀਆ ਵਿਚ ਹੀ ਵੱਡਾ ਹੋਇਆ ਅਤੇ CalPoly ਤੋਂ BSEE ਕੀਤੀ ਸੀ। 1992 ਤੋਂ ਮੈਂ ਬੇ ਏਰੀਆ ਵਿਚ ਰਹਿ ਰਿਹਾ ਹਾਂ ਅਤੇ ਫਰੀਮਾਂਟ ਗੁਰੂ ਘਰ ਵਿਚ ਆਉਂਦਾ ਹਾਂ। ਮੈਂ ਸਿਲੀਕਾਨ ਵੈਲੀ ਵਿਚ ਪਿਛਲੇ 28 ਸਾਲਾਂ ਤੋਂ ਡੀਜਾਈਨ ਇੰਜੀਨੀਅਰ ਦੇ ਤੌਰ ਤੇ ਕੰਮ ਕਰਦਾ ਹਾਂ ਜਿਨਾਂ ਵਿਚੋਂ ਦਸ ਕੁ ਸਾਲ Cisco Systems ਵਿਚ ਕੰਮ ਕੀਤਾ ਸੀ। 2015 ਤੋਂ ਮੈਂ Pure Storage ਵਿਚ ਆਰ ਡੀ ਦੇ ਮੈਨੇਜਰ ਦੇ ਤੌਰ ਉਤੇ ਕੰਮ ਕਰਦਾ ਆ ਰਿਹਾ ਹਾਂ। ਮੈਨੂੰ 2006 ਵਿਚ ਫਰੀਮਾਂਟ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਿਚ ਸੇਵਾ ਕਰਨ ਦਾ ਮੌਕਾ ਮਿਲਿਆ ਸੀ ਜਿਸ ਸਮੇਂ ਮੈਂ ਸਿੱਖ ਧਰਮ ਬਾਰੇ ਦੂਸਰਿਆ ਭਾਈਚਾਰਿਆਂ ਵਿਚ ਜਾਗਰੂਕਤਾ ਪੈਦਾ ਕਰਨ ਦੇ ਪ੍ਰੋਜੈਕਟ ਵਿਚ ਭਾਗ ਲਿਆ ਸੀ। ਮੈਂ ਸਿੱਖੀ ਸਿਧਾਂਤਾਂ ਨੂੰ ਪਿਆਰ ਕਰਦਾ ਹਾਂ ਅਤੇ ਸੰਗਤਾਂ ਅਤੇ ਨੌਜਵਾਨਾਂ ਲਈ ਭਾਵ ਪੂਰਤ ਪ੍ਰੋਗਰਾਮ ਚਾਲੂ ਕਰਨ ਦਾ ਹਾਮੀ ਹਾਂ। ਮੈਂ ਨੌਜਵਾਨਾਂ ਦੀਆਂ ਗਤੀ ਵਿਧੀਆ ਵਿਚ ਭਾਗ ਲੈਂਦਾ ਹਾਂ ਅਤੇ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਗੁਰੂ ਘਰ ਦੇ ਹਰ ਵਰਗ ਨੂੰ ਗੁਰਦੁਆਰਾ ਸਾਹਿਬ ਦੀਆਂ ਵਧੀਆ ਸੇਵਾਵਾਂ ਪ੍ਰਾਪਤ ਹੋਣ। ਸਾਡਾ ਉਦੇਸ਼ ਕੰਮ ਸਿੱਖ ਭਾਈਚਾਰੇ ਦਾ ਆਪਸੀ ਮੇਲ ਮਿਲਾਪ ਵਧਾ ਕੇ ਗੁਰਦੁਆਰਾ ਸਾਹਿਬ ਵਿਚ ਸੁਖਾਵਾਂ ਮਾਹੌਲ ਸਿਰਜਣ ਅਤੇ ਚੱਲ ਰਹੇ ਪ੍ਰੋਜੈਕਟਾਂ ਨੂੰ ਨੇਪਰੇ ਚਾੜਨ ਦਾ ਹੈ।

## ਡਾਕਟਰ ਜਸਪ੍ਰੀਤ ਸਿੰਘ ਅਟਵਾਲ

ਦਾਸ ਦਾ ਪਿਛੋਕੜ ਇਲੈਕਟਰਿਕ ਇੰਜਨੀਅਰਿੰਗ ਅਤੇ ਫਾਰਮੇਸੀ ਦਾ ਹੈ ਅਤੇ ਮੈਂ ਬਤੌਰ Pharmacist ਕੰਮ ਕਰਦਾ ਹਾਂ। ਮੈਂ 2009 ਤੋਂ ਗੁਰੂ ਘਰ ਫਰੀਮਾਂਟ ਦਾ ਮੈਂਬਰ ਹਾਂ। ਮੈਂ ਖਾਲਸਾ ਸਕੂਲ ਵਿਚ ਸੇਵਾ ਕੀਤੀ ਹੈ ਅਤੇ ਗੁਰਦੁਆਰਾ ਸਾਹਿਬ ਦੀ ਸਟੇਜ ਕਮੇਟੀ ਦਾ ਮੈਂਬਰ ਵੀ ਰਹਿ ਚੁਕਾ ਹਾਂ। ਮੈਂ ਬਰਕਲੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਨਾਲ ਲੈ ਕੇ ਮੁਫਤ ਫਲੂ ਸ਼ਾਟ (Flu Shot) ਦੀ ਸੇਵਾ ਕਰਦਾ ਹਾਂ। ਭਗਤ ਪੂਰਨ ਸਿੰਘ ਹੈਲਥ ਇਨੀਸ਼ਿਏਟਿਵ ਸੰਸਥਾ ਨਾਲ ਮਿਲ ਕੇ ਗੁਰਦਵਾਰਾ ਸਾਹਿਬ ਵਿੱਚ ਹੈਲਥ ਕੈਂਪ ਵੀ ਲਗਵਾਏ ਹਨ। ਭਾਈਚਾਰੇ ਦੇ ਹੋਰ ਪ੍ਰੋਜੈਕਟਾਂ ਵਿਚ ਵੀ ਭਾਗ ਲੈਂਦਾ ਹਾਂ ਜਿਵੇਂ ਕਿ ਸੈਨ ਫਰਾਂਸਿਸਕੋ ਦੇ Glide Memorial Church ਵਿਚ ਲੋੜਵੰਦਾ ਨੂੰ ਖਾਣਾ ਦੇਣਾ ਆਦਿ। ਮੈਂ ਗੁਰਦਵਾਰਾ ਸਾਹਿਬ ਵਿਚ ਸ਼ਾਤੀ ਭਰਪੂਰ ਅਤੇ ਪ੍ਰਸਪਰ ਪਿਆਰ ਅਤੇ ਮਿਲਵਰਤਨ ਦਾ ਮਾਹੌਲ ਪੈਦਾ ਕਰਨ ਲਈ ਵਚਨਬੱਧ ਹਾਂ।

## ਸੁਰਿੰਦਰਜੀਤ ਕੌਰ

ਮੈਂ ਸੁਰਿੰਦਰਜੀਤ ਕੌਰ ਪਿਛਲੇ 30 ਸਾਲਾਂ ਤੋਂ ਬੇਅ ਏਰੀਏ ਦੀ ਵਸਨੀਕ ਹਾਂ। ਸੈਨਹੋਜ਼ੇ ਸਟੇਟ ਯੂਨੀਵਰਸਿਟੀ ਤੋਂ ਮਾਸਟਰ ਡਿਗਰੀ ਪ੍ਰਾਪਤ ਕਰਨ ਉਪਰੰਤ ਪਿਛਲੇ 24 ਸਾਲਾਂ ਤੋਂ ਪਬਲਿਕ ਸਕੂਲ ਵਿੱਚ ਅਧਿਆਪਕਾ ਦੇ ਤੌਰ ਤੇ ਸੇਵਾ ਨਿਭਾ ਰਹੀ ਹਾਂ। ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਅਤੇ ਪ੍ਰਭੂਸੱਤਾ ਲਈ ਕੰਮ ਕਰਨ ਦੀ ਲਗਨ ਹੈ। ਸੁਪਰੀਮ ਕੌਂਸਲ ਵਿੱਚ ਚੁਣੇ ਜਾਣ ਮਗਰੋਂ, ਬੱਚਿਆਂ ਨੂੰ ਸਿੱਖੀ ਨਾਲ ਜੋੜਨਾ ਉਹਨਾਂ ਵਿੱਚ ਸੇਵਾ ਭਾਵਨਾ ਪੈਦਾ ਕਰਨੀ ਅਤੇ ਔਰਤਾਂ ਵਿੱਚ ਪੰਥਕ ਜਜ਼ਬਾ ਪੈਦਾ ਕਰਕੇ ਕਮਿਊਨਿਟੀ ਅਤੇ ਕੌਮੀ ਕਾਰਜਾਂ ਲਈ ਪ੍ਰੇਰਿਤ ਕਰਨਾ ਮੇਰਾ ਮੁੱਖ ਉਦੇਸ਼ ਹੋਵੇਗਾ।

## ਰਾਜਿੰਦਰ ਸਿੰਘ ਰਾਜਾ

ਦਾਸ ਬੇ ਏਰੀਆ ਵਿਚ 2002 ਤੋਂ ਰਹਿ ਰਿਹਾ ਹੈ ਅਤੇ ਟਰਾਂਸਪੋਰਟੇਸ਼ਨ ਦਾ ਕਾਰੋਬਾਰ ਕਰਦਾ ਹੈ। ਮੈਂ ਲੰਗਰ ਅਤੇ ਕਾਰ ਪਾਰਕਿੰਗ ਵਿਚ ਸੇਵਾ ਕਰਦਾ ਰਿਹਾ ਹਾਂ ਅਤੇ ਸਿੱਖ ਨੌਜਵਾਨ ਨੂੰ ਦਸਤਾਰ ਸਜਾਉਣ ਦੀ ਸਿਖਲਾਈ ਦੇਣ ਦੇ ਉਦਮ ਵਿਚ ਵੀ ਹਿੱਸਾ ਲੈਂਦਾ ਹਾਂ। ਪਿਛਲੇ ਸਾਲਾਂ ਵਿਚ ਦਾਸ ਨੇ ਸੈਨ ਫਰਾਂਸਿਸਕੋ ਵਿਚ ਨਗਰ ਕੀਰਤਨ ਵਿਚ ਵੀ ਸੇਵਾਦਾਰ ਦੀ ਡਿਊਟੀ ਨਿਭਾਈ ਸੀ। ਦਾਸ ਜਵਾਨ ਬੱਚਿਆਂ ਲਈ ਨਵੇਂ ਪ੍ਰੋਗਰਾਮ ਲਿਆਉਣ ਵਿਚ ਦਿਲਚਸਪੀ ਰੱਖਦਾ ਹੈ ਅਤੇ ਭਾਈਚਾਰੇ ਦੇ ਸਾਰੇ ਵਰਗਾਂ ਨਾਲ ਰਲ ਕੇ ਸੇਵਾ ਕਰਨ ਵਿਚ ਯਕੀਨ ਰੱਕਦਾ ਹੈ। ਦਾਸ ਦੂਸਰੇ ਨੌਜਵਾਨਾਂ ਨੂੰ ਗੁਰੂ ਘਰ ਵਿਚ ਸੇਵਾ ਕਰਨ ਲਈ ਉਤਸ਼ਾਹਿਤ ਕਰਦਾ ਰਹੇਗਾ।

## ਜਸਵੰਤ ਸਿੰਘ

ਦਾਸ ਜਸਵੰਤ ਸਿੰਘ ਪਿਛਲੇ 25 ਸਾਲਾਂ ਤੋਂ ਬੇਅ ਏਰੀਏ ਵਿੱਚ ਆਪਣੇ ਪਰਿਵਾਰ ਸਮੇਤ ਰਹਿ ਰਿਹਾ ਹਾਂ ਇਕਨਾਓਮਿਕਸ ਦੀ ਬੈਚੂਲਰ ਡਿਗਰੀ ਕੀਤੀ ਹੋਈ ਹੈ ਆਪਣਾ ਕਾਰੋਬਾਰ ਕਰਦਾ ਹੋਇਆ ਅਕਾਲ ਪੁਰਖ ਦੀ ਰਹਿਮਤ ਸਦਕਾ ਪੰਥਕ ਕਾਰਜਾਂ ਅਤੇ ਗੁਰਦੁਆਰਾ ਸਾਹਿਬ ਦੀਆਂ ਸੇਵਾਵਾਂ ਵਿੱਚ ਯੋਗਦਾਨ ਪਾਉਂਦਾ ਰਿਹਾ ਹਾਂ ਪਿਛਲੇ ਅਰਸੇ ਤੋ ਗੁਰਦੁਆਰਾ ਸਾਹਿਬ ਦੀ ਫਾਈਨੈਂਸ ਕਮੇਟੀ ਵਿੱਚ ਸੇਵਾ ਕਰਦਿਆ ਹੋਇਆ ਬੱਚਿਆਂ ਦੇ ਪ੍ਰੋਗਰਾਮਾਂ ਵਿੱਚ ਸ਼ਾਮਲ ਹੁੰਦਾ ਹੋਇਆ ਉਹਨਾਂ ਨੂੰ ਸਿੱਖੀ ਵੱਲ ਪ੍ਰੇਰਿਤ ਕਰਨ ਤੇ ਉਨ੍ਹਾਂ ਵਿੱਚ ਪੰਥਕ ਜਜ਼ਬਾ ਪੈਦਾ ਕਰਨ ਲਈ ਹਮੇਸ਼ਾ ਯਤਨਸ਼ੀਲ ਰਿਹਾ ਹਾਂ ਸੁਪਰੀਮ ਕੌਂਸਲ ਲਈ ਚੁਣੇ ਜਾਣ ਮਗਰੋ ਦਿੱਲੀ ਇੱਛਾ ਹੈ ਕਿ ਕੌਮ ਦੇ ਸੁਨਿਹਿਰੀ ਭਵਿੱਖ ਲਈ ਆਪਣੇ ਇਸੇ ਮਿਸ਼ਨ ਤੇ ਹੋਰ ਦ੍ਰਿੜਤਾ ਨਾਲ ਕੰਮ ਕਰਦਾ ਰਹਾਂ।

**ਯਾਦ ਰੱਖਣਾ 12 ਮਾਰਚ 2023 ਨੂੰ ਆਪਣੀ ਵੋਟ ਸਿੱਖ ਪੰਚਾਇਤ ਦੇ ਉਮੀਦਵਾਰਾਂ ਨੂੰ ਹੀ ਪਾਉਣੀ ਜੀ।**

**WE NEED YOUR VOTE & SUPPORT IN GURDWARA SAHIB FREMONT SUPREME COUNCIL ELECTIONS ON MARCH 12, 2023**

# ਰਮਨਦੀਪ ਸਿੰਘ ਅਠਵਾਲ ਅਲਬਰਟਾ ਤੋਂ ਵਿਧਾਨ ਸਭਾ ਚੋਣ ਲੜਨਗੇ

## ਯੂਨਾਈਟਿਡ ਕੰਜ਼ਰਵੇਟਿਵ ਪਾਰਟੀ ਵਲੋਂ ਉਮੀਦਵਾਰ ਬਣੇ

ਅਲਬਰਟਾ/ਏ.ਟੀ.ਨਿਊਜ਼ :- ਕੈਨੇਡਾ ਦੇ ਅਲਬਰਟਾ ਸੂਬੇ ਦੀਆਂ ਵਿਧਾਨ ਸਭਾ ਦੀਆਂ ਚੋਣਾਂ ਦਾ ਐਲਾਨ ਹੋ ਗਿਆ ਹੈ ਅਤੇ 29 ਮਈ ਨੂੰ ਚੋਣਾਂ ਹੋਣਗੀਆਂ ਜਿਸ ਦੇ ਤਹਿਤ ਐਡਮਿੰਟਨ ਸ਼ਹਿਰ ਦੇ ਮਿਲਵੁੱਡ ਹਲਕੇ ਤੋਂ ਯੂਨਾਈਟਿਡ ਕੰਜ਼ਰਵੇਟਿਵ ਪਾਰਟੀ ਨੇ ਮਜੀਠਾ ਨੇੜਲੇ ਪਿੰਡ ਅਠਵਾਲ ਦੇ ਜੰਮਪਲ ਰਮਨਦੀਪ ਸਿੰਘ ਅਠਵਾਲ ਨੂੰ ਆਪਣਾ ਉਮੀਦਵਾਰ ਬਣਾਇਆ ਹੈ।



ਰਮਨਦੀਪ ਸਿੰਘ ਅਠਵਾਲ ਦਾ ਰਾਜਨੀਤਕ ਪਿਛੋਕੜ ਹੋਣ ਕਰਕੇ ਉਸ ਨੂੰ ਰਾਜਨੀਤੀ ਬਾਰੇ ਕਾਫੀ ਤਜਰਬਾ ਹੈ। ਰਮਨਦੀਪ ਸਿੰਘ ਅਠਵਾਲ ਦੇ ਦਾਦਾ ਸ. ਦਲੀਪ ਸਿੰਘ ਜਿਹੜੇ ਕਿ ਲੰਮਾ ਸਮਾ ਪਿੰਡ ਦੇ ਸਰਪੰਚ ਰਹੇ, ਪਿਤਾ ਗੁਰਮੀਤ ਸਿੰਘ ਅਠਵਾਲ ਸਿੱਖਿਆ ਵਿਭਾਗ ਪੰਜਾਬ ਵਿੱਚੋ ਬਤੌਰ ਪ੍ਰਿੰਸੀਪਲ ਸੇਵਾਮੁਕਤ ਹੋਏ ਅਤੇ ਸਿੱਖਿਆ ਦੇ ਖੇਤਰ ਵਿੱਚ ਸਟੇਟ ਐਵਾਰਡ ਪ੍ਰਾਪਤ ਕੀਤਾ। ਰਮਨਦੀਪ ਸਿੰਘ ਅਠਵਾਲ ਪੰਜਾਬ ਦੇ ਸਾਬਕਾ ਸਪੀਕਰ ਮਰਹੂਮ ਨਿਰਮਲ ਸਿੰਘ ਕਾਹਲੋਂ ਦਾ ਰਿਸ਼ਤੇ ਵਿੱਚ ਭਤੀਜਾ ਲੱਗਦਾ ਹੈ। ਪੰਜਾਬ ਵਿੱਚ ਪਰਿਵਾਰ ਸ਼ੁਰੂ ਤੋਂ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਹੋਣ ਕਰਕੇ ਗੁਰਮੀਤ ਸਿੰਘ ਅਠਵਾਲ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਅੰਮ੍ਰਿਤਸਰ ਦਿਹਾਤੀ ਦਾ ਸੀਨੀਅਰ ਮੀਤ ਪ੍ਰਧਾਨ ਬਣਾਇਆ ਗਿਆ। ਰਮਨਦੀਪ ਸਿੰਘ ਅਠਵਾਲ ਦੇ ਪਿਤਾ ਗੁਰਮੀਤ ਸਿੰਘ ਅਠਵਾਲ ਨੇ ਦੱਸਿਆ ਕਿ ਰਮਨਦੀਪ ਸਿੰਘ ਅਠਵਾਲ ਨੂੰ ਉਮੀਦਵਾਰ ਐਲਾਨੇ ਜਾਣ ਤੋਂ ਬਾਅਦ ਲਿਮਵੁੱਡ ਹਲਕੇ ਦੇ ਹਰੇਕ ਭਾਈਚਾਰੇ ਵੱਲੋਂ ਭਰਪੂਰ ਸਮਰਥਨ ਹਾਸਲ ਹੈ। ਜਿਸ ਨੇ ਅਲਬਰਟਾ ਸੂਬੇ ਸ਼ਹਿਰ ਵਿੱਚ ਸਿਹਤ ਸਬੰਧੀ ਸਿਸਟਮ ਵਿੱਚ ਸੁਧਾਰ ਲਿਆਉਣ ਵਿੱਚ ਅਹਿਮ ਯੋਗਦਾਨ ਪਾਇਆ ਹੈ।

ਇੱਥੇ ਇਹ ਜ਼ਿਕਰਯੋਗ ਹੈ ਕਿ ਸੰਨ 2016 ਵਿੱਚ ਰਮਨਦੀਪ ਸਿੰਘ ਅਠਵਾਲ ਦੀ ਬੇਟੀ ਐਂਬਰ ਕੌਰ ਅਠਵਾਲ ਸਿਹਤ ਪ੍ਰਣਾਲੀ ਦੀਆਂ ਨਾਕਾਮੀਆਂ ਕਾਰਨ ਦਿਮਾਗੀ ਤੌਰ 'ਤੇ ਬਿਮਾਰ ਹੋ ਗਈ ਸੀ ਕਿਉਂਕਿ ਉਸ ਦੇ ਦੰਦਾਂ ਦੀ ਤਕਲੀਫ ਹੋਣ ਕਰਕੇ ਉਸ ਨੂੰ ਦੰਦਾਂ ਦੇ ਮਾਹਿਰ ਡਾਕਟਰ ਕੋਲ ਲਿਜਾਇਆ ਗਿਆ। ਡਾਕਟਰ ਨੇ ਐਂਬਰ ਕੌਰ

(ਬਾਕੀ ਸ.ਫਾ 30 'ਤੇ)

# ਪ੍ਰਭਲੀਨ ਕੌਰ ਗਰੇਵਾਲ ਕੈਨੇਡਾ ਦੀ ਹਾਕੀ ਟੀਮ ਲਈ ਚੁਣੀ ਗਈ

ਕਿਲ੍ਹਾ ਰਾਏਪੁਰ ਨਾਲ ਸਬੰਧਤ ਪਰਿਵਾਰ ਦੀ ਧੀ ਅਤੇ ਕੈਲਗਰੀ ਦੀ ਫੀਲਡ ਹਾਕੀ ਖਿਡਾਰਨ ਪ੍ਰਭਲੀਨ ਕੌਰ ਗਰੇਵਾਲ ਦੀ ਚੋਣ ਕੈਨੇਡਾ ਦੀ ਜੂਨੀਅਰ ਟੀਮ (ਅੰਡਰ-18) ਲਈ ਹੋ ਗਈ ਹੈ। ਕੈਲਗਰੀ ਦੇ ਕਿੰਗਜ਼ ਇਲੈਵਨ ਫੀਲਡ ਹਾਕੀ ਕਲੱਬ ਦੀ ਖਿਡਾਰਨ ਪ੍ਰਭਲੀਨ ਇਹ ਮੁਕਾਮ ਹਾਸਲ ਕਰਨ ਵਾਲੀ ਅਲਬਰਟਾ ਸੂਬੇ ਦੀ ਪਹਿਲੀ ਪੰਜਾਬੀ ਖਿਡਾਰਨ ਹੈ।ਇਹ ਜੂਨੀਅਰ ਟੀਮ ਅਪਰੈਲ ਦੇ ਮਹੀਨੇ ਫਰਾਂਸ ਦਾ ਦੌਰਾ ਕਰੇਗੀ ਜਿੱਥੇ ਇਕ ਟੈਸਟ ਮੈਚ ਸੀਰੀਜ਼ ਖੇਡੀ ਜਾਵੇਗੀ।



ਇਸ ਤੋਂ ਪਹਿਲਾਂ ਪ੍ਰਭਲੀਨ ਨੇ 2022 ਦੀ ਨੈਸ਼ਨਲ ਫੀਲਡ ਹਾਕੀ ਚੈਂਪੀਅਨਸ਼ਿਪ (ਅੰਡਰ-18) ਵਿਚ ਅਲਬਰਟਾ ਦੀ ਟੀਮ ਵਲੋਂ ਭਾਗ ਲਿਆ। ਜਿਸ ਵਿੱਚ ਅਲਬਰਟਾ ਨੇ ਚਾਂਦੀ ਦਾ ਤਮਗ਼ਾ ਹਾਸਲ ਕੀਤਾ ਸੀ। ਇਸ ਚੈਂਪੀਅਨਸ਼ਿਪ ਤੋਂ ਬਾਅਦ ਫੀਲਡ ਹਾਕੀ ਕੈਨੇਡਾ ਵਲੋਂ ਟ੍ਰਾਇਲ ਰੱਖੇ ਗਏ ਸੀ। ਇਸ ਦੇ ਆਧਾਰ 'ਤੇ ਪ੍ਰਭਲੀਨ ਦੀ ਚੋਣ ਨੈਸ਼ਨਲ ਜੂਨੀਅਰ ਕੈਂਪ ਲਈ ਹੋ ਗਈ ਤੇ ਹੁਣ ਫਰਵਰੀ ਮਹੀਨੇ ਜੂਨੀਅਰ ਟੀਮ ਦਾ ਐਲਾਨ ਕੀਤਾ ਗਿਆ।

ਦੱਸ ਦਈਏ ਕਿ ਇਸ ਤੋਂ ਪਹਿਲਾਂ ਪ੍ਰਭਲੀਨ ਗਰੇਵਾਲ ਦੀ ਵੱਡੀ ਭੈਣ ਹਰਲੀਨ ਗਰੇਵਾਲ ਕੌਮੀ ਪੱਧਰ 'ਤੇ ਫੀਲਡ ਹਾਕੀ ਵਿੱਚ ਚੰਗਾ ਨਾਮ ਕਮਾ ਚੁੱਕੀ ਹੈ। 2011-12 ਵਿੱਚ ਜਦੋਂ ਕੈਲਗਰੀ ਵਿੱਚ ਪੰਜਾਬੀ ਕੁੜੀਆਂ ਵਲੋਂ ਫੀਲਡ ਹਾਕੀ ਖੇਡਣ ਵਿੱਚ ਕਿਸੇ ਨੇ ਪਹਿਲ ਨਹੀਂ ਕੀਤੀ ਸੀ ਤਾਂ ਹਰਲੀਨ ਨੇ ਇੱਕ ਨਵੀਂ ਪਿਰਤ ਪਾਉਂਦਿਆਂ ਇਸ ਹਾਕੀ ਖੇਡਣੀ ਸ਼ੁਰੂ ਕੀਤੀ ਸੀ। ਪ੍ਰਭਲੀਨ ਹੁਣ ਫੀਲਡ ਹਾਕੀ ਕੈਨੇਡਾ ਦੇ ਨੈਸ਼ਨਲ ਟਰੇਨਿੰਗ ਪ੍ਰੋਗਰਾਮ ਵਿੱਚ ਹਿੱਸਾ ਲਵੇਗੀ ਜਿਸ ਦੇ ਆਧਾਰ ਤੇ ਕੈਨੇਡਾ ਦੀਆਂ ਭਵਿੱਖ ਦੀਆਂ ਕੌਮੀ ਟੀਮਾਂ ਤਿਆਰ ਕੀਤੀਆਂ ਜਾਂਦੀਆਂ ਹਨ।ਪ੍ਰਭਲੀਨ ਦੇ ਪਿਤਾ ਸੁਖਵੀਰ ਗਰੇਵਾਲ ਨੇ ਦੱਸਿਆ ਕਿ ਉਨ੍ਹਾਂ ਦੇ ਪੂਰੇ ਪਰਿਵਾਰ ਨੂੰ ਮਾਣ ਹੈ ਕਿ ਉਨ੍ਹਾਂ ਦੀਆਂ ਬੇਟੀਆਂ ਨੇ ਆਪਣੇ ਜੱਦੀ ਪਿੰਡ ਕਿਲਾ ਰਾਏਪੁਰ ਦੀ ਖੇਡ ਹਾਕੀ ਵਿੱਚ ਨਾਮਣਾ ਖੱਟਿਆ ਹੈ। ਉਨ੍ਹਾਂ ਦੱਸਿਆ ਕਿ ਜੂਨੀਅਰ ਨੈਸ਼ਨਲ ਕੈਂਪ ਵਰਗਾ ਇਹ ਪ੍ਰੋਗਰਾਮ ਕਾਫੀ

(ਬਾਕੀ ਸ.ਫਾ 30 'ਤੇ)

### ਮਾਮਲਾ ਇਟਲੀ 'ਚ ਦਸਤਾਰ ਦੀ ਬੇਅਦਬੀ ਕਰਨ ਦਾ

# ਜਰਮਨੀ ਕੰਪਨੀ ਨੇ ਸਿੱਖ ਪੰਥ ਤੋਂ ਮੰਗੀ ਮੁਆਫ਼ੀ

## ਕੁੱਤੇ ਦੇ ਸਿਰ 'ਤੇ ਦਸਤਾਰ ਬੱਝੀ ਫੋਟੋ ਬਣਾ ਕੇ ਜਾਨਵਰਾਂ ਦੀ ਮੈਡੀਸਨ ਬਣਾਉਣ ਵਾਲੀ ਕੰਪਨੀ ਵੱਲੋਂ ਬਣਾਈ ਸੀ ਸਮੱਗਰੀ



ਮਿਲਾਨ (ਇਟਲੀ)/ਏ.ਟੀ.ਨਿਊਜ਼ :- ਇਟਲੀ 'ਚ ਵੈਟਰਨਰੀ ਕਲੀਨਿਕ ਵਿਭਾਗ ਵੱਲੋਂ ਆਪਣੇ ਕਾਰੋਬਾਰੀ ਪ੍ਰਚਾਰ ਲਈ ਬੱਸਾਂ ਦੇ ਪਿੱਛੇ ਕੁੱਤੇ ਦੇ ਸਿਰ 'ਤੇ ਦਸਤਾਰ ਬੱਝੀ ਫੋਟੋ ਬਣਾ ਕੇ ਸਿੱਖ ਪੰਥ ਨਾਲ ਜੋ ਖਿਲਵਾੜ ਕੀਤਾ ਗਿਆ ਸੀ, ਉਸ ਮੁੱਦੇ 'ਤੇ ਤੁਰੰਤ ਹਰਕਤ ਵਿੱਚ ਆਉਂਦਿਆਂ ਇਟਲੀ ਦੀਆਂ ਸਿੱਖ ਜਥੇਬੰਦੀਆਂ ਵੱਲੋਂ ਜਿਨ੍ਹਾਂ 'ਚ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਇਟਲੀ ਅਤੇ ਸਿੱਖ ਕਮਿਊਨਿਟੀ ਇਟਲੀ ਨੇ ਕਾਰਵਾਈ ਕਰਦਿਆਂ ਜ਼ਿੰਮੇਵਾਰ ਇਟਾਲੀਅਨ ਅਧਿਕਾਰੀਆਂ ਤੱਕ ਪਹੁੰਚ ਕਰਕੇ ਉਨ੍ਹਾਂ ਨੂੰ ਇਸ ਵੱਡੀ ਗ਼ਲਤੀ ਦਾ ਅਹਿਸਾਸ ਦੁਆਇਆ, ਜਿਸ 'ਤੇ ਵੈਟਰਨਰੀ ਕਲੀਨਿਕ ਵਿਭਾਗ ਦੀ ਮਿਲਾਨ ਸਥਿਤ ਮੈਨੇਜਰ ਨੇ ਸਿੱਖ ਭਾਈਚਾਰੇ ਤੋਂ ਲਿਖਤੀ ਤੌਰ 'ਤੇ ਮੁਆਫ਼ੀ ਮੰਗ ਲਈ ਹੈ।

ਕੰਪਨੀ ਦੇ ਅਧਿਕਾਰੀ ਨੇ ਸਿੱਖ ਆਗੂਆਂ ਨੂੰ ਵਿਸ਼ਵਾਸ ਦਿਵਾਇਆ ਹੈ ਕਿ ਜਲਦ ਤੋਂ ਜਲਦ ਹੀ ਬੱਸਾਂ ਪਿੱਛੋਂ ਸਾਰੇ ਬੋਰਡ ਉਤਾਰ ਦਿੱਤੇ ਜਾਣਗੇ, ਜਿਸ ਨਾਲ ਸਿੱਖ ਜਗਤ ਦੀਆਂ ਭਾਵਨਾਵਾਂ ਨੂੰ ਡੂੰਘੀ ਸੱਟ ਵੱਜੀ ਹੈ। ਉਨ੍ਹਾਂ ਇਹ ਵੀ ਕਿਹਾ ਹੈ ਕਿ ਸੋਸ਼ਲ ਮੀਡੀਆ ਜਾਂ ਫਿਰ ਹੋਰ ਜਿੱਥੇ ਵੀ ਉਨ੍ਹਾਂ ਕੋਲੋਂ ਉਕਤ ਤਸਵੀਰਾਂ ਨੂੰ ਪ੍ਰਕਾਸ਼ਿਤ ਕੀਤਾ ਹੈ, ਨੂੰ ਤੁਰੰਤ ਪ੍ਰਭਾਵ ਨਾਲ ਡਿਲੀਟ ਕਰ ਦਿੱਤਾ ਜਾਵੇਗਾ। ਜਿਸ ਸਬੰਧੀ ਪੂਰੀ ਜਾਣਕਾਰੀ ਦਿੰਦਿਆਂ ਭਾਈ ਰਵਿੰਦਰਜੀਤ ਸਿੰਘ ਪ੍ਰਧਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਇਟਲੀ, ਸੁਰਿੰਦਰਜੀਤ ਸਿੰਘ ਪੰਡੋਰੀ ਮੁੱਖ ਸੇਵਾਦਾਰ ਗੁਰਦੁਆਰਾ ਸਿੰਘ ਸਭਾ ਫਲੇਰੋ ਅਤੇ ਸੁੱਖਦੇ ਸਿੰਘ ਕੰਗ ਪ੍ਰਧਾਨ ਇੰਡੀਅਨ ਸਿੱਖ ਕਮਿਊਨਿਟੀ ਇਟਲੀ ਆਦਿ ਨੇ ਦੱਸਿਆ ਕਿ ਜਾਨਵਰਾਂ ਦੀ ਮੈਡੀਸਨ ਬਣਾਉਣ ਵਾਲੀ ਜਰਮਨ ਦੀ ਇਕ ਕੰਪਨੀ ਵੱਲੋਂ ਆਪਣੇ ਪ੍ਰਚਾਰ ਲਈ ਜੋ ਸਮਗਰੀ ਤਿਆਰ ਕੀਤੀ ਗਈ ਸੀ, ਉਸ ਨੂੰ ਇਟਲੀ ਦੇ 7 ਜ਼ਿਲ੍ਹਿਆਂ 'ਚ ਪ੍ਰਚਾਰ ਲਈ ਬੱਸਾਂ 'ਤੇ ਪ੍ਰਕਾਸ਼ਿਤ ਕੀਤਾ ਗਿਆ ਸੀ ਪਰ ਉਨ੍ਹਾਂ ਨੂੰ ਇਸ ਬਾਰੇ ਕੋਈ ਬਾਰੇ ਜਾਣਕਾਰੀ ਨਹੀਂ ਸੀ ਕਿ ਅਜਿਹਾ ਕਰਨ ਨਾਲ ਸਿੱਖ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੇਗੀ, ਜਿਸ ਲਈ ਉਹ ਲਿਖਤੀ ਤੌਰ 'ਤੇ ਮੁਆਫ਼ੀ ਮੰਗਦੇ ਹਨ।

# ਜੱਗੀ ਜੌਹਲ ਨੂੰ ਉਸ ਦੇ ਧਾਰਮਿਕ ਵਿਸ਼ਵਾਸ ਅਤੇ ਧਾਰਮਿਕ ਆਜ਼ਾਦੀ ਦੀ ਉਲੰਘਣਾ ਦੇ ਦਸਤਾਵੇਜ਼ਾਂ ਲਈ ਨਜ਼ਰਬੰਦ ਕੀਤਾ ਗਿਆ: ਯੂ.ਐਸ.ਸੀ.ਆਈ.ਆਰ.ਐਫ.

ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ :- ਅਮਰੀਕਾ ਦੇ ਅੰਤਰਰਾਸ਼ਟਰੀ ਧਾਰਮਿਕ ਅਜ਼ਾਦੀ ਬਾਰੇ ਸੰਯੁਕਤ ਰਾਜ ਕਮਿਸ਼ਨ ਨੇ ਦਿੱਲੀ ਦੀ ਤਿਹਾੜ ਜੇਲ੍ਹ ਅੰਦਰ ਬੰਦ ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੱਗੀ ਜੌਹਲ ਬਾਰੇ ਇਕ ਰਿਪੋਰਟ ਜਾਰੀ ਕੀਤੀ ਹੈ ਜਿਸ ਮੁਤਾਬਿਕ 4 ਨਵੰਬਰ 2017 ਨੂੰ ਪੰਜਾਬ ਦੇ ਜਲੰਧਰ ਦੀ ਰਾਮਾ ਮੰਡੀ 'ਚ 15 ਅਣਪਛਾਤੇ ਵਿਅਕਤੀਆਂ ਨੇ ਜੌਹਲ ਨੂੰ ਜਲੰਧਰ 'ਚ ਵਿਆਹ ਤੋਂ ਬਾਅਦ ਅਗਵਾ ਕਰ ਲਿਆ। ਅਗਲੇ ਦਿਨ ਨੂੰ ਜੱਗੀ ਜੌਹਲ ਬਾਘਾਪੁਰਾਣਾ ਵਿੱਚ ਇੱਕ ਡਿਊਟੀ ਮੈਜਿਸਟ੍ਰੇਟ ਸਾਹਮਣੇ ਪੇਸ਼ ਕੀਤਾ ਗਿਆ, ਜਿੱਥੇ ਉਸ ਵਿਰੁੱਧ ਕੋਈ ਰਸਮੀ ਦੋਸ਼ ਦਾਇਰ ਨਹੀਂ ਕੀਤਾ ਗਿਆ ਸੀ। ਅਧਿਕਾਰੀਆਂ ਨੇ ਬਾਅਦ ਵਿੱਚ ਇੱਕ ਪ੍ਰੈਸ ਬਿਆਨ ਜਾਰੀ ਕੀਤਾ ਕਿ ਜੱਗੀ ਜੌਹਲ 'ਪਾਕਿਸਤਾਨੀ ਖੁਫੀਆ ਅਧਿਕਾਰੀਆਂ ਨਾਲ ਮਿਲ ਕੇ ਸੰਪਰਦਾਇਕ ਅਸ਼ਾਂਤੀ ਫੈਲਾਉਣ ਅਤੇ ਰਾਜ ਨੂੰ ਅਸਥਿਰ ਕਰਨ ਦੀ ਸਾਜ਼ਿਸ਼ ਦੇ ਹਿੱਸੇ ਵਜੋਂ ਕੀਤੇ ਗਏ ਕਤਲਾਂ ਦੀ ਲੜੀ ਵਿੱਚ ਸ਼ਾਮਲ ਸੀ।' ਆਪਣੀ ਗ੍ਰਿਫਤਾਰੀ ਤੋਂ ਪਹਿਲਾਂ, ਜੱਗੀ ਜੌਹਲ, ਇੱਕ ਬ੍ਰਿਟਿਸ਼ ਨਾਗਰਿਕ, ਇੱਕ ਆਨਲਾਈਨ ਕਾਰਕੁਨ ਸੀ ਅਤੇ ਉਸ ਨੇ ਇੱਕ ਵੈਬਸਾਈਟ ਵਿੱਚ ਯੋਗਦਾਨ ਪਾਇਆ ਜੋ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਸਿੱਖਾਂ ਦੇ ਅਤਿਆਚਾਰਾਂ ਦਾ ਦਸਤਾਵੇਜ਼ੀਕਰਨ ਕਰਦਾ ਸੀ। 4 ਨਵੰਬਰ, 2017 ਤੋਂ 7 ਨਵੰਬਰ, 2017 ਦੇ ਵਿਚਕਾਰ, ਪੁਲਿਸ ਨੇ ਜੱਗੀ ਜੌਹਲ ਨੂੰ ਬਿਜਲੀ ਦੇ ਝਟਕੇ ਲਗਾ ਕੇ ਤਸੀਹੇ ਦਿੱਤੇ। ਅਧਿਕਾਰੀ ਜੱਗੀ ਜੌਹਲ 'ਤੇ ਹੋਏ ਤਸ਼ੱਦਦ ਦੀ ਜਾਂਚ ਕਰਨ ਵਿੱਚ ਕਥਿਤ ਤੌਰ 'ਤੇ ਅਸਫਲ ਰਹੇ ਹਨ।






4 ਨਵੰਬਰ, 2017 ਤੋਂ 14 ਨਵੰਬਰ, 2017 ਦੇ ਵਿਚਕਾਰ, ਜੱਗੀ ਜੌਹਲ ਨੂੰ ਗੈਰ ਕਾਨੂੰਨੀ ਤੌਰ 'ਤੇ ਹਿਰਾਸਤ ਵਿਚ ਰੱਖਿਆ ਗਿਆ ਸੀ ਅਤੇ ਉਚਿਤ ਕਾਨੂੰਨੀ ਸਲਾਹ ਤੋਂ ਇਨਕਾਰ ਕੀਤਾ ਗਿਆ ਸੀ। 6 ਦਸੰਬਰ, 2017 ਨੂੰ ਲੁਧਿਆਣਾ ਤੋਂ ਪੁਲਿਸ ਨੇ ਜੱਗੀ ਜੌਹਲ ਨੂੰ ਜਨਵਰੀ 2017 ਵਿੱਚ ਇੱਕ ਕੱਟੜ-ਸੱਜੇ ਹਿੰਦੂ ਸਿਆਸੀ ਪਾਰਟੀ ਦੇ ਇੱਕ ਮੈਂਬਰ ਦੀ ਕਥਿਤ ਤੌਰ 'ਤੇ ਹੱਤਿਆ ਕਰਨ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਸੀ। 7 ਦਸੰਬਰ, 2017 ਨੂੰ, ਸਥਾਨਕ ਸਮਾਚਾਰ ਸੰਗਠਨਾਂ ਨੇ ਜੱਗੀ ਜੌਹਲ ਦੇ ਕਥਿਤ ਕਬੂਲਨਾਮੇ ਦੀ ਵੀਡੀਓ ਫੁਟੇਜ ਪ੍ਰਸਾਰਿਤ ਕੀਤੀ, ਹਾਲਾਂਕਿ ਵੀਡੀਓ ਵਿੱਚ ਉਸ ਉੱਤੇ ਦੋਸ਼ ਲਗਾਏ ਗਏ ਅਪਰਾਧਾਂ ਦਾ ਕੋਈ ਹਵਾਲਾ ਨਹੀਂ ਦਿੱਤਾ ਗਿਆ ਸੀ। 11 ਦਸੰਬਰ, 2017 ਨੂੰ ਜਾਂ ਇਸ ਦੇ ਆਸ-ਪਾਸ, ਖੰਨਾ ਪੁਲਿਸ ਨੇ ਅਪ੍ਰੈਲ 2016 ਵਿਚ ਕਥਿਤ ਤੌਰ 'ਤੇ ਇਕ ਹਿੰਦੂ ਨੇਤਾ ਦੀ ਹੱਤਿਆ ਦੇ ਦੋਸ਼ ਵਿਚ ਜੱਗੀ ਜੌਹਲ ਨੂੰ ਗ੍ਰਿਫਤਾਰ ਕੀਤਾ ਸੀ। ਮਈ 2019 ਵਿੱਚ, ਪੰਜਾਬ ਪੁਲਿਸ ਅਤੇ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਨੇ ਜੱਗੀ ਜੌਹਲ ਦੇ ਖਿਲਾਫ 10 ਮਾਮਲਿਆਂ ਵਿੱਚ 'ਸਾਜ਼ਿਸ਼ ਦੇ ਅਪਰਾਧ ਅਤੇ ਫੰਡਿੰਗ ਅਤੇ ਪੰਜਾਬ ਵਿੱਚ ਕਥਿਤ ਤੌਰ 'ਤੇ ਸੱਜੇ-ਪੱਖੀ ਹਿੰਦੂ ਰਾਸ਼ਟਰਵਾਦੀ ਸਿਆਸੀ ਸਮੂਹਾਂ ਦੇ ਮੈਂਬਰਾਂ ਅਤੇ ਧਾਰਮਿਕ ਨੇਤਾਵਾਂ' 'ਤੇ ਹਮਲਿਆਂ ਨਾਲ ਸਬੰਧਤ ਅੱਤਵਾਦੀ ਗਤੀਵਿਧੀਆਂ ਲਈ ਭਰਤੀ ਕਰਨ ਦੇ ਦੋਸ਼ਾਂ ਵਿੱਚ ਦੋਸ਼ ਲਗਾਏ ਸਨ। ਜੱਗੀ ਜੌਹਲ 'ਤੇ ਸਾਜ਼ਿਸ਼ ਰਚਣ (ਧਾਰਾ 120 ਬੀ ਆਈ.ਪੀ.ਸੀ.), ਕਤਲ (ਧਾਰਾ 302 ਆਈ.ਪੀ.ਸੀ.), ਅੱਤਵਾਦੀ ਕਾਰਵਾਈਆਂ (ਧਾਰਾ 16 ਯੂ.ਏ.ਪੀ.ਏ.), ਹਥਿਆਰਾਂ ਦੀ ਵਰਤੋਂ (ਧਾਰਾ 27 ਆਰਮਜ਼ ਐਕਟ) ਅਤੇ ਹੋਰ ਕਈ ਦੋਸ਼ ਲਗਾਏ ਗਏ ਸਨ।

7 ਜਨਵਰੀ, 2021 ਨੂੰ, ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਜੱਗੀ ਜੌਹਲ ਨੂੰ ਤਿਹਾੜ ਜੇਲ੍ਹ ਵਿੱਚ ਹੋਣ ਦੇ ਬਾਵਜੂਦ ਅਕਤੂਬਰ 2020 ਵਿੱਚ ਇੱਕ ਹੋਰ ਵਿਅਕਤੀ ਦੇ ਕਤਲ ਵਿੱਚ ਸ਼ਾਮਲ ਹੋਣ ਦਾ ਦੋਸ਼ ਲਗਾਉਂਦੇ ਹੋਏ ਇੱਕ ਹੋਰ ਕੇਸ ਵਿੱਚ ਗ੍ਰਿਫਤਾਰ ਕੀਤਾ। ਮਈ 2022 ਵਿੱਚ, ਸੰਯੁਕਤ ਰਾਸ਼ਟਰ ਵਰਕਿੰਗ ਗਰੁੱਪ ਆਨ ਆਰਬਿਟਰੇਰੀ ਡਿਟੈਂਸ਼ਨ ਨੇ ਜੌਹਲ ਦੀ ਨਜ਼ਰਬੰਦੀ ਨੂੰ ਨਜਾਇਜ਼ ਐਲਾਨਿਆ ਅਤੇ ਉਸਦੀ ਤੁਰੰਤ ਰਿਹਾਈ ਦੀ ਮੰਗ ਕੀਤੀ। ਉਨ੍ਹਾਂ ਦੀ ਰਾਏ ਵਿੱਚ, ਵਰਕਿੰਗ ਗਰੁੱਪ ਨੇ ਕਿਹਾ ਕਿ ਉਹ ਮੰਨਦਾ ਹੈ ਕਿ ਜੱਗੀ ਜੌਹਲ ਨੂੰ 'ਇੱਕ ਸਿੱਖ ਅਭਿਆਸੀ ਅਤੇ ਸਮਰਥਕ ਵਜੋਂ ਉਨ੍ਹਾਂ ਦੀਆਂ ਗਤੀਵਿਧੀਆਂ ਅਤੇ ਅਧਿਕਾਰੀਆਂ ਦੁਆਰਾ ਸਿੱਖਾਂ ਵਿਰੁੱਧ ਕੀਤੀਆਂ ਕਥਿਤ ਕਾਰਵਾਈਆਂ ਲਈ ਜਵਾਬਦੇਹੀ ਦੀ ਮੰਗ ਕਰਨ ਲਈ ਜਨਤਕ ਪੋਸਟਾਂ ਲਿਖਣ ਵਿੱਚ ਸਰਗਰਮੀ ਕਾਰਨ' ਨਿਸ਼ਾਨਾ ਬਣਾਇਆ ਗਿਆ ਸੀ। ਇਸ ਵਿੱਚ ਕਿਹਾ ਗਿਆ ਹੈ ਕਿ ਜੌਹਲ ਨੂੰ 'ਵਿਤਕਰੇ ਦੇ ਆਧਾਰ 'ਤੇ ਉਸ ਦੀ ਅਜ਼ਾਦੀ ਤੋਂ ਵਾਂਝਾ ਰੱਖਿਆ ਗਿਆ ਸੀ, ਕਿਉਂਕਿ ਮਨੁੱਖੀ ਅਧਿਕਾਰਾਂ ਦੇ ਰਾਖੇ ਵਜੋਂ ਉਸ ਦੀ ਸਥਿਤੀ ਅਤੇ ਉਸ ਦੀ ਸਿਆਸੀ ਸਰਗਰਮੀ, ਧਾਰਮਿਕ ਵਿਸ਼ਵਾਸ ਅਤੇ ਵਿਚਾਰਾਂ ਦੇ ਆਧਾਰ 'ਤੇ ਸੀ।' ਦੱਸਣਯੋਗ ਹੈ ਕਿ ਜੱਗੀ ਜੌਹਲ ਇਸ ਸਮੇਂ ਤਿਹਾੜ ਜੇਲ੍ਹ ਵਿੱਚ ਬੰਦ ਹੈ।

# ਵਿਗਿਆਨੀ ਤੇ ਸਾਹਿਤਕਾਰ ਡਾ. ਗੁਰੂਮੇਲ ਸਿੰਘ ਸਿੱਧੂ ਦੇ ਅਮਰੀਕੀ-ਪੰਜਾਬੀ ਭਾਈਚਾਰੇ ਨੂੰ ਬਹੁਮੁੱਲੀ ਦੇਣ ’ਤੇ ਸਮਾਗਮ ਦੌਰਾਨ ਯਾਦ ’ਚ ਲਾਇਬ੍ਰੇਰੀ ਦੀ ਸਥਾਪਨਾ

ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ :- ਫਰਿਜ਼ਨੋ ਸਟੇਟ ਯੂਨੀਵਰਸਿਟੀ ਦੇ ਜੈਨੇਟਿਕਸ ਵਿਭਾਗ ਦੇ ਪ੍ਰੋਫੈਸਰ ਵਜੋਂ ਰਿਟਾਇਰ ਹੋਏ ਡਾਕਟਰ ਗੁਰੂਮੇਲ ਸਿੰਘ ਸਿੱਧੂ ਜਿਨ੍ਹਾਂ ਨੇ ਵਿਗਿਆਨ ਅਤੇ ਸਾਹਿਤ ਦੇ ਖੇਤਰ ਵਿੱਚ ਵਡਮੁੱਲਾ ਯੋਗਦਾਨ ਪਾਇਆ ਜੋ 5 ਅਕਤੂਬਰ 2022 ਨੂੰ ਅਕਾਲ ਚਲਾਣਾ ਕਰ ਗਏ ਸਨ, ਪ੍ਰਤੀ ਇਕ ਵੱਡਾ ਤੇ ਸ਼ਾਨਦਾਰ ਸਮਾਗਮ ਕੀਤਾ ਗਿਆ ਤੇ ਉਨਾਂ ਦੀ ਯਾਦ ਨੂੰ ਸਮਰਪਤ ਡਾ. ਗੁਰੂਮੇਲ ਸਿੰਘ ਸਿੱਧੂ ਯਾਦਗਾਰੀ ਲਾਇਬ੍ਰੇਰੀ ਦਾ ਉਦਘਾਟਨ ਵੀ ਕੀਤਾ ਗਿਆ।



ਡਾ. ਗੁਰੂਮੇਲ ਸਿੱਧੂ ਦੀ ਸੁਪਤਨੀ ਸਰਦਾਰਨੀ ਬਲਜੀਤ ਕੌਰ ਦੀ ਤਬੀਅਤ ਠੀਕ ਨਾ ਹੋਣ ਕਾਰਨ ਇਸ ਦਾ ਉਦਘਾਟਨ ਡਾ. ਸਿੱਧੂ ਦੀ ਸੱਸ ਮਾਤਾ ਗੁਰਬਚਨ ਕੌਰ ਔਲਖ਼ ਵਲੋਂ ਕੀਤਾ ਗਿਆ। ਪਰਿਵਾਰ ਵਲੋਂ ਸੰਤੋਖ ਸਿੰਘ ਢਿਲੋਂ, ਰੁਪਿੰਦਰ ਕੌਰ ਅਤੇ ਪ੍ਰੀਤ ਕੌਰ ਵੀ ਹਾਜ਼ਰ ਸਨ। ਇਸ ਪ੍ਰੋਗਰਾਮ ਦਾ ਅਯੋਜਿਨ ਪੰਜਾਬੀ ਕਲਚਰਲ ਸੈਂਟਰ ਯੂ.ਐੱਸ.ਏ. ਤੇ ਪੰਜਾਬੀ ਰੇਡੀਓ ਯੂ.ਐੱਸ.ਏ.ਤੇ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਯੂ.ਐੱਸ.ਏ.ਵਲੋਂ ਸਾਂਝੇ ਤੋਰ ਤੇ ਕੀਤਾ ਗਿਆ। ਰਾਜਕਰਨਬੀਰ ਸਿੰਘ ਵਲੋਂ ਸਭਨਾਂ ਨੂੰ ਜੀ ਆਇਆਂ ਕਹਿਣ ਬਾਅਦ ਪੰਜਾਬੀ ਕਲਚਰਲ ਸੈਂਟਰ ਯੂ.ਐੱਸ.ਏ. ਫਰੈਜ਼ਨੋ ਦੇ ਕੋ-ਆਰਡੀਨੇਟਰ ਦਲਜੀਤ ਸਿੰਘ ਸਰਾਂ ਨੇ ਡਾ. ਸਿੱਧੂ ਨਾਲ ਆਪਣੀ ਗੂੜ੍ਹੀ ਨੇੜਤਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਡਾ. ਸਿੱਧੂ ਪੰਜਾਬੀ ਕਲਚਰਲ ਸੈਂਟਰ ਯੂ.ਐੱਸ.ਏ. ਤੇ ਪੰਜਾਬੀ ਰੇਡੀਓ ਯੂ.ਐੱਸ.ਏ. ਪਰਿਵਾਰ ਦਾ ਹੀ ਹਿੱਸਾ ਸਨ। ਉਨ੍ਹਾਂ ਦਾ ਆਸ਼ੀਰਵਾਦ ਸਦਾ ਸਾਡੇ ਸੰਗ ਹੋਣਾ ਸਾਡੇ ਧੰਨਭਾਗ ਹਨ। ਉਨ੍ਹਾਂ ਕਿਹਾ ਕਿ ਡਾ. ਗੁਰੂਮੇਲ ਸਿੱਧੂ ਉਤਰੀ ਅਮਰੀਕਾ ਵਿਚਲੇ ਪੰਜਾਬੀ ਭਾਈਚਾਰੇ ਦੀ ਬਹੁਤ ਉੱਘੀ ਸ਼ਖ਼ਸੀਅਤ ਹੋਣ ਦੇ ਨਾਲ-ਨਾਲ ਫਰਿਜ਼ਨੋ ਦੀ ਵੱਡੀ ਹਸਤੀ ਸਨ। ਡਾ. ਸਿੱਧੂ ਦੇ ਪੰਜਾਬੀ ਕਲਚਰਲ ਸੈਂਟਰ ਯੂ.ਐੱਸ.ਏ. ਦੇ ਹੋਂਦ ਵਿੱਚ ਆਉਣ ਤੋਂ ਲੈ ਕੇ ਆਖ਼ਰੀ ਸਾਹਾਂ ਤੱਕ ਜੁੜੇ ਰਹੇ। ਉਨ੍ਹਾਂ ਨੇ ਸਿੱਧੂ ਪਰਿਵਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਡਾ. ਸਿੱਧੂ ਵਲੋਂ ਆਪਣੀਆਂ ਸਾਰੀਆਂ ਕਿਤਾਬਾਂ ਸਾਡੀ ਲਾਇਬ੍ਰੇਰੀ ਵਾਸਤੇ ਦੇਣ ਦੀ ਇੱਛਾ ਪ੍ਰਗਟਾਉਣਾ ਸਾਡੇ ਲਈ ਬਹੁਤ ਵੱਡਾ ਮਾਣ-ਸਨਮਾਨ ਹੈ। ਯਾਦਾਂ ਦਾ ਸਿਲਸਿਲਾ ਦੌਰਾਨ ਡਾ. ਗੁਰੂਮੇਲ ਸਿੱਧੂ ਸਬੰਧੀ ਗੱਲਬਾਤ ਦੀ ਸੰਗੀਤਕ ਸ਼ੁਰੂਆਤ ਉੱਘੇ ਸੂਫ਼ੀ ਗਾਇਕ ਸੁਖਦੇਵ ਸਾਹਿਲ ਵਲੋਂ ਕੀਤੀ ਗਈ। ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਡਾ. ਸੁਖਵਿੰਦਰ ਕੰਬੋਜ ਨੇ ਕਿਹਾ ਕਿ ਡਾ. ਸਿੱਧੂ ਵਿਗਿਆਨ ਅਤੇ ਸਾਹਿਤ ਦੀ ਬੜੀ ਬੁਲੰਦ ਸ਼ਖ਼ਸੀਅਤ ਸਨ। ਉਹ ਅਮਰੀਕਨ ਪੰਜਾਬੀ ਸਾਹਿਤਕਾਰਾਂ ਲਈ ਚਾਨਣਮੁਨਾਰਾ ਸਨ। ਡਾ. ਕੰਬੋਜ ਨੇ ਗੁਰੂਮੇਲ ਸਿੱਧੂ ਯਾਦਗਾਰੀ ਲਾਇਬ੍ਰੇਰੀ ਲਈ ਆਪਣੇ ਵਲੋਂ ਬਹੁਤ ਸਾਰੀਆਂ ਕਿਤਾਬਾਂ ਭੇਟ ਕਰਨ ਦਾ ਵਾਅਦਾ ਕੀਤਾ। ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ ਵਲੋਂ ਸੁਰਿੰਦਰ ਮੰਢਾਲੀ ਤੇ ਹਰਜਿੰਦਰ ਢੇਸੀ ਨੇ ਡਾ. ਗੁਰੂਮੇਲ ਸਿੱਧੂ ਵਲੋਂ ਗਦਰੀ ਦੇਸ਼ ਭਗਤਾਂ ਸਬੰਧੀ ਸਾਹਿਤ ਨੂੰ ਲਿਖਤੀ ਰੂਪ ਵਿੱਚ ਸੰਭਾਲਣ ਲਈ ਹੈਰੀਟੇਜ ਫੋਰਮ ਨੂੰ ਦਿੱਤੀ ਸੇਧ ਤੇ ਸਹਿਯੋਗ ਬਾਰੇ ਵਿਚਾਰ ਸਾਂਝੇ ਕੀਤੇ। ਡਾ. ਸਿੱਧੂ ਸਬੰਧੀ ਯਾਦਾਂ ਸਾਂਝੀਆਂ ਕਰਨ ਵਾਲਿਆਂ ਵਿੱਚ ਪਿਸ਼ੌਰਾ ਸਿੰਘ ਢਿੱਲੋਂ, ਜਗਜੀਤ ਨੌਸ਼ਹਰਿਵੀ, ਸੁਰਿੰਦਰ ਸੀਰਤ, ਪ੍ਰੀਤ ਕੌਰ ਤੇ ਗੁਰਰੀਤ ਬਰਾੜ ਸ਼ਾਮਲ ਸਨ। ਉੱਘੇ ਵਿਦਵਾਨ ਅਤੇ ਵਿਗਿਆਨੀ ਡਾ. ਸਿੱਧੂ ਦੀ ਯਾਦ ਵਿੱਚ ਲਾਇਬ੍ਰੇਰੀ ਦੀ ਸਥਾਪਤ ਕੀਤੇ ਜਾਣ ਲਈ ਬੁਲਾਰਿਆਂ ਵਲੋਂ ਪੰਜਾਬੀ ਰੇਡੀਓ ਤੇ ਪੰਜਾਬੀ ਕਲਚਰਲ ਸੈਂਟਰ ਪਰਿਵਾਰ ਦੀ ਸਰਾਹਨਾ ਕੀਤੀ ਗਈ।

ਦੁਪਹਿਰ ਦੇ ਖਾਣੇ ਤੋਂ ਬਾਅਦ ਹਰਜਿੰਦਰ ਕੰਗ ਦੀ ਸ਼ਾਇਰਾਨਾ ਸੇਧ ਹੇਠ ਦੇਰ ਸ਼ਾਮ ਤੱਕ ਚੱਲੇ ਕਵੀ ਦਰਬਾਰ ਵਿੱਚ ਆਪੋ ਆਪਣੇ ਕਲਾਮ ਰਾਹੀਂ ਸਰੋਤਿਆਂ ਦੀ ਭਰਵੀਂ ਦਾਦ ਲੈਣ ਵਾਲਿਆਂ ਵਿੱਚ ਹਰਜਿੰਦਰ ਢੇਸੀ, ਸਾਧੂ ਸੰਘਾ, ਸੁੱਖੀ ਧਾਲੀਵਾਲ, ਨੀਟਾ ਮਾਛੀਕੇ (ਪੱਤਰਕਾਰ), ਅਮਰੀਕ ਬਸਰਾ, ਗੁਲਸ਼ਨ ਦਿਆਲ, ਪਿਸ਼ੌਰਾ ਸਿੰਘ ਢਿੱਲੋਂ, ਕੁੰਦਨ ਸਿੰਘ ਧਾਮੀ, ਨੀਲਮ ਸੈਣੀ, ਸੁਰਿੰਦਰ ਸੀਰਤ, ਸਤੀਸ਼ ਗੁਲਾਟੀ, ਸੁਰਜੀਤ ਸਖੀ, ਅਸ਼ਰਫ਼ ਗਿੱਲ, ਕੁਲਵਿੰਦਰ, ਜਗਜੀਤ ਨੌਸ਼ਹਿਰਵੀ, ਸੁਖਵਿੰਦਰ ਕੰਬੋਜ ਤੇ ਖੁਦ ਹਰਜਿੰਦਰ ਕੰਗ ਸ਼ਾਮਲ ਸਨ। ਪੰਜਾਬੀ ਰੇਡੀਓ ਤੇ ਪੰਜਾਬੀ ਕਲਚਰਲ ਸੈਂਟਰ ਪਰਿਵਾਰ ਦੇ ਮੋਹਰੀ ਹਰਜੋਤ ਸਿੰਘ ਖਾਲਸਾ ਨੇ ਅਖ਼ੀਰ ਵਿੱਚ ਧੰਨਵਾਦੀ ਸ਼ਬਦਾਂ ਵਜੋਂ ਕਿਹਾ ਕਿ ਸਾਨੂੰ ਡਾ. ਗੁਰੂਮੇਲ ਸਿੰਘ ਸਿੱਧੂ ਤੋਂ ਮਿਲਿਆ ਪਿਆਰ ਤੇ ਦਿੱਤੀ ਸੇਧ ਭਵਿੱਖ ਵਿੱਚ ਸਦਾ ਸਹਾਈ ਹੋਣਗੇ। ਇਸ ਮੌਕੇ ਡਾ. ਸਿੱਧੂ ਨੂੰ ਅਕੀਦਤ ਦੇ ਫੁੱਲ ਭੇਟ ਕਰਨ ਲਈ ਪ੍ਰਿੰਸੀਪਲ ਪ੍ਰੀਤਮ ਸਿੰਘ ਨਾਹਲ, ਅਜਮੇਰ ਨਾਹਲ, ਦਵਿੰਦਰ ਸਿੰਘ ਗਰੇਵਾਲ, ਕੁਲਦੀਪ ਸਿੰਘ ਅਟਵਾਲ, ਸੁਰਜੀਤ ਸਿੰਘ ਅਟਵਾਲ, ਕਿਰਪਾਲ ਸਿੰਘ ਸੰਧੂ, ਟਹਿਲ ਸਿੰਘ, ਤਰਲੋਕ ਸਿੰਘ, ਕੇਵਲ ਸਿੰਘ, ਪ੍ਰੀਤ ਸਿੰਘ, ਨੈਨਦੀਪ ਚੰਨ, ਜਗਰਾਜ ਗਿੱਲ, ਰਾਜਵਿੰਦਰ ਸਿੰਘ ਧਾਲੀਵਾਲ, ਸਤਵਿੰਦਰ ਕੌਰ ਧਾਲੀਵਾਲ, ਸਰਬਜੀਤ ਸਿੰਘ ਸਰਾਂ, ਗੁਰਮੀਤ ਸਿੰਘ ਗਿੱਲ, ਨਵਦੀਪ ਸਿੰਘ ਧਾਲੀਵਾਲ, ਪਰਗਟ ਸਿੰਘ ਧਾਲੀਵਾਲ, ਗੁਰਦੀਪ ਨਿੱਝਰ, ਮਹਿੰਦਰ ਸਿੰਘ ਢਾਅ ਅਤੇ ਇੰਦਰਜੀਤ ਸਿੰਘ ਸਾਥੀ ਪੁੱਜੇ ਹੋਏ ਸਨ। ਚੇਤਨਾ ਪ੍ਰਕਾਸ਼ਨ ਲੁਧਿਆਣਾ ਵਲੋਂ ਇਸ ਮੌਕੇ ਪੰਜਾਬੀ ਕਿਤਾਬਾਂ ਦੀ ਨੁਮਾਇਸ਼ ਅਤੇ ਵਿਕਰੀ ਦਾ ਉਚੇਚਾ ਪ੍ਰਬੰਧ ਗਿਆ।

# ਕੈਨੇਡਾ ਦੇ ਵਿਰਾਸਤੀ ਗੁਰਦੁਆਰਾ ਸਾਹਿਬ ਖ਼ਾਲਸਾ ਦੀਵਾਨ ਸੁਸਾਇਟੀ ਦੇ ਚੋਣ ਨਤੀਜਿਆਂ ਵਿੱਚ ਭਾਈ ਮਨਿੰਦਰ ਸਿੰਘ ਗਿੱਲ ਦੀ ਸੰਗਤ ਪ੍ਰਵਾਨਤ ਸਰਬ ਸਾਂਝੀ ਸਲੇਟ ਦੀ ਸ਼ਾਨਦਾਰ ਜਿੱਤ

## ਸੇਵਾਦਾਰਾਂ ਵੱਲੋਂ ਬੱਬਰ ਅਕਾਲੀ ਸ਼ਹੀਦ ਭਾਈ ਕਰਮ ਸਿੰਘ ਦੌਲਤਪੁਰ ਦਾ 100 ਵਾਂ ਸ਼ਹੀਦੀ ਦਿਹਾੜਾ ਕੌਮਾਂਤਰੀ ਪੱਧਰ ’ਤੇ ਮਨਾਉਣ ਦਾ ਪ੍ਰਣ

ਐਬਟਸਫੋਰਡ/ਡਾ. ਗੁਰਵਿੰਦਰ ਸਿੰਘ :- ਗਦਰੀ ਬਾਬਿਆਂ ਅਤੇ ਸਿੱਖੀ ਨੂੰ ਸਮਰਪਿਤ ਯੋਧਿਆਂ ਦੀ ਛੂਹ ਪ੍ਰਾਪਤ ਵਿਰਾਸਤੀ ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਅਤੇ ਨਵੇਂ ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੁਸਾਇਟੀ ਦੀ ਪ੍ਰਬੰਧਕ ਕਮੇਟੀ ਦੀ ਚੋਣ ਮਨਿੰਦਰ ਸਿੰਘ ਗਿੱਲ ਦੀ ਸੰਗਤ ਪ੍ਰਵਾਨਿਤ ਸਰਬ-ਸਾਂਝੀ ਸਲੇਟ ਨੇ ਪੱਚੀ ਸੌ ਤੋਂ ਵੱਧ ਵੋਟਾਂ ਦੇ ਵੱਡੇ ਫਰਕ ਨਾਲ ਜਿੱਤੀ ਹੈ। ਚੋਣ ਅਧਿਕਾਰੀ ਦੇ ਐਲਾਨ ਅਨੁਸਾਰ ਗੁਰਦੁਆਰਾ ਸਾਹਿਬ ਦੀਆਂ ਚੋਣਾਂ ਵਿੱਚ ਸੰਗਤਾਂ ਵੱਲੋਂ 3420 ਵੋਟਾਂ ਪਾਈਆਂ ਗਈਆਂ ਹਨ। ਮਨਿੰਦਰ ਸਿੰਘ ਗਿੱਲ ਦੀ ਸਲੇਟ ਨੂੰ 2548 ਵੋਟਾਂ ਪਈਆਂ ਹਨ, ਜਦਕਿ ਜਤਿੰਦਰ ਸਿੰਘ ਹੈਪੀ ਗਿੱਲ ਦੀ ਸਲੇਟ ਨੂੰ 842 ਵੋਟਾਂ ਪਈਆਂ ਹਨ। ਤਕਰੀਬਨ 46 ਵੋਟਾਂ ਰੱਦ ਹੋਈਆਂ ਹਨ। ਚੋਣ ਨਤੀਜਿਆਂ ’ਤੇ ਸੰਤੁਸ਼ਟੀ ਦਾ ਇਜ਼ਹਾਰ ਕਰਦੇ ਹੋਏ ਨਵੇਂ ਪ੍ਰਬੰਧਕਾਂ ਨੇ ਸਭ ਤੋਂ ਪਹਿਲਾਂ ਅਕਾਲ ਪੁਰਖ ਦਾ ਸ਼ੁਕਰਾਨਾ ਕਰਦਿਆਂ ਕਿਹਾ ਹੈ ਕਿ ਉਹ





ਨਿਮਰਤਾ ਸਹਿਤ ਗੁਰਦੁਆਰਾ ਸਾਹਿਬ ਦੀ ਸੇਵਾ ਦੇ ਸੁਧਾਰ ਪ੍ਰਬੰਧਾਂ ਵੱਲ ਧਿਆਨ ਦੇਣਗੇ। ਉਨ੍ਹਾਂ ਇਹ ਪ੍ਰਣ ਕੀਤਾ ਹੈ ਕਿ ਇਹ ਵਰ੍ਹਾ ਸ਼ਹੀਦ ਬਬਰ ਅਕਾਲੀ ਭਾਈ ਕਰਮ ਸਿੰਘ ਦੌਲਤਪੁਰ ਦਾ 100ਵਾਂ ਸ਼ਹੀਦੀ ਵਰ੍ਹਾ ਹੈ, ਜਿਨ੍ਹਾਂ ਦੀ ਜ਼ਮੀਨ ’ਤੇ ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਬਣਿਆ ਹੈ ਅਤੇ ਇਸ ਸ਼ਹੀਦੀ ਸਤਾਬਦੀ ਨੂੰ ਗੁਰਦੁਆਰਾ ਸਾਹਿਬ ਦੀ ਨਵੀਂ ਕਮੇਟੀ, ਸਮੂਹ ਸੇਵਾਦਾਰ ਅਤੇ ਸਿੱਖ ਸੰਗਤਾਂ ਕੌਮਾਂਤਰੀ ਪੱਧਰ ’ਤੇ ਮਨਾਉਣਗੇ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਦਾ ਮੁੱਖ ਉਦੇਸ਼ ਸਿੱਖੀ ਦਾ ਪ੍ਰਚਾਰ ਕਰਨਾ, ਨੌਜਵਾਨਾਂ ਨੂੰ ਸਿੱਖੀ ਦੇ ਸਿਧਾਂਤ ਨਾਲ ਜੋੜਨਾ, ਵਿਰਸੇ ਦੀ ਸੰਭਾਲ ਕਰਨਾ, ਪੰਜਾਬੀ ਬੋਲੀ ਅਤੇ ਗੁਰਮੁਖੀ ਦਾ ਪ੍ਰਸਾਰ ਕਰਨਾ ਹੋਵੇਗਾ।ਉੱਤਰੀ ਅਮਰੀਕਾ ਦੀ ਸਭ ਤੋਂ ਪੁਰਾਣੀ ਅਤੇ ਇਤਿਹਾਸਕ ਹੈਰੀਟੇਜ ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਦੇ ਸਭ ਤੋਂ ਛੋਟੀ ਉਮਰ ਦੇ ਚੁਣੇ ਜਾਣ ਵਾਲੇ ਮੁੱਖ ਸੇਵਾਦਾਰ ਨੌਜਵਾਨ ਭਾਈ ਮਨਿੰਦਰ ਸਿੰਘ ਗਿੱਲ ਨੇ ਕਿਹਾ ਕਿ ਇਸ ਚੋਣ ਮਗਰੋਂ ਕੈਨੇਡਾ ਦੇ ਇਤਿਹਾਸ ਵਿੱਚ ਵਿਰਾਸਤੀ ਗੁਰਦੁਆਰਾ ਸਾਹਿਬ ਦੀ ਸੇਵਾ ਅਤੇ ਪ੍ਰਚਾਰ ਦਾ ਨਵਾਂ ਅਧਿਆਇ ਸ਼ੁਰੂ ਹੋਵੇਗਾ ਤੇ ਸਿੱਖੀ ਪ੍ਰਚਾਰ ਦੀ ਲਹਿਰ ਦੇ ਰੂਪ ਵਿੱਚ ਵੱਡੇ ਪੱਧਰ ’ਤੇ ਫੈਲਾਇਆ ਜਾਏਗਾ। ਇਹ ਚੋਣ ਜਿੱਤਣ ਵਾਲੇ ਸੇਵਾਦਾਰਾਂ ਵਿੱਚ ਮੁੱਖ ਸੇਵਾਦਾਰ ਭਾਈ ਮਨਿੰਦਰ ਸਿੰਘ ਗਿੱਲ, ਉੱਪ-ਪ੍ਰਧਾਨ ਗੁਰਤੇਜ ਸਿੰਘ ਗਿੱਲ, ਸਕੱਤਰ ਰਜਿੰਦਰ ਸਿੰਘ ਗਰੇਵਾਲ, ਰਿਕਾਰਡਿੰਗ ਸਕੱਤਰ ਸੋਹਣ ਸਿੰਘ ਪੰਧੇਰ ਅਤੇ ਹਰਿੰਦਰਪਾਲ ਸਿੰਘ ਤੂਰ, ਖਜ਼ਾਨਚੀ ਅਮਰ ਸਿੰਘ ਧਾਲੀਵਾਲ, ਸਹਾਇਕ ਸਕੱਤਰ ਬਲਿਹਾਰ ਸਿੰਘ ਤੱਖਰ, ਡਰੈਕਟਰ ਜਸਵਿੰਦਰ ਕੌਰ ਗਰੇਵਾਲ, ਹਰਦੀਪ ਸਿੰਘ ਹੈਰੀ, ਹਰਮਨ ਸਿੰਘ ਪੱਡਾ, ਰਜਿੰਦਰ ਕੌਰ ਕੌਰ ਗਿੱਲ, ਰਮਨਦੀਪ ਸਿੰਘ ਬੋਪਾਰਾਏ ਅਤੇ ਹਰਦੀਪ ਸਿੰਘ ਪਰਮਾਰ ਸ਼ਾਮਿਲ ਹਨ। ਇਥੇ ਜ਼ਿਕਰਯੋਗ ਹੈ ਕਿ ਖ਼ਾਲਸਾ ਦੀਵਾਨ ਐਬਸਫੋਰਡ ਦੇ ਵਿਰਾਸਤੀ ਗੁਰਦੁਆਰਾ ਸਾਹਿਬ ਦੀ ਸਥਾਪਨਾ 113 ਵਰ੍ਹੇ ਪਹਿਲਾਂ ਹੋਈ ਸੀ, ਜਿਸ ਨੂੰ ਕੈਨੇਡਾ ਸਰਕਾਰ ਵੱਲੋਂ ‘ਵਿਰਾਸਤ ਅਸਥਾਨ’ ਦਾ ਦਰਜਾ ਦਿੱਤਾ ਗਿਆ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Proof Editor: Prabhjot Kaur Designer: Anil Kumar Content Composer: Amritpal Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ‘ਆਪ’ ਸਰਕਾਰ ਦੇ ਪਹਿਲੇ ਸਾਲ ’ਚ ਹੀ ਤਿੰਨ ਖਿਡਾਰੀ ‘ਆਊਟ’

## ਪਹਿਲਾਂ ਸਿੰਗਲਾ, ਫਿਰ ਸਰਾਰੀ, ਮਗਰੋਂ ਆਈ ਅਮਿਤ ਰਤਨ ਦੀ ਵਾਰੀ

## ਅਮਿਤ ਰਤਨ ਦੀ ਵਿਧਾਇਕੀ ਕਾਇਮ ਪਰ ਇਸ ਵੇਲੇ ਪਟਿਆਲਾ ਜੇਲ੍ਹ ’ਚ ਜੁਡੀਸ਼ੀਅਲ ਰਿਮਾਂਡ ’ਤੇ

### ਸਿੰਗਲਾ ਤੇ ਸਰਾਰੀ ਸਾਲ ਭਰ ਵੀ ਨਾ ਰਹਿ ਸਕੇ ਮੰਤਰੀ







ਪੰਜਾਬ ਦੀ ਸੱਤਾ ਨੂੰ ਫੁੱਲਾਂ ਦੀ ਸੇਜ ਸਮਝ ਕੇ ਆਈ ਆਮ ਆਦਮੀ ਪਾਰਟੀ ਲਈ ਹੁਣ ਹਰ ਥਾਂ ਕੰਡੇ ਵਿਛੇ ਨੇ। ਵਿਰੋਧੀ ਧਿਰਾਂ ਦਾ ਤਾਂ ਕੰਮ ਹੀ ਪਰ ਆਪਣੇ ਵੀ ਹੱਥਾਂ ’ਚ ‘ਥੋਹਰ’ ਚੁੱਕੀ ਫਿਰਦੇ ਹਨ। ਸਰਕਾਰ ਆਉਂਦੇ ਕੁੱਝ ਦਿਨਾਂ ’ਚ ਆਪਣਾ ਇੱਕ ਸਾਲ ਪੂਰਾ ਕਰ ਜਾਵੇਗੀ। ਮੁੱਖ ਮੰਤਰੀ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਉਣਗੇ ਤੇ ਵਿਰੋਧੀਆਂ ਨੂੰ ਇੱਕ ਸਾਲ ’ਚ ਹੀ ਭੰਡਣ ਨੂੰ ਬਹੁਤ ਕੁੱਝ ਮਿਲ ਗਿਆ। ਵੇਰਵਿਆਂ ਮੁਤਾਬਿਕ ਆਮ ਆਦਮੀ ਪਾਰਟੀ ਨੇ ਮਾਰਚ 2022 ’ਚ ਪੰਜਾਬ ਦਾ ਰਾਜਭਾਗ ਸੰਭਾਲਿਆ ਸੀ। ਅਕਾਲੀ, ਕਾਂਗਰਸ ਦੇ ਰਾਜ ’ਚ ਘਿਰੇ ਆ ਰਹੇ ਪੰਜਾਬ ਦੇ ਲੋਕਾਂ ਨੇ ‘ਬਦਲਾਅ’ ਦੀ ਹਨੇਰੀ ਲਿਆ ਦਿੱਤੀ ਜਿਸ ਦੇ ਸਿੱਟੇ ਵਜੋਂ 92 ਉਮੀਦਵਾਰਾਂ ਦੀ ਜਿੱਤ ਨਾਲ ਆਮ ਆਦਮੀ ਪਾਰਟੀ ਨੇ ਪੂਰੀ ਟੌਹਰ ਨਾਲ ਸਰਕਾਰ ਬਣਾਈ। ਭਗਵੰਤ ਮਾਨ ਦਾ ਮੁੱਖ ਜੋਰ ਪੰਜਾਬ ’ਚੋਂ ਭ੍ਰਿਸ਼ਟਾਚਾਰ ਖਤਮ ਕਰਨ ’ਤੇ ਲੱਗਿਆ ਹੋਇਆ ਹੈ ਜਿਸ ’ਚ ਉਹ ਕਾਫ਼ੀ ਹੱਦ ਤੱਕ ਕਾਮਯਾਬ ਵੀ ਹੋਏ ਪਰ ਆਪਣਿਆਂ ਨੇ ਹੀ ਬੇੜੀ ਡੋਬਣੀ ਸ਼ੁਰੂ ਕਰ ਦਿੱਤੀ। ਮਾਨਸਾ ਦਾ ਮਸ਼ਹੂਰ ਦੰਦਾਂ ਦਾ ਡਾਕਟਰ ਵਿਜੇ ਸਿੰਗਲਾ ਨੇ ਜਿਸ ਨੇ ਪੰਜਾਬ ਦੇ ਚੋਟੀ ਦੇ ਕਲਾਕਾਰ ਮਰਹੂਮ ਸਿੱਧੂ ਮੂਸੇ ਵਾਲਾ ਨੂੰ ਹਰਾਇਆ ਸੀ, ਉਸ ਨੂੰ ਸਰਕਾਰ ਨੇ ਸਿਹਤ ਮੰਤਰੀ ਬਣਾਇਆ। ਮਾਨਸਾ ਜ਼ਿਲ੍ਹੇ ਵਾਲਿਆਂ ਦਾ ਚਾਅ ਨਹੀਂ ਚੁੱਕਿਆ ਗਿਆ ਕਿਉਂਕਿ ਕਾਫ਼ੀ ਲੰਬੇ ਸਮੇਂ ਮਗਰੋਂ ਸਰਕਾਰ ’ਚ ਜ਼ਿਲ੍ਹੇ ਦਾ ਮੰਤਰੀ ਬਣਿਆ ਸੀ। ਹਾਲੇ ਕੁੱਝ ਕੁ ਮਹੀਨੇ ਹੀ ਹੋਏ ਸੀ ਕਿ ਦੰਦਾਂ ਵਾਲੇ ਡਾਕਟਰ ਵਿਰੋਧੀਆਂ ਦੇ ਦੰਦੇ ਹੇਠ ਆ ਗਏ । ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਕੋਲ ਡਾ. ਵਿਜੇ ਸਿੰਗਲਾ ਦੀ ਆਡੀਓ ਹੈ, ਜਿਸ ’ਚ ਉਹ ਕਿਸੇ ਨਾਲ ਕਮਿਸ਼ਨ ਤੈਅ ਕਰ ਰਹੇ ਹਨ। ਡਾ. ਸਿੰਗਲਾ ਤੋਂ ਕੁਰਸੀ ਖੁੱਸ ਗਈ। ਉਹ ਕੁੱਝ ਸਮਾਂ ਪੁਲਿਸ ਤੇ ਜੁਡੀਸ਼ੀਅਲ ਹਿਰਾਸਤ ’ਚ ਰਹੇ। ਜ਼ਮਾਨਤ ਹੋ ਗਈ ਤੇ ਉਹ ਆਮ ਵਿਧਾਇਕਾਂ ਵਾਂਗ ਲੋਕਾਂ ਦੀਆਂ ਸਮੱਸਿਆਵਾਂ ਸੁਣ ਰਹੇ ਹਨ। ਉਨ੍ਹਾਂ ਦਾ ਕੇਸ ਕਿੱਥੇ ਕੁ ਖੜ੍ਹਾ ਹੈ ਇਸ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ। ਵਿਧਾਇਕ ਸਿੰਗਲਾ ਨੇ ਉਸ ਵੇਲੇ ਕਿਹਾ ਸੀ ਕਿ ਉਨ੍ਹਾਂ ਨੂੰ ਸਿਆਸੀ ਰੰਜਿਸ਼ ਤਹਿਤ ਫਸਾਉਣ ਦੀ ਕੋਸ਼ਿਸ਼ ਕੀਤੀ ਗਈ, ਇਸ ਤੋਂ ਵੱਧ ਹੋਰ ਕੁੱਝ ਨਹੀਂ।

ਵਿਧਾਇਕ ਸਿੰਗਲਾ ਨੇ ਹਾਲੇ ਲੋਕਾਂ ’ਚ ਮੁੜ ਵਿਚਰਨਾ ਸ਼ੁਰੂ ਹੀ ਕੀਤਾ ਸੀ ਕਿ ਫੌਜਾ ਸਿੰਘ ਸਰਾਰੀ ਦੇ ਮਾਮਲੇ ’ਚ ਨਵੀਂ ਗਰਾਰੀ ਫਸ ਗਈ। ਫੌਜਾ ਸਿੰਘ ਸਰਾਰੀ ਦੀ ਕਥਿਤ ਆਡੀਓ ਵਾਇਰਲ ਹੋਈ ਸੀ ਜਿਸ ਨੂੰ ਲੈ ਕੇ ਉਨ੍ਹਾਂ ’ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਸੀ। ਹਾਲਾਂਕਿ ਸਰਾਰੀ ਨੇ ਇਨ੍ਹਾਂ ਦੋਸ਼ਾਂ ਦਾ ਖੰਡਨ ਕੀਤਾ ਸੀ ਪਰ ਵਿਰੋਧੀ ਧਿਰਾਂ ਉਨ੍ਹਾਂ ਤੋਂ ਫੂਡ ਪ੍ਰੋਸੈਸਿੰਗ ਅਤੇ ਸਾਬਕਾ ਫੌਜੀਆਂ ਦੇ ਭਲਾਈ ਵਿਭਾਗ ਤੋਂ ਅਸਤੀਫ਼ੇ ਦੀ ਮੰਗ ਕਰਨ ਲੱਗੀਆਂ। ਉਸ ਵੇਲੇ ਤਾਂ ਸਰਾਰੀ ਨੇ ਅਸਤੀਫ਼ਾ ਨਹੀਂ ਦਿੱਤਾ ਪਰ ਕੁੱਝ ਕੁ ਹਫ਼ਤਿਆਂ ਮਗਰੋਂ ਖੁਦ ਹੀ ਨਿੱਜੀ ਕਾਰਨਾਂ ਦਾ ਹਵਾਲਾ ਦਿੰਦਿਆਂ ‘ਮੰਤਰੀ ਵਾਲੀ ਕੁਰਸੀ’ ਛੱਡ ਦਿੱਤੀ। ਅਜਿਹਾ ਕਰਕੇ ਫੌਜਾ ਸਿੰਘ ਨੇ ਸਰਕਾਰ ਦੀ ਵੀ ਇੱਜ਼ਤ ਰੱਖੀ ਅਤੇ ਆਪਣਾ ਵਕਾਰ ਵੀ ਬਚਾ ਲਿਆ। ਸਰਾਰੀ ਨੇ ਵੀ ਇਸ ਮਾਮਲੇ ਨੂੰ ਵਿਰੋਧੀਆਂ ਦੀ ਚਾਲ ਦੱਸਿਆ ਸੀ।

ਬਠਿੰਡਾ ਦਿਹਾਤੀ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਅਮਿਤ ਰਤਨ ’ਤੇ ਉਨ੍ਹਾਂ ਦੇ ਹਲਕੇ ’ਚ ਹੀ ਪੈਂਦੇ ਪਿੰਡ ਘੁੱਦਾ ਦੀ ਸਰਪੰਚ ਦੇ ਪਤੀ ਤੋਂ 5 ਲੱਖ ਰੁਪਏ ਰਿਸ਼ਵਤ ਲੈਣ ਦੇ ਦੋਸ਼ ਲੱਗੇ ਨੇ। ਹਾਲਾਂਕਿ ਵਿਧਾਇਕ ਪੈਸੇ ਲੈਂਦੇ ਰੰਗੇ ਹੱਥੀਂ ਨਹੀਂ ਫੜੇ ਗਏ ਪਰ ਉਨ੍ਹਾਂ ਦੇ ਕਰੀਬ ਰਿਸ਼ਮ ਗਰਗ ਨੂੰ ਵਿਜੀਲੈਂਸ ਨੇ ਫੜ੍ਹ ਲਿਆ ਸੀ। ਜਿਸ ਵੇਲੇ ਪੈਸਿਆਂ ਦਾ ਇਹ ਲੈਣ ਦੇਣ ਬਠਿੰਡਾ ਦੇ ਸਰਕਟ ਹਾਊਸ ’ਚ ਹੋਇਆ ਉਸ ਵੇਲੇ ਵਿਧਾਇਕ ਅਮਿਤ ਰਤਨ ਵੀ ਉੱਥੇ ਹੀ ਮੌਜੂਦ ਸੀ। ਵਿਧਾਇਕ ਨੂੰ ਗ੍ਰਿਫ਼ਤਾਰ ਨਾ ਕਰਨ ਦਾ ਵਿਰੋਧੀਆਂ ਨੇ ਮੁੱਦਾ ਚੁੱਕਿਆ ਤਾਂ ਉੱਪਰੋਂ ਵਿਜੀਲੈਂਸ ਅਫਸਰਾਂ ਨੂੰ ਘੰਟੀਆਂ ਖੜਕ ਗਈਆਂ। ਰਿਸ਼ਮ ਗਰਗ ਨੂੰ 16 ਫਰਵਰੀ 2023 ਨੂੰ ਗ੍ਰਿਫ਼ਤਾਰ ਕੀਤਾ ਸੀ ਤੇ ਵਿਧਾਇਕ ਅਮਿਤ ਰਤਨ ਨੂੰ 22 ਫਰਵਰੀ ਦੀ ਰਾਤ ਨੂੰ ਰਾਜਪੁਰਾ ਨੇੜਿਓਂ ਵਿਜੀਲੈਂਸ ਨੇ ਉਸ ਵੇਲੇ ਗ੍ਰਿਫ਼ਤਾਰ ਕੀਤਾ ਜਦੋਂ ਉਹ ਆਪਣੇ ਕੁੱਝ ਸਾਥੀਆਂ ਨਾਲ ਜਾ ਰਿਹਾ ਸੀ। ਕੁਝ ਦਿਨ ਪੁਲਿਸ ਰਿਮਾਂਡ ’ਚ ਰਹਿਣ ਮਗਰੋਂ ਵਿਧਾਇਕ ਅਮਿਤ ਰਤਨ ਨੂੰ ਜੁਡੀਸ਼ੀਅਲ ਰਿਮਾਂਡ ’ਤੇ ਪਟਿਆਲਾ ਜੇਲ੍ਹ ਭੇਜ ਦਿੱਤਾ। ਵਿਧਾਇਕ ਦੇ ਵਕੀਲ ਹਰਪਿੰਦਰ ਸਿੱਧੂ ਨੇ ਅਦਾਲਤ ’ਚ ਤਰਕ ਦਿੱਤਾ ਸੀ ਕਿ ਬਠਿੰਡਾ ਜੇਲ੍ਹ ’ਚ ਨਾਮੀ ਗੈਂਗਸਟਰ ਹੋਣ ਕਰਕੇ ਵਿਧਾਇਕ ਦੀ ਜਾਨ ਨੂੰ ਖਤਰਾ ਹੋ ਸਕਦਾ ਹੈ। ਅਮਿਤ ਰਤਨ ਦਾ ਕਹਿਣਾ ਹੈ ਕਿ ਉਹ ਆਮ ਆਦਮੀ ਪਾਰਟੀ ਦਾ ਵਫ਼ਾਦਾਰ ਸਿਪਾਹੀ ਹੈ ਤੇ ਉਸ ਨੂੰ ਨਿਆਂ ਪਾਲਿਕਾ ’ਤੇ ਪੂਰਾ ਭਰੋਸਾ ਹੈ।

### ਆਨਲਾਈਨ ਖ਼ਰੀਦਦਾਰੀ ਵਿੱਚ ਛੂਟ ਦਾ ਭੁਲੇਖਾ ;

# ਭਾਰੀ ਛੂਟ ਦਾ ਦਿਖਾਵਾ ਕਰਕੇ ਵਸੂਲੀ ਜਾਂਦੀ ਹੈ ਐਮ.ਆਰ.ਪੀ. ਤੋਂ ਵੱਧ ਕੀਮਤ






ਨਵੀਂ ਦਿੱਲੀ/ਏ.ਟੀ.ਨਿਊਜ਼ :-ਭਾਵੇਂ ਇਹ ਤਿਉਹਾਰਾਂ ਦਾ ਸੀਜ਼ਨ ਹੋਵੇ ਜਾਂ ਸਾਲ ਦੇ ਅੰਤ ਦੀ ਆਨਲਾਈਨ ਵਿਕਰੀ। ਹਰ ਸਾਈਟ ’ਤੇ ਬੰਪਰ ਡਿਸਕਾਊਂਟ ਆਫ਼ਰ ਹੈ। ਅਜਿਹਾ ਲਗਦਾ ਹੈ ਕਿ ਬਾਜ਼ਾਰ ਕੀਮਤਾਂ ਵਿੱਚ ਕਟੌਤੀ ਕਰਕੇ ਗਾਹਕਾਂ ਦਾ ਖੁੱਲ੍ਹੇਆਮ ਸਵਾਗਤ ਕਰ ਰਿਹਾ ਹੈ। ਪਰ ਬਾਜ਼ਾਰ ਮੁਨਾਫ਼ੇ ਦੇ ਅਰਥ ਸ਼ਾਸਤਰ ’ਤੇ ਚੱਲਦਾ ਹੈ। ਪਰਚੂਨ ਵਿਕਰੇਤਾ ਕਦੇ ਘਾਟੇ ਵਿੱਚ ਵਪਾਰ ਨਹੀਂ ਕਰਦਾ। ਆਨਲਾਈਨ ਡਿਸਕਾਊਂਟ ਦੀ ਖੇਡ ਨੂੰ ਸਮਝਣ ਲਈ ਅਮਰੀਕਾ ਦੀ ਫ਼ਲੋਰਿਡਾ ਅਤੇ ਉੱਤਰੀ ਕੈਰੋਲੀਨਾ ਯੂਨੀਵਰਸਿਟੀ ਨੇ ਹਾਲ ਹੀ ’ਚ ਇੱਕ ਖੋਜ ਕੀਤੀ ਹੈ। ਇਸਦੇ ਅਨੁਸਾਰ, ਆਨਲਾਈਨ ਡਿਸਕਾਊਂਟ ਵਿੱਚ, ਅਸਲ ਵਿੱਚ, ਰਿਟੇਲਰ ਅਸਲ ਐਮ.ਆਰ.ਪੀ. ਦੀ ਕੀਮਤ ਵਿੱਚ ਵਾਧਾ ਕਰਕੇ ਆਪਣੀ ਤਰਫ਼ੋਂ ਛੋਟ ਦਾ ਦਾਅਵਾ ਕਰਕੇ ਗਾਹਕ ਲਈ ਇੱਕ ਲਾਭਦਾਇਕ ਸੌਦੇ ਦਾ ਭਰਮ ਪੈਦਾ ਕਰਦਾ ਹੈ। ਗਾਹਕ ਮਹਿਸੂਸ ਕਰਦਾ ਹੈ ਕਿ ਉਸ ਨੂੰ ਚੰਗਾ ਸੌਦਾ ਮਿਲ ਰਿਹਾ ਹੈ। ਹਾਲਾਂਕਿ ਅਜਿਹਾ ਅਸਲ ਵਿੱਚ ਨਹੀਂ ਹੁੰਦਾ, ਗਾਹਕ ਉਸ ਕੀਮਤ ਦਾ ਭੁਗਤਾਨ ਕਰ ਰਿਹਾ ਹੈ ਜਿਸ ’ਤੇ ਰਿਟੇਲਰ ਵਸਤੂ ਨੂੰ ਵੇਚਣ ਲਈ ਤਿਆਰ ਹੈ। ਮਾਰਕੀਟਿੰਗ ਸਾਇੰਸ ਵਿੱਚ ਪ੍ਰਕਾਸ਼ਿਤ ਖੋਜ ਦੇ ਅਨੁਸਾਰ, ਆਨਲਾਈਨ ਸ਼ਾਪਿੰਗ ਵੈਬਸਾਈਟ ਡਿਸਕਾਉਂਟ ਪੇਸ਼ਕਸ਼ਾਂ ਰਿਟੇਲਰਾਂ ਨੂੰ ਆਪਣੀ ਵਿਕਰੀ ‘ਵਧਾਉਣ’ ਦੀ ਇਜਾਜ਼ਤ ਦਿੰਦੀਆਂ ਹਨ। ਇਸਦੇ ਨਾਲ ਹੀ, ਇਹ ਹੁਸ਼ਿਆਰੀ ਨਾਲ ਮੁਨਾਫ਼ੇ ਦੇ ਮਾਰਜਿਨ ਨੂੰ ਵੀ ਵਧਾਉਂਦਾ ਹੈ। ਖੋਜ ਦੇ ਦੌਰਾਨ, ਇਹ ਸਾਹਮਣੇ ਆਇਆ ਕਿ ਆਨਲਾਈਨ ਛੂਟ ਦੀ ਵਿਕਰੀ ਵਿੱਚ ਸਭ ਤੋਂ ਵੱਧ ਖ਼ਰੀਦਦਾਰੀ ਡਿਜ਼ੀਟਲ ਕੈਮਰੇ, ਮੋਬਾਈਲ ਫ਼ੋਨ, ਟੈਲੀਵਿਜ਼ਨ ਅਤੇ ਕੱਪੜੇ ਦੀ ਹੈ। ਖਪਤਕਾਰ ਛੋਟ ਦੀਆਂ ਪੇਸ਼ਕਸ਼ਾਂ ਵਿੱਚ ਇਲੈਕਟ੍ਰਾਨਿਕ ਯੰਤਰਾਂ ਵੱਲ ਸਭ ਤੋਂ ਵੱਧ ਆਕਰਸ਼ਿਤ ਹੁੰਦੇ ਹਨ। ਖਪਤਕਾਰ ਇਲੈਕਟ੍ਰਾਨਿਕ ਉਤਪਾਦਾਂ ’ਤੇ ਛੋਟ ਦੀਆਂ ਪੇਸ਼ਕਸ਼ਾਂ ਦੇ ਦਾਅਵੇ ਦੀ ਸੱਚਾਈ ਨੂੰ ਨਹੀਂ ਸਮਝਦੇ। ਕੁਝ ਪੇਸ਼ਕਸ਼ਾਂ ਵਿੱਚ, ਪ੍ਰਚੂਨ ਵਿਕਰੇਤਾਵਾਂ ਨੇ ਕੀਮਤਾਂ ਵਿੱਚ 25 ਫੀਸਦੀ ਤੱਕ ਦਾ ਵਾਧਾ ਕਰ ਕੇ ਮੁਨਾਫ਼ਾ ਕਮਾਇਆ।

ਆਨਲਾਈਨ ਖਰੀਦਦਾਰੀਆਂ ਕੀਮਤਾਂ ਨੂੰ ਵਧਾਉਂਦੀਆਂ ਹਨ।

ਜੇਕਰ ਤੁਸੀਂ ਵੈੱਬਸਾਈਟ ’ਤੇ 100 ਰੁਪਏ ਦੀ ਕੀਮਤ ਵਾਲਾ ਉਤਪਾਦ ਦੇਖਦੇ ਹੋ ਅਤੇ ਅਗਲੇ ਦਿਨ ਵੀ ਉਸ ਵੈੱਬਸਾਈਟ ’ਤੇ ਵਿਜ਼ਿਟ ਕਰਦੇ ਹੋ, ਤਾਂ ਉਸ ਉਤਪਾਦ ਦੀ ਕੀਮਤ 200 ਰੁਪਏ ਦਿਖਾਈ ਜਾਂਦੀ ਹੈ। ਰਿਟੇਲਰ 25% ਦੀ ਛੋਟ ਦੀ ਪੇਸ਼ਕਸ਼ ਕਰਦਾ ਹੈ ਅਤੇ ਉਤਪਾਦ ਨੂੰ 150 ਰੁਪਏ ਦੇ ਰੂਪ ਵਿੱਚ ਸੂਚੀਬੱਧ ਕਰਦਾ ਹੈ। ਇਸ ਨੂੰ ਚੰਗੀ ਪੇਸ਼ਕਸ਼ ਮੰਨਦੇ ਹੋਏ, ਗਾਹਕ ਉਤਪਾਦ ਖ਼ਰੀਦਦਾ ਹੈ। ਪਰ ਛੋਟ ਦੇ ਬਾਵਜੂਦ ਇਹ ਕੀਮਤਾਂ ਪਿਛਲੇ ਦਿਨ ਦੀਆਂ ਕੀਮਤਾਂ ਨਾਲੋਂ ਵੱਧ ਹਨ। ਗਾਹਕ ਡਿਸਕਾਊਂਟ ’ਤੇ ਜ਼ਿਆਦਾ ਪੈਸੇ ਦੇ ਕੇ ਉਹੀ ਉਤਪਾਦ ਖ਼ਰੀਦ ਰਿਹਾ ਹੈ। ਆਨਲਾਈਨ ਖ਼ਰੀਦਦਾਰੀ ਵਿੱਚ, ਕੀਮਤ ‘ਵੈਬਸਾਈਟ ’ਤੇ ਗਾਹਕਾਂ ਦੇ ਆਨਲਾਈਨ ਵਿਜ਼ਿਟ ਦੀ ਗਤੀਸ਼ੀਲਤਾ’ ਨਾਲ ਜੁੜੀ ਹੋਈ ਹੈ। ਜਿੰਨੇ ਜ਼ਿਆਦਾ ਉਪਭੋਗਤਾ ਵੈੱਬਸਾਈਟ ’ਤੇ ਜਾਂਦੇ ਹਨ, ਰਿਟੇਲਰ ਉਤਪਾਦ ਦੀ ਪ੍ਰਸਿੱਧੀ ਦੇ ਕਾਰਨ ਛੋਟ ਦੇਣ ਦੇ ਬਾਵਜੂਦ ਉੱਚ ਕੀਮਤ ਵਸੂਲਦਾ ਹੈ।

ਗਾਹਕ ਵੱਖ-ਵੱਖ ਵੈੱਬਸਾਈਟਾਂ ’ਤੇ ਇੱਕੋ ਉਤਪਾਦ ਦੀਆਂ ਕੀਮਤਾਂ ਦੀ ਜਾਂਚ ਕਰਨ

ਛੂਟ ਦੀ ਪੇਸ਼ਕਸ਼ ’ਤੇ ਖ਼ਰੀਦਣ ਤੋਂ ਪਹਿਲਾਂ, ਗਾਹਕ ਨੂੰ ਵੱਖ-ਵੱਖ ਵੈੱਬਸਾਈਟਾਂ ’ਤੇ ਇੱਕੋ ਉਤਪਾਦ ਦੀਆਂ ਕੀਮਤਾਂ ਦੀ ਜਾਂਚ ਜ਼ਰੂਰ ਕਰਨੀ ਚਾਹੀਦੀ ਹੈ। ਉਤਪਾਦ ਦੀ ਪਹਿਲਾਂ ਦੀ ਕੀਮਤ ਤੋਂ ‘ਮਿਲੀ ਛੂਟ’ ਦੀ ਜਾਂਚ ਕਰੋ। ਕਿਸੇ ਵੀ ਛੂਟ ਦੀ ਪੇਸ਼ਕਸ਼ ਨੂੰ ਦੇਖਦੇ ਹੋਏ, ਕਿਸੇ ਨੂੰ ਖਰੀਦਣ ਦੀ ਜਲਦਬਾਜ਼ੀ ਨਹੀਂ ਕਰਨੀ ਚਾਹੀਦੀ। ਇੰਟਰਨੈੱਟ ਦੇ ਯੁੱਗ ਵਿੱਚ, ਛੂਟ ਦੀਆਂ ਸੂਚਨਾਵਾਂ ਗਾਹਕਾਂ ਨੂੰ ਉਤਪਾਦ ਖ਼ਰੀਦਣ ਲਈ ਉਤਸ਼ਾਹਿਤ ਕਰਦੀਆਂ ਹਨ, ਇਸ ਤੋਂ ਬਚੋ।

# ਧਰਮ ਦੇ ਨਾਂ 'ਤੇ ਭਾਰਤ 'ਚ ਔਰਤਾਂ ਦਾ ਹੁੰਦਾ ਏ ਸ਼ੋਸ਼ਣ



**➢ ਵਿਸ਼ੇਸ਼ ਮੰਦਰਾਂ ਦੀਆਂ ਦੇਵਦਾਸੀਆਂ ਭੀਖ ਮੰਗਣ ਲਈ ਮਜਬੂਰ ➢ ਅਜੋਕੇ ਸਮੇਂ ਦੇਵਦਾਸੀਆਂ ਵਿੱਚੋਂ ਅੱਸੀ ਫ਼ੀਸਦੀ ਜਿਸਮ ਫਰੋਸ਼ੀ ਦੇ ਧੰਦੇ ਵਿੱਚ ਲੱਗੀਆਂ ➢ ਮਥੁਰਾ ਅਤੇ ਹੋਰ ਧਾਰਮਿਕ ਸ਼ਹਿਰਾਂ ਵਿੱਚ ਦੇਹ ਵਪਾਰ ਕਰਦੀਆਂ ਦੇਵਦਾਸੀਆਂ ਆਮ ਦੇਖੀਆਂ ਜਾ ਸਕਦੀਆਂ ਨੇ**



ਭਾਰਤ ਦੇ ਆਜ਼ਾਦ ਹੋਣ ਤੋਂ ਬਾਅਦ ਸਿਰਫ਼ ਪੈਂਤੀ ਵਰ੍ਹਿਆਂ ਦੌਰਾਨ ਲਗਭਗ ਡੇਢ ਲੱਖ ਔਰਤਾਂ ਦੇਵੀ ਦੇਵਤਿਆਂ ਨੂੰ ਭੇਟ ਕੀਤੀਆਂ ਗਈਆਂ ਸਨ। ਹਰ ਸਾਲ ਲਗਭਗ ਸਾਢੇ ਚਾਰ ਹਜ਼ਾਰ ਔਰਤਾਂ ਦੇਵਦਾਸੀਆਂ ਬਣਾਈਆਂ ਗਈਆਂ ਸਨ। ਪੈਂਤੀ ਵਰ੍ਹਿਆਂ ਬਾਅਦ ਇਹ ਗਿਣਤੀ ਬੜੀ ਤੇਜ਼ੀ ਨਾਲ ਵਧੀ। ਇਹੀ ਕਾਰਨ ਹੈ ਕਿ ਕਈ ਸੂਬਿਆਂ ਲਈ ਇਹ ਬੜੀ ਗੰਭੀਰ ਸਮੱਸਿਆ ਬਣ ਗਈ ਹੈ। ਦੇਵਦਾਸੀ ਪ੍ਰਥਾ ਸ਼ੁਰੂ ਹੋਣ ਦਾ ਇੱਕ ਕਾਰਨ ਇਹ ਵੀ ਮੰਨਿਆ ਜਾਂਦਾ ਹੈ ਕਿ ਵਿਆਹ ਸਮੇਂ ਹਰ ਹਿੰਦੂ ਲਾੜੀ ਨੂੰ ਇੰਦਰ ਸਮੇਤ ਪੰਜ ਦੇਵਤਿਆਂ ਨਾਲ ਵਿਆਹਿਆ ਜਾਂਦਾ ਹੈ। ਇਸ ਤੋਂ ਬਾਅਦ ਹੀ ਉਸ ਦਾ ਆਪਣੇ ਵਰ ਨਾਲ ਵਿਆਹ ਹੁੰਦਾ ਹੈ। ਪੁਰਾਣਾਂ ਵਿੱਚ ਵੀ ਇਸ ਦਾ ਜ਼ਿਕਰ ਮਿਲਦਾ ਹੈ। ਮੱਧ ਯੁੱਗ ਵਿੱਚ ਵੀ ਇਸ ਦੇ ਕਈ ਹਵਾਲੇ ਮਿਲਦੇ ਹਨ। 1351 ਵਿੱਚ ਅਰਬ ਦੇ ਦੋ ਯਾਤਰੀ ਭਾਰਤ ਪਹੁੰਚੇ ਤੇ ਉਨ੍ਹਾਂ ਨੇ ਵੇਸਵਾਵਾਂ ਨੂੰ ਹੀ ਦੇਵਦਾਸੀ ਪਰੰਪਰਾ ਨਾਲ ਜੋੜਿਆ। ਉਨ੍ਹਾਂ ਦਾ ਕਥਨ ਹੈ ਕਿ ਸੰਤਾਨ ਦੀ ਇੱਛਾ ਰੱਖਣ ਵਾਲੀ ਕਿਸੇ ਵੀ ਔਰਤ ਦੀ ਮੰਨਤ ਪੂਰੀ ਕਰਨ ਲਈ ਤੇ ਸੁੰਦਰ ਪੁੱਤਰ ਦੀ ਪ੍ਰਾਪਤੀ ਲਈ ਉਹ ਬੋਂਡ ਨਾਂ ਦੀ ਮੂਰਤੀ ਕੋਲ ਲਿਜਾ ਕੇ ਉਸ ਨੂੰ ਭੇਟ ਕਰ ਦਿੱਤੀ ਜਾਂਦੀ ਹੈ।

ਉਹ ਔਰਤ ਜਵਾਨ ਹੋਣ ਤੋਂ ਬਾਅਦ ਕਿਸੇ ਜਨਤਕ ਸਥਾਨ 'ਤੇ ਰਹਿਣ ਲੱਗ ਜਾਂਦੀ ਹੈ। ਉੱਥੇ ਆਉਣ ਜਾਣ ਵਾਲੇ ਯਾਤਰੂਆਂ ਤੋਂ ਜਿਸਮਫਰੋਸ਼ੀ ਬਦਲੇ ਲਿਆ ਪੈਸਾ ਉਹ ਮੂਰਤੀ ਦੇ ਪੁਜਾਰੀ ਨੂੰ ਦੇ ਦਿੰਦੀ ਹੈ। ਕਰਨਾਟਕ ਵਿੱਚ ਪਹਿਲਾਂ ਦੇਵਦਾਸੀ ਨੂੰ 'ਸੁੱਲੇ' (ਵੇਸਵਾ) ਕਿਹਾ ਜਾਂਦਾ ਸੀ। ਸਮੇਂ ਦੇ ਨਾਲ ਨਾਲ ਉੱਥੇ ਇਨ੍ਹਾਂ ਨੂੰ 'ਭੋਗੰਦ' ਅਥਵਾ 'ਅਗੰਦ ਸੁੱਲੇ' ਕਿਹਾ ਜਾਣ ਲੱਗਿਆ। ਅੱਜ ਵੀ ਕੋਈ ਦੇਵਦਾਸੀ ਵਿਧਵਾ ਨਹੀਂ ਹੁੰਦੀ, ਕਿਉਂਕਿ ਉਹ ਦੇਵਤੇ ਨੂੰ ਭੇਂਟ ਕੀਤੀ ਜਾਂਦੀ ਹੈ ਅਤੇ ਉਹ ਅਮਰ ਮੰਨਿਆ ਜਾਂਦਾ ਹੈ। ਪੁਰਾਣੇ ਸਮੇਂ ਵਿੱਚ ਦੇਵਦਾਸੀ ਬਣਨ 'ਤੇ ਔਰਤ ਦੀ ਬਾਂਹ 'ਤੇ ਸਬੰਧਤ ਮੰਦਰ ਦੀ ਮੋਹਰ ਦਾਗਣ ਦੀ ਪਰੰਪਰਾ ਸੀ। ਇਹ ਦਾਗ਼ ਉਸ ਦੀ ਮੌਤ ਤੱਕ ਕਾਇਮ ਰਹਿੰਦਾ ਸੀ। ਇਸ ਨਾਲ ਸਮਾਜ ਵਿੱਚ ਉਸ ਦੀ ਪਛਾਣ ਦੇਵਦਾਸੀ ਵਜੋਂ ਦ੍ਰਿੜ੍ਹ ਕੀਤੀ ਜਾਂਦੀ ਸੀ। ਉਹ ਚਾਹ ਕੇ ਵੀ ਆਪਣਾ ਘਰ ਨਹੀਂ ਸੀ ਵਸਾ ਸਕਦੀ ਕਿਉਂਕਿ ਇਹ ਦਾਗ਼ ਉਸ ਨੂੰ ਹਮੇਸ਼ਾ ਇਸ ਗੱਲ ਦੀ ਯਾਦ ਦਿਵਾਉਂਦਾ ਸੀ ਕਿ ਉਹ ਦੇਵਦਾਸੀ ਹੈ। ਆਂਧਰਾ ਪ੍ਰਦੇਸ਼ ਵਿੱਚ ਦੇਵਦਾਸੀ ਪ੍ਰਥਾ ਨੂੰ 'ਜੋਗਿਨੀ' ਨਾਂ ਨਾਲ ਪਛਾਣ ਮਿਲੀ। ਇੱਕ ਦੰਦਕਥਾ ਹੈ ਕਿ ਸੈਂਕੜੇ ਵਰ੍ਹੇ ਪਹਿਲਾਂ ਇੱਕ ਬ੍ਰਾਹਮਣ ਕੰਨਿਆ ਨਾਲ ਕੁਝ ਲੋਕਾਂ ਨੇ ਜਬਰ ਜਨਾਹ ਕਰਨ ਦੀ ਕੋਸ਼ਿਸ਼ ਕੀਤੀ। ਖ਼ੁਦ ਨੂੰ ਬਚਾਉਣ ਲਈ ਉਹ ਦੌੜਨ ਲੱਗੀ। ਦੌੜਦੇ ਦੌੜਦੇ ਉਹ ਇੱਕ ਦਲਿਤ ਮੁਟਿਆਰ ਦੇ ਘਰ ਜਾ ਵੜੀ। ਉਸ ਮੁਟਿਆਰ ਦਾ ਨਾਂ ਚੇਲੰਮਾ ਸੀ। ਉਸ ਨੇ ਉਸ ਬ੍ਰਾਹਮਣ ਮੁਟਿਆਰ ਨੂੰ ਉਨ੍ਹਾਂ ਆਦਮੀਆਂ ਤੋਂ ਬਚਾ ਲਿਆ। ਉਸ ਪਿੰਡ ਦੇ ਲੋਕਾਂ ਨੇ ਚੇਲੰਮਾ ਨੂੰ ਹੀ ਦੇਵੀ ਦੇ ਰੂਪ ਵਿੱਚ ਪ੍ਰਸਿੱਧ ਕਰ ਦਿੱਤਾ। ਉਸ ਦੀ ਮੌਤ ਤੋਂ ਬਾਅਦ ਉਸ ਦੇ ਨਾਂ 'ਤੇ ਮੰਦਿਰ ਬਣਾਇਆ ਗਿਆ ਜਿਸ ਵਿੱਚ ਚੇਲੰਮਾ ਦੇਵੀ ਦੀ ਮੂਰਤੀ ਸਥਾਪਤ ਕੀਤੀ ਗਈ। ਇੱਕ ਮੁਟਿਆਰ ਨੂੰ ਬਚਾਉਣ ਕਰਕੇ ਲੋਕ ਆਪਣੀਆਂ ਧੀਆਂ ਦੀ ਰੱਖਿਆ ਲਈ ਉਸ ਨੂੰ ਧੀਆਂ ਭੇਟ ਕਰਨ ਲੱਗੇ। ਇਨ੍ਹਾਂ ਨੂੰ ਜੋਗਨੀਆਂ ਕਿਹਾ ਜਾਂਦਾ ਹੈ। ਕੋਈ ਵੀ ਅਮੀਰ ਜਾਂ ਧਨੀ ਪੁਰਸ਼ ਉਨ੍ਹਾਂ ਨੂੰ ਘਰੇ ਬੁਲਾ ਕੇ ਉਨ੍ਹਾਂ ਨਾਲ ਸਬੰਧ ਬਣਾ ਸਕਦਾ ਹੈ। ਇਸ ਬਦਲੇ ਉਹ ਉਨ੍ਹਾਂ ਨੂੰ ਪੈਸੇ ਤੇ ਵਸਤਾਂ ਦਿੰਦਾ ਹੈ। ਇਸ ਪ੍ਰਥਾ ਨਾਲ ਇਹ ਦਹਿਸ਼ਤ ਵੀ ਫੈਲਾ ਦਿੱਤੀ ਗਈ ਕਿ ਜੇ ਕੋਈ ਘਰ ਦੇਵੀ ਨੂੰ ਆਪਣੀ ਧੀ ਭੇਟ ਨਹੀਂ ਕਰਦਾ ਤਾਂ ਦੇਵੀ ਨਾਰਾਜ਼ ਹੋ ਸਕਦੀ ਹੈ ਜਿਸ ਨਾਲ ਸਾਰੇ



ਪਿੰਡ 'ਤੇ ਆਫ਼ਤ ਆ ਸਕਦੀ ਹੈ। ਕਰਨਾਟਕ ਤੇ ਮਹਾਰਾਸ਼ਟਰ ਦੀਆਂ ਦੇਵਦਾਸੀਆਂ ਵਿੱਚੋਂ ਨੱਬੇ ਫ਼ੀਸਦੀ ਯੇਲੰਮਾ ਨੂੰ ਸਮਰਪਿਤ ਹਨ। ਅਨੇਕਾਂ ਥਾਵਾਂ 'ਤੇ ਇਸ ਦੇਵੀ ਦੇ ਮੰਦਿਰ ਹਨ, ਪਰ ਬੇਲਗਾਮ ਜ਼ਿਲ੍ਹੇ ਦੇ ਸੌਂਦਤੀ, ਕੋਕਟਨੂਰ ਅਤੇ ਸ਼ਿਮੋਗਾ ਜ਼ਿਲ੍ਹੇ ਦੇ ਚੰਦਰਗੁਤੀ ਮੰਦਿਰ ਵਿੱਚ ਵੱਡੀ ਗਿਣਤੀ ਵਿੱਚ ਕੁੜੀਆਂ ਨੂੰ ਮੰਦਿਰਾਂ ਵਿੱਚ ਦੇਵਦਾਸੀਆਂ ਵਜੋਂ ਸੌਂਪਿਆ ਜਾਂਦਾ ਹੈ। ਯੇਲੰਮਾ ਦੇਵੀ ਬਾਰੇ ਕਈ ਕਥਾਵਾਂ ਪ੍ਰਚੱਲਿਤ ਹਨ। ਉਸ ਦੀ ਮਹਿਮਾ ਰੇਣੂਕਾ ਮਹਾਤਮ ਵਿੱਚ ਵੀ ਦੱਸੀ ਗਈ ਹੈ। ਰੇਣੂਕਾ ਦਾ ਦੂਜਾ ਨਾਂ ਯੇਲੰਮਾ ਹੈ। ਦੇਵਦਾਸੀ ਪ੍ਰਥਾ ਦਾ ਮੁੱਖ ਕੇਂਦਰ ਸੌਂਦਤੀ ਵਿੱਚ ਸਥਿਤ ਯੇਲੰਮਾ ਮੰਦਰ ਹੀ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ ਹੁਲਗੇਮਾ ਦੇਵੀ ਦੇ ਮੰਦਰ ਵਿੱਚ ਵੀ ਬੱਚੀਆਂ ਭੇਂਟ ਕੀਤੀਆਂ ਜਾਂਦੀਆਂ ਹਨ। ਇਹ ਸਥਾਨ ਕਰਨਾਟਕ ਦੇ ਬੇਲਾਰੀ ਜ਼ਿਲ੍ਹੇ ਦੇ ਪਿੰਡ ਹੁਲਗੇ ਵਿੱਚ ਹੈ। ਹੁਲਗੇ ਪਿੰਡ ਦੀ ਅੰਮਾ ਹੁਲਗੇਮਾ ਬਣੀ। ਯੇਲੰਮਾ ਵਾਂਗ ਹੁਲਗੇਮਾ ਦਾ ਮੰਦਰ ਵੀ ਪਹਾੜ ਉੱਤੇ ਹੈ ਜਿੱਥੇ ਹਰ ਸਾਲ ਸੈਂਕੜੇ ਕੁੜੀਆਂ ਨੂੰ ਦੇਵਦਾਸੀਆਂ ਬਣਾਇਆ ਜਾਂਦਾ ਹੈ। ਹੁਲਗੇਮਾ ਬੜੇ ਸਖ਼ਤ ਸੁਭਾਅ ਦੀ ਮੰਨੀ ਜਾਂਦੀ ਹੈ। ਉਸ ਦੇ ਕ੍ਰੋਧ ਤੋਂ ਬਚਣ ਲਈ ਲੋਕ ਉਸ ਦੀ ਪੂਜਾ ਕਰਦੇ ਹਨ ਤੇ ਉਸ ਦੇ ਗੁੱਸੇ ਤੋਂ ਬਚਣ ਲਈ ਹੀ ਲੜਕੀਆਂ ਭੇਟ ਕਰਦੇ ਹਨ। ਕਰਨਾਟਕ ਦੇ ਚਿਤਰਦੁਰਗ, ਬੇਲਾਰੀ ਅਤੇ ਸ਼ਿਮੋਗਾ ਆਦਿ ਜ਼ਿਲ੍ਹਿਆਂ ਵਿੱਚ ਹਰ ਪਿੰਡ ਵਿੱਚ ਗ੍ਰਾਮ ਦੇਵਤਾ ਹੁੰਦਾ ਹੈ ਜਿਸ ਨੂੰ ਦੇਵਦਾਸੀਆਂ ਭੇਟ ਕਰਨ ਦੀ ਪ੍ਰਥਾ ਹੈ। ਮੰਦਿਰ ਵਿੱਚ ਹੋਣ ਵਾਲੀਆਂ ਵੱਖ ਵੱਖ ਧਾਰਮਿਕ ਵਿਧੀਆਂ ਅਤੇ ਸਮਾਗਮਾਂ ਵਿੱਚ ਉਹ ਸ਼ਾਮਲ ਹੁੰਦੀਆਂ ਹਨ। ਮੰਦਰਾਂ ਵਿੱਚ ਚੜ੍ਹਨ ਵਾਲੇ ਚੜ੍ਹਾਵੇ ਦਾ ਕੁਝ ਹਿੱਸਾ ਉਨ੍ਹਾਂ ਨੂੰ ਦਿੱਤਾ ਜਾਂਦਾ ਹੈ। ਫ਼ਸਲ ਜਾਂ ਤਿਓਹਾਰਾਂ ਵੇਲੇ ਲੋਕ ਉਨ੍ਹਾਂ ਨੂੰ ਕੱਪੜੇ, ਅਨਾਜ ਤੇ ਹੋਰ ਵਸਤੂਆਂ ਦਿੰਦੇ ਹਨ। ਹਰ ਪਿੰਡ ਵਿੱਚ ਅਕਸਰ ਦੋ ਤਿੰਨ ਦੇਵਦਾਸੀਆਂ ਜ਼ਰੂਰ ਹੁੰਦੀਆਂ ਹਨ। ਕੋਈ ਦੇਵਦਾਸੀ ਆਪਣਾ ਪਿੰਡ ਛੱਡ ਕੇ ਦੂਜੇ ਕਿਸੇ ਪਿੰਡ ਮੰਗਣ ਜਾਂ ਧਾਰਮਿਕ ਰਹੁਰੀਤਾਂ ਕਰਨ ਨਹੀਂ ਜਾ ਸਕਦੀ।



ਕਈਆਂ ਦਾ ਗੁਜ਼ਾਰਾ ਨਹੀਂ ਹੁੰਦਾ ਤਾਂ ਉਹ ਮਜ਼ਦੂਰੀ ਵੀ ਕਰਦੀਆਂ ਹਨ। ਕਈ ਪਿੰਡ ਦੇ ਕਿਸੇ ਧਨਾਢ ਨੂੰ 'ਮਾਲਕ' ਮੰਨ ਕੇ ਉਸ ਦੀਆਂ ਰਖੇਲਾਂ ਬਣ ਜਾਂਦੀਆਂ ਹਨ। ਦਿਲਚਸਪ ਤੱਥ ਇਹ ਹੈ ਕਿ ਕਈ ਪਿੰਡਾਂ ਵਿੱਚ ਹਨੂੰਮਾਨ ਜੀ ਪਿੰਡ ਦੇ ਗ੍ਰਾਮ ਦੇਵਤਾ ਹਨ ਤੇ ਉਹ ਜਤੀ ਸਤੀ ਮੰਨੇ ਜਾਂਦੇ ਹਨ, ਪਰ ਕਰਨਾਟਕ ਦੇ ਕੁਝ ਪਿੰਡਾਂ ਵਿੱਚ ਉਨ੍ਹਾਂ ਨੂੰ ਵੀ ਦੇਵਦਾਸੀਆਂ ਭੇਟ ਕੀਤੀਆਂ ਜਾਂਦੀਆਂ ਹਨ। ਮੰਦਿਰ ਤੇ ਮੰਦਿਰ ਤੋਂ ਬਾਹਰ ਦੇਵਦਾਸੀਆਂ ਨਾਚ ਗਾਣਾ ਕਰਦੀਆਂ ਹਨ। ਤਾਮਿਲ ਦਾ ਪ੍ਰਸਿੱਧ ਨਾਚ ਭਰਤਨਾਟਯਮ ਮੁਢਲੇ ਰੂਪ ਵਿੱਚ ਇਨ੍ਹਾਂ ਦੀ ਦੇਣ ਹੈ। ਦੇਵਦਾਸੀ ਪ੍ਰਥਾ ਜਿਸ ਪਰਿਵਾਰ ਵਿੱਚ ਸ਼ੁਰੂ ਹੁੰਦੀ ਹੈ ਉਸ ਵਿੱਚ ਇਸ ਨੂੰ ਹਮੇਸ਼ਾਂ ਕਾਇਮ ਰੱਖਿਆ ਜਾਂਦਾ ਹੈ। ਮਾਂ ਤੋਂ ਬਾਅਦ ਬੇਟੀ, ਫਿਰ ਉਸ ਦੀ ਬੇਟੀ ਅਤੇ ਲੜੀ ਤੁਰਦੀ ਜਾਂਦੀ ਹੈ। ਢੋਲਕੀ ਇੱਕ ਗਲੇ 'ਚੋਂ ਦੂਜੇ ਗਲ਼ੇ ਵਿੱਚ ਲਟਕ ਜਾਂਦੀ ਹੈ। ਇਹ ਪ੍ਰਥਾ ਜਾਰੀ ਰੱਖਣ ਵਾਲੇ ਲੋਕਾਂ ਵਿੱਚ ਦੇਵੀ ਦਾ ਭੈਅ ਹੈ ਕਿ ਜੇ ਇਸ ਨੂੰ ਤੋੜ ਦਿੱਤਾ ਗਿਆ ਤਾਂ ਦੇਵੀ ਨਰਾਜ਼ ਹੋ ਕੇ ਨੁਕਸਾਨ ਕਰ ਸਕਦੀ ਹੈ, ਬੱਚੇ ਮਾਰ ਸਕਦੀ ਹੈ, ਬਿਮਾਰੀ ਦੇ ਸਕਦੀ ਹੈ, ਗ਼ਰੀਬ ਕਰ ਸਕਦੀ ਹੈ, ਆਫ਼ਤ ਲਿਆ ਸਕਦੀ ਹੈ, ਮਹਾਂਮਾਰੀ ਫੈਲਾ ਸਕਦੀ ਹੈ।

ਅਜਿਹੇ ਅੰਧ-ਵਿਸ਼ਵਾਸਾਂ ਕਰਕੇ ਹੀ ਇਹ ਪ੍ਰਥਾ ਅੱਗੇ ਤੋਂ ਅੱਗੇ ਤੁਰਦੀ ਜਾਂਦੀ ਹੈ। ਇਸ ਪਿੱਛੇ ਇੱਕ ਕਾਰਨ ਇਹ ਵੀ ਹੈ ਕਿ ਜਦੋਂ ਪਿੰਡ ਦਾ ਕੋਈ ਅਮੀਰ ਬੰਦਾ ਦੇਵਦਾਸੀ ਦਾ ਸਰਪ੍ਰਸਤ ਬਣ ਜਾਂਦਾ ਹੈ ਤਾਂ ਗ਼ਰੀਬ ਘਰਾਂ ਨੂੰ ਪੈਸਾ ਤੇ ਵਸਤਾਂ ਮਿਲਣ ਲੱਗ ਜਾਂਦੀਆਂ ਹਨ। ਇਸ ਲਈ ਗ਼ਰੀਬ ਮਾਪੇ ਕੰਨਿਆ ਨੂੰ ਦੇਵਦਾਸੀ ਬਣਾ ਕੇ ਇਸ ਝਾਕ ਵਿੱਚ ਰਹਿੰਦੇ ਹਨ ਕਿ ਕੋਈ ਅਮੀਰ ਬੰਦਾ ਉਸ ਦਾ ਸਰਪ੍ਰਸਤ ਬਣ ਜਾਵੇ ਤੇ ਇਸ ਦੇ ਇਵਜ਼ ਵਿੱਚ ਮਿਲਣ ਵਾਲੀਆਂ ਵਸਤਾਂ ਜਾਂ ਪੈਸਾ ਟਕਾ, ਜਿਸ ਨੂੰ ਝੁਲਵਾ ਕਿਹਾ ਜਾਂਦਾ ਹੈ, ਉਨ੍ਹਾਂ ਨੂੰ ਮਿਲਦਾ ਰਹੇ। ਅੱਜ ਦੇ ਸਮੇਂ ਵਿੱਚ ਬਣਨ ਵਾਲੀਆਂ ਦੇਵਦਾਸੀਆਂ ਵਿੱਚੋਂ ਅੱਸੀ ਫ਼ੀਸਦੀ ਜਿਸਮਫਰੋਸ਼ੀ ਦੇ ਧੰਦੇ ਵਿੱਚ ਲੱਗ ਰਹੀਆਂ ਹਨ।ਅੱਜ ਮਥੁਰਾ ਅਤੇ ਹੋਰ ਧਾਰਮਿਕ ਸ਼ਹਿਰਾਂ ਵਿੱਚ ਦੇਹ ਵਪਾਰ ਕਰਦੀਆਂ ਦੇਵਦਾਸੀਆਂ ਆਮ ਦੇਖੀਆਂ ਜਾ ਸਕਦੀਆਂ ਹਨ ਜਿਨ੍ਹਾਂ ਦੀ ਹਾਲਤ ਬੜੀ ਤਰਸਯੋਗ ਹੈ।

ਕਰਨਾਟਕ ਪ੍ਰਾਂਤ ਦੇ ਵਿਜੇਨਗਰ ਜ਼ਿਲ੍ਹੇ ਦਾ ਪਿੰਡ ਉਕਰਕੇਰੀ ਹੈ। ਇਸ ਨੂੰ ਦੇਵਦਾਸੀਆਂ ਦਾ ਗੜ੍ਹ ਕਿਹਾ ਜਾਂਦਾ ਹੈ।

ਬਹੁਤ ਸਾਰੀਆਂ ਔਰਤਾਂ ਨੂੰ ਛੋਟੀ ਉਮਰ ਵਿੱਚ ਹੀ ਦੇਵਦਾਸੀਆਂ ਬਣਾ ਦਿੱਤਾ ਜਾਂਦਾ ਹੈ। ਇੱਕ ਰਿਪੋਰਟ ਦੇ ਅਨੁਸਾਰ, ਲਗਭਗ 20% ਔਰਤਾਂ ਹਨ ਜੋ 18 ਸਾਲ ਦੀ ਉਮਰ ਤੋਂ ਘੱਟ ਦੇਵਦਾਸੀਆਂ ਬਣ ਚੁੱਕੀਆਂ ਹਨ। ਕਰਨਾਟਕ ਰਾਜ ਦੇਵਦਾਸੀ ਮਹਿਦੇਯਾਰਾ ਵਿਮੋਚਨਾ ਸੰਘ ਦੇ ਸੂਬਾ ਮੀਤ ਪ੍ਰਧਾਨ ਕੇ. ਨਗਰਰਤਨ ਦੱਸਦੇ ਹਨ ਕਿ ਦੱਖਣੀ ਭਾਰਤ ਵਿੱਚ ਸੈਂਕੜੇ ਸਥਾਨਕ ਦੇਵੀ-ਦੇਵਤੇ ਹਨ, ਜਿਨ੍ਹਾਂ ਦੇ ਨਾਂ 'ਤੇ ਲੜਕੀਆਂ ਨੂੰ ਦੇਵਦਾਸੀਆਂ ਬਣਾ ਦਿੱਤਾ ਜਾਂਦਾ ਹੈ। ਇਨ੍ਹਾਂ ਵਿੱਚੋਂ ਤਿੰਨ ਦੇਵੀ ਮੁੱਖ ਹਨ। ਹੁਲਗੀਆਮਾ, ਯੇਲੰਮਮਾ ਅਤੇ ਹੋਸੁਰਮਮਾ। ਇਹ ਤਿੰਨੇ ਭੈਣਾਂ ਹਨ।

ਦੇਵਦਾਸੀਆਂ ਦੀ ਕੋਈ ਨਿਸ਼ਚਿਤ ਉਮਰ ਨਹੀਂ ਹੈ। ਪੰਜ ਸਾਲ ਦੀ ਕੁੜੀ ਵੀ ਦੇਵਦਾਸੀ ਬਣ ਸਕਦੀ ਹੈ ਤੇ ਦਸ ਸਾਲ ਦੀ ਵੀ। ਜਿਹੜੀਆਂ ਕੁੜੀਆਂ ਦੇਵਦਾਸੀਆਂ ਬਣ ਜਾਂਦੀਆਂ ਹਨ, ਉਹ ਦਲਿਤ ਪਰਿਵਾਰਾਂ ਦੀਆਂ ਹੀ ਹੁੰਦੀਆਂ ਹਨ।

ਉਨ੍ਹਾਂ ਨੂੰ ਹਮੇਸ਼ਾ ਸੁੰਦਰ ਮੰਨਿਆ ਜਾਂਦਾ ਹੈ। ਪਾਰਵਤੀ ਦੀਆਂ ਭੈਣਾਂ ਅਤੇ ਸ਼ਿਵ ਦੀ ਦੂਜੀ ਪਤਨੀ ਵੀ ਕਿਹਾ ਜਾਂਦਾ ਹੈ। ਵਿਆਹ ਵਿੱਚ ਸਭ ਤੋਂ ਪਹਿਲਾਂ ਪੰਜ ਦੇਵਦਾਸੀਆਂ ਨੂੰ ਭੋਜਨ ਛਕਾਇਆ ਜਾਂਦਾ ਹੈ। ਅੱਜ ਵੀ ਉਚਿੰਗਿਮਾ ਦੇ ਮੰਦਰ ਵਿੱਚ ਹਰ ਸਾਲ ਇੱਕ ਤਿਉਹਾਰ ਹੁੰਦਾ ਹੈ ਜਿੱਥੇ ਦੇਵਦਾਸੀਆਂ ਦੇ ਸਰੀਰ ਦੇ ਦੁਆਲੇ ਸਿਰਫ਼ ਨਿੰਮ ਦੇ ਪੱਤੇ ਬੰਨ੍ਹੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਦੇਵੀ ਦੇ ਰੱਥ ਨਾਲ ਚੱਲਣਾ ਪੈਂਦਾ ਹੈ।

ਪਹਿਲਾਂ ਸੁੱਖਣਾ ਪੂਰੀ ਕਰਨ 'ਤੇ ਦੇਵਦਾਸੀਆਂ ਬਣਵਾਈਆਂ ਜਾਂਦੀਆਂ ਸਨ, ਬਾਅਦ 'ਚ ਉਨ੍ਹਾਂ 'ਤੇ ਜ਼ਬਰਦਸਤੀ ਦਬਾਅ ਪਾ ਕੇ ਬਣਵਾਉਣਾ ਸ਼ੁਰੂ ਕਰ ਦਿੱਤਾ।

ਦਲਿਤ ਹਕੂਗੜ੍ਹ ਸਮਿਤੀ ਸ਼ੋਸ਼ਣ ਮੁਕਤੀ ਸੰਘ ਦੇ ਮੁਖੀ ਸਤਿਆਮੂਰਤੀ ਦੱਸਦੇ ਹਨ ਕਿ ਇਹ ਪਰੰਪਰਾ ਸਾਲਾਂ ਤੋਂ ਚੱਲੀ ਆ ਰਹੀ ਹੈ। ਇੱਥੋਂ ਦੇ ਪਿੰਡ ਮੀਆਂਜਖੇੜੀ ਵਿੱਚ ਇੱਕ ਸਮਾਂ ਸੀ ਕਿ ਜਨਮ ਲੈਣ ਵਾਲੀ ਹਰ ਲੜਕੀ ਨੂੰ ਦੇਵਦਾਸੀ ਬਣਨਾ ਪੈਂਦਾ ਸੀ।

ਜੇਕਰ ਪਿੰਡ ਦਾ ਮੁਖੀ, ਸਰਦਾਰ ਜਾਂ ਕੋਈ ਚੌਧਰੀ ਕਿਸੇ ਲੜਕੀ ਨਾਲ ਪਿਆਰ ਕਰਦਾ ਹੈ ਤਾਂ ਉਹ ਆਪਣੇ ਚੇਲਿਆਂ ਰਾਹੀਂ ਉਸ ਦੇ ਪਰਿਵਾਰ 'ਤੇ ਦਬਾਅ ਪਾਉਂਦਾ ਹੈ ਕਿ ਉਹ ਉਸ ਨੂੰ ਦੇਵਦਾਸੀ ਬਣਾਵੇ। ਉਹ ਉਸ ਪਰਿਵਾਰ ਨੂੰ ਧਮਕੀਆਂ ਦਿੰਦੇ ਹਨ ਕਿ ਤੁਹਾਡੇ ਘਰ ਦੀਆਂ ਮੁਸ਼ਕਿਲਾਂ ਦੂਰ ਹੋ ਜਾਣਗੀਆਂ, ਤੁਸੀਂ ਆਪਣੀ ਧੀ ਨੂੰ ਦੇਵਦਾਸੀ ਬਣਾ ਦਿਓ।

**ਦੇਵਦਾਸੀ ਪਰੰਪਰਾ ਸਿਰਫ਼ ਦੱਖਣੀ ਭਾਰਤ ਵਿੱਚ ਹੀ ਕਿਉਂ ਹੈ ?**

ਦੇਵਦਾਸੀ ਪਰੰਪਰਾ ਉੱਤਰੀ ਭਾਰਤ ਦੇ ਮੁਕਾਬਲੇ ਦੱਖਣੀ ਭਾਰਤ ਦੇ ਮੰਦਰਾਂ ਵਿੱਚ ਵਧੇਰੇ ਮਜ਼ਬੂਤੀ ਨਾਲ ਵਿਕਸਿਤ ਹੋਈ। ਇਸ ਦਾ ਸਭ ਤੋਂ ਵੱਡਾ ਕਾਰਨ ਉੱਤਰੀ ਭਾਰਤ ਵਿੱਚ ਵਿਦੇਸ਼ੀ ਹਮਲਾਵਰਾਂ ਦਾ ਲਗਾਤਾਰ ਆਉਣਾ ਸੀ। ਇਨ੍ਹਾਂ ਨੇ ਮੰਦਰਾਂ ਨੂੰ ਕਾਫੀ ਨੁਕਸਾਨ ਪਹੁੰਚਾਇਆ। ਅਜਿਹੀ ਸਥਿਤੀ ਵਿੱਚ, ਇੱਥੇ ਮੰਦਰ ਸੰਸਕ੍ਰਿਤੀ ਦਾ ਵਿਕਾਸ ਦੱਖਣੀ ਭਾਰਤ ਵਾਂਗ ਨਹੀਂ ਹੋ ਸਕਿਆ।ਦੱਖਣ ਭਾਰਤ ਦੇ ਮੰਦਰ ਪੂਜਾ ਦੇ ਨਾਲ-ਨਾਲ ਸੱਭਿਆਚਾਰ, ਕਲਾ, ਨ੍ਰਿਤ, ਅਰਥ ਅਤੇ ਨਿਆਂ ਦੇ ਕੇਂਦਰ ਹੁੰਦੇ ਸਨ। ਭਰਤਨਾਟਿਅਮ, ਕਥਕ ਵਰਗੇ ਨਾਚ ਮੰਦਰਾਂ ਤੋਂ ਹੀ ਪੈਦਾ ਹੋਏ ਹਨ। ਦੇਵਦਾਸੀ ਪਰੰਪਰਾ ਵੀ ਇਨ੍ਹਾਂ ਮੰਦਰਾਂ ਤੋਂ ਹੀ ਸ਼ੁਰੂ ਹੋਈ। ਸ਼ੁਰੂ ਵਿੱਚ ਦੇਵਦਾਸੀਆਂ ਦੀ ਸਥਿਤੀ ਬਹੁਤ ਮਜ਼ਬੂਤ ਹੁੰਦੀ ਸੀ। ਸਮਾਜ ਵਿੱਚ ਉਸਦਾ ਸਤਿਕਾਰ ਸੀ। ਉਦੋਂ ਦੇਵਦਾਸੀਆਂ ਦੋ ਤਰ੍ਹਾਂ ਦੀਆਂ ਸਨ। ਇੱਕ ਨੱਚਦੀ ਸੀ ਤੇ ਦੂਜਾ ਮੰਦਰ ਦੀ ਸੇਵਾ ਸੰਭਾਲ ਕਰਦੀ ਸੀ।

ਪਹਿਲਾਂ ਲੋਕ ਜ਼ਿਆਦਾ ਬੱਚੇ ਪੈਦਾ ਕਰਦੇ ਸਨ ਪਰ ਬੀਮਾਰੀ ਅਤੇ ਸਹੀ ਇਲਾਜ ਨਾ ਹੋਣ ਕਾਰਨ ਬਹੁਤ ਘੱਟ ਬੱਚੇ ਬਚਦੇ ਸਨ।

ਅਜਿਹੇ ਵਿੱਚ ਉਨ੍ਹਾਂ ਦੇ ਮਾਤਾ-ਪਿਤਾ ਮੰਦਰਾਂ 'ਚ ਜਾ ਕੇ ਸੁੱਖਣਾ ਮੰਗਦੇ ਹਨ ਕਿ ਜੇਕਰ ਮੇਰਾ ਬੱਚਾ ਬਚ ਗਿਆ ਤਾਂ ਉਹ ਬੱਚੀ ਨੂੰ ਦੇਵਦਾਸੀ ਬਣਾ ਦੇਣਗੇ। ਇਸ ਤਰ੍ਹਾਂ ਇਹ ਪਰੰਪਰਾ ਵਧਦੀ ਗਈ। ਜਦੋਂ ਉਨ੍ਹਾਂ ਦੀ ਇੱਛਾ ਪੂਰੀ ਹੋਈ ਤਾਂ ਲੋਕਾਂ ਨੇ ਪਰਿਵਾਰ ਦੀ ਲੜਕੀ ਨੂੰ ਦੇਵਦਾਸੀ ਬਣਾਉਣਾ ਸ਼ੁਰੂ ਕਰ ਦਿੱਤਾ।

(ਬਾਕੀ ਸਫ਼ਾ 30 'ਤੇ)

**ਮਾਮਲਾ ਕੋਟਕਪੂਰਾ ਗੋਲੀ ਕਾਂਡ ਦਾ**

# ਬਾਦਲਾਂ ਸਮੇਤ ਸੱਤ ਦੋਸ਼ੀਆਂ ਖ਼ਿਲਾਫ਼ ਅਦਾਲਤ ’ਚ ਹੋਵੇਗੀ ਸੁਣਵਾਈ

**➢ 23 ਮਾਰਚ ਨੂੰ ਅਦਾਲਤ ਵਿੱਚ ਨਿੱਜੀ ਤੌਰ ਉੱਪਰ ਹਾਜ਼ਰ ਹੋਣ ਦਾ ਆਦੇਸ਼ ➢ ਬਰਾੜ, ਸਹੋਤਾ, ਚੌਧਰੀ ਤੇ ਖੱਟੜਾ ਸਿਟ ਸਾਹਮਣੇ ਹੋਏ ਪੇਸ਼**

ਫਰੀਦਕੋਟ/ਏ.ਟੀ.ਨਿਊਜ਼ :- ਕੋਟਕਪੂਰਾ ਗੋਲੀ ਕਾਂਡ ਵਿੱਚ ਵਿਸ਼ੇਸ਼ ਜਾਂਚ ਟੀਮ ਵੱਲੋਂ ਪੇਸ਼ ਕੀਤੇ ਗਏ ਚਲਾਨ ਨੂੰ ਚੈੱਕ ਕਰਨ ਤੋਂ ਬਾਅਦ ਮੈਜਿਸਟ੍ਰੇਟ ਅਜੈਪਾਲ ਸਿੰਘ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸਾਬਕਾ ਡੀਜੀਪੀ ਸੁਮੇਧ ਸੈਣੀ, ਆਈਜੀ ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਐੱਸ.ਐੱਸ.ਪੀ. ਸੁਖਮਿੰਦਰ ਸਿੰਘ ਮਾਨ, ਚਰਨਜੀਤ ਸ਼ਰਮਾ ਅਤੇ ਡੀ.ਆਈ.ਜੀ. ਅਮਰ ਸਿੰਘ ਚਾਹਲ ਨੂੰ ਨੋਟਿਸ ਜਾਰੀ ਕਰ ਕੇ 23 ਮਾਰਚ ਨੂੰ ਅਦਾਲਤ ਵਿੱਚ ਨਿੱਜੀ ਤੌਰ ’ਤੇ ਹਾਜ਼ਰ ਹੋਣ ਦਾ ਆਦੇਸ਼ ਦਿੱਤਾ ਹੈ। ਨੋਟਿਸ ਵਿੱਚ ਕਿਹਾ ਗਿਆ ਹੈ ਕਿ ਜੇਕਰ ਉਹ ਨਿੱਜੀ ਤੌਰ ’ਤੇ ਹਾਜ਼ਰ ਨਹੀਂ ਹੁੰਦੇ ਤਾਂ ਉਨ੍ਹਾਂ ਖਿਲਾਫ਼ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।



ਜ਼ਿਕਰਯੋਗ ਹੈ ਕਿ ਵਿਸ਼ੇਸ਼ ਜਾਂਚ ਟੀਮ ਨੇ 24 ਫਰਵਰੀ ਨੂੰ 7 ਹਜ਼ਾਰ ਪੰਨਿਆਂ ਦਾ ਚਲਾਨ ਅਦਾਲਤ ਵਿੱਚ ਪੇਸ਼ ਕੀਤਾ ਸੀ। ਇਸ ਕੇਸ ਵਿੱਚ ਪਰਮਰਾਜ ਸਿੰਘ ਉਮਰਾਨੰਗਲ, ਸਮੇਧ ਸੈਣੀ ਅਤੇ ਸਾਬਕਾ ਐੱਸ.ਐੱਸ.ਪੀ ਚਰਨਜੀਤ ਸ਼ਰਮਾ ਨੂੰ ਹਾਈ ਕੋਰਟ ਤੋਂ ਜ਼ਮਾਨਤ ਮਿਲੀ ਹੋਈ ਹੈ ਜਦੋਂ ਕਿ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਸਾਬਕਾ ਐੱਸ.ਐੱਸ.ਪੀ ਸੁਖਮਿੰਦਰ ਸਿੰਘ ਮਾਨ, ਡੀ.ਆਈ.ਜੀ. ਅਮਰ ਸਿੰਘ ਚਾਹਲ ਨੂੰ ਇਸ ਕੇਸ ਵਿੱਚ ਅਜੇ ਤੱਕ ਕਿਸੇ ਵੀ ਅਦਾਲਤ ਵਿੱਚੋਂ ਜ਼ਮਾਨਤ ਨਹੀਂ ਮਿਲੀ। ਇਸ ਚਲਾਨ ਵਿੱਚ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਡੀ.ਜੀ.ਪੀ ਸੁਮੇਧ ਸੈਣੀ ਨੂੰ ਕੋਟਕਪੂਰਾ ਗੋਲੀ ਕਾਂਡ ਦਾ ਮੁੱਖ ਸਾਜਿਸ਼ਘਾੜਾ ਦੱਸਿਆ ਗਿਆ ਹੈ ਜਦੋਂ ਕਿ ਪ੍ਰਕਾਸ਼ ਸਿੰਘ ਬਾਦਲ ਉੱਪਰ ਇਸ ਸਾਜਿਸ਼ ਨੂੰ ਅੰਜਾਮ ਦੇਣ ਵਿੱਚ ਸਹਿਯੋਗ ਦੇਣ ਦੇ ਦੋਸ਼ ਹਨ। ਇਸੇ ਦਰਮਿਆਨ ਵਿਸ਼ੇਸ਼ ਜਾਂਚ ਟੀਮ ਨੇ ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਨੂੰ ਅੱਗੇ ਤੋਰਦਿਆਂ 14 ਅਕਤੂਬਰ 2015 ਨੂੰ ਕੋਟਕਪੂਰਾ ਗੋਲੀ ਕਾਂਡ ਤੋਂ ਕੁਝ ਮਿੰਟ ਪਹਿਲਾਂ ਦੀ ਵੀਡੀਓ ਜਾਰੀ ਕੀਤੀ ਹੈ, ਜਿਸ ਵਿੱਚ ਆਮ ਲੋਕਾਂ ਨੂੰ ਸ਼ੱਕੀ ਵਿਅਕਤੀ ਦੀ ਪਛਾਣ ਕਰਨ ਲਈ ਕਿਹਾ ਗਿਆ ਹੈ ਜੋ ਸ਼ਾਂਤਮਈ ਧਰਨੇ ਦੇ ਪਿਛਲੇ ਪਾਸੇ ਹਥਿਆਰਬੰਦ ਹੋ ਕੇ ਘੁੰਮ ਰਿਹਾ ਹੈ। ਕੋਟਕਪੂਰਾ ਗੋਲੀ ਕਾਂਡ ਵਿੱਚ ਜਲਦ ਹੀ ਇੱਕ ਹੋਰ ਚਲਾਨ ਵੀ ਅਦਾਲਤ ਵਿੱਚ ਪੇਸ਼ ਹੋਣ ਦੀ ਸੰਭਾਵਨਾ ਹੈ।

ਅਦਾਲਤ ਨੇ ਥਾਣਾ ਸਿਟੀ ਕੋਟਕਪੂਰਾ ਦੇ ਸਾਬਕਾ ਐੱਸ.ਐੱਚ.ਓ ਗੁਰਦੀਪ ਸਿੰਘ ਨੂੰ ਵੀ ਨੋਟਿਸ ਜਾਰੀ ਕੀਤਾ ਹੈ। ਜਾਂਚ ਟੀਮ ਨੇ ਐੱਸ.ਐੱਚ.ਓ. ਗੁਰਦੀਪ ਸਿੰਘ ਖਿਲਾਫ਼ ਵੀ ਚਲਾਨ ਪੇਸ਼ ਕੀਤਾ ਹੈ। ਇਸ ਮੁਕੱਦਮੇ ਵਿੱਚ ਪਹਿਲਾਂ ਧਰਨਾਕਾਰੀਆਂ ਨੂੰ ਮੁਲਜ਼ਮ ਬਣਾਇਆ ਗਿਆ ਸੀ ਪਰ ਜਾਂਚ ਟੀਮ ਨੇ ਹੁਣ ਖੁਲਾਸਾ ਕੀਤਾ ਹੈ ਕਿ ਗੁਰਦੀਪ ਸਿੰਘ ਪੰਧੇਰ ਨੇ ਕਥਿਤ ਤੌਰ ’ਤੇ ਸਾਜਿਸ਼ ਰਚ ਕੇ ਬੇਕਸੂਰ ਲੋਕਾਂ ਖਿਲਾਫ਼ ਝੂਠਾ ਪਰਚਾ ਦਰਜ ਕਰ ਕੇ ਖੁਦ ਅਤੇ ਬਾਕੀ ਮੁਲਜ਼ਮਾਂ ਨੂੰ ਗੋਲੀ ਕਾਂਡ ਤੋਂ ਬਾਅਦ ਪੈਦਾ ਹੋਏ ਹਾਲਾਤ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ ਸੀ।

**ਚਾਰ ਅਧਿਕਾਰੀਆਂ ਤੋਂ ਸਿਟ ਨੇ ਕੀਤੀ ਪੁੱਛ-ਗਿੱਛ**

ਕੋਟਕਪੂਰਾ ਗੋਲੀ ਕਾਂਡ ਮਾਮਲੇ ’ਚ ਬੀਤੇ ਦਿਨੀਂ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪ੍ਰਮੁੱਖ ਸਕੱਤਰ ਗਗਨਦੀਪ ਸਿੰਘ ਬਰਾੜ, ਸਾਬਕਾ ਡੀ.ਜੀ.ਪੀ. ਇਕਬਾਲਪ੍ਰੀਤ ਸਿੰਘ ਸਹੋਤਾ, ਸਾਬਕਾ ਏ.ਡੀ.ਜੀ.ਪੀ. ਰੋਹਿਤ ਚੌਧਰੀ ਤੇ ਸਾਬਕਾ ਡੀ.ਆਈ.ਜੀ. ਆਰ. ਐਸ. ਖੱਟੜਾ ਸਿਟ ਸਾਹਮਣੇ ਪੇਸ਼ ਹੋਏ। ਏ.ਡੀ.ਜੀ.ਪੀ. ਐਲ. ਕੇ. ਯਾਦਵ ਦੀ ਅਗਵਾਈ ‘ਵਿਚ ਸਿੱਟ ਕੋਟਕਪੂਰਾ ਗੋਲੀ ਕਾਂਡ ਮਾਮਲੇ ਦੀ ਜਾਂਚ ਕਰ ਰਹੀ ਹੈ। ਸਿਟ ਨੇ ਵੱਖ-ਵੱਖ ਤੌਰ ’ਤੇ ਸਾਬਕਾ ਅਧਿਕਾਰੀਆਂ ਤੋਂ ਪੁੱਛਗਿੱਛ ਕੀਤੀ।

## ਸੌਦਾ ਸਾਧ ਰਾਮ ਰਹੀਮ ਤੇ ਡੇਰਾ ਸਿਰਸਾ



15 ਅਗਸਤ, 1967 ਨੂੰ ਰਾਜਸਥਾਨ ਦੇ ਸ੍ਰੀ ਗੰਗਾਨਗਰ ਵਿੱਚ ਜਨਮ ਲੈਣ ਵਾਲੇ ਰਾਮ ਰਹੀਮ 1990 ਵਿੱਚ ਡੇਰਾ ਸਿਰਸਾ ਦੇ ਮੁਖੀ ਬਣੇ। ਡੇਰਾ ਸਿਰਸਾ ਦੀ ਸਥਾਪਨਾ 1948 ਵਿਚ ਸ਼ਾਹ ਮਸਤਾਨਾ ਨੇ ਕੀਤੀ ਸੀ। ਅੱਜ ਡੇਰੇ ਦੇ ਲੱਖਾਂ ਦੇ ਕਰੀਬ ਸ਼ਰਧਾਲੂ ਹਨ ਅਤੇ ਦੇਸ਼ ਦੇ ਕਈ ਹਿੱਸਿਆਂ ਵਿੱਚ ਇਸ ਦੇ ਨਾਮ ਚਰਚਾ ਘਰ (ਆਸ਼ਰਮ) ਹਨ। ਸਿਰਸਾ ਵਿੱਚ ਡੇਰਾ ਕਈ ਏਕੜ ’ਚ ਫੈਲਿਆ ਹੋਇਆ ਹੈ ਅਤੇ ਇਸ ਦਾ ਇੱਕ ਆਪਣਾ ਹਸਪਤਾਲ ਵੀ ਹੈ।

## ਮੌੜ ਮੰਡੀ ਬੰਬ ਧਮਾਕਾ ਦੇ ਮਾਮਲੇ ’ਚ ਪੁਲਿਸ ਵੱਲੋਂ ਡੇਰਾ ਪ੍ਰੇਮੀਆਂ ਖ਼ਿਲਾਫ਼ ਰੈੱਡ ਕਾਰਨਰ ਨੋਟਿਸ ਜਾਰੀ

ਕਰਨਾਲ/ਏ.ਟੀ.ਨਿਊਜ਼ :- ਡੇਰਾ ਸੱਚਾ ਸੌਦਾ ਸੰਸਥਾ ਨਾਲ ਜੁੜੇ ਤਿੰਨ ਸਮਰਥਕਾਂ ਖ਼ਿਲਾਫ਼ ਵੱਡੀ ਕਾਰਵਾਈ ਕੀਤੀ ਗਈ ਹੈ। ਇੰਟਰਪੋਲ ਨੇ ਤਿੰਨ ਦੋਸ਼ੀਆਂ ਖ਼ਿਲਾਫ਼ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਹੈ। ਦੋਸ਼ੀਆਂ ਦਾ ਨਾਮ ਗੁਰਤੇਜ ਸਿੰਘ, ਅਮਰੀਕ ਸਿੰਘ ਅਤੇ ਅਵਤਾਰ ਸਿੰਘ ਹੈ। ਦੱਸਣਯੋਗ ਹੈ ਕਿ 2017 ’ਚ ਪੰਜਾਬ ਦੇ ਮੌੜ ਮੰਡੀ ਵਿੱਚ ਬੰਬ ਧਮਾਕਾ ਹੋਇਆ ਸੀ, ਇਹ ਤਿੰਨੋਂ ਇਸ ਮਾਮਲੇ ’ਚ ਦੋਸ਼ੀ ਹਨ। ਮੌੜ ਮੰਡੀ ’ਚ ਹੋਏ ਧਮਾਕੇ ਦੌਰਾਨ 5 ਬੱਚਿਆਂ ਸਮੇਤ ਕੁੱਲ 7 ਲੋਕਾਂ ਦੀ ਮੌਤ ਹੋ ਗਈ ਸੀ।ਇਸ ਮਾਮਲੇ ’ਚ ਬਣੀ ਐੱਸ.ਆਈ.ਟੀ. ਦੀ ਰਿਪੋਰਟ ਅਨੁਸਾਰ ਦੋਸ਼ੀ ਗੁਰਤੇਜ ਸਿੰਘ ਕਾਲਾ ਡੇਰੇ ਦੀ ਵਰਕਸ਼ਾਪ ਦਾ ਇੰਚਾਰਜ ਸੀ। ਗੁਰਤੇਜ ’ਤੇ ਪ੍ਰੈਸ਼ਰ ਕੁਕਰ ਬੰਬ ਲਿਆਉਣ ਅਤੇ ਕਾਰ ’ਚ ਲਗਾਉਣ ਦਾ ਦੋਸ਼ ਹੈ। ਡੇਰਾ ਮੁਖੀ ਰਾਮ ਰਹੀਮ ਦੇ ਮੁੱਖ ਸੁਰੱਖਿਆ ਕਰਮੀ ਅਮਰੀਕ ਸਿੰਘ ਦਾ ਵੀ ਇਸ ਮਾਮਲੇ ’ਚ ਨਾਮ ਸਾਹਮਣੇ ਆਇਆ ਸੀ। ਅਮਰੀਕ ਸਿੰਘ ਪੇਸ਼ੇ ਤੋਂ ਇਲੈਕਟ੍ਰੀਸ਼ੀਅਨ ਵੀ ਰਹਿ ਚੁੱਕਾ ਹੈ।

## 2015 ਦੀਆਂ ਘਟਨਾਵਾਂ ਦੀ ਜੜ੍ਹ 2007 ਦੇ ਈਸ਼ਨਿੰਦਾ ਕੇਸ ਨਾਲ ਜੁੜੀ ਏ

ਜਲੰਧਰ : 2015 ਦੀਆਂ ਘਟਨਾਵਾਂ - ਬਰਗਾੜੀ ਬੇਅਦਬੀ ਕਾਂਡ ਅਤੇ ਬਹਿਬਲ ਕਲਾਂ ਪੁਲਿਸ ਗੋਲੀਕਾਂਡ-ਨੂੰ ਪੰਜਾਬ ਦੀ ਰਾਜਨੀਤੀ ਵਿੱਚ ਇੱਕ ਵੱਡਾ ਮੋੜ ਮੰਨਿਆ ਜਾ ਰਿਹਾ ਹੈ ਅਤੇ ਪੰਜਾਬ ਦੀ ਰਾਜਨੀਤੀ ਵਿੱਚ ਮੌਜੂਦਾ ‘ਹਲਚਲ’ ਦਾ ਸਭ ਤੋਂ ਵੱਡਾ ਕਾਰਕ ਵੀ ਮੰਨਿਆ ਜਾ ਰਿਹਾ ਹੈ।ਪਰ ਦੋਵਾਂ ਦੀਆਂ ਜੜ੍ਹਾਂ 2007 ਦੇ ਸਿਰਸਾ ਬਾਬੇ ਗੁਰਮੀਤ ਰਾਮ ਰਹੀਮ ਦੇ ਖਿਲਾਫ ਈਸ਼ਨਿੰਦਾ ਨਾਲ ਸੰਬੰਧਿਤ ਹਨ। 2007 ਵਿੱਚ ਅਕਾਲੀ-ਭਾਜਪਾ ਗਠਜੋੜ ਦੇ ਸੱਤਾ ਵਿੱਚ ਆਉਣ ਦੇ ਕੁਝ ਮਹੀਨਿਆਂ ਦੇ ਅੰਦਰ, ਸੌਦਾ ਸਾਧ ਨੇ ਗੁਰੂ ਗੋਬਿੰਦ ਸਿੰਘ ਦੀ ਤਰ੍ਹਾਂ ਪਹਿਰਾਵਾ ਪਹਿਨ ਕੇ ਬਠਿੰਡਾ ਦੇ ਸਲਾਬਤਪੁਰਾ ਵਿਖੇ ਪੈਰੋਕਾਰਾਂ ਦੀ ਇੱਕ ਸਮਾਗਮ ਨੂੰ ਸੰਬੋਧਨ ਕੀਤਾ ਸੀ। ਇਸ ਦਾ ਸਿੱਖਾਂ ਵੱਲੋਂ ਭਾਰੀ ਵਿਰੋਧ ਹੋਇਆ ਸੀ ਅਤੇ ਉਸ ਵਿਰੁੱਧ ਮਈ 2007 ਵਿਚ ਬਠਿੰਡਾ ਕੋਤਵਾਲੀ ਥਾਣੇ ਵਿਚ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਵਿਚ ਕੇਸ ਦਰਜ ਕੀਤਾ ਗਿਆ ਸੀ।

ਸੌਦਾ ਸਾਧ ਦੇ ਇਸ ਖਤਰਨਾਕ ਮਜ਼ਾਕ ਨੇ ਡੇਰੇ ਦੇ ਪੈਰੋਕਾਰਾਂ ਅਤੇ ਸਿੱਖਾਂ ਵਿਚ ਭਾਰੀ ਤਣਾਅ ਪੈਦਾ ਕਰ ਦਿੱਤਾ ਸੀ। ਬਾਅਦ ਦੇ ਸਾਲਾਂ ਵਿੱਚ ਦੋਵਾਂ ਪਾਸਿਆਂ ਤੋਂ ਝੜਪਾਂ ਦੌਰਾਨ ਜਾਨਾਂ ਚਲੀਆਂ ਗਈਆਂ ਸਨ। ਕੁਝ ਮਾਮਲਿਆਂ ਵਿੱਚ, ਪੁਲਿਸ ਨੇ ਡੇਰਾ ਮੁਖੀ ਨੂੰ ਕਤਲ ਕਰਨ ਦੀ ਸਾਜਿਸ਼ ਰਚਨ ਦੇ ਦੋਸ਼ ਵਿਚ ਸਿੱਖਾਂ ਨੂੰ ਗ੍ਰਿਫਤਾਰ ਕੀਤਾ ਸੀ।

ਹਾਲਾਂਕਿ, ਬਾਦਲਕਿਆਂ ਦੇ ਰਾਜ ਦੌਰਾਨ ਸੌਦਾ ਸਾਧ ਬਾਰੇ ਵੋਟ ਬੈਂਕ ਕਾਰਣ ਨਰਮ ਰਵਈਆ ਅਪਨਾਇਆ ਗਿਆ। ਸੌਦਾ ਸਾਧ ਦਾ ਬਾਜਲਕਿਆ ਦੇ ਰਾਜ ਦੌਰਾਨ ਵਾਲ ਵਿੰਗਾ ਵੀ ਨਹੀਂ ਹੋਇਆ, ਕਿਉਂਕਿ ਪੰਜਾਬ ਦੇ ਗ੍ਰਹਿ ਵਿਭਾਗ ਵੱਲੋਂ ਸੌਦਾ ਸਾਧ ਖਿਲਾਫ ਕੇਸ ਦਰਜ ਕਰਨ ਬਾਅਦ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦੇਣ ਅਤੇ 2008 ਵਿੱਚ ਬਠਿੰਡਾ ਦੇ ਤਤਕਾਲੀ ਐਸਐਸਪੀ ਦੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਹਲਫ਼ਨਾਮੇ ਦੇ ਬਾਵਜੂਦ ਇਸ ਕੇਸ ਵਿੱਚ ਕਦੇ ਵੀ ਚਲਾਨ ਪੇਸ਼ ਨਹੀਂ ਕੀਤਾ ਗਿਆ ਸੀ। ਹਾਲਾਂਕਿ ਸਰਕਾਰ ਕੋਲ ਮੁਕੱਦਮਾ ਚਲਾਉਣ ਲਈ ਸੌਦਾ ਸਾਧ ਖਿਲਾਫ ਕਾਫੀ ਸਬੂਤ ਸਨ। ਫਿਰ, 2012 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਕੁਝ ਦਿਨ ਪਹਿਲਾਂ, ਪੁਲਿਸ ਨੇ ਬਠਿੰਡਾ ਦੀ ਇੱਕ ਅਦਾਲਤ ਵਿੱਚ ਰੱਦ ਕਰਨ ਦੀ ਰਿਪੋਰਟ ਦਾਇਰ ਕੀਤੀ ਸੀ।

ਅਗਸਤ 2014 ਵਿੱਚ, ਜ਼ਿਲ੍ਹਾ ਅਤੇ ਸੈਸ਼ਨ ਜੱਜ, ਬਠਿੰਡਾ ਨੇ ਡੇਰਾ ਮੁਖੀ ਨੂੰ ਇਸ ਆਧਾਰ ’ਤੇ ਡਿਸਚਾਰਜ ਕਰ ਦਿੱਤਾ ਕਿ ਉਸ ਦੇ ਖਿਲਾਫ ਤਿੰਨ ਸਾਲਾਂ ਦੇ ਨਿਰਧਾਰਤ ਸਮੇਂ ਵਿਚ ਦੋਸ਼ ਪੱਤਰ ਪੇਸ਼ ਨਹੀਂ ਕੀਤਾ ਗਿਆ। ਇਹ ਸਭ ਕੁਝ ਅਕਾਲੀ-ਭਾਜਪਾ ਸਰਕਾਰ ਦੌਰਾਨ ਹੋਇਆ ਪਰ ਗਠਜੋੜ ਦੇ ਭਾਈਵਾਲਾਂ, ਖਾਸ ਕਰਕੇ ਅਕਾਲੀ ਸੀਨੀਅਰ ਨੇਤਾਵਾਂ ਨੇ, ਜਦੋਂ ਤੋਂ ਸੁਖਬੀਰ ਸਿੰਘ ਬਾਦਲ ਕੋਲ ਗ੍ਰਹਿ ਵਿਭਾਗ ਸੀ, ਨੇ ਕਦੇ ਵੀ ਇਸ ਸਵਾਲ ਦਾ ਜਵਾਬ ਨਹੀਂ ਦਿੱਤਾ ਕਿ ਡੇਰਾ ਮੁਖੀ ਨੂੰ ਮੁਕੱਦਮਾ ਚਲਾਏ ਬਿਨਾਂ ਕਿਉਂ ਛੱਡ ਦਿੱਤਾ ਗਿਆ।

ਇਸ ਨਾਲ ਸੌਦਾ ਡੇਰੇ ਨੂੰ ਹੋਰ ਵੀ ਹੌਸਲਾ ਮਿਲਿਆ ਅਤੇ ਸੌਦਾ ਸਾਧ ਦੇ ਕੇਸ ਵਿੱਚੋਂ ਬਰੀ ਹੋਣ ਦੇ 10 ਮਹੀਨਿਆਂ ਦੇ ਅੰਦਰ ਹੀ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰੇ ਵਿੱਚੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਚੋਰੀ ਹੋ ਗਈ ਅਤੇ ਬਾਅਦ ਵਿੱਚ ਬਰਗਾੜੀ ਦੀਆਂ ਗਲੀਆਂ ’ਚ ਇਸ ਦੇ ਫਟੇ ਹੋਏ ਅੰਗ ਖਿਲਰੇ ਹੋਏ ਮਿਲੇ ਸਨ।

ਬੇਅਦਬੀ ਦਾ ਮਾਮਲਾ ਅਣਸੁਲਝਿਆ ਰਿਹਾ ਅਤੇ 31 ਜਨਵਰੀ 2017 ਨੂੰ ਮੌੜ ਮੰਡੀ ਵਿਖੇ ਹੋਏ ਧਮਾਕੇ ਵਿੱਚ ਸੱਤ ਲੋਕਾਂ ਦੀ ਮੌਤ ਹੋ ਗਈ। ਫਰਵਰੀ 2018 ਵਿੱਚ ਤਤਕਾਲੀ ਡੀਆਈਜੀ ਰਣਬੀਰ ਸਿੰਘ ਖਟੜਾ ਦੀ ਅਗਵਾਈ ਵਾਲੀ ਐਸਆਈਟੀ ਦੁਆਰਾ ਸਿਰਸਾ ਡੇਰੇ ਵਿੱਚ ਵੀ ਇਸ ਕੇਸ ਦਾ ਪਤਾ ਲਗਾਇਆ ਗਿਆ ਸੀ। ਇਸ ਕੇਸ ਵਿੱਚ ਤਿੰਨ ਡੇਰਾ ਪੈਰੋਕਾਰਾਂ ਦੀ ਪਛਾਣ ਕੀਤੀ ਗਈ ਸੀ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਭਗੌੜਾ ਕਰਾਰ ਦਿੱਤਾ ਗਿਆ ਸੀ। ਪੰਜ ਸਾਲ ਬਾਅਦ ਵੀ ਇਸ ਕੇਸ ਵਿੱਚ ਕੋਈ ਪ੍ਰਗਤੀ ਨਹੀਂ ਹੋਈ। ਬਰਗਾੜੀ ਮੋਰਚਾ ਸ਼ੁਰੂ ਹੋਣ ਤੋਂ ਬਾਅਦ ਜੂਨ 2018 ਵਿੱਚ ਵੀ ਇਸੇ ਐਸਆਈਟੀ ਨੇ ਬੇਅਦਬੀ ਦੇ ਕੇਸਾਂ ਦੀ ਜਾਂਚ ਕੀਤੀ ਸੀ।

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ ਸੌਦਾ ਸਾਧ ਤੇ ਉਸਦੇ ਪ੍ਰੇਮੀਆਂ ਉਪਰ ਲਗਦੇ ਰਹੇ ਹਨ। ਪਰ ਇਸ ਬਾਰੇ ਸਿੱਖ ਜਗਤ ਨੂੰ ਕਦੇ ਨਿਆਂ ਨਹੀ ਮਿਲਿਆ। ਜਦੋਂ ਕਿ ਹੁਣ ਅਕਾਲੀ ਦਲ ਪੰਥਕ ਮੈਦਾਨ ਤੋਂ ਤਿਲਕ ਗਿਆ, ਗਰਮ ਸਿੱਖ ਸਿਆਸਤ ਨੇ ਜ਼ੋਰ ਫੜ ਲਿਆ।

ਸੁਪਰੀਮ ਕੋਰਟ ਨੇ ਬੀਤੇ ਮੰਗਲਵਾਰ ਨੂੰ ਬਰਗਾੜੀ ਬੇਅਦਬੀ ਮਾਮਲੇ ਨਾਲ ਜੁੜੇ ਤਿੰਨ ਮਾਮਲਿਆਂ ਦੀ ਸੁਣਵਾਈ ਪੰਜਾਬ ਤੋਂ ਬਾਹਰ ਚੰਡੀਗੜ੍ਹ ਤਬਦੀਲ ਕਰਨ ਦੇ ਹੁਕਮ ਦਿੱਤੇ ਸਨ। ਇਸ ਬਾਰੇ ਸਿੱਖ ਜਗਤ ਵਿੱਚ ਰੋਸ ਪਾਇਆ ਜਾ ਰਿਹਾ ਹੈ ਕਿ ਨਿਆਂ ਪ੍ਰਣਾਲੀ ਸੌਦਾ ਸਾਧ ਪ੍ਰਤੀ ਨਰਮ ਰੁਖ ਅਪਣਾ ਰਹੀ ਹੈ।

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸ਼ੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਮਨੀਕਰਨ ’ਚ ਸਿੱਖ ਸ਼ਰਧਾਲੂਆਂ ਤੇ ਪਹਾੜੀ ਲੋਕਾਂ ਵਿਚਾਲੇ ਝੜਪ ਦੌਰਾਨ 4 ਜ਼ਖ਼ਮੀ

## ਸਥਾਨਕ ਲੋਕਾਂ ਨੇ ਸ਼ਰਧਾਲੂਆਂ ਦੇ ਵਾਹਨਾਂ ਨੂੰ ਨੁਕਸਾਨ ਪਹੁੰਚਾਇਆ



ਸ਼ਿਮਲਾ/ਏ.ਟੀ.ਨਿਊਜ਼ :- ਹਿਮਾਚਲ ਪ੍ਰਦੇਸ਼ ਦੇ ਮਨੀਕਰਨ ਵਿੱਚ ਇਕ ਮੇਲੇ ਦੌਰਾਨ ਸਿੱਖ ਸ਼ਰਧਾਲੂਆਂ ਤੇ ਸਥਾਨਕ ਲੋਕਾਂ ਵਿਚਾਲੇ ਹੋਈ ਝੜਪ ’ਚ 4 ਲੋਕ ਜ਼ਖ਼ਮੀ ਹੋ ਗਏ। ਦੋਵਾਂ ਧਿਰਾਂ ਵਲੋਂ ਇਕ-ਦੂਜੇ ਵਿਰੁੱਧ ਕੀਤੀਆਂ ਕੁਝ ਟਿੱਪਣੀਆਂ ਕਾਰਨ ਝੜਪ ਹੋ ਗਈ, ਜਿਸ ਦੇ ਨਤੀਜੇ ਵਜੋਂ ਸਥਾਨਕ ਲੋਕਾਂ ਨੇ ਸ਼ਰਧਾਲੂਆਂ ਦੇ ਵਾਹਨਾਂ ਨੂੰ ਨੁਕਸਾਨ ਪਹੁੰਚਾਇਆ। ਇਸ ਤੋਂ ਬਾਅਦ ਸ਼ਰਧਾਲੂਆਂ ਨੇ ਸਥਾਨਕ ਲੋਕਾਂ ਦੇ ਘਰਾਂ ’ਤੇ ਪਥਰਾਅ ਕੀਤਾ। ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਕਿਹਾ ਕਿ ਇਹ ਨੌਜਵਾਨਾਂ ਦਾ ਆਪਸੀ ਟਕਰਾਅ ਹੈ ਤੇ ਇਸ ਨੂੰ ਧਾਰਮਿਕ ਰੰਗਤ ਨਹੀਂ ਦਿੱਤੀ ਜਾਣੀ ਚਾਹੀਦੀ। ਸੂਬੇ ਵਿਚ ਆਉਣ ਵਾਲੇ ਸੈਲਾਨੀਆਂ ਤੇ ਸ਼ਰਧਾਲੂਆਂ ਨੂੰ ਸੁਰੱਖਿਆ ਪ੍ਰਦਾਨ ਕਰਨਾ ਸਾਡਾ ਫਰਜ਼ ਹੈ।

ਉਧਰ ਸਥਾਨਕ ਲੋਕਾਂ ਨੇ ਦੋਸ਼ ਲਾਇਆ ਕਿ ਕੁਝ ਸ਼ਰਧਾਲੂਆਂ ਵਲੋਂ ਔਰਤਾਂ ਵਿਰੁੱਧ ਬੇਲੋੜੀਆਂ ਟਿੱਪਣੀਆਂ ਕਰਨ ਤੋਂ ਬਾਅਦ ਝੜਪ ਸ਼ੁਰੂ ਹੋ ਗਈ ਜਦਕਿ ਸੈਲਾਨੀਆਂ ਦਾ ਕਹਿਣਾ ਹੈ ਕਿ ਇਹ ਸਥਾਨਕ ਨਿਵਾਸੀ ਦੀ ਟਿੱਪਣੀ ਸੀ, ਜਿਸ ਕਾਰਨ ਸਥਿਤੀ ਪੈਦਾ ਹੋਈ। ਇਸ ਸਬੰਧੀ ਪੁਲਿਸ ਨੇ ਦੱਸਿਆ ਕਿ ਦੋਵੇਂ ਪਾਸੇ ਦੇ ਕੁਝ ਲੋਕ ਸ਼ਰਾਬ ਦੇ ਨਸ਼ੇ ਵਿਚ ਸਨ। ਕੁੱਲੂ ਦੀ ਐਸ.ਪੀ. ਸਾਕਸ਼ੀ ਵਰਮਾ ਨੇ ਦੱਸਿਆ ਕਿ ਸਥਾਨਕ ਲੋਕਾਂ ਤੇ ਪੰਜਾਬ ਤੋਂ ਆਉਣ ਵਾਲੇ ਸ਼ਰਧਾਲੂਆਂ ਵਿਚਕਾਰ ਝੜਪ ਹੋਈ ਸੀ, ਜਿਸ ’ਚ ਚਾਰ ਵਿਅਕਤੀ ਮਾਮੂਲੀ ਜ਼ਖ਼ਮੀ ਹੋਏ ਸਨ, ਲਗਭਗ ਚਾਰ-ਪੰਜ ਵਾਹਨਾਂ ਨੂੰ ਨੁਕਸਾਨ ਪਹੁੰਚਿਆ ਤੇ ਦੰਗੇ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ ਤੇ ਜਾਂਚ ਕੀਤੀ ਜਾ ਰਹੀ ਹੈ। ਸਥਿਤੀ ਕਾਬੂ ਹੇਠ ਹੈ ਤੇ ਗੁਰਦੁਆਰਾ ਭਵਨ ਨੂੰ ਕੋਈ ਨੁਕਸਾਨ ਨਹੀਂ ਹੋਇਆ ਹੈ।

ਸਿੱਖ ਸ਼ਰਧਾਲੂਆਂ ਨੇ ਸੜਕ ਜਾਮ ਕੀਤੀ

ਇਸ ਘਟਨਾ ਤੋਂ ਬਾਅਦ ਪੰਜਾਬ ਤੋਂ ਆਏ ਸੈਂਕੜੇ ਸ਼ਰਧਾਲੂਆਂ ਨੇ ਬਿਲਾਸਪੁਰ ਜ਼ਿਲ੍ਹੇ ਦੇ ਗੜ੍ਹਾ ਮੌਰਾ ਇਲਾਕੇ ਵਿੱਚ ਸੜਕ ਜਾਮ ਕਰ ਕੇ ਦੋਸ਼ ਲਾਇਆ ਕਿ ਹਿਮਾਚਲ ਪੁਲਿਸ ਵੱਲੋਂ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਸਵਰਘਾਟ ਪੁਲਿਸ ਨੇ ਮੌਕੇ ’ਤੇ ਪਹੁੰਚ ਕੇ ਗੁੱਸੇ ’ਚ ਆਏ ਸ਼ਰਧਾਲੂਆਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ। ਮਗਰੋਂ ਡੀਐੱਸਪੀ ਵਿਕਰਾਂਤ ਬੋਨਸਾਲਾ ਦੇ ਕਹਿਣ ’ਤੇ ਇੱਕ ਘੰਟੇ ਬਾਅਦ ਜਾਮ ਹਟਾਇਆ ਗਿਆ।

ਪੰਜਾਬ ਦੇ ਡੀਜੀਪੀ ਵੱਲੋਂ ਸ਼ਾਂਤੀ ਬਣਾਈ ਰੱਖਣ ਦੀ ਅਪੀਲ

ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਲੋਕਾਂ ਨੂੰ ਸ਼ਾਂਤੀ ਬਣਾਈ ਰੱਖਣ ਅਤੇ ਅਫਵਾਹਾਂ ਨਾ ਫੈਲਾਉਣ ਲਈ ਕਿਹਾ ਹੈ। ਉਨ੍ਹਾਂ ਟਵੀਟ ਕੀਤਾ, ‘ਮਨੀਕਰਨ ਸਾਹਿਬ ਵਿੱਚ ਸਥਿਤੀ ਪੂਰੀ ਤਰ੍ਹਾਂ ਕੰਟਰੋਲ ’ਚ ਹੈ। ਹਿਮਾਚਲ ਅਤੇ ਪੰਜਾਬ ਪੁਲੀਸ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਮਿਲ ਕੇ ਕੰਮ ਕਰ ਰਹੀਆਂ ਹਨ।’

ਲਾਲਪੁਰਾ ਨੇ ਹਿਮਾਚਲ ਪ੍ਰਦੇਸ਼ ਸਰਕਾਰ ਕੋਲ ਚੁੱਕਿਆ ਮੁੱਦਾ

ਕੌਮੀ ਘੱਟਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਮਨੀਕਰਨ ਸਾਹਿਬ ’ਚ ਸਥਾਨਕ ਲੋਕਾਂ ਵੱਲੋਂ ਸਿੱਖ ਸ਼ਰਧਾਲੂਆਂ ਨਾਲ ਕੀਤੀ ਗਈ ਬਦਸਲੂਕੀ ਦਾ ਮਾਮਲਾ ਹਿਮਾਚਲ ਪ੍ਰਦੇਸ਼ ਸਰਕਾਰ ਕੋਲ ਉਠਾਇਆ। ਇਸ ਦੌਰਾਨ ਲਾਲਪੁਰਾ ਨੇ ਕਿਹਾ ਕਿ ਮਨੀਕਰਨ ਸਾਹਿਬ ਵਿਖੇ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਉਨ੍ਹਾਂ ਵੱਲੋਂ ਕੁੱਲੂ ਦੇ ਜ਼ਿਲ੍ਹਾ ਕੁਲੈਕਟਰ ਨਾਲ ਗੱਲਬਾਤ ਕੀਤੀ ਗਈ ਹੈ। ਉਨ੍ਹਾਂ ਹਿਮਾਚਲ ਪ੍ਰਦੇਸ਼ ਦੇ ਮੁੱਖ ਸਕੱਤਰ ਨੂੰ ਵੀ ਮਾਮਲੇ ਦੀ ਰਿਪੋਰਟ ਦੇਣ ਲਈ ਕਿਹਾ ਹੈ।

### ਮਸਲੇ ਦਾ ਸ਼ਾਂਤਮਈ ਹੱਲ ਕੱਢਿਆ ਜਾਵੇ : ਸ਼੍ਰੋਮਣੀ ਕਮੇਟੀ

ਅੰਮ੍ਰਿਤਸਰ :- ਮਨੀਕਰਨ ਵਿੱਚ ਵਾਪਰੀ ਘਟਨਾ ਬਾਰੇ ਸ਼੍ਰੋਮਣੀ ਕਮੇਟੀ ਨੇ ਕਿਹਾ ਕਿ ਦੋਵਾਂ ਧਿਰਾਂ ਨੂੰ ਬਿਠਾ ਕੇ ਮਸਲੇ ਦਾ ਸ਼ਾਂਤਮਈ ਹੱਲ ਕੀਤਾ ਜਾਣਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਹਿਮਾਚਲ ਅਤੇ ਉੱਤਰਾਖੰਡ ਸਥਿਤ ਗੁਰਦੁਆਰਿਆਂ ਵਿੱਚ ਦਰਸ਼ਨਾਂ ਲਈ ਜਾਣ ਵਾਲੀ ਸੰਗਤ ਨੂੰ ਅਪੀਲ ਕੀਤੀ ਕਿ ਉਹ ਯਾਤਰਾ ਸਮੇਂ ਜ਼ਾਬਤੇ ਵਿੱਚ ਰਹਿਣ। ਉਨ੍ਹਾਂ ਦੱਸਿਆ ਕਿ ਇਸ ਸਬੰਧ ਉਨ੍ਹਾਂ ਉਥੋਂ ਦੇ ਐੱਸਐੱਸਪੀ ਨਾਲ ਗੱਲ ਕੀਤੀ ਹੈ।

# ਜਨਸੰਖਿਆ ਸੰਕਟ ਡੂੰਘਾ ਹੋਣ ਕਾਰਨ ਜਾਪਾਨ ਵਿੱਚ ਜਨਮ ਦਰ ਰਿਕਾਰਡ ਪੱਧਰ ਤੱਕ ਘੱਟੀ





ਟੋਕੀਓ/ਏ.ਟੀ.ਨਿਊਜ਼ :-ਜਾਪਾਨ ਵਿੱਚ ਰਜਿਸਟਰਡ ਜਨਮਾਂ ਦੀ ਸੰਖਿਆ ਪਿਛਲੇ ਸਾਲ ਇੱਕ ਹੋਰ ਰਿਕਾਰਡ ਹੇਠਲੇ ਪੱਧਰ ਤੱਕ ਡਿੱਗ ਗਈ।‘ਇੱਕ ਦਹਾਕਿਆਂ’ ਲੰਬੇ ਗਿਰਾਵਟ ਵਿੱਚ ਤਾਜ਼ਾ ਚਿੰਤਾਜਨਕ ਅੰਕੜਾ ਹੈ ਕਿ ਦੇਸ਼ ਦੇ ਅਧਿਕਾਰੀ ਆਪਣੇ ਵਿਆਪਕ ਯਤਨਾਂ ਦੇ ਬਾਵਜੂਦ ਇਸਨੂੰ ਉਲਟਾਉਣ ਵਿੱਚ ਅਸਫ਼ਲ ਰਹੇ ਹਨ।

ਲੰਘੇ ਦਿਨੀਂ, ਮੰਗਲਵਾਰ ਨੂੰ ਸਿਹਤ ਮੰਤਰਾਲੇ ਦੁਆਰਾ ਜਾਰੀ ਅੰਕੜਿਆਂ ਅਨੁਸਾਰ, ਦੇਸ਼ ਵਿੱਚ 2022 ਵਿੱਚ 799,728 ਜਨਮ ਦੇਖੇ ਗਏ, ਜੋ ਕਿ ਰਿਕਾਰਡ ਵਿੱਚ ਸਭ ਤੋਂ ਘੱਟ ਗਿਣਤੀ ਹੈ ਅਤੇ ਪਹਿਲੀ ਵਾਰ 800,000 ਤੋਂ ਘੱਟ ਹੈ। ਪਿਛਲੇ 40 ਸਾਲਾਂ ਵਿੱਚ ਇਹ ਗਿਣਤੀ ਲਗਭਗ ਅੱਧੀ ਹੋ ਗਈ ਹੈ; ਇਸਦੇ ਉਲਟ, ਜਾਪਾਨ ਨੇ 1982 ਵਿੱਚ 1.5 ਮਿਲੀਅਨ ਤੋਂ ਵੱਧ ਜਨਮ ਦਰਜ ਕੀਤੇ।

ਜਾਪਾਨ ਵਿੱਚ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਮੌਤਾਂ ਨੇ ਜਨਮ ਤੋਂ ਵੱਧ ਸਮਾਂ ਕੱਢਿਆ ਹੈ, ਜੋ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਦੇ ਨੇਤਾਵਾਂ ਲਈ ਇੱਕ ਵਧਦੀ ਸਮੱਸਿਆ ਹੈ। ਉਨ੍ਹਾਂ ਨੂੰ ਹੁਣ ਵਧਦੀ ਬਜ਼ੁਰਗ ਆਬਾਦੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਨਾਲ ਹੀ ਪੈਨਸ਼ਨਾਂ ਅਤੇ ਸਿਹਤ ਦੇਖ-ਰੇਖ ਲਈ ਫੰਡ ਦੇਣ ਲਈ ਇੱਕ ਸੁੰਗੜ ਰਹੀ ਕਾਰਜਬਲ ਦੇ ਨਾਲ, ਜਿਵੇਂ ਕਿ ਬਜ਼ੁਰਗ ਆਬਾਦੀ ਦੀ ਮੰਗ ਵੱਧ ਰਹੀ ਹੈ।

ਸਭ ਤੋਂ ਤਾਜ਼ਾ ਸਰਕਾਰੀ ਅੰਕੜਿਆਂ ਅਨੁਸਾਰ, ਜਾਪਾਨ ਦੀ ਆਬਾਦੀ 1980 ਦੇ ਦਹਾਕੇ ਦੇ ਆਰਥਿਕ ਉਛਾਲ ਤੋਂ ਬਾਅਦ ਲਗਾਤਾਰ ਗਿਰਾਵਟ ਵਿੱਚ ਹੈ ਅਤੇ 2021 ਵਿੱਚ 125.5 ਮਿਲੀਅਨ ਹੋ ਗਈ ਹੈ।

ਇਸਦੀ 1.3 ਦੀ ਜਣਨ ਦਰ, ਇਮੀਗ੍ਰੇਸ਼ਨ ਦੀ ਅਣਹੋਂਦ ਵਿੱਚ, ਇੱਕ ਸਥਿਰ ਆਬਾਦੀ ਨੂੰ ਬਣਾਈ ਰੱਖਣ ਲਈ ਲੋੜੀਂਦੀ 2.1 ਦੀ ਦਰ ਤੋਂ ਬਹੁਤ ਘੱਟ ਹੈ। ਸਰਕਾਰੀ ਅੰਕੜਿਆਂ ਅਨੁਸਾਰ, 2020 ਵਿੱਚ, ਜਾਪਾਨ ਵਿੱਚ ਲਗਭਗ 1,500 ਵਿੱਚੋਂ ਇੱਕ ਵਿਅਕਤੀ 100 ਜਾਂ ਇਸ ਤੋਂ ਵੱਧ ਉਮਰ ਦੇ ਸਨ।ਇਹਨਾਂ ਸੰਬੰਧੀ ਰੁਝਾਨਾਂ ਦੌਰਾਨ ਜਨਵਰੀ ਵਿੱਚ ਪ੍ਰਧਾਨ ਮੰਤਰੀ ਫੂਮੀਓ ਕਿਸ਼ਿਦਾ ਵੱਲੋਂ ਇੱਕ ਚੇਤਾਵਨੀ ਦਿੱਤੀ ਸੀ ਕਿ ਜਾਪਾਨ ‘ਸਮਾਜਿਕ ਕਾਰਜਾਂ ਨੂੰ ਬਰਕਰਾਰ ਰੱਖਣ ਦੇ ਯੋਗ ਨਾ ਹੋਣ ਦੇ ਕੰਢੇ ’ਤੇ ਹੈ।’

‘ਸਾਡੇ ਰਾਸ਼ਟਰ ਦੀ ਆਰਥਿਕਤਾ ਅਤੇ ਸਮਾਜ ਦੀ ਸਥਿਰਤਾ ਅਤੇ ਸੰਮਲਿਤਤਾ ਬਾਰੇ ਸੋਚਦੇ ਹੋਏ, ਅਸੀਂ ਬੱਚਿਆਂ ਦੇ ਪਾਲਣ-ਪੋਸ਼ਣ ਦੀ ਸਹਾਇਤਾ ਨੂੰ ਆਪਣੀ ਸਭ ਤੋਂ ਮਹੱਤਵਪੂਰਨ ਨੀਤੀ ਦੇ ਰੂਪ ਵਿੱਚ ਰੱਖਦੇ ਹਾਂ, ਉਸਨੇ ਕਿਹਾ, ਜਾਪਾਨ ਆਪਣੀ ਘੱਟ ਜਨਮ ਦਰ ਦੀ ਸਮੱਸਿਆ ਨੂੰ ਹੱਲ ਕਰਨ ਵਿੱਚ ‘ਹੁਣ ਇੰਤਜ਼ਾਰ ਨਹੀਂ ਕਰ ਸਕਦਾ’।

ਜਾਪਾਨ ਦੇ ਆਬਾਦੀ ਸੰਕਟ ਨੂੰ ਉਲਟਾਉਣ ਲਈ, ਪ੍ਰਧਾਨ ਮੰਤਰੀ ਨੇ ਕਿਹਾ ਕਿਇਸ ਮੁੱਦੇ ’ਤੇ ਧਿਆਨ ਦੇਣ ਲਈ ਅਪ੍ਰੈਲ ਵਿੱਚ ਇਕ ਨਵੀਂ ਸਰਕਾਰੀ ਏਜੰਸੀ ਦੀ ਸਥਾਪਨਾ ਕੀਤੀ ਜਾਵੇਗੀ, ਕਿਸ਼ਿਦਾ ਨੇ ਜਨਵਰੀ ਵਿੱਚ ਕਿਹਾ ਸੀ ਕਿ ਉਹ ਚਾਹੁੰਦੀ ਹੈ ਕਿ ਸਰਕਾਰ ਬੱਚਿਆਂ ਨਾਲ ਸਬੰਧਤ ਪ੍ਰੋਗਰਾਮਾਂ ’ਤੇ ਆਪਣੇ ਖਰਚ ਨੂੰ ਦੁੱਗਣਾ ਕਰੇ।ਪਰ ਇਕੱਲੇ ਪੈਸਾ ਬਹੁ-ਪੱਖੀ ਸਮੱਸਿਆ ਨੂੰ ਹੱਲ ਕਰਨ ਦੇ ਯੋਗ ਨਹੀਂ ਹੋ ਸਕਦਾ ਹੈ, ਵੱਖ-ਵੱਖ ਸਮਾਜਿਕ ਕਾਰਕ ਘੱਟ ਜਨਮ ਦਰ ਵਿੱਚ ਯੋਗਦਾਨ ਪਾਉਂਦੇ ਹਨ।

ਜਪਾਨ ਦੇ ਰਹਿਣ ਦੀ ਉੱਚ ਕੀਮਤ, ਸੀਮਤ ਜਗ੍ਹਾ ਅਤੇ ਸ਼ਹਿਰਾਂ ਵਿੱਚ ਚਾਈਲਡ ਕੇਅਰ ਸਹਾਇਤਾ ਦੀ ਘਾਟ ਬੱਚਿਆਂ ਨੂੰ ਪਾਲਣ ਵਿੱਚ ਮੁਸ਼ਕਲ ਬਣਾਉਂਦੀ ਹੈ, ਭਾਵ ਬਹੁਤ ਘੱਟ ਜੋੜਿਆਂ ਦੇ ਬੱਚੇ ਪੈਦਾ ਹੁੰਦੇ ਹਨ। ਸ਼ਹਿਰੀ ਜੋੜੇ ਵੀ ਅਕਸਰ ਦੂਜੇ ਖੇਤਰਾਂ ਵਿੱਚ ਵਿਸਤ੍ਰਿਤ ਪਰਿਵਾਰ ਤੋਂ ਦੂਰ ਹੁੰਦੇ ਹਨ, ਜੋ ਸਹਾਇਤਾ ਪ੍ਰਦਾਨ ਕਰਨ ਵਿੱਚ ਮਦਦ ਕਰ ਸਕਦੇ ਹਨ।

ਵਿੱਤੀ ਸੰਸਥਾ ਜੈਫਰੀਜ਼ ਦੀ ਖੋਜ ਦੇ ਅਨੁਸਾਰ, 2022 ਵਿੱਚ, ਜਾਪਾਨ ਨੂੰ ਇੱਕ ਬੱਚੇ ਨੂੰ ਪਾਲਣ ਲਈ ਦੁਨੀਆ ਦੇ ਸਭ ਤੋਂ ਮਹਿੰਗੇ ਸਥਾਨਾਂ ਵਿੱਚੋਂ ਇੱਕ ਦਾ ਦਰਜਾ ਦਿੱਤਾ ਗਿਆ ਸੀ। ਅਤੇ ਫਿਰ ਵੀ, ਦੇਸ਼ ਦੀ ਆਰਥਿਕਤਾ 1990 ਦੇ ਦਹਾਕੇ ਦੇ ਸ਼ੁਰੂ ਤੋਂ ਰੁਕ ਗਈ ਹੈ, ਜਿਸਦਾ ਅਰਥ ਹੈ ਨਿਰਾਸ਼ਾਜਨਕ ਤੌਰ ’ਤੇ ਘੱਟ ਉਜਰਤਾਂ ਅਤੇ ਥੋੜ੍ਹੀ ਜਿਹੀ ਉੱਪਰ ਵੱਲ ਗਤੀਸ਼ੀਲਤਾ।

ਸਿਹਤ, ਕਿਰਤ ਅਤੇ ਭਲਾਈ ਮੰਤਰਾਲੇ ਦੇ 2021 ਦੇ ਅੰਕੜਿਆਂ ਅਨੁਸਾਰ, ਔਸਤ ਅਸਲ ਸਾਲਾਨਾ ਘਰੇਲੂ ਆਮਦਨ 1995 ਵਿੱਚ 6.59 ਮਿਲੀਅਨ ਯੇਨ ($50,600) ਤੋਂ ਘਟ ਕੇ 2020 ਵਿੱਚ 5.64 ਮਿਲੀਅਨ ਯੇਨ ($43,300) ਹੋ ਗਈ। ਵਿਆਹ ਅਤੇ ਸ਼ੁਰੂਆਤੀ ਪਰਿਵਾਰਾਂ ਪ੍ਰਤੀ ਰਵੱਈਏ ਵੀ ਹਾਲ ਹੀ ਦੇ

ਕੈਗ ਦੀ ਰਿਪੋਰਟ ’ਚ ਖ਼ੁਲਾਸਾ

# ਧੜੱਲੇ ਨਾਲ ਹੋ ਰਹੀ ਹੈ ਨਾਜਾਇਜ਼ ਮਾਈਨਿੰਗ, 100 ਕਰੋੜ ਦਾ ਹੋਇਆ ਨੁਕਸਾਨ

## ਭ੍ਰਿਸ਼ਟਾਚਾਰ ਦੀਆਂ 22 ਹਜ਼ਾਰ ਈ-ਰਿਪੋਰਟਾਂ ਬਣਾਈਆਂ ਪਰ ਨਹੀਂ ਵਸੂਲਿਆ ਜੁਰਮਾਨਾ



ਭਾਰਤ ਦੇ ਕੰਟਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ ਵਿੱਚ ਸੂਬੇ ਦੇ ਮਾਈਨ ਵਿਭਾਗ ਦੇ ਕੰਮਕਾਜ ’ਤੇ ਸਵਾਲ ਉਠਾਏ ਗਏ ਹਨ। ਇਸ ਵਿੱਚ ਵਿਆਖਿਆ ਕੀਤੀ ਗਈ ਹੈ ਕਿ ਮਾਈਨਸ ਵਿਭਾਗ ਗੈਰ-ਕਾਨੂੰਨੀ ਮਾਈਨਿੰਗ ਦੇ ਨਾਲ-ਨਾਲ ਵਿੱਤੀ ਬੇਨਿਯਮੀਆਂ ਲਈ ਵੀ ਜ਼ਿੰਮੇਵਾਰ ਹੈ। ਵਿਭਾਗ ਦੀਆਂ ਕਮੀਆਂ ਕਾਰਨ ਰਾਜਸਥਾਨ ਨੂੰ ਮਾਲੀਏ ਦਾ ਭਾਰੀ ਨੁਕਸਾਨ ਹੋਇਆ ਹੈ। ਕਰੀਬ 100 ਕਰੋੜ ਤੋਂ ਵੱਧ ਦਾ ਨੁਕਸਾਨ ਹੋਇਆ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਵਿਭਾਗ ਨੇ ਗੈਰ ਕਾਨੂੰਨੀ ਮਾਈਨਿੰਗ ਨੂੰ ਰੋਕਣ ਲਈ ਜਨਤਕ ਤੌਰ ’ਤੇ ਉਪਲਬਧ ਮੁਫ਼ਤ ਤਕਨੀਕ ਦੀ ਵਰਤੋਂ ਨਹੀਂ ਕੀਤੀ, ਜਦੋਂ ਕਿ ਵਿਭਾਗ ਕੋਲ ਗੂਗਲ ਅਰਥ ਅਤੇ ਹੋਰ ਤਕਨੀਕ ਤੋਂ ਰਿਮੋਟ ਸੈਂਸਿੰਗ ਡਾਟਾ ਅਤੇ ਜੀ.ਆਈ.ਐਸ. ਤਕਨੀਕ ਸਮੇਤ ਕਈ ਵਿਕਲਪ ਸਨ।

83.25 ਹੈਕਟੇਅਰ ਵਿੱਚ ਹੋਈ ਗੈਰ-ਕਾਨੂੰਨੀ ਮਾਈਨਿੰਗ ਦੀ ਜਾਂਚ ਲਈ ਪੰਜ ਤਹਿਸੀਲਾਂ ਦੀ ਚੋਣ ਕੀਤੀ ਗਈ ਸੀ। ਰਿਮੋਟ ਸੈਂਸਿੰਗ ਡਾਟਾ ਅਤੇ ਜੀ.ਆਈ.ਐਸ. ਤਕਨੀਕਾਂ ਦੀ ਵਰਤੋਂ ਕਰਦਿਆਂ ਪ੍ਰਵਾਨਿਤ ਮਾਈਨਿੰਗ ਲੀਜ਼ਾਂ ਦੇ ਨੇੜੇ 122 ਮਾਮਲਿਆਂ ਵਿੱਚ 83.25 ਹੈਕਟੇਅਰ ਵਿੱਚ ਗੈਰ-ਕਾਨੂੰਨੀ ਮਾਈਨਿੰਗ ਦੀ ਪਛਾਣ ਕੀਤੀ ਗਈ ਸੀ।

71.20 ਕਰੋੜ ਦੀ ਐਂਟਰੀ ਹੀ ਨਹੀਂ ਦਿਖਾਈ ਗਈ।

13 ਮਾਈਨਿੰਗ ਲੀਜ਼ਾਂ ਵਿੱਚ ਖਣਿਜ ਕੱਢਿਆ ਹੀ ਨਹੀਂ ਗਿਆ ਪਰ 22,854 ਈ-ਰਵੰਨਾਂ ਦੀ ਦੁਰਵਰਤੋਂ ਕਰਕੇ 5.20 ਲੱਖ ਮੀਟ੍ਰਿਕ ਟਨ ਖਣਿਜ ਕੱਢਿਆ ਗਿਆ। ਇਸ ਦੀ ਕੀਮਤ 16.64 ਕਰੋੜ ਰੁਪਏ ਸੀ। ਅਧਿਕਾਰੀਆਂ ਨੇ ਮਾਈਨਿੰਗ ਲੀਜ਼ ਦਾ ਨਿਰੀਖਣ ਵੀ ਨਹੀਂ ਕੀਤਾ। ਵਿਭਾਗ ਨੇ ਮਾਈਨਿੰਗ ਗਤੀਵਿਧੀਆਂ ਦੀ ਪ੍ਰਭਾਵੀ ਨਿਗਰਾਨੀ ਲਈ 10 ਅਕਤੂਬਰ 2017 ਤੋਂ ਇੱਕ ਵੈੱਬ ਅਧਾਰਤ ਐਪਲੀਕੇਸ਼ਨ ਡੀ.ਐਮ.ਜੀ.ਓ.ਐਮ.ਐਸ. ਸ਼ੁਰੂ ਕੀਤੀ ਸੀ। 53 ਮਾਮਲਿਆਂ ਵਿੱਚ ਮੰਗ ਦੀ ਰਕਮ 71.20 ਕਰੋੜ ਰੁਪਏ ਨੂੰ ਨਹੀਂ ਦਿਖਾਇਆ ਗਿਆ ਸੀ। ਵਿਭਾਗ ਵੱਲੋਂ 38 ਮਾਈਨਿੰਗ ਲੀਜ਼ਾਂ ਵਿੱਚ ਖਣਿਜਾਂ ਦੀ ਵਾਧੂ/ਅਣਅਧਿਕਾਰਤ ਮਾਤਰਾ ਦੀ ਖੁਦਾਈ ’ਤੇ ਵੱਖ-ਵੱਖ ਨੰਬਰਾਂ ਦੇ ਨਾਲ ਇੱਕੋ ਵਾਹਨ ਦੀਆਂ ਫੋਟੋਆਂ ਪੋਸਟ ਕਰਕੇ 13.99 ਕਰੋੜ ਰੁਪਏ ਦਾ ਕੋਈ ਜੁਰਮਾਨਾ ਨਹੀਂ ਲਗਾਇਆ ਗਿਆ। 81.68 ਫ਼ੀਸਦੀ ਤੋਲ ਪੁਲਾਂ ਵਿੱਚ ਗੰਭੀਰ ਬੇਨਿਯਮੀਆਂ ਪਾਈਆਂ ਗਈਆਂ। 33.28 ਫੀਸਦੀ ਈ-ਰਵੰਨਾਂ ਦੀ ਤਸਦੀਕ ਲਈ ਇੱਕੋ ਵਾਹਨ ਦੀਆਂ ਫੋਟੋਆਂ ਨੂੰ ਕਈ ਵਾਰ ਵਰਤਿਆ ਗਿਆ ਸੀ।

**ਦਰਪਣ ਝੂਠ ਨਹੀਂ ਬੋਲਦਾ**

# ਕੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਬਦਲਿਆ ਜਾਵੇਗਾ ?

ਅਜਨਾਲਾ ਵਿੱਚ ਵਾਪਰੀ ਘਟਨਾ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਮਾਰਚ ’ਚ ਲਿਜਾਏ ਜਾਣ ਬਾਰੇ ਜਥੇਦਾਰ ਹਰਪ੍ਰੀਤ ਸਿੰਘ ਦੇ ਸੰਤੁਲਿਤ ਬਿਆਨ ਬਾਅਦ ਅਕਾਲੀ ਦਲ ਬਾਦਲ ਦਾ ਇਸ ਘਟਨਾ ਬਾਰੇ ਤਿੱਖਾ ਪ੍ਰਤੀਕਰਮ ਹੋਇਆ ਹੈ।ਅਕਾਲ ਤਖਤ ਦੇ ਜਥੇਦਾਰ ਵਲੋਂ ਬਾਦਲ ਦੀ ਹਾਈਕਮਾਂਡ ਦੀ ਚਾਹਿਤ ਅਨੁਸਾਰ ਅੰਮ੍ਰਿਤਪਾਲ ਸਿੰਘ ਵਿਰੁੱਧ ਸਖਤ ਸਟੈਂਡ ਨਾ ਲੈਣ ਕਾਰਨ ਹਾਈਕਮਾਂਡ ਔਖੀ ਹੈ। ਬਾਦਲ ਦਲ ਅਨੁਸਾਰੀ ਅਕਾਲ ਤਖਤ ਸਾਹਿਬ ਦਾ ਪੱਕਾ ਜਥੇਦਾਰ ਜਲਦ ਲੱਗਾਉਣ ਦੀ ਸੰਭਾਵਨਾ ਬਣ ਗਈ ਹੈ।ਬਾਦਲ ਦਲ ਨੂੰ ਜਾਪ ਰਿਹਾ ਕਿ ਅੰਮ੍ਰਿਤਪਾਲ ਸਿੰਘ ਦਾ ਪੰਥਕ ਹਲਕਿਆਂ ਵਿਚ ਉਭਾਰ ਅਕਾਲੀ ਦਲ ਦੇ ਆਧਾਰ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਇਸੇ ਕਰਕੇ ਉਹ ਗੁਰੂ ਗ੍ਰੰਥ ਸਾਹਿਬ ਦੇ ਅਦਬ ਦੇ ਮਸਲੇ ਉਪਰ ਅੰਮ੍ਰਿਤਪਾਲ ਸਿੰਘ ਨੂੰ ਘੇਰਨਾ ਚਾਹੁੰਦੇ ਹਨ।

ਟਕਸਾਲੀ ਅਕਾਲੀ ਤੇ ਦਿੱਲੀ ਦੀ ਸਿਆਸਤ ਵਿੱਚ ਵਿਸ਼ੇਸ਼ ਪਛਾਣ ਰੱਖਣ ਵਾਲੇ ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਐਸਟੈਟ ਦੇ ਪ੍ਰਧਾਨ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਸ਼੍ਰ. ਪਰਮਜੀਤ ਸਿੰਘ ਸਰਨਾ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਕਾਰਗੁਜ਼ਾਰੀ ’ਤੇ ਅਸ਼ੰਤੁਸਟੀ ਪ੍ਰਗਟ ਕਰਦਿਆਂ ਕਿਹਾ ਕਿ ਕੋਈ ਯੋਗ ਉਮੀਦਵਾਰ ਮਿਲਣ ’ਤੇ ਜਥੇਦਾਰ ਦੀ ਤਬਦੀਲੀ ਕਰ ਦਿੱਤੀ ਜਾਵੇਗੀ।

ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਬਹੁਤ ਸਾਰੇ ਅਜਿਹੇ ਮਸਲੇ ਹਨ ਜਿਨ੍ਹਾਂ ਦਾ ਜਥੇਦਾਰ ਅਕਾਲ ਤਖਤ ਨੂੰ ਖੁਦ ਹੀ ਨੋਟਿਸ ਲੈ ਕੇ ਕਾਰਵਾਈ ਕਰਨੀ ਚਾਹੀਦੀ ਸੀ ਪਰ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੀ ਜਿੰਮੇਵਾਰੀ ਨੂੰ ਨਹੀਂ ਨਿਭਾਇਆ। ਉਨ੍ਹਾਂ ਕਿਹਾ ਕਿ ਜਿਹੜਾ ਜਥੇਦਾਰ ਆਪਣੀ ਜਿੰਮੇਵਾਰੀ ਨਿਭਾਉਣ ਵਿੱਚ ਨਾਕਾਮ ਰਹਿੰਦਾ ਹੈ ਉਸ ਨੂੰ ਆਪਣੇ ਅਹੁਦੇ ’ਤੇ ਬਣੇ ਰਹਿਣ



ਦਾ ਕੋਈ ਅਧਿਕਾਰ ਨਹੀਂ ਹੁੰਦਾ।ਅਜਨਾਲਾ ਵਿਖੇ ਵਾਪਰੀ ਘਟਨਾ ਨੂੰ ਮੰਦਭਾਗਾ ਦੱਸਦਿਆ ਸ. ਸਰਨਾ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦਾ ਓਟ ਆਸਰਾ ਲੈ ਕੇ ਅਰਦਾਸ ਕਰਕੇ ਤਾਂ ਕੋਈ ਕਾਰਵਾਈ ਕੀਤੀ ਜਾ ਸਕਦੀ ਹੈ ਪਰ ਗੁਰੂ ਸਾਹਿਬ ਨੂੰ ਢਾਲ ਬਣਾ ਕੇ ਉਸ ਦੀ ਆੜ ਹੇਠ ਥਾਣੇ ’ਤੇ ਹਮਲਾ ਕਰਨਾ ਮੰਦਭਾਗਾ ਹੈ।

ਸੂਤਰਾਂ ਅਨੁਸਾਰ ਜਥੇਦਾਰ ਵਲੋਂ ਬਾਦਲ ਦਲ ਵਾਂਗ ਸਟੈਂਡ ਨਾ ਲੈਣ ਕਾਰਨ ਹਾਈਕਮਾਂਡ ਔਖੀ ਹੈ। ਹੁਣ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਅਜਨਾਲਾ ਦੇ ਮਾਮਲੇ ਤੋਂ ਬਾਅਦ ਰੋਸ ਪ੍ਰਦਰਸ਼ਨਾਂ, ਮੁਜ਼ਾਹਰਿਆਂ, ਧਰਨਿਆਂ ਤੇ ਕਬਜ਼ੇ ਵਾਲੀਆਂ ਥਾਵਾਂ ’ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਲੈ ਕੇ ਜਾਣ ਅਤੇ ਪ੍ਰਕਾਸ਼ ਕਰਨ ਦੇ ਰੁਝਾਨ ਸਬੰਧੀ ਕੋਈ ਯੋਗ ਨਿਰਣਾ ਲੈਣ ਵਾਸਤੇ ਸਿੱਖ ਸੰਪਰਦਾਵਾਂ, ਸਿੱਖ ਜਥੇਬੰਦੀਆਂ ਅਤੇ ਸਿੱਖ ਵਿਦਵਾਨਾਂ ’ਤੇ ਆਧਾਰਿਤ 15 ਮੈਂਬਰੀ ਸਬ-ਕਮੇਟੀ ਦਾ ਗਠਨ ਕੀਤਾ ਹੈ, ਜੋ 15 ਦਿਨਾਂ ਅੰਦਰ ਆਪਣੀ ਸਾਂਝੀ ਰਾਏ ਅਨੁਸਾਰ ਰਿਪੋਰਟ ਤਿਆਰ ਕਰ ਕੇ ਅਕਾਲ ਤਖ਼ਤ ਨੂੰ ਸੌਂਪੇਗਾ। ਸਾਬਕਾ ਫੈਡਰੇਸ਼ਨ ਆਗੂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪੰਥਕ ਸਲਾਹਕਾਰ ਬੋਰਡ ਦੇ ਮੈਂਬਰ ਕਰਨੈਲ ਸਿੰਘ ਪੀਰ-ਮੁਹੰਮਦ ਨੂੰ ਸਬ-ਕਮੇਟੀ ਦਾ ਕੋਆਰਡੀਨੇਟਰ ਬਣਾਇਆ ਗਿਆ ਹੈ। ਅਕਾਲ ਤਖਤ ਦੇ ਸਕੱਤਰੇਤ ਤੋਂ ਜਾਰੀ ਪੱਤਰ ਅਨੁਸਾਰ ਸਬ-ਕਮੇਟੀ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਦਿੱਲੀ ਕਮੇਟੀ ਅਤੇ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ, ਨਿਹੰਗ ਜਥੇਬੰਦੀ ਹਰੀਆਂ ਵੇਲਾਂ ਦੇ ਮੁਖੀ ਬਾਬਾ ਨਿਹਾਲ ਸਿੰਘ, ਸੰਤ ਬਾਬਾ ਹਰਨਾਮ ਸਿੰਘ ਖਾਲਸਾ (**ਬਾਕੀ ਸਫ਼ਾ** 30 ’ਤੇ)

## ਪੰਜਾਬ ’ਚ ਰਾਸ਼ਟਰਪਤੀ ਰਾਜ ਦੀ ਸੰਭਾਵਨਾ ਨਹੀਂ

ਹਾਲਾਂਕਿ ਅਜਨਾਲਾ ਦੀ ਘਟਨਾ ਅਤੇ ਪੰਜਾਬ ਵਿੱਚ ਨਿੱਤ ਵਿਗੜਦੀ ਅਮਨ ਕਾਨੂੰਨ ਦੀ ਹਾਲਤ ਨੂੰ ਕੇਂਦਰ ਸਰਕਾਰ ਬਹੁਤ ਗੰਭੀਰਤਾ ਨਾਲ ਲੈ ਰਹੀ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਤੋਂ ਵੀ ਪੰਜਾਬ ਦੀ ਸਥਿਤੀ ਬਾਰੇ ਰਿਪੋਰਟ ਲਈ ਹੈ ਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਮਿਲਣ ਲਈ ਕਿਹਾ ਹੈ। ਜਿਸ ਤੋਂ ਚਰਚਾ ਸ਼ੁਰੂ ਹੋ ਗਈ ਹੈ ਕਿ ਕੇਂਦਰ ਪੰਜਾਬ ਵਿਚ ਕੋਈ ਵੱਡਾ ਕਦਮ ਉਠਾਉਣ ਦੀਆਂ ਤਿਆਰੀਆਂ ਕਰ ਰਿਹਾ ਹੈ। ਪਰ ਜਾਣਕਾਰੀ ਅਨੁਸਾਰ ਅਜੇ ਭਾਜਪਾ ਨੂੰ ਪੰਜਾਬ ਵਿੱਚ ਰਾਸ਼ਟਰਪਤੀ ਰਾਜ ਲਾਉਣ ਵਰਗਾ ਵੱਡਾ ਕਦਮ ਸੂਤ ਨਹੀਂ ਬੈਠਦਾ। ਉਹ ਹੁਣ ਜਲੰਧਰ ਉਪ-ਚੋਣ ਦਾ ਨਤੀਜਾ ਉਡੀਕੇਗੀ। ਉਸ ਦੀ ਕੋਸ਼ਿਸ਼ ਇਸ ਚੋਣ ਵਿਚ ਆਮ ਆਦਮੀ ਪਾਰਟੀ ਨੂੰ ਕਾਫੀ ਪਿੱਛੇ ਧੱਕਣ ਦੀ ਹੋਵੇਗੀ। ਜੇਕਰ ਭਾਜਪਾ ਇਸ ਵਿਚ ਮਨਮਰਜ਼ੀ ਦੇ ਨਤੀਜੇ ਪ੍ਰਾਪਤ ਕਰ ਸਕੀ ਤਾਂ ਉਤਸ਼ਾਹ ’ਚ ਉਹ ਪੰਜਾਬ ਵਿੱਚ ਰਾਸ਼ਟਰਪਤੀ ਰਾਜ ਵਰਗਾ ਕਦਮ ਚੁੱਕਣ ’ਤੇ ਵਿਚਾਰ ਕਰ ਸਕਦੀ ਹੈ ਪਰ ਹਾਲ ਦੀ ਘੜੀ ਪੰਜਾਬ ਵਿੱਚ ਰਾਸ਼ਟਰਪਤੀ ਰਾਜ ਵਰਗੀ ਕਿਸੇ ਸੰਭਾਵਨਾ ਦੇ ਆਸਾਰ ਨਜ਼ਰ ਨਹੀਂ ਆਉਂਦੇ।

## ਮੋਦੀ ਭਾਰਤ ਨੂੰ ਬਰਬਾਦ ਕਰ ਰਿਹੈ...

### ਕੈਂਬਰਿਜ ਤੋਂ ਰਾਹੁਲ ਗਾਂਧੀ ਦਾ ਮੋਦੀ ਉੱਪਰ ਹਮਲਾ, ਜਾਸੂਸੀ ਦੇ ਲਗਾਏ ਦੋਸ਼, ਸਿੱਖਾਂ ਤੇ ਮੁਸਲਮਾਨਾਂ ਨੂੰ ਦੂਜੇ ਨੰਬਰ ਦੇ ਸ਼ਹਿਰੀ ਸਮਝਿਆ ਜਾ ਰਿਹੈ

**ਮੀਡੀਆ ਅਤੇ ਅਦਾਲਤਾਂ ’ਤੇ ਸਰਕਾਰ ਦੇ ਕੰਟਰੋਲ ਦਾ ਦਾਅਵਾ ਕੀਤਾ**



ਕਾਂਗਰਸ ਸਾਂਸਦ ਰਾਹੁਲ ਗਾਂਧੀ ਨੇ ਕੈਂਬਰਿਜ ਯੂਨੀਵਰਸਿਟੀ ਵਿੱਚ ਭਾਰਤੀ ਲੋਕਤੰਤਰ ਉੱਤੇ ਇੱਕ ਹੋਰ ਭਾਸ਼ਣ ਦਿੱਤਾ ਹੈ। ਇਸ ਦੌਰਾਨ ਉਨ੍ਹਾਂ ਕਿਹਾ ਕਿ ਮੋਦੀ ਭਾਰਤ ਦੀ ਬਣਤਰ ਨੂੰ ਵਿਗਾੜ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਵਿੱਚ ਲੋਕਤੰਤਰ ਖਤਰੇ ਵਿੱਚ ਹੈ। ਉਸਨੇ ਆਪਣੇ ਫੋਨ ’ਤੇ ਇਜ਼ਰਾਈਲੀ ਜਾਸੂਸੀ ਸਾਫਟਵੇਅਰ ਪੈਗਾਸਸ ਹੋਣ ਦਾ ਦਾਅਵਾ ਵੀ ਕੀਤਾ। ਉਨ੍ਹਾਂ ਇਹ ਵੀ ਕਿਹਾ ਕਿ ਇਹ ਸਾਫਟਵੇਅਰ ਭਾਰਤ ਦੇ ਕਈ ਹੋਰ ਨੇਤਾਵਾਂ ਦੇ ਫੋਨਾਂ ਵਿੱਚ ਵੀ ਲਗਾਇਆ ਗਿਆ ਸੀ। ਉਨ੍ਹਾਂ ਭਾਰਤ ਵਿੱਚ ਘੱਟ-ਗਿਣਤੀਆਂ ਦੀ ਹਾਲਤ ਉੱਤੇ ਵੀ ਚਿੰਤਾ ਪ੍ਰਗਟਾਈ। ਰਾਹੁਲ ਗਾਂਧੀ ਨੇ ਕਿਹਾ ਕਿ ਭਾਰਤ ’ਚ ਘੱਟ ਗਿਣਤੀਆਂ ’ਤੇ ਹਮਲੇ ਹੋ ਰਹੇ ਹਨ। ਸਿੱਖਾਂ ਤੇ ਮੁਸਲਮਾਨਾਂ ਨੂੰ ਭਾਰਤ ਦਾ ਦੂਜੇ ਨੰਬਰ ਦਾ ਨਾਗਰਿਕ ਸਮਝਿਆ ਜਾ ਰਿਹਾ। ਉਨ੍ਹਾਂ ਕਿਹਾ ਕਿ ਸਾਰੇ ਅਦਾਰੇ ਸਰਕਾਰ ਦੇ ਕੰਟਰੋਲ ਹੇਠ ਹਨ। ਉਨ੍ਹਾਂ ਮੀਡੀਆ ਅਤੇ ਅਦਾਲਤਾਂ ’ਤੇ ਸਰਕਾਰੀ ਕਬਜ਼ੇ ਦਾ ਵੀ ਦਾਅਵਾ ਕੀਤਾ।

ਉਨ੍ਹਾਂ ਕਿਹਾ ਕਿ ਮੇਰੀ ਰਾਏ ਵਿੱਚ ਮੋਦੀ ਭਾਰਤ ਦੇ ਤਾਣੇ-ਬਾਣੇ ਨੂੰ ਤਬਾਹ ਕਰ ਰਿਹਾ ਹੈ। ਉਹ ਭਾਰਤ ’ਤੇ ਅਜਿਹਾ ਵਿਚਾਰ ਥੋਪ ਰਹੇ ਹਨ, ਜਿਸ ਨੂੰ ਭਾਰਤ ਸਵੀਕਾਰ ਨਹੀਂ ਕਰ ਸਕਦਾ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਨੇ ਸਾਰੇ ਅਦਾਰਿਆਂ ’ਤੇ ਕਬਜ਼ਾ ਕਰ ਲਿਆ ਹੈ। ਰਾਹੁਲ ਗਾਂਧੀ ਨੇ ਕਸ਼ਮੀਰ ਦੀ ਸੁਰੱਖਿਆ ਸਥਿਤੀ ’ਤੇ ਵੀ ਚਿੰਤਾ ਪ੍ਰਗਟਾਈ।

ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਕੈਂਬਰਿਜ ’ਚ ਆਪਣੇ ਭਾਸ਼ਣ ਵਿੱਚ ਲੋਕਤਾਂਤਰਿਕ ਪ੍ਰਣਾਲੀਆਂ ਲਈ ਨਵੇਂ ਢੰਗ ਨਾਲ ਸੋਚਣ ਦਾ ਸੱਦਾ ਦਿੱਤਾ। ਰਾਹੁਲ ਨੇ ਆਪਣੇ ਭਾਸ਼ਣ ਵਿਚ ਦੁਨੀਆ ’ਚ ਲੋਕਤਾਂਤਰਿਕ ਮਾਹੌਲ ਨੂੰ ਅੱਗੇ ਵਧਾਉਣ ਲਈ ਨਵੀਂ ਸੋਚ ਦਾ ਸੱਦਾ ਦਿੱਤਾ, ਜਿਸ ਨੂੰ ਥੋਪਿਆ ਨਹੀਂ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਅਸੀਂ ਅਜਿਹੀ ਦੁਨੀਆਂ ਦੀ ਕਲਪਨਾ ਨਹੀਂ ਕਰ ਸਕਦੇ ਜਿੱਥੇ ਲੋਕਤੰਤਰੀ ਪ੍ਰਣਾਲੀਆਂ ਨਾ ਹੋਣ।

## ਨਿਊਜ਼ੀਲੈਂਡ ਵਿੱਚ ਕੰਪਨੀ ਮੈਨੇਜਰ ਵੱਲੋਂ ਸਿੱਖਾਂ ਬਾਰੇ ਕੀਤੀ ਨਸਲੀ ਟਿੱਪਣੀ

### ਗੁੱਸੇ ’ਚ ਦੋ ਨੌਜਵਾਨਾਂ ਨੇ ਛੱਡੀ ਨੌਕਰੀ, ਪੈਰਵੀ ਸੁਪਰੀਮ ਸਿੱਖ ਸੁਸਾਇਟੀ ਆਫ਼ ਨਿਊਜ਼ੀਲੈਂਡ ਕਰੇਗੀ

ਨਿਊਜ਼ੀਲੈਂਡ ਦੀ ਇੱਕ ਟਰੱਕਿੰਗ ਕੰਪਨੀ ਦੇ ਮੈਨੇਜਰ ਨੇ ਸਿੱਖ ਭਾਈਚਾਰੇ ਬਾਰੇ ਨਸਲੀ ਟਿੱਪਣੀ ਕੀਤੀ ਹੈ। ਜਿਸ ਪਿੱਛੋਂ ਦੋ ਪੰਜਾਬੀ ਸਿੱਖ ਨੌਜਵਾਨਾਂ ਨੇ ਵਤੀਰੇ ਤੋਂ ਤੰਗ ਆ ਕੇ ਨੌਕਰੀ ਛੱਡ ਦਿੱਤੀ । ਦੋਵੇਂ ਆਪਣੀਆਂ ਭਾਵਨਾਵਾਂ ’ਤੇ ਡੂੰਘੀ ਸੱਟ ਵੱਜਣ ਕਰਕੇ ਉਦਾਸ ਹਨ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਸ਼ਿਕਾਇਤ ਕਰ ਦਿੱਤੀ ਹੈ, ਜਿਸਦੀ ਪੈਰਵੀ ਸਿੱਖਾਂ ਦੀ ਸਭ ਤੋਂ ਵੱਡੀ ਸੰਸਥਾ, ਸੁਪਰੀਮ ਸਿੱਖ ਸੁਸਾਇਟੀ ਆਫ ਨਿਊਜ਼ੀਲੈਂਡ ਵੱਲੋਂ ਕੀਤੀ ਜਾ ਰਹੀ ਹੈ। ਪਰ ਕੰਪਨੀ ਦੀ ਮਾਲਕ ਅਜੇ ਕੁੱਝ ਵੀ ਕਹਿਣ ਤੋਂ ਟਾਲ਼ਾ ਵੱਟ ਰਹੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਇਹ ਮਾਮਲਾ ਸਾਊਥ ਆਕਲੈਂਡ ਦੇ ਸਬਅਰਬ ਟਾਕਾਨਿਨੀ ’ਚ ਪਿਛਲੇ 40 ਸਾਲ ਤੋਂ ਬਿਜ਼ਨਸ ਕਰ ਰਹੀ ਸਾਊਥਰਨ ਡਿਸਟ੍ਰਿਕਸ ਟੋਇੰਗ ਕੰਪਨੀ ਨਾਲ ਸਬੰਧਤ ਹੈ ਅਤੇ ਘਟਨਾ ਪਿਛਲੇ ਸਮੇਂ ਦੌਰਾਨ ਹੋਈ ਸੀ। ਜਿੱਥੇ ਦੋ ਪੰਜਾਬੀ ਨੌਜਵਾਨ ਰਾਮਿੰਦਰ ਸਿੰਘ ਅਤੇ ਸੁਮੀਤ ਨੰਦਪੁਰੀ ਕਈ-ਕਈ ਸਾਲਾਂ ਤੋਂ ਟਰੱਕ ਡਰਾਈਵਰ ਵਜੋਂ ਕੰਮ ਕਰਦੇ ਆ ਰਹੇ ਸਨ। ਜਿੱਥੇ ਕੰਪਨੀ ਦੇ ਨਵੇਂ ਮੈਨੇਜਰ ਨੇ ਰਾਮਿੰਦਰ ਸਿੰਘ ਨੂੰ ਆਖ ਦਿੱਤਾ ਕਿ ‘ਸਾਰੇ ਸਿੱਖ ਅੱਤਵਾਦੀ’ ਹਨ। ਇਸ ਤਰ੍ਹਾਂ ਹੀ ਪੰਜਾਬੀਆਂ ਬਾਰੇ ਮੰਦੀ ਟਿੱਪਣੀ ਨੰਦਪੁਰੀ ’ਤੇ ਕੀਤੀ ਸੀ।

ਜਿਸ ਪਿੱਛੋਂ ਦੋਵਾਂ ਨੇ ਕੰਪਨੀ ਦੀ ਮਾਲਕ ਕੋਲ ਲਿਖਤੀ ਸ਼ਿਕਾਇਤ ਵੀ ਕੀਤੀ ਸੀ ਪਰ ਮਾਲਕ ਵੱਲੋਂ ਮੈਨੇਜਰ ਖਿਲਾਫ਼ ਕੋਈ ਢੁਕਵੀਂ ਕਾਰਵਾਈ ਨਾ ਹੋਣ ਕਰਕੇ ਦੋਵਾਂ ਨੇ ਨੌਕਰੀ ਨੂੰ ਠੋਕਰ ਮਾਰ ਦਿੱਤੀ ਅਤੇ ਨਸਲੀ ਟਿੱਪਣੀ ਨੂੰ ਆਧਾਰ ਬਣਾ ਕੇ ਉਨ੍ਹਾਂ ਨੇ ਮਨੁੱਖੀ ਅਧਿਕਾਰ ਕਮਿਸ਼ਨ ਦਾ ਦਰਵਾਜ਼ਾ ਖੜਕਾ ਦਿੱਤਾ ਹੈ। ਜਿਸ ਬਾਰੇ ਸੁਣਵਾਈ ਇਸੇ ਮਾਰਚ ਮਹੀਨੇ ਵਿਚ ਹੋਣ ਦੀ ਸੰਭਾਵਨਾ ਹੈ। ਪੀੜਤਾਂ ਦਾ ਕਹਿਣਾ ਜੇਕਰ ਕਮਿਸ਼ਨ ਨੇ ਕੋਈ ਸਿੱਟਾ ਨਾ ਕੱਢਿਆ ਤਾਂ ਉਹ ਇਨਸਾਫ਼ ਲੈਣ ਲਈ ਹਿਊਮਨ ਰਾਈਟਸ ਰੀਵਿਊ ਟ੍ਰਿਬਿਊਨਲ ਕੋਲ ਵੀ ਜਾਣਗੇ।

ਇਨ੍ਹਾਂ ਪੀੜਤ ਨੌਜਵਾਨਾਂ ਦੇ ਪੱਖ ਵਿੱਚ ਇਹ ਗੱਲ ਵੀ ਜਾਂਦੀ ਹੈ ਕਿ ਮੈਨੇਜਰ ਵੱਲੋਂ ਇਤਰਾਜ਼ਯੋਗ ਟਿੱਪਣੀ ਕਰਨ ਦੀ ਗੱਲ ਇੱਕ ਹੋਰ ਨਾਲ ਕੰਮ ਕਰਨ ਵਾਲੇ ਵਰਕਰ ਲੂਈ ਰਿਚੀ ਨੇ ਵੀ ਸੁਣੀ ਸੀ। ਉਹ ਰਿਟਾਇਰਡ ਪੁਲਿਸ ਅਫ਼ਸਰ ਹੈ ਅਤੇ ਹੁਣ ਇਸ ਕੇਸ ਵਿਚ ਚਸ਼ਮਦੀਦ ਗਵਾਹ ਬਣ ਚੁੱਕਾ ਹੈ।

ਇਸ ਬਾਬਤ ਸੁਪਰੀਮ ਸਿੱਖ ਸੁਸਾਇਟੀ ਦੇ ਬੁਲਾਰੇ ਭਾਈ ਦਲਜੀਤ ਸਿੰਘ ਨੇ ਦੱਸਿਆ ਨੇ (**ਬਾਕੀ ਸਫ਼ਾ** 30 ’ਤੇ)

## ਹਾਥਰਸ ਬਲਾਤਕਾਰ ਕੇਸ ’ਚ ਦਲਿਤ ਲੜਕੀ ਨੂੰ ਇਨਸਾਫ਼ ਨਾ ਮਿਲਿਆ

### ਦੋਸ਼ੀਆਂ ਦੇ ਬਰੀ ਹੋਣ ’ਤੇ ਕੁੜੀ ਦੇ ਪਰਿਵਾਰ ਨੇ ਚੁੱਕੇ ਸਵਾਲ

**ਕਿਹਾ ਕਿ ਦਲਿਤਾਂ ਵਾਸਤੇ ਕੋਈ ਕਾਨੂੰਨ ਨਹੀਂ ਹੈ, ਇਨਸਾਫ਼ ਤਾਂ ਜਾਤੀ ਵੇਖ ਕੇ ਦਿੱਤਾ ਜਾਂਦਾ ਏ**



2020 ਦੇ ਹਾਥਰਸ ਕੇਸ ਵਿੱਚ ਦਲਿਤ ਕੁੜੀ ਦੇ ਕਥਿਤ ਕਤਲ ਤੇ ਬਲਾਤਕਾਰ ਦੇ ਮਾਮਲੇ ’ਚ ਹਾਥਰਸ ਦੀ ਅਦਾਲਤ ਨੇ ਇੱਕ ਮੁਲਜ਼ਮ ਨੂੰ ਦੋਸ਼ੀ ਕਰਾਰ ਦਿੱਤਾ ਹੈ ਅਤੇ ਤਿੰਨ ਹੋਰ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਹੈ।ਅਦਾਲਤ ਦੇ ਫੈਸਲੇ ਦੀ ਸਭ ਤੋਂ ਨਿਖੇਧਜਨਕ ਗੱਲ ਇਹ ਹੈ ਕਿ ਅਦਾਲਤ ਨੇ ਕਿਸੇ ਨੂੰ ਵੀ ਕੁੜੀ ਦੇ ਕਤਲ ਅਤੇ ਬਲਾਤਕਾਰ ਦਾ ਦੋਸ਼ੀ ਨਹੀਂ ਮੰਨਿਆ ਹੈ। ਮੁਲਜ਼ਮ ਸੰਦੀਪ ਨੂੰ ਗੈਰ-ਇਰਾਦਤਨ ਕਤਲ ਅਤੇ ਐੱਸਸੀਐੱਸਟੀ ਐਕਟ ਦੀਆਂ ਧਾਰਾਵਾਂ ਤਹਿਤ ਦੋਸ਼ੀ ਮੰਨਿਆ ਹੈ ਅਤੇ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ।ਹਾਥਰਸ ਦੇ ਵਿਸ਼ੇਸ਼ ਜੱਜ ਤ੍ਰਿਲੋਕ ਸਿੰਘ ਨੇ ਆਪਣੇ ਫੈਸਲੇ ਵਿੱਚ ਲਿਖਿਆ ਹੈ, ‘ਇਸ ਘਟਨਾ ਵਿੱਚ ਪੀੜਤਾ ਵਾਰਦਾਤ ਦੇ ਅੱਠ ਦਿਨਾਂ ਬਾਅਦ ਤੱਕ ਗੱਲਬਾਤ ਕਰਦੀ ਰਹੀ ਅਤੇ ਬੋਲਦੀ ਰਹੀ ਹੈ।ਇਸ ਲਈ ਇਹ ਨਹੀਂ ਕਿਹਾ ਜਾ ਸਕਦਾ ਹੈ ਕਿ ਮੁਲਜ਼ਮ ਦਾ ਮਕਸਦ ਪੀੜਤਾ ਦਾ ਕਤਲ ਕਰਨ ਦਾ ਰਿਹਾ ਸੀ ਇਸ ਲਈ ਮੁਲਜ਼ਮ ਸੰਦੀਪ ਦਾ ਅਪਰਾਧ ਗ਼ੈਰ-ਇਰਾਦਤਨ ਕਤਲ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਇਹ ਮਾਮਲਾ ਕਤਲ ਦਾ ਨਹੀਂ ਬਣਦਾ ਹੈ।’ਬਲਾਤਕਾਰ ਦੇ ਇਲਜ਼ਾਮ ਤੋਂ ਵੀ ਸਾਰਿਆਂ ਨੂੰ ਬਰੀ ਕਰ ਦੇਣ ਉੱਤੇ ਅਦਾਲਤ ਨੇ ਕਿਹਾ, ‘ਉਸ ਸਬੰਧ ਵਿੱਚ ਮੇਰਾ ਵਿਚਾਰ ਹੈ ਕਿ ਸਬੂਤਾਂ ਦੇ ਆਧਾਰ ਉਪਰ ਪੀੜਤਾ ਦੇ ਨਾਲ ਬਲਾਤਕਾਰ ਹੋਣਾ ਸਾਬਿਤ ਨਹੀਂ ਹੋਇਆ ਹੈ। ਮੁਲਜ਼ਮ ਰਵੀ, ਰਾਮੂ ਤੇ ਲਵਕੁਸ਼ ਵੱਲੋਂ ਪੀੜਤਾ ਦੇ ਨਾਲ ਕਥਿਤ ਰੇਪ ਵੀ ਸਾਬਿਤ ਨਹੀਂ ਹੋਇਆ ਹੈ ਇਸ ਲਈ ਸਾਰੇ ਮੁਲਜ਼ਮ ਬਲਾਤਕਾਰ ਦੇ ਇਲਜ਼ਾਮਾਂ ਤੋਂ ਦੋਸ਼ ਮੁਕਤ ਕੀਤੇ ਜਾਣ ਦੇ ਯੋਗ ਹਨ।’

ਅਦਾਲਤ ਦੇ ਅਨੁਸਾਰ ਮੁਲਜ਼ਮ ਸੰਦੀਪ ਸਿਸੋਦੀਆ ਦੇ ਖਿਲਾਫ ਗ਼ੈਰ-ਇਰਾਦਤਨ ਕਤਲ ਅਤੇ ਐੱਸਸੀਐੱਸਟੀ ਐਕਟ ਦੀਆਂ ਧਾਰਾਵਾਂ ਤਹਿਤ ‘ਸ਼ੱਕ ਤੋਂ ਪਰੇ ਸਬੂਤ ਮਿਲੇ ਹਨ’ ਅਤੇ ਇਸ ਲਈ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

ਪੀੜਤਾ ਦੀ ਭਾਬੀ ਨੇ ਕਿਹਾ, ‘ਸਾਨੂੰ ਇਨਸਾਫ਼ ਨਹੀਂ ਮਿਲਿਆ, ਕੇਵਲ ਉਸ ਇੱਕ ਮੁੰਡੇ ਨੂੰ ਮੋਹਰਾ (**ਬਾਕੀ ਸਫ਼ਾ** 30 ’ਤੇ)

# ਕੈਨੇਡਾ ਗਏ ਸੈਲਾਨੀ ਵਰਕ ਪਰਮਿਟ ਲਈ ਮੁੜ ਕਰ ਸਕਣਗੇ ਅਪਲਾਈ




ਟੋਰਾਂਟੋ/ਏ.ਟੀ.ਨਿਊਜ਼ :- ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਗਏ ਵਿਦੇਸ਼ੀ ਨਾਗਰਿਕ, ਜਿਨ੍ਹਾਂ ਕੋਲ ਕਿਸੇ ਵੈਧ ਜੌਬ ਦੀ ਪੇਸ਼ਕਸ਼ ਹੈ, ਉਹ ਹੁਣ ਬਿਨਾਂ ਮੁਲਕ ਛੱਡੇ ਵਰਕ ਪਰਮਿਟ ਲਈ ਅਪਲਾਈ ਕਰ ਸਕਣਗੇ। ਇਹ ਐਲਾਨ ਇਮੀਗ੍ਰੇਸ਼ਨ, ਰਫ਼ਿਊਜੀਜ਼ ਤੇ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਨੇ ਕੀਤਾ ਹੈ। ਆਈ.ਆਰ.ਸੀ.ਸੀ. ਦੀ ਇਹ ਪੇਸ਼ਕਦਮੀ ਕਰੋਨਾ ਮਹਾਂਮਾਰੀ ਦੌਰਾਨ ਜਾਰੀ ਆਰਜ਼ੀ ਪਬਲਿਕ ਪਾਲਿਸੀ ਦਾ ਹੀ ਵਾਧਾ ਸੀ, ਜੋ ਅੱਜ ਖ਼ਤਮ ਹੋ ਰਹੀ ਸੀ। ਇਸ ਪਾਲਿਸੀ ਨੂੰ ਹੁਣ ਦੋ ਸਾਲ ਲਈ 28 ਫਰਵਰੀ 2025 ਤੱਕ ਵਧਾ ਦਿੱਤਾ ਗਿਆ ਹੈ।

ਇਸ ਸਰਕਾਰੀ ਪਾਲਿਸੀ ਤਹਿਤ ਅਪਲਾਈ ਕਰਨ ਵਾਲੇ ਵਿਜ਼ਿਟਰ, ਜਿਨ੍ਹਾਂ ਕੋਲ ਪਿਛਲੇ 12 ਮਹੀਨਿਆਂ ਤੋਂ ਵਰਕ ਪਰਮਿਟ ਹੈ, ਉਹ ਵੀ ਹੁਣ ਆਪਣੇ ਕਿਸੇ ਨਵੇਂ ਰੁਜ਼ਗਾਰਦਾਤੇ (ਐਂਪਲਾਇਰ) ਕੋਲ ਆਰਜ਼ੀ ਵਰਕ ਆਥੋਰਾਈਜ਼ੇਸ਼ਨ ਦੀ ਅਰਜ਼ੀ ਦਾਖ਼ਲ ਕਰ ਸਕਣਗੇ। ਪਾਲਿਸੀ ਵਿੱਚ ਕੀਤੇ ਇਸ ਆਰਜ਼ੀ ਬਦਲਾਅ ਤੋਂ ਪਹਿਲਾਂ ਕੈਨੇਡਾ ਵਿਚ ਕੰਮ ਲਈ ਅਪਲਾਈ ਕਰਨ ਵਾਲਿਆਂ ਨੂੰ ਇਸ ਮੁਲਕ ਵਿੱਚ ਆਉਣ ਤੋਂ ਪਹਿਲਾਂ ਹੀ ਸ਼ੁਰੂਆਤੀ ਵਰਕ ਪਰਮਿਟ ਲਈ ਅਪਲਾਈ ਕਰਨ ਦੀ ਲੋੜ ਹੁੰਦੀ ਸੀ। ਜੇਕਰ ਉਹ ਪਹਿਲਾਂ ਹੀ ਵਿਜ਼ਿਟਰ ਵੀਜ਼ਾ 'ਤੇ ਕੈਨੇਡਾ ਵਿੱਚ ਸਨ, ਤਾਂ ਉਨ੍ਹਾਂ ਨੂੰ ਆਪਣਾ ਵਰਕ ਪਰਮਿਟ ਹਾਸਲ ਕਰਨ ਲਈ ਮੁਲਕ ਛੱਡਣਾ ਪੈਂਦਾ ਸੀ। ਹੁਣ ਇਸ ਨਵੀਂ ਪਾਲਿਸੀ ਨਾਲ ਵਿਜ਼ਿਟਰ ਵੀਜ਼ੇ 'ਤੇ ਆਏ ਲੋਕਾਂ ਨੂੰ ਕੈਨੇਡਾ ਛੱਡਣ ਦੀ ਲੋੜ ਨਹੀਂ ਪਏਗੀ। ਇਸ ਆਰਜ਼ੀ ਪਾਲਿਸੀ ਦਾ ਲਾਹਾ ਲੈਣ ਵਾਲਿਆਂ ਕੋਲ ਵਰਕ ਪਰਮਿਟ ਲਈ ਅਪਲਾਈ ਕਰਨ ਵਾਲੇ ਦਿਨ ਕੈਨੇਡਾ ਵਿੱਚ ਠਹਿਰਣ ਦਾ ਵੈਧ ਸਟੇਟਸ ਹੋਣਾ ਚਾਹੀਦਾ ਹੈ ਤੇ ਉਨ੍ਹਾਂ ਕੋਲ ਜੌਬ ਪੇਸ਼ਕਸ਼ ਹੋਵੇ, ਜਿਸ ਨਾਲ ਲੇਬਰ ਮਾਰਕੀਟ ਇੰਪੈਕਟ ਅਸੈੱਸਮੈਂਟ (ਐੱਲ.ਐੱਮ.ਆਈ.ਏ.) ਜਾਂ ਐੱਲ.ਐੱਮ.ਆਈ.ਏ. ਤੋਂ ਛੋਟ ਵਾਲਾ ਪੱਤਰ ਹੋਵੇ।

## ਪਾਕਿ 'ਚ ਹੋਲੀ ਮਨਾ ਰਹੇ ਹਿੰਦੂ ਵਿਦਿਆਰਥੀਆਂ 'ਤੇ ਮੁਸਲਮਾਨ ਵਿਦਿਆਰਥੀਆਂ ਵੱਲੋਂ ਹਮਲਾ, 15 ਜ਼ਖ਼ਮੀ



ਲਾਹੌਰ/ਏ.ਟੀ.ਨਿਊਜ਼ :- ਪਾਕਿਸਤਾਨ 'ਚ ਹਿੰਦੂ ਭਾਈਚਾਰੇ ਦੇ 15 ਵਿਦਿਆਰਥੀ ਉਸ ਸਮੇਂ ਜ਼ਖ਼ਮੀ ਹੋ ਗਏ ਜਦ ਇਥੋਂ ਦੀ ਪੰਜਾਬ ਯੂਨੀਵਰਸਿਟੀ ਦੇ ਕੰਪਲੈਕਸ ਵਿਚ ਇਕ ਕੱਟੜਪੰਥੀ ਇਸਲਾਮਿਕ ਵਿਦਿਆਰਥੀ ਸੰਗਠਨ ਦੇ ਮੈਂਬਰਾਂ ਵਲੋਂ ਉਨ੍ਹਾਂ ਨੂੰ ਹੋਲੀ ਖੇਡੇ ਜਾਣ ਤੋਂ ਜਬਰੀ ਰੋਕਿਆ ਗਿਆ। ਯੂਨੀਵਰਸਿਟੀ ਦੇ ਇਕ ਵਿਦਿਆਰਥੀ ਤੇ ਪ੍ਰਤੱਖਦਰਸ਼ੀ ਕਾਸ਼ਿਫ਼ ਬਰੋਹੀ ਨੇ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਦੇ ਲਾਅ ਕਾਲਜ 'ਚ ਇਹ ਘਟਨਾ ਬੀਤੇ ਦਿਨੀਂ ਉਸ ਸਮੇਂ ਵਾਪਰੀ ਜਦ ਲਗਭਗ 30 ਹਿੰਦੂ ਵਿਦਿਆਰਥੀ ਹੋਲੀ ਮਨਾਉਣ ਲਈ ਇਕੱਠੇ ਹੋਏ ਸਨ। ਇਸੇ ਦੌਰਾਨ ਉਥੇ ਇਸਲਾਮੀ ਜਮੀਅਤ ਤੁਲਬਾ (ਆਈ.ਜੇ.ਟੀ.) ਦੇ ਕਾਰਕੁਨ ਆ ਗਏ ਅਤੇ ਉਨ੍ਹਾਂ ਨੂੰ ਹੋਲੀ ਮਨਾਉਣ ਤੋਂ ਰੋਕ ਦਿੱਤਾ। ਇਸ ਦੌਰਾਨ ਹੋਈ ਝੜਪ 'ਚ 15 ਹਿੰਦੂ ਵਿਦਿਆਰਥੀਆਂ ਦੇ ਸੱਟਾਂ ਲੱਗੀਆਂ। ਕਾਸ਼ਿਫ਼ ਨੇ ਦੱਸਿਆ ਕਿ ਉਨ੍ਹਾਂ ਨੇ ਯੂਨੀਵਰਸਿਟੀ ਪ੍ਰਸ਼ਾਸਨ ਤੋਂ ਅਗਾਊਂ ਇਜਾਜ਼ਤ ਲਈ ਸੀ। ਝੜਪ 'ਚ ਜ਼ਖ਼ਮੀ ਹੋਏ ਇਕ ਹਿੰਦੂ ਵਿਦਿਆਰਥੀ ਖੇਤ ਕੁਮਾਰ ਨੇ ਕਿਹਾ ਕਿ ਅਸੀਂ ਆਈ.ਜੇ.ਟੀ. ਅਤੇ ਸਾਡੇ ਨਾਲ (ਬਾਕੀ ਸਫ਼ਾ 31 'ਤੇ)

## ਟੋਰਾਂਟੋ ਤੇ ਨਿਊਯਾਰਕ ਤੋਂ ਅੰਮ੍ਰਿਤਸਰ ਲਈ 6 ਅਪ੍ਰੈਲ ਤੋਂ ਸ਼ੁਰੂ ਹੋਣਗੀਆਂ ਉਡਾਣਾਂ

ਇਟਲੀ ਦੀ ਨਿਓਸ ਏਅਰਲਾਈਨ 6 ਅਪ੍ਰੈਲ ਤੋਂ ਅੰਮ੍ਰਿਤਸਰ ਨੂੰ ਕੈਨੇਡਾ ਦੇ ਟੋਰਾਂਟੋ ਤੇ ਅਮਰੀਕਾ ਦੇ ਨਿਊਯਾਰਕ ਤੱਕ ਮਿਲਾਨ ਦੇ ਮਾਲਪੈਂਸਾ ਹਵਾਈ ਅੱਡੇ ਰਾਹੀਂ ਜੋੜਨ ਜਾ ਰਹੀ ਹੈ। ਅੰਮ੍ਰਿਤਸਰ ਤੋਂ ਟੋਰਾਂਟੋ ਤੇ ਵੈਨਕੂਵਰ ਲਈ ਸਿੱਧੀਆਂ ਉਡਾਣਾਂ ਦੀ ਮੰਗ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਸੀ। ਨਵੀਂ ਉਡਾਣ ਦੇ ਸ਼ੁਰੂ ਹੋਣ ਨਾਲ ਟੋਰਾਂਟੋ ਜਾਣ ਵਾਲੇ ਪੰਜਾਬੀਆਂ ਨੂੰ ਰਾਹਤ ਮਿਲੇਗੀ। ਅਮਰੀਕਾ ਤੋਂ ਫ਼ਲਾਈਂਗ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਨੇ ਦੱਸਿਆ ਕਿ ਨਿਓਸ ਏਅਰ ਨੇ ਦਸੰਬਰ 2022 ਵਿੱਚ ਮਿਲਾਨ ਮਾਲਪੈਂਸਾ ਤੇ ਅੰਮ੍ਰਿਤਸਰ ਵਿਚਕਾਰ ਨਿਰਧਾਰਤ ਉਡਾਣਾਂ ਸ਼ੁਰੂ ਕੀਤੀਆਂ ਸਨ। ਏਅਰਲਾਈਨ ਨੇ ਕੋਵਿਡ ਦੌਰਾਨ ਪਹਿਲੀ ਵਾਰ ਸਤੰਬਰ 2021 ਵਿੱਚ ਇਟਲੀ ਤੇ ਅੰਮ੍ਰਿਤਸਰ ਵਿਚਕਾਰ ਚਾਰਟਰ ਸੇਵਾਵਾਂ ਸ਼ੁਰੂ ਕੀਤੀਆਂ ਸਨ। ਨਾਲ ਹੀ ਅੰਮ੍ਰਿਤਸਰ ਤੋਂ ਮਿਲਾਨ ਦੇ ਬਰਗਾਮੋ ਤੇ ਰੋਮ ਏਅਰਪੋਰਟ ਤੱਕ ਸਪਾਈਸਜੈੱਟ ਨੇ ਵੀ ਚਾਰਟਰ ਉਡਾਣਾਂ ਮਗਰੋਂ ਪਿਛਲੇ ਸਾਲ ਨਵੰਬਰ ਵਿੱਚ ਨਿਰਧਾਰਤ ਉਡਾਣਾਂ ਸ਼ੁਰੂ ਕੀਤੀਆਂ ਸਨ। ਉਨ੍ਹਾਂ ਦੱਸਿਆ ਕਿ ਨਿਓਸ ਏਅਰਲਾਈਨ 6 ਅਪ੍ਰੈਲ ਤੋਂ ਅੰਮ੍ਰਿਤਸਰ ਤੋਂ ਟੋਰਾਂਟੋ ਤੇ ਨਿਊਯਾਰਕ ਲਈ ਹਰ ਵੀਰਵਾਰ ਨੂੰ ਉਡਾਣ ਭਰੇਗੀ, ਜੋ ਸਵੇਰੇ 3.15 ਵਜੇ ਅੰਮ੍ਰਿਤਸਰ ਤੋਂ ਰਵਾਨਾ ਹੋ ਕੇ ਉਸੇ ਦਿਨ ਸਵੇਰੇ 8.20 'ਤੇ ਮਿਲਾਨ ਪਹੁੰਚੇਗੀ। ਇੱਥੇ ਯਾਤਰੀ ਲਗਭਗ 4 ਘੰਟੇ 10 ਮਿੰਟ ਰੁਕਣਗੇ, ਫਿਰ ਉਡਾਣ ਦੁਪਹਿਰ 12.30 ਵਜੇ ਰਵਾਨਾ ਹੋ ਕੇ ਬਾਅਦ ਦੁਪਹਿਰ 3 ਵਜੇ ਟੋਰਾਂਟੋ ਪਹੁੰਚੇਗੀ। ਟੋਰਾਂਟੋ ਦੇ ਪੀਅਰਸਨ ਏਅਰਪੋਰਟ ਤੋਂ ਇਹ ਉਡਾਣ ਵਾਪਸੀ ਲਈ ਹਰ ਵੀਰਵਾਰ ਸ਼ਾਮ 5 ਵਜੇ ਰਵਾਨਾ ਹੋਵੇਗੀ ਤੇ ਸ਼ੁੱਕਰਵਾਰ ਨੂੰ ਸਵੇਰੇ 6.50 ਵਜੇ ਮਿਲਾਨ ਪਹੁੰਚ ਕੇ 3 ਘੰਟੇ 10 ਮਿੰਟਾਂ ਬਾਅਦ ਸਵੇਰੇ 10 ਵਜੇ ਰਵਾਨਾ ਹੋਵੇਗੀ ਤੇ ਸ਼ੁੱਕਰਵਾਰ ਰਾਤ 9.15 ਵਜੇ ਅੰਮ੍ਰਿਤਸਰ ਪਹੁੰਚੇਗੀ।

## ਠੱਗ ਟਰੈਵਲ ਏਜੰਟਾਂ ਦੇ ਚੁੰਗਲ 'ਚ ਫਸਿਆ ਗੱਭਰੂ, ਪੁੱਜਾ ਤੁਰਕੀ ਦੀ ਜੇਲ੍ਹ 'ਚ

### ਪੀੜ੍ਹਤ ਪਿਤਾ ਦੀ ਸ਼ਿਕਾਇਤ 'ਤੇ ਪੁਲਿਸ ਵੱਲੋਂ 3 ਕਥਿਤ ਦੋਸ਼ੀਆਂ ਉੱਪਰ ਮਾਮਲਾ ਦਰਜ

ਹੁਸ਼ਿਆਰਪੁਰ/ਏ.ਟੀ.ਨਿਊਜ਼ :- ਭਵਿੱਖ ਸੁਧਾਰਨ ਲਈ ਵਿਦੇਸ਼ ਜਾਣ ਲਈ ਮਨੁੱਖੀ ਤਸਕਰਾਂ ਦੇ ਚੁੰਗਲ 'ਚ ਫਸਿਆ ਇਕ ਨੌਜਵਾਨ ਲੱਖਾਂ ਰੁਪਏ ਗਵਾ ਕੇ ਤੁਰਕੀ ਦੀ ਜੇਲ੍ਹ ਵਿੱਚ ਪਹੁੰਚ ਗਿਆ। ਹਾਲਾਂਕਿ ਪੀੜਤ ਪਿਤਾ ਦੀ ਸ਼ਿਕਾਇਤ 'ਤੇ ਥਾਣਾ ਬੁੱਲ੍ਹੋਵਾਲ ਪੁਲਿਸ ਨੇ 3 ਕਥਿਤ ਦੋਸ਼ੀਆਂ ਨੂੰ ਨਾਮਜ਼ਦ ਕਰਕੇ ਮਾਮਲਾ ਦਰਜ ਕਰ ਲਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸ਼ਾਮਚੁਰਾਸੀ ਦੇ ਵਾਸੀ ਸੁਰਿੰਦਰ ਸਿੰਘ ਨੇ ਪੁਲਿਸ ਕੋਲ ਦਰਜ ਕਰਵਾਈ ਸ਼ਿਕਾਇਤ 'ਚ ਦੱਸਿਆ ਕਿ ਉਸ ਦੇ ਲੜਕੇ ਕੁਲਦੀਪ ਸਿੰਘ ਨੂੰ ਪੱਕੇ ਤੌਰ 'ਤੇ ਪੁਰਤਗਾਲ ਭੇਜਣ ਦੀ ਗੱਲ ਕਥਿਤ ਦੋਸ਼ੀ ਟਰੈਵਲ ਏਜੰਟ ਦਿਲਵਰ ਮਸੀਹ ਵਾਸੀ ਸ਼ਾਮਚੁਰਾਸੀ ਅਤੇ ਸ਼ੌਕਤ ਅਲੀ ਉਰਫ਼ ਸ਼ੌਕੀ ਵਾਸੀ ਕਠਾਰ, ਜੋ ਇਸ ਸਮੇਂ ਬੇਲਾ ਰੂਸ 'ਚ ਰਹਿੰਦਾ ਹੈ ਅਤੇ ਬਿੱਟੂ ਸਹੋਤਾ ਵਾਸੀ ਖ਼ਾਨਪੁਰ ਜ਼ਿਲ੍ਹਾ ਕਪੂਰਥਲਾ ਨੇ ਕੀਤੀ ਸੀ। ਉਸ ਮੁਤਾਬਿਕ ਕਥਿਤ ਦੋਸ਼ੀਆਂ ਨੇ ਉਸ ਤੋਂ 3 ਲੱਖ ਰੁਪਏ ਲੈ ਲਏ। ਇਸ ਤੋਂ ਬਾਅਦ ਕਥਿਤ ਦੋਸ਼ੀਆਂ ਨੇ ਉਸ ਦੇ ਲੜਕੇ ਨੂੰ ਪ੍ਰੇਸ਼ਾਨ ਕਰਕੇ ਰਸ਼ੀਆ ਭੇਜ ਦਿੱਤਾ। ਪੀੜਤ ਪਿਤਾ ਨੇ ਦੱਸਿਆ ਕਿ ਕਥਿਤ ਦੋਸ਼ੀ ਇੱਥੇ ਉਸ ਦੇ ਲੜਕੇ ਤੋਂ ਜ਼ਬਰੀ ਕੰਮ ਲੈਂਦੇ ਸਨ ਅਤੇ ਕੰਮ ਦੇ ਬਦਲੇ ਉਸ ਨੂੰ ਮਿਹਨਤਾਨਾ ਵੀ ਕੁਝ ਨਹੀਂ ਦਿੱਤਾ ਜਾਂਦਾ ਸੀ। ਸੁਰਿੰਦਰ ਸਿੰਘ ਨੇ ਦੱਸਿਆ ਕਿ ਤੁਰਕੀ ਵਿੱਚ ਲਿਜਾ ਕੇ ਕਥਿਤ ਦੋਸ਼ੀ ਉਸ ਦੇ ਲੜਕੇ ਨਾਲ ਗਲਤ ਵਿਵਹਾਰ ਕਰਕੇ ਉਸ ਤੋਂ ਕਥਿਤ ਤੌਰ 'ਤੇ 11 ਲੱਖ ਰੁਪਏ ਦੀ ਹੋਰ ਮੰਗ ਕਰਦੇ ਸੀ। ਉਸ ਨੇ ਦੱਸਿਆ ਕਿ ਇਸ ਸਬੰਧੀ ਜਦੋਂ ਤੁਰਕੀ ਦੀ ਪੁਲਿਸ ਨੂੰ ਪਤਾ ਲੱਗਾ ਤਾਂ ਉਸ ਨੇ ਕਥਿਤ ਦੋਸ਼ੀਆਂ ਦੇ ਚੁੰਗਲ ਵਿਚੋਂ ਕੱਢ ਕੇ ਉਸ ਦੇ ਲੜਕੇ ਨੂੰ ਜੇਲ੍ਹ ਭੇਜ ਦਿੱਤਾ। ਉਸ ਮੁਤਾਬਿਕ ਇਸ ਸਮੇਂ ਉਸ ਦਾ ਲੜਕਾ ਜੇਲ੍ਹ ਵਿਚ ਹੈ। ਸ਼ਿਕਾਇਤ ਦੀ ਜਾਂਚ ਡੀ.ਐਸ.ਪੀ. ਅਨਿਲ ਭਨੋਟ ਨੇ ਕੀਤੀ ਸੀ, ਜਿਸ ਤੋਂ ਬਾਅਦ ਥਾਣਾ ਬੁੱਲ੍ਹੋਵਾਲ ਪੁਲਿਸ ਨੇ ਤਿੰਨੋਂ ਕਥਿਤ ਦੋਸ਼ੀਆਂ ਨੂੰ ਨਾਮਜ਼ਦ ਕਰਕੇ ਉਨ੍ਹਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।



# ਉੱਤਰ-ਪੂਰਬ ਦੇ ਤਿੰਨ ਰਾਜਾਂ ਦੀਆਂ ਚੋਣਾਂ ਦੇ ਨਤੀਜਿਆਂ ’ਚ ਮੋਦੀ ਚਮਕਿਆ ਤੇ ਮੁਰਝਾਈ ਵਿਰੋਧੀ ਧਿਰ

## ਰਾਹੁਲ ਗਾਂਧੀ ਦੀ ‘ਭਾਰਤ ਜੋੜੋ ਯਾਤਰਾ’ ਦਾ ਲਾਭ ਨਾ ਮਿਲ ਸਕਿਆ ਕਾਂਗਰਸ ਨੂੰ

## ਖੱਬੇਪੱਖੀ ਗੱਠਜੋੜ ਤ੍ਰਿਪੁਰਾ ’ਚ ਤਾਸ਼ ਦੇ ਪੱਤਿਆਂ ਵਾਂਗ ਢਹਿ-ਢੇਰੀ ਹੋਇਆ

ਬੀਤੇ ਦਿਨ ਉੱਤਰ-ਪੂਰਬ ਦੇ ਤਿੰਨ ਰਾਜਾਂ ਦੀਆਂ ਵਿਧਾਨ ਸਭਾ ਚੋਣ ਦੇ ਨਤੀਜੇ ਆਏ, ਜਿਸ ਮੁਤਾਬਿਕ ਤ੍ਰਿਪੁਰਾ ਅਤੇ ਨਾਗਾਲੈਂਡ ਵਿੱਚ ਮੁੜ ਭਾਜਪਾ ਗੱਠਜੋੜ ਸਰਕਾਰ ਬਣਾਉਣ ’ਚ ਕਾਮਯਾਬ ਰਿਹਾ ਹੈ। ਮੇਘਾਲਿਆ ਵਿੱਚ ਨੈਸ਼ਨਲ ਪੀਪਲਜ਼ ਪਾਰਟੀ 26 ਸੀਟਾਂ ਜਿੱਤ ਕੇ ਸਭ ਤੋਂ ਵੱਡੀ ਪਾਰਟੀ ਵਜੋਂ ਉੱਭਰੀ ਹੈ ਪਰ ਉਹ ਸਰਕਾਰ ਬਣਾਉਣ ਦੇ ਅੰਕੜੇ ਤੋਂ ਪੰਜ ਸੀਟਾਂ ਦੂਰ ਰਹੀ। ਹਾਲਾਂਕਿ ਭਾਜਪਾ ਨੇ ਕੋਨਰਾਡ ਕੇ. ਸੰਗਮਾ ਦੀ ਅਗਵਾਈ ਵਾਲੀ ਇਸ ਪਾਰਟੀ ਨੂੰ ਹਮਾਇਤ ਦੇਣ ਦਾ ਫ਼ੈਸਲਾ ਕੀਤਾ ਹੈ। ਇਨ੍ਹਾਂ ਸੂਬਿਆਂ ਵਿੱਚ ਜਿੱਤ ਤੋਂ ਬਾਅਦ ਭਾਜਪਾ ਨੂੰ ਆਉਂਦੇ ਸਮੇਂ ’ਚ ਹੋਰਨਾਂ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਜਿੱਤ ਲਈ ਵੀ ਹੱਲਾਸ਼ੇਰੀ ਮਿਲੇਗੀ। ਉੱਧਰ ਕਾਂਗਰਸ ਨੂੰ ਇਨ੍ਹਾਂ ਸੂਬਿਆਂ ’ਚ ਮਿਲੀ ਹਾਰ ਨਾਲ ਵੱਡਾ ਝਟਕਾ ਲੱਗਾ ਹੈ, ਕਿਉਂਕਿ ਉਸ ਨੂੰ ਆਸ ਸੀ ਕਿ ਰਾਹੁਲ ਗਾਂਧੀ ਦੀ ‘ਭਾਰਤ ਜੋੜੋ ਯਾਤਰਾ’ ਨੂੰ ਮਿਲੇ ਭਰਵੇਂ ਹੁੰਗਾਰੇ ਅਤੇ ਮਲਿਕਅਰਜੁਨ ਖੜਗੇ ਨੂੰ ਪਾਰਟੀ ਦਾ ਨਵਾਂ ਪ੍ਰਧਾਨ ਬਣਾਏ ਜਾਣ ਦਾ ਅਸਰ ਉੱਤਰ-ਪੂਰਬੀ ਸੂਬਿਆਂ ਦੀਆਂ ਚੋਣਾਂ ਵਿੱਚ ਵੀ ਦੇਖਣ ਨੂੰ ਮਿਲੇਗਾ ਪਰ ਇੰਜ ਨਾ ਹੋ ਸਕਿਆ। ਇਸ ਸਾਲ 9 ਵਿਧਾਨ ਸਭਾਵਾਂ ਦੀਆਂ ਚੋਣਾਂ ਹੋਣੀਆਂ ਹਨ। ਇਸ ਲਈ ਇਨ੍ਹਾਂ ਪਹਿਲੀਆਂ ਤਿੰਨ ਵਿਧਾਨ ਸਭਾ ਚੋਣਾਂ ’ਤੇ ਹਰ ਚੋਣਾਵੀ ਮਾਹਿਰਾਂ ਦੀ ਨਜ਼ਰ ਇਸ ਲਈ ਟਿਕੀ ਹੋਈ ਸੀ ਕਿ ਦੇਖੋ ਵੋਟਰਾਂ ਦਾ ਮੂਡ ਕੀ ਹੈ ? ਕਿਉਂਕਿ ਉੱਤਰ-ਪੂਰਬ ਦੇ ਇਨ੍ਹਾਂ ਛੋਟੇ-ਛੋਟੇ ਸੂਬਿਆਂ ਦੇ ਰਾਜਨੀਤਕ ਰੁਝਾਨ ਨਾਲ ਭਾਵੇਂ ਸਮੁੱਚੇ ਹਿੰਦੁਸਤਾਨ ਦੇ ਵੋਟਰਾਂ ਦੇ ਮੂਡ ਦਾ ਸਟੀਕ ਅੰਦਾਜ਼ਾ ਨਹੀਂ ਲੱਗ ਸਕਦਾ ਪਰ ਤਸਵੀਰ ਦੀ ਇਕ ਝਲਕ ਤਾਂ ਜ਼ਰੂਰ ਮਿਲ ਹੀ ਜਾਂਦੀ ਹੈ। ਜਿਸ ਤਰ੍ਹਾਂ ਨਾਲ ਇਸ ਵਾਰ ਇਨ੍ਹਾਂ ਚੋਣਾਂ ਨੂੰ ਗੰਭੀਰਤਾ ਨਾਲ ਲਿਆ ਗਿਆ ਸੀ, ਉਸ ਤੋਂ ਵੀ ਸਾਫ਼ ਸੀ ਕਿ ਰਾਜਨੀਤਕ ਪਾਰਟੀਆਂ ਇਹ ਜਾਨਣ ਲਈ ਉਤਸੁਕ ਹਨ ਕਿ ਆਖ਼ਰ ਆਮ ਚੋਣਾਂ ਤੋਂ



ਠੀਕ ਇਕ ਸਾਲ ਪਹਿਲਾਂ ਇਨ੍ਹਾਂ ਤਿੰਨ ਵਿਧਾਨ ਸਭਾ ਚੋਣਾਂ ਨਾਲ ਕਿਹੋ ਜਿਹੀ ਸ਼ੁਰੂਆਤ ਹੁੰਦੀ ਹੈ ? ਉਂਜ ਐਗਜ਼ਿਟ ਪੋਲ ਦੱਸ ਰਹੇ ਸਨ ਕਿ ਤ੍ਰਿਪੁਰਾ ਅਤੇ ਨਾਗਾਲੈਂਡ ਵਿਚ ਭਾਜਪਾ ਸਰਕਾਰ ਬਣਾ ਸਕਦੀ ਹੈ ਅਤੇ ਮੇਘਾਲਿਆ ’ਚ ਉਹ ਬਿਹਤਰ ਸਥਿਤੀ ਵਿੱਚ ਜਾ ਸਕਦੀ ਹੈ, ਪਰ ਸੁਤੰਤਰ ਤੌਰ ’ਤੇ ਚੋਣਾਵੀ ਮਾਹਿਰ ਇਹ ਮੰਨਣ ਤੋਂ ਝਿਜਕ ਰਹੇ ਸਨ। ਪਰ ਐਗਜਿਟ ਪੋਲ ਦੇ ਅੰਕੜੇ ਸਹੀ ਸਾਬਤ ਹੋਏ ਹਨ। ਭਾਜਪਾ ਨੇ ਵਾਕਈ ਉੱਤਰ-ਪੂਰਬ ਦੀਆਂ ਚੋਣਾਂ ’ਚ ਅਨੁਮਾਨ ਨਾਲੋਂ ਜ਼ਿਆਦਾ ਜਿੱਤ ਹਾਸਿਲ ਕਰ ਕੇ ਵਿਰੋਧੀ ਧਿਰ ਨੂੰ ਝਟਕਾ ਦਿੱਤਾ ਹੈ। ਇਸ ਝਟਕੇ ਨਾਲ ਇਹ ਸੰਦੇਸ਼ ਨੱਥੀ ਹੈ ਕਿ ਸਾਲ 2024 ’ਚ ਭਾਜਪਾ ਨੂੰ ਹਰਾਉਣ ਲਈ ਵਿਰੋਧੀ ਧਿਰ ਨੂੰ ਬਹੁਤ ਮਿਹਨਤ ਕਰਨੀ ਪਏਗੀ।

ਉਂਜ ਇਨ੍ਹਾਂ ਤਿੰਨ ਰਾਜਾਂ ਦੇ ਚੋਣ ਨਤੀਜਿਆਂ ਵਿਚ ਜੇਕਰ ਭਾਜਪਾ ਲਈ ਸਚਮੁੱਚ ਕੋਈ ਵੱਡੀ ਪ੍ਰੀਖਿਆ ਸੀ, ਤਾਂ ਉਹ ਤ੍ਰਿਪੁਰਾ ਹੀ ਸੀ। ਕਿਉਂਕਿ ਤ੍ਰਿਪੁਰਾ ਵਿਚ ਉਸ ਨੂੰ ਸਾਲ 2018 ’ਚ ਅਪ੍ਰਤੱਖ ਜਿੱਤ ਹਾਸਿਲ ਹੋਈ ਸੀ। ਮਹਿਜ ਦੋ ਸਾਲ ਪਹਿਲਾਂ ਬਿਪਲਬ ਕੁਮਾਰ ਦੇਬ ਤ੍ਰਿਪੁਰਾ ਵਿੱਚ ਭਾਜਪਾ ਦਾ ਮਿਸ਼ਨ ਲੈ ਕੇ ਗਏ ਸਨ ਅਤੇ 20 ਸਾਲਾਂ ਤੋਂ ਬਰਗਦ ਵਾਂਗ ਆਪਣੀਆਂ ਜੜ੍ਹਾਂ ਜਮਾਈ ਬੈਠੀਆਂ ਬੇਹੱਦ ਵੱਕਾਰੀ ਸੀ.ਪੀ.ਆਈ. (ਐਮ) ਮਾਣਿਕ ਸਰਕਾਰ ਨੂੰ ਉਸ ਨੇ ਪੁੱਟ ਸੁੱਟਿਆ ਸੀ। ਸਾਲ 2018 ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੇ ਸੂਬੇ ਦੀਆਂ 60 ਸੀਟਾਂ ’ਚੋਂ 43 ਸੀਟਾਂ ਜਿੱਤੀਆਂ ਸਨ। ਜਿੱਥੇ ਇਸ ਤੋਂ ਪਹਿਲਾਂ ਉਸ ਨੂੰ ਇਕ ਤੋਂ ਡੇਢ ਫ਼ੀਸਦੀ ਵੋਟਾਂ ਮਿਲਿਆ ਕਰਦੀਆਂ ਸਨ, ਉੱਥੇ 2018 ’ਚ 50.5 ਫ਼ੀਸਦੀ ਵੋਟਾਂ ਮਿਲੀਆਂ। ਜੋ ਖੱਬੇਪੱਖੀ ਗੱਠਜੋੜ ਤ੍ਰਿਪੁਰਾ ਵਿਚ ਅਜੈ ਮੰਨਿਆ ਜਾਂਦਾ ਸੀ, ਉਹ ਤਾਸ਼ ਦੇ ਪੱਤਿਆਂ ਵਾਂਗ ਢਹਿ-ਢੇਰੀ ਹੋ ਗਿਆ। ਖੱਬੇਪੱਖੀ ਗੱਠਜੋੜ ਨੂੰ ਸਿਰਫ਼ 16 ਸੀਟਾਂ ਮਿਲੀਆਂ। ਬਾਅਦ ’ਚ ਇਕ ਬਚੀ ਸੀਟ ਵੀ ਭਾਜਪਾ ਦੇ ਖਾਤੇ ਵਿਚ ਗਈ ਸੀ। ਤ੍ਰਿਪੁਰਾ ਵਿੱਚ ਭਾਰਤੀ ਜਨਤਾ ਪਾਰਟੀ ਦੀ ਇਹ ਅਪ੍ਰਤੱਖ ਜਿੱਤ ਇਸ ਵਾਰ ਦਾਅ ’ਤੇ ਲੱਗੀ ਹੋਈ ਸੀ। ਆਮ ਰਾਜ ਨੇਤਾਵਾਂ ਤੋਂ ਲੈ ਕੇ ਤਮਾਮ ਚੋਣਾਵੀ ਪੰਡਤਾਂ

> **ਤਾਜ਼ਾ ਚੋਣਾਂ ਦੇ ਨਤੀਜਿਆਂ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਦੇਸ਼ ਦੇ ਬਹੁਤੇ ਖੇਤਰਾਂ ਵਿੱਚ ਭਾਜਪਾ ਦਾ ਹੱਥ ਉੱਪਰ ਹੈ ਅਤੇ ਉਹ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਸ.ਫਲਤਾ ਹਾਸਲ ਕਰਨ ਲਈ ਮਜ਼ਬੂਤੀ ਨਾਲ ਕਦਮ ਵਧਾ ਰਹੀ ਹੈ। ਤ੍ਰਿਪੁਰਾ ਦੇ ਚੋਣ ਨਤੀਜੇ ਦੱਸਦੇ ਹਨ ਕਿ ਤਿਕੋਣੀ ਟੱਕਰ ਹੋਣ ਦਾ ਫ਼ਾਇਦਾ ਭਾਜਪਾ ਨੂੰ ਮਿਲਦਾ ਹੈ। 2024 ਦੀਆਂ ਲੋਕ ਸਭਾ ਚੋਣਾਂ ਵਿੱਚ ਵੀ ਜ਼ਿਆਦਾ ਹਲਕਿਆਂ ’ਚ ਤਿਕੋਣੀ ਟੱਕਰ ਹੋਣ ਦੀ ਸੰਭਾਵਨਾ ਹੈ। ਵਿਰੋਧੀ ਧਿਰਾਂ ਬਿਖਰੀਆਂ ਹੋਈਆਂ ਹਨ ਅਤੇ ਉਨ੍ਹਾਂ ਦੀ ਇੱਕ ਮੰਚ ’ਤੇ ਆਉਣ ਦੀ ਸੰਭਾਵਨਾ ਬਹੁਤ ਘੱਟ ਹੈ।**

ਤੱਕ ਇਹ ਜਾਨਣ ਨੂੰ ਉਤਸੁਕ ਸਨ ਕਿ, ਕੀ 2018 ’ਚ ਸੂਬੇ ਦੇ ਵੋਟਰਾਂ ਨੇ ਸਿਰਫ਼ ਸਰਕਾਰ ਬਦਲਣ ਲਈ ਭਾਜਪਾ ਨੂੰ ਚੁਣਿਆ ਸੀ ਜਾਂ ਫਿਰ ਇਹ ਚੇਤੰਨ ਬਦਲਾਅ ਸੀ ? ਇਹ ਨਹੀਂ ਕਿਹਾ ਜਾ ਸਕਦਾ ਕਿ ਜ਼ਿਆਦਾਤਰ ਦਾ ਦੀ ਰਾਏ ਸਰਕਾਰ ਬਦਲਣ ਤੱਕ ਹੀ ਸੀਮਤ ਸੀ। ਜਿਸ ਤਰ੍ਹਾਂ ਨਾਲ ਤਿਪਰਾ ਮੋਥਾ ਪਾਰਟੀ ਨੇ ਚੋਣਾਂ ’ਚ ਆਪਣੀ ਜ਼ੋਰਦਾਰ ਮੌਜੂਦਗੀ ਦਿਖਾਈ ਸੀ, ਉਸ ਨਾਲ ਲੱਗ ਰਿਹਾ ਸੀ ਕਿ ਭਾਜਪਾ ਇਸ ਕਬਾਈਲੀ ਸਮੂਹ ਅਤੇ ਮਜ਼ਬੂਤ ਖੱਬੇਪੱਖੀ ਗੱਠਜੋੜ ਦੇ ਦੋ ਪੁੜਿਆਂ ’ਚ ਪਿਸ ਜਾਏਗੀ ਜਾਂ ਉਸ ਦਾ ਅਸਲੀ ਰਣਨੀਤਕ ਕੌਸ਼ਲ ਸਾਹਮਣੇ ਆਏਗਾ।

ਇਹ ਮੰਨਣਾ ਹੋਵੇਗਾ ਕਿ ਭਾਜਪਾ ਇਸ ਪ੍ਰੀਖਿਆ ’ਚ ਸਫਲ ਰਹੀ। ਹਾਲਾਂਕਿ ਉਸ ਨੂੰ ਪਿਛਲੀ ਵਾਰ ਦੀਆਂ 43 ਸੀਟਾਂ ਦੇ ਮੁਕਾਬਲੇ ਇਸ ਵਾਰ 32 ਸੀਟਾਂ ਹੀ ਮਿਲੀਆਂ ਹਨ। ਪਰ ਇਹ ਭਾਜਪਾ ਦੀ ਇਕ ਵੱਡੀ ਜਿੱਤ ਹੀ ਕਹੀ ਜਾਵੇਗੀ। ਕਮਿਊਨਿਸਟ ਗੱਠਜੋੜ ਨੇ ਇਕ ਵਾਰ ਫਿਰ ਤੋਂ ਸੱਤਾ ਗੁਆ ਦਿੱਤੀ ਹੈ। ਉਸ ਨੂੰ ਪਿਛਲੀ ਵਾਰ ਜਿੱਥੇ 16 ਸੀਟਾਂ ਮਿਲੀਆਂ ਸਨ, ਉੱਥੇ ਪਰ ਇਸ ਵਾਰ ਕਾਂਗਰਸ ਦੇ ਨਾਲ ਗੱਠਜੋੜ ਬਣਨ ਤੋਂ ਬਾਅਦ ਵੀ ਇਨ੍ਹਾਂ ਦੋਵਾਂ ਪਾਰਟੀਆਂ ਨੂੰ ਕੇਵਲ 14 ਸੀਟਾਂ ਹੀ ਮਿਲ ਸਕੀਆਂ ਹਨ। ਭਾਵੇਂ ਤਿਪਰਾ ਮੋਥਾ ਪਾਰਟੀ ਨੂੰ ‘ਕਿੰਗਮੇਕਰ’ ਮੰਨਿਆ ਜਾ ਰਿਹਾ ਸੀ, ਉਹ ਆਪਣਾ ਵਜੂਦ ਭਰ ਹੀ ਸਥਾਪਿਤ ਕਰ ਸਕੀ ਹੈ। ਉਸ ਨੂੰ 13 ਸੀਟਾਂ ਹੀ ਮਿਲ ਸਕੀਆਂ ਹਨ। ਇਸ ਤਰ੍ਹਾਂ ਦੇਖਿਆ ਜਾਵੇ ਤਾਂ ਭਾਜਪਾ ਉੱਤਰ-ਪੂਰਬ ਦੇ ਆਪਣੇ ਸਭ ਤੋਂ ਕਠਿਨ ਗੜ੍ਹ ਵਿੱਚ ਸਫਲ ਰਹੀ ਹੈ। ਉਸ ਨੂੰ ਜਿੱਥੇ ਲਗਭਗ 40 ਫ਼ੀਸਦੀ ਵੋਟਾਂ ਮਿਲੀਆਂ ਹਨ, ਉੱਥੇ ਤਿੰਨ ਕਮਿਊਨਿਸਟ ਪਾਰਟੀਆਂ (ਸੀ.ਪੀ.ਆਈ., ਸੀ.ਪੀ.ਐਮ. ਅਤੇ ਸੀ.ਪੀ.ਆਈ.ਐਮ.ਐਲ.) ਨੂੰ ਕੁੱਲ ਮਿਲਾ ਕੇ 25 ਫ਼ੀਸਦੀ ਅਤੇ ਕਾਂਗਰਸ ਨੂੰ ਕਰੀਬ 8.56 ਫ਼ੀਸਦੀ ਵੋਟਾਂ ਮਿਲੀਆਂ ਹਨ। ਇਸ ਦਾ ਮਤਲਬ ਇਹ ਹੈ ਕਿ ਕਾਂਗਰਸ ਅਤੇ ਸਾਰੀਆਂ ਖੱਬੇਪੱਖੀ ਪਾਰਟੀਆਂ ਮਿਲ ਕੇ ਵੀ ਭਾਜਪਾ ਦੇ ਬਰਾਬਰ ਵੋਟਾਂ ਹਾਸਿਲ ਨਹੀਂ ਕਰ ਸਕੀਆਂ। ਇਸ ਤੋਂ ਇਹ ਨਤੀਜਾ ਕੱਢਣਾ ਗ਼ਲਤ ਨਹੀਂ ਹੋਵੇਗਾ ਕਿ ਤ੍ਰਿਪੁਰਾ ਵਿੱਚ ਭਾਜਪਾ ਨੂੰ ਪਿਛਲੀ ਵਾਰ ਹਵਾ ’ਚ ਸੱਤਾ ਨਹੀਂ ਮਿਲੀ ਸੀ, ਸਗੋਂ ਵੋਟਰਾਂ ਨੇ ਸੋਚ ਸਮਝ ਕੇ ਉਸ ਨੂੰ ਚੁਣਿਆ ਸੀ।

ਜੇਕਰ ਨਾਗਾਲੈਂਡ ਦੀ ਗੱਲ ਕਰੀਏ ਤਾਂ ਇੱਥੇ ਭਾਜਪਾ ਨੂੰ ਭਾਵੇਂ ਮਹਿਜ 12 ਸੀਟਾਂ ਮਿਲੀਆਂ ਹੋਣ, (ਬਾਕੀ ਸਫ਼ਾ 31 ’ਤੇ)

# 2023 ’ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਰਾਹੀਂ ਕਾਂਗਰਸ ਦਾ ਭਵਿੱਖ ਤੈਅ ਹੋਵੇਗਾ

ਪਿਛਲੇ ਹਫ਼ਤੇ ਰਾਇਪੁਰ ਵਿੱਚ ਤਿੰਨ ਦਿਨਾ ਕਾਂਗਰਸ ਸੰਮੇਲਨ ’ਚ ਅਪਣਾਇਆ ਗਿਆ ਰਾਜਨੀਤਕ ਸੰਕਲਪ ਪਾਰਟੀ ਲੀਡਰਸ਼ਿਪ ਦੀ ਰਣਨੀਤਕ ਵਿਵਹਾਰਕਤਾ ਨੂੰ ਦਰਸਾਉਂਦਾ ਹੈ। ਚਾਹੇ ਵਿਰੋਧੀ ਦਲਾਂ ਦੇ ਨਾਲ ਗੱਠਜੋੜ ਦੀ ਰਣਨੀਤੀ ਹੋਵੇ ਜਾਂ ਸਮਾਜਿਕ ਨਿਆਂ ਦਾ ਏਜੰਡਾ, ਲੀਡਰਸ਼ਿਪ ਨੇ 2024 ’ਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨਾਲ ਨਜਿੱਠਣ ਦੀ ਸਮਝ ਅਤੇ ਦ੍ਰਿਸ਼ਟੀ ਦੋਵੇਂ ਦਿਖਾਏ ਹਨ। ਅਜਿਹੇ ਸੰਕੇਤ ਮਿਲ ਰਹੇ ਹਨ ਕਿ ਕਾਂਗਰਸ 2023 ਦੀਆਂ ਛੇ ਵਿਧਾਨ ਸਭਾ ਚੋਣਾਂ ’ਚੋਂ ਘੱਟ ਤੋਂ ਘੱਟ ਚਾਰ ’ਚ ਭਾਜਪਾ ਨੂੰ ਹਰਾ ਕੇ ਆਪਣੀ ਚੋਣਾਵੀ ਤਾਕਤ ਸਾਬਿਤ ਕਰਨ ਤੋਂ ਬਾਅਦ ਹੀ ਪੂਰੀ ਭਾਜਪਾ ਵਿਰੋਧੀ, ਵਿਰੋਧੀ ਧਿਰ ਦੀ ਅਗਵਾਈ ਲਈ ਆਪਣਾ ਦਾਅਵਾ ਪੇਸ਼ ਕਰੇਗੀ।

ਪੂਰਬ-ਉੱਤਰ ਦੇ ਤਿੰਨ ਰਾਜਾਂ ਵਿੱਚ ਪਹਿਲਾਂ ਹੀ ਚੋਣਾਂ ਹੋ ਚੁੱਕੀਆਂ ਹਨ, ਜਿਨ੍ਹਾਂ ’ਚ ਕਾਂਗਰਸ ਦੀ ਰਾਜਨੀਤਕ ਫੂਕ ਨਿਕਲੀ ਹੈ। ਸਭ ਤੋਂ ਮਹੱਤਵਪੂਰਨ ਮੁੱਦਾ ਜਿਸ ’ਤੇ ਕਾਂਗਰਸ ਦੇ ਪ੍ਰਤੀਨਿਧੀਆਂ ਅਤੇ ਸਿਖਰਲੀ ਲੀਡਰਸ਼ਿਪ ਨੇ ਜ਼ੋਰ ਦਿੱਤਾ ਹੈ, ਉਹ ਉਨ੍ਹਾਂ ਸੂਬਿਆਂ ’ਚ ਪਾਰਟੀ ਸੰਗਠਨ ਨੂੰ ਮਜ਼ਬੂਤ ਕਰਨ ਦੀ ਜ਼ਰੂਰਤ ਹੈ, ਜਿੱਥੇ 2023 ’ਚ ਦੂਜੇ ਅਤੇ ਤੀਜੇ ਪੜਾਅ ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਬਾਕੀ ਸੂਬੇ ਜਿੱਥੇ ਚੋਣਾਂ ਹੋਣੀਆਂ ਹਨ, ਉਹ ਹਨ ਕਰਨਾਟਕ, ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ, ਤੇਲੰਗਾਨਾ ਅਤੇ ਮਿਜ਼ੋਰਮ। ਇਨ੍ਹਾਂ ਛੇ ਰਾਜਾਂ ਵਿੱਚੋਂ ਦੋ ’ਚ ਰਾਜਸਥਾਨ ਅਤੇ ਛੱਤੀਸਗੜ੍ਹ ਵਿੱਚ ਕਾਂਗਰਸ ਸੱਤਾਧਾਰੀ ਪਾਰਟੀ ਹੈ, ਜਦੋਂ ਕਿ ਦੋ ਹੋਰ ਭਾਵ ਕਰਨਾਟਕ ਅਤੇ ਮੱਧ ਪ੍ਰਦੇਸ਼ ਵਿੱਚ ਕਾਂਗਰਸ ਨੇ 2018 ਦੀਆਂ ਚੋਣਾਂ ਤੋਂ ਬਾਅਦ ਸਰਕਾਰਾਂ ਬਣਾਈਆਂ ਸਨ ਪਰ ਭਾਜਪਾ ਨੇ ਜਲਦ ਹੀ ਦਲਬਦਲੀ ਦਾ ਆਯੋਜਨ ਕਰਕੇ ਚੁਣੀਆਂ ਹੋਈਆਂ ਸਰਕਾਰਾਂ ’ਤੇ ਕਬਜ਼ਾ ਕਰ ਲਿਆ ਸੀ। ਜੇਕਰ ਭਾਜਪਾ ਦੀ ਤਾਕਤ ਦਾ ਮੁਕਾਬਲਾ ਕਰਨ ਲਈ ਲੋੜੀਂਦੀ ਤਿਆਰੀ ਕੀਤੀ ਜਾਂਦੀ ਹੈ ਤਾਂ ਇਸ ਸਾਲ ਕਾਂਗਰਸ ਇਨ੍ਹਾਂ ਦੋਵਾਂ ਮਹੱਤਵਪੂਰਨ ਸੂਬਿਆਂ ਨੂੰ ਵਾਪਸ ਹਾਸਿਲ ਕਰਨ ਦੀ ਸਮਰੱਥਾ ਰੱਖਦੀ ਹੈ। ਤੇਲੰਗਾਨਾ ਅਤੇ ਮਿਜ਼ੋਰਮ ਵਿੱਚ ਕਾਂਗਰਸ ਨੇ ਆਪਣੇ ਦਮ ’ਤੇ ਲੜਨਾ ਹੈ ਅਤੇ ਉਸ ਦਾ ਕੰਮ ਸਿਰਫ਼ ਵਿਧਾਨ ਸਭਾ ’ਚ ਆਪਣੀ ਤਾਕਤ ਵਧਾਉਣਾ ਹੈ। 2023 ਦੀ ਸ਼ੁਰੂਆਤ ਵਿੱਚ ਰਾਜਨੀਤਕ ਜ਼ਮੀਨੀ ਹਕੀਕਤ ਇਹ ਹੈ ਕਿ ਛੇ ਰਾਜਾਂ ’ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਨੇ ਇਕੱਲਿਆਂ ਉਤਰਨਾ ਹੈ। ਕਰਨਾਟਕ ’ਚ ਜੇ.ਡੀ. (ਐਸ.) ਦੇ ਨਾਲ ਗੱਲਬਾਤ ਹੋ ਸਕਦੀ ਹੈ ਅਤੇ ਜੇਕਰ ਦੋਵੇਂ ਪਾਰਟੀਆਂ ਵਿਚਾਲੇ ਕੁਝ ਸਮਝੌਤਾ ਹੋ ਜਾਂਦਾ ਹੈ ਤਾਂ ਇਹ ਰਾਜ ਵਿੱਚ ਭਾਜਪਾ ਦੇ ਲਈ ਇਕ ਵੱਡੀ ਹਾਰ ਯਕੀਨੀ ਬਣਾਏਗਾ। ਪਾਰਟੀ ਦੇ ਅੰਦਰੂਨੀ ਕਲੇਸ਼ ਅਤੇ ਭਾਜਪਾ ਸਰਕਾਰ ਦੇ ਵੱਡੇ ਪੱਧਰ ’ਤੇ ਭ੍ਰਿਸ਼ਟਾਚਾਰ ਦੇ ਕਾਰਨ ਚੋਣਾਵੀ ਰੂਪ ਨਾਲ ਬਚਾਅ ਦੀ ਸਥਿਤੀ ਵਿੱਚ ਚਲੀ ਗਈ ਭਗਵਾਂ ਪਾਰਟੀ ਦੇ ਕਾਰਨ ਸਥਿਤੀ ਕਾਂਗਰਸ ਲਈ ਅਨੁਕੂਲ ਦਿਖ ਰਹੀ ਹੈ।

ਕਾਂਗਰਸ ਲੀਡਰਸ਼ਿਪ ਕੋਲ 16 ਅਜਿਹੀਆਂ ਪਾਰਟੀਆਂ ਦੀ ਸੂਚੀ ਹੈ, ਜੋ ਰਾਹੁਲ ਦੀ ਅਗਵਾਈ ਨਾਲ ਸਹਿਮਤ ਹੈ। ਇਹ ਮੋਰਚਾ ਜੇਕਰ ਇਹ ਆਕਾਰ ਲੈਂਦਾ ਹੈ ਤਾਂ ਚੰਗਾ ਹੈ, ਪਰ ਇਸ ਦਾ ਹੋਰ ਗ਼ੈਰ-ਕਾਂਗਰਸੀ, ਗ਼ੈਰ-ਭਾਜਪਾਈ ਦਲਾਂ ਵਾਂਗ ਤ੍ਰਿਣਾਮੂਲ ਕਾਂਗਰਸ, ਭਾਰਤ ਰਾਸ਼ਟਰੀ ਸਮਿਤੀ ਅਤੇ ‘ਆਪ’ ਦੇ ਨਾਲ ਵੀ ਤਾਲਮੇਲ ਰਹਿਣਾ ਚਾਹੀਦਾ ਹੈ, ਭਾਵੇਂ ਕਿ ਇਹ ਕਾਂਗਰਸ ਦੀ ਲੀਡਰਸ਼ਿਪ ਵਾਲੇ ਮੋਰਚੇ ’ਚ ਪਹਿਲਾਂ ਸ਼ਾਮਿਲ ਨਹੀਂ ਹੋਣਗੇ।

ਦਰਅਸਲ, ਤੇਲੰਗਾਨਾ ਨੂੰ ਛੱਡ ਕੇ 2024 ਦੀਆਂ ਲੋਕ ਸਭਾ ਚੋਣਾਂ ਤੱਕ ਕਾਂਗਰਸ ਅਤੇ ਇਨ੍ਹਾਂ ਵਿਚੋਂ ਕਿਸੇ ਵੀ ਦਲ ਵਿਚਾਲੇ ਕੋਈ ਮੁਕਾਬਲਾ ਨਹੀਂ ਹੋਵੇਗਾ। ਕਾਂਗਰਸ ਦੀ ਰਣਨੀਤੀ ਬਦਲਵੇਂ ਪ੍ਰੋਗਰਾਮ ਦੇ ਆਧਾਰ ’ਤੇ ਇਨ੍ਹਾਂ ਦਲਾਂ ਦੇ ਨਾਲ ਚੋਣਾਂ ਤੋਂ ਬਾਅਦ ਗੱਠਜੋੜ ਕਰਨ ਦੀ ਹੋਣੀ ਚਾਹੀਦੀ ਹੈ, ਜਿਵੇਂ ਕਿ 2004 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਹੋਇਆ ਸੀ। ਖੱਬੇਪੱਖੀ ਦਲ ਸੀ.ਪੀ.ਆਈ, ਸੀ.ਪੀ.ਆਈ. (ਐਮ.), ਸੀ.ਪੀ.ਆਈ. (ਐਮ.ਐਲ.) ਲਿਬਰੇਸ਼ਨ, ਫਾਰਵਰਡ ਬਲਾਕ ਅਤੇ ਆਰ.ਐਸ.ਪੀ. ਇਕ ਵੱਖਰੀ ਸ਼੍ਰੇਣੀ ਨਾਲ ਸੰਬੰਧਿਤ ਹਨ। ਆਰ.ਐਸ.ਐਸ. ਅਤੇ ਸੰਘ ਪਰਿਵਾਰ ਨਾਲ ਲੜਨ ਲਈ ਖੱਬੇਪੱਖੀ ਰਾਹੁਲ ਗਾਂਧੀ ਦੀ ਅਪੀਲ ਦਾ ਲਗਾਤਾਰ ਸਮਰਥਨ ਕਰਦੇ ਰਹੇ ਹਨ। 2019 ਦੀਆਂ ਚੋਣਾਂ ਤੋਂ ਬਾਅਦ ਖੱਬੇਪੱਖੀ ਪਾਰਟੀਆਂ ਦੇ ਕੋਲ ਹੁਣ ਲੋਕ ਸਭਾ ’ਚ ਕੁੱਲ ਪੰਜ ਸੀਟਾਂ ਹਨ ਸੀ.ਪੀ.ਆਈ. (ਐਮ.) ਦੇ ਕੋਲ ਤਿੰਨ ਅਤੇ ਸੀ.ਪੀ.ਆਈ. ਦੇ ਕੋਲ ਦੋ। ਇਨ੍ਹਾਂ ਪੰਜ ਸੀਟਾਂ ’ਚੋਂ ਚਾਰ ਸੀਟਾਂ, ਸੀ.ਪੀ.ਆਈ. ਅਤੇ ਸੀ.ਪੀ.ਆਈ. (ਐਮ.) ਵਲੋਂ ਦੋ-ਦੋ, ਡੀ.ਐਮ.ਕੇ. ਦੀ ਅਗਵਾਈ ਵਾਲੇ ਗੱਠਜੋੜ ਦੇ ਹਿੱਸੇ ਵਜੋਂ ਇਕੱਲੇ ਤਾਮਿਲਨਾਡੂ ਤੋਂ ਮਿਲੀਆਂ ਹਨ। ਕੇਰਲ ਨਾਲ ਖੱਬੇ ਪੱਖੀਆਂ ਕੋਲ ਆਪਣੇ ਬਲ ‘ਤੇ ਸਿਰਫ਼ ਇਕ ਸੀਟ ਹੈ। 2024 ਵਿੱਚ ਸੰਭਾਵਨਾਵਾਂ ਕੇਰਲ ’ਚ ਖੱਬੇਪੱਖੀ ਸੀਟਾਂ ਅਤੇ ਬਿਹਾਰ ਵਿੱਚ ਸੀ.ਪੀ.ਆਈ. ਅਤੇ ਸੀ.ਪੀ.ਆਈ. (ਐਮ.ਐਲ.) ਲਿਬਰੇਸ਼ਨ ਲਈ ਇਕ ਜਾਂ ਦੋ ਸੀਟਾਂ ’ਚ ਕੁਝ ਸੁਧਾਰ ਦਾ ਸੰਕੇਤ ਦਿੰਦੀ ਹੈ।

2019 ਦੀਆਂ ਲੋਕ ਸਭਾ ਚੋਣਾਂ ਦੇ ਨਤੀਜੇ ਅਤੇ ਉਸ ਤੋਂ ਬਾਅਦ ਦੇ ਚਾਰ ਸਾਲਾਂ ਦੇ ਰਾਜਨੀਤਕ ਘਟਨਾਕ੍ਰਮਾਂ ਦੇ ਇਕ ਡੂੰਘੇ ਵਿਸ਼ਲੇਸ਼ਣ ਨਾਲ ਪਤਾ ਲਗਦਾ ਹੈ ਕਿ ਭਾਜਪਾ ਹਿੰਦੀ ਪੱਟੀ ਖੇਤਰ ’ਚ ਘੱਟ ਤੋਂ ਘੱਟ 100 ਸੀਟਾਂ ਗੁਆ ਸਕਦੀ ਹੈ। ਜਿਸ ਦੇ ਕਾਰਨ ਲੋਕ ਸਭਾ ਵਿੱਚ ਭਾਜਪਾ ਦੀ ਵਰਤਮਾਨ ਗਿਣਤੀ 303 ਤੋਂ ਘਟ ਕੇ ਲਗਭਗ 200 ਸੀਟਾਂ ’ਤੇ ਆ ਜਾਵੇਗੀ। ਜੇਕਰ ਅਜਿਹਾ ਹੁੰਦਾ ਹੈ ਤਾਂ ਇਸ ਦਾ ਮਤਲਬ ਹੈ ਕਿ ਕੇਂਦਰ ’ਚ ਇਕ ਬਦਲ ਵਜੋਂ ਗ਼ੈਰ-ਭਾਜਪਾ ਸਰਕਾਰ ਦੀ ਗੁੰਜਾਇਸ਼ ਹੋਵੇਗੀ। ਉਸ ਸਰਕਾਰ ਦੀ ਅਗਵਾਈ ਕੌਣ ਕਰੇਗਾ, ਇਹ 2024 ਦੀਆਂ ਚੋਣਾਂ ਤੋਂ ਬਾਅਦ ਹਰੇਕ ਗ਼ੈਰ-ਭਾਜਪਾ ਪਾਰਟੀ ਦੀ ਸਬੰਧਤ ਤਾਕਤ ’ਤੇ ਨਿਰਭਰ ਕਰੇਗਾ।

ਚੋਣਾਂ ਤੋਂ ਪਹਿਲਾਂ ਪੂਰਨ ਵਿਰੋਧੀ ਗੱਠਜੋੜ ਬਣਾਉਣ ਦਾ ਕੋਈ ਵੀ ਯਤਨ 2024 ਦੀਆਂ ਚੋਣਾਂ ’ਚ ਨਰਿੰਦਰ ਮੋਦੀ ਸਰਕਾਰ ਨੂੰ ਡਿਗਾਉਣ ਦੀਆਂ ਸੰਭਾਵਨਾਵਾਂ ਨੂੰ ਖ਼ਤਰੇ ਵਿੱਚ ਹੀ ਪਾਏਗਾ।

ਟੀ.ਐਮ.ਸੀ., ਬੀ.ਆਰ.ਐਸ. ਅਤੇ ‘ਆਪ’ ਜਿਹੇ ਭਾਜਪਾ ਵਿਰੋਧੀ ਦਲਾਂ ਦੇ ਦੂਜੇ ਸਮੂਹ, ਜੋ ਕਾਂਗਰਸ ਦੀ ਅਗਵਾਈ ਵਾਲੇ ਗੱਠਜੋੜ ਦਾ ਹਿੱਸਾ ਨਹੀਂ ਹੋ ਸਕਦੇ ਹਨ, ਤਿਕੋਣੀ ਲੋਕ ਸਭਾ ਦੀ ਸਥਿਤੀ ’ਚ ਚੋਣਾਂ ਤੋਂ ਬਾਅਦ ਦੀ ਵਿਵਸਥਾ ਲਈ ਉਹ ਉਪਲਬੱਧ ਹੋ ਸਕਦੇ ਹਨ। ਫਿਰ ਤੀਜਾ ਸਮੂਹ ਹੈ, ਜਿਸ ’ਚ ਆਂਧਰਾ ਪ੍ਰਦੇਸ਼ ਵਿੱਚ ਵੀ.ਐਸ.ਆਰ.ਸੀ.ਪੀ. ਅਤੇ ਓਡੀਸ਼ਾ ’ਚ ਬੀ.ਜੇ.ਡੀ. ਸ਼ਾਮਿਲ ਹੈ। ਇਹ ਦੋਵੇਂ ਪਾਰਟੀਆਂ (ਬਾਕੀ ਸਫ਼ਾ 30 ’ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

8 ਮਾਰਚ ਤੋਂ 15 ਮਾਰਚ, 2023

## ਹੋਲਾ ਮਹੱਲਾ

ਦਸਵੇਂ ਪਾਤਿਸ਼ਾਹ ਨੇ ਖ਼ਾਲਸਾ ਜੀ ਨੂੰ ਅਹਿਮ ਰੁਤਬਾ ਬਖ਼ਸ਼ਿਸ਼ ਕਰਦਿਆਂ ਬੇਅੰਤ ਬਰਕਤਾਂ ਦਾ ਧਾਰਨੀ ਬਣਾਇਆ। ਬਾਣੀ, ਬਾਣਾ, ਸ਼ਸਤਰ ਅਤੇ ਘੋੜੇ ਬਖ਼ਸ਼ੇ। ਉੱਚੇ ਦੁਮਾਲੇ, ਜੰਗੀ ਵਿੱਦਿਆ, ਸਿਦਕ ਸ਼ਹਾਦਤਾਂ ਅਤੇ ਇੱਥੋਂ ਤੱਕ ਕਿ ਆਪਣਾ ਸਾਰਾ ਤੇਜ ਹੀ ਬਖ਼ਸ਼ ਦਿੱਤਾ। ਇਹ ਬਖ਼ਸ਼ਿਸ਼ਾਂ ਖ਼ਾਲਸਾ ਜੀ ਨੂੰ ਆਪੋ ਆਪਣੇ ਇਲਾਕਿਆਂ ਵਿੱਚ ਨਿਆਂ ਕਰਨ ਲਈ ਕੀਤੀਆਂ ਗਈਆਂ ਹਨ। ਉਹ ਰਾਜ ਜਿਸ ਦਾ ਨਿਜ਼ਾਮ, ਸਿਆਸਤ ਅਤੇ ਅਦਾਲਤ ਖ਼ਾਲਸਾਈ ਨੇਮਾਂ ਅਨੁਸਾਰ ਹੋਵੇ। ਅਜਿਹਾ ਰਾਜ ਜਿਹੜਾ ਇਨਸਾਫ ਦੀਆਂ ਬੁਨਿਆਦਾਂ 'ਤੇ ਖੜ੍ਹਾ ਹੋਵੇ, ਜਿੱਥੇ ਨਿਤਾਣੇ ਦੀ ਰੱਖਿਆ ਹੋਵੇ ਤੇ ਜਰਵਾਣੇ ਦੀ ਭੱਖਿਆ ਹੋਵੇ। ਜਿੱਥੇ ਹਰ ਕੋਈ ਨਿਰਭਉ ਨਿਰਵੈਰ ਹੋ ਕੇ ਵਿਚਰਦਾ ਹੋਵੇ, ਜਿੱਥੇ ਵਪਾਰੀਆਂ ਦਾ ਮਾਲ, ਕਿਰਤੀਆਂ ਦੀ ਕਿਰਤ ਅਤੇ ਹੱਕਦਾਰਾਂ ਦੇ ਹੱਕ ਸੁਰੱਖਿਅਤ ਹੋਣ। ਦਸਵੇਂ ਪਾਤਿਸ਼ਾਹ ਜੀ ਨੇ ਖਾਲਸਾ ਜੀ ਨੂੰ ਇਸ ਤਰ੍ਹਾਂ ਦਾ ਰਾਜ ਸਥਾਪਤ ਕਰਨ ਦੀ ਯੋਗਤਾ ਬਖ਼ਸ਼ੀ ਹੈ ਅਤੇ ਇਹ ਭਰੋਸਾ ਵੀ ਦਿਵਾਇਆ ਕਿ 'ਖ਼ਾਲਸਾ ਰਾਜ ਕਰੇਗਾ' ਅਤੇ 'ਕੋਈ ਵੀ ਆਕੀ ਨਹੀਂ ਰਹੇਗਾ'।

ਇਤਿਹਾਸ ਗਵਾਹ ਹੈ ਕਿ ਸਾਡੇ ਵਡੇਰਿਆਂ ਨੇ ਅਜਿਹਾ ਨਿਜ਼ਾਮ ਸਥਾਪਤ ਕਰਨ ਲਈ ਭਾਰੀ ਜੱਦੋ-ਜਹਿਦ ਕੀਤੀ, ਘੱਲੂਘਾਰੇ ਹੰਢਾਏ, ਬਿਪਰ ਸੰਸਕਾਰ ਦੀਆਂ ਸਾਜਿਸ਼ਾਂ ਨਾਲ ਟੱਕਰ ਲਈ ਅਤੇ ਆਪਣੀ ਜ਼ਮੀਰ ਤੇ ਅਣਖ ਨਾਲ ਕਦੇ ਵੀ ਸਮਝੌਤਾ ਨਹੀਂ ਕੀਤਾ। ਅਕਾਲ ਪੁਰਖ ਦੇ ਹੁਕਮ ਵਿੱਚ ਘੁੰਮ ਰਿਹਾ ਸਮੇਂ ਦਾ ਪਹੀਆ ਖ਼ਾਲਸਾ ਜੀ ਨੂੰ ਵਾਰ-ਵਾਰ ਅਜਿਹੇ ਹਾਲਾਤ ਦੇ ਸਨਮੁੱਖ ਕਰਦਾ ਰਹੇਗਾ ਜਿੱਥੇ ਉਸ ਨੂੰ ਜੰਗ ਅਤੇ ਸੁਲ੍ਹਾ ਦੇ ਦੋਰਾਹੇ 'ਤੇ ਖੜ੍ਹਾ ਕੀਤਾ ਜਾਵੇਗਾ ਅਤੇ ਉਸ ਨੂੰ ਆਪਣੀਆਂ ਰਵਾਇਤਾਂ ਉੱਪਰ ਸਾਬਤ ਕਦਮੀ ਨਾਲ ਪਹਿਰਾ ਦਿੰਦਿਆਂ ਚੋਣ ਕਰਨੀ ਹੋਵੇਗੀ ਕਿ ਉਹ ਕਿਹੜਾ ਰਸਤਾ ਅਖਤਿਆਰ ਕਰੇ। ਜਮੀਰ ਮਾਰ ਕੇ, ਬੇਕਿਰਕੀ ਅਤੇ ਜਿੱਲਤ ਭਰੀ ਜਿੰਦਗੀ ਨਾਲੋਂ ਖਾਲਸਾ ਜੀ ਨੇ ਹਮੇਸ਼ਾ ਜੰਗ ਨੂੰ ਚੁਣਿਆ ਹੈ ਅਤੇ ਵਾਹਿਗੁਰੂ ਜੀ ਦੇ ਖਾਲਸਾ ਦੀ ਸਦਾ ਵਾਹਿਗੁਰੂ ਦੀ ਮਿਹਰ ਨਾਲ ਫਤਹਿ ਹੁੰਦੀ ਰਹੀ ਹੈ।

ਸੰਮਤ 1757 (1700 ਈ.) ਦੀ ਜਦੋਂ ਹੋਲੀ ਆਈ ਤਾਂ ਗੁਰੂ ਦਸਮੇਸ਼ ਪਿਤਾ ਜੀ ਦੀ ਹਜ਼ੂਰੀ ਵਿੱਚ ਪਹਿਲੋਂ ਤਿਆਰੀ ਆਰੰਭੀ ਗਈ। ਹੋਲਗੜ੍ਹ ਇਕ ਨਵਾਂ ਸਥਾਨ ਰਚਿਆ ਗਿਆ। ਹੋਲੇ ਤੋਂ ਅਗਲੇ ਦਿਨ ਖਾਲਸਾ ਦਲ ਦੇ ਦੋ ਹਿੱਸੇ ਕੀਤੇ ਗਏ। ਇਕ ਹਿੱਸਾ ਤਾਂ ਹੋਲਗੜ੍ਹ ਉਤੇ ਕਬਜ਼ਾ ਕਰ ਮੋਰਚੇ ਲਾ ਕੇ ਬੈਠ ਗਿਆ ਤੇ ਦੂਸਰਾ ਹਿੱਸਾ ਉਨ੍ਹਾਂ ਉਤੇ ਧਾਵੀ ਹੋ ਕੇ ਚੜ੍ਹਿਆ। ਇਸ ਦੀ ਅਗਵਾਈ ਗੁਰੂ ਜੀ ਆਪ ਕਰ ਰਹੇ ਸਨ। ਅੱਗੇ ਨਿਸ਼ਾਨ ਸਾਹਿਬ ਲਾਏ ਗਏ। ਵਿਉਂਤ ਦਰਸਾਈ ਗਈ ਕਿ ਸਮਝੋ ਹੋਲਗੜ੍ਹ ਇਕ ਕਿਲ੍ਹਾ ਹੈ ਜੋ ਵੈਰੀ ਦੇ ਹੱਥ ਹੈ। ਅਸਾਂ ਅੱਜ ਹੱਲਾ ਕਰਕੇ ਲੈਣਾ ਹੈ। ਅੱਗੋਂ ਓਹ ਤਿਆਰ ਬਰ ਤਿਆਰ ਹਨ ਕਿ ਸਾਨੂੰ ਕਬਜ਼ਾ ਨਾ ਕਰਨ ਦੇਣ। ਗੋਲੀ ਨਾਲ ਮਾਰ ਦੇਣ ਦਾ ਹੁਕਮ ਬੰਦ ਸੀ, ਕਿਉਂਕਿ ਦੋਵੇਂ ਪਾਸੇ ਖਾਲਸਾ ਸੀ। ਇਹ ਤਾਂ ਖਾਲਸੇ ਨੇ ਆਪੋ ਵਿੱਚ ਮਸ਼ਕ ਕਰਨੀ ਸੀ ਤੇ ਗੁਰੂ ਸਾਹਿਬ ਨੇ ਇਸ ਨਕਲੀ ਯੁੱਧ ਰਾਹੀਂ ਜਾਚ ਸਿਖਾਉਣੀ ਸੀ। ਸੋ ਗੁਰੂ ਜੀ ਨਿਸ਼ਾਨਾਂ ਦੀ ਤਾਬਿਆ ਸਾਰੇ ਦਲ ਨੂੰ ਨਾਲ ਲੈ ਕੇ ਅੱਗੇ ਵਧੇ ਅਤੇ ਹੋਲਗੜ੍ਹ 'ਤੇ ਜਾ ਬਿਰਾਜੇ। ਕਾਫੀ ਸਮਾਂ (ਡੇਢ ਪਹਿਰ) ਦੁਵਲੀ ਘਮਸਾਨ ਪਿਆ ਰਿਹਾ। ਰੋਕਣ ਵਾਲੇ ਦਲ ਦੇ ਸਫੈਦ ਕੱਪੜੇ ਸਨ ਅਤੇ ਸਤਿਗੁਰਾਂ ਦੇ ਦਲ ਦੇ ਹਲਕੇ ਕੇਸਰ ਰੰਗ ਦੇ ਕੱਪੜੇ ਸਨ। ਇੰਨਾ ਕੁ ਫਰਕ ਹੁੰਦਾ ਸੀ। ਕਾਫੀ ਸਮੇਂ ਦੀ ਦੁਵੱਲੀ ਜੱਦੋ-ਜਹਿਦ ਮਗਰੋਂ ਹੋਲਗੜ੍ਹ ਵਾਲੇ ਹਾਰ ਗਏ ਤੇ ਸਤਿਗੁਰੂ ਜੀ ਜੈਕਾਰੇ ਗਜਾਉਂਦੇ ਅੰਦਰ ਆ ਵੜੇ। ਧਾਵਾ ਕਾਮਯਾਬ ਹੋਇਆ ਤੇ ਸਾਰੀ ਫੌਜ ਇਕਮਿਕ ਹੋ ਗਈ। ਉਸੇ ਥਾਵੇਂ ਦੀਵਾਨ ਸਜਿਆ। ਇਸ ਤਰ੍ਹਾਂ ਇਸ ਹੱਲੇ ਜਾਂ ਹੋਲੇ ਦਾ ਨਾਂ ਹੋਲਾ ਮਹੱਲਾ ਟਿਕ ਗਿਆ। ਇਹ ਬੋਲਾ 'ਮਾਯ ਹਲਾ' ਸਤਿਗੁਰਾਂ ਨੇ ਆਪ ਰਚਿਆ ਸੀ। ਜਿਸ ਦਾ ਮਤਲਬ ਸੀ ਬਣਾਉਟੀ ਹਮਲਾ। ਪਹਿਲਾ ਮਾਯ ਹਲਾ ਸਤਿਗੁਰਾਂ ਨੇ ਹੋਲੇ 'ਤੇ ਮੁਕਰਰ ਕੀਤਾ। ਇਹ ਮਾਯ ਹਲਾ ਬੋਲਚਾਲ ਵਿੱਚ 'ਮਹੱਲਾ' ਬਣ ਗਿਆ। ਮਹਾਨ ਕੋਸ਼ ਅਨੁਸਾਰ 'ਹੋਲੇ' ਦਾ ਅਰਥ ਹੱਲਾ ਅਤੇ ਹੱਲੇ ਦੀ ਥਾਂ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਨੂੰ ਸ਼ਸਤਰ ਅਤੇ ਯੁੱਧ ਵਿਦਿਆ ਵਿੱਚ ਨਿਪੁੰਨ ਕਰਨ ਹਿੱਤ ਇਹ ਰੀਤ ਚਲਾਈ ਸੀ ਕਿ ਦੋ ਦਲ ਬਣਾ ਕੇ ਮੁਖੀ ਸਿੰਘਾਂ ਦੀ ਅਗਵਾਈ ਹੇਠ ਇਕ ਖ਼ਾਸ ਥਾਂ 'ਤੇ ਕਬਜ਼ਾ ਕਰਨਾ। ਗੁਰੂ ਸਾਹਿਬ ਇਸ ਨਕਲੀ ਜੰਗ ਦੇ ਜੌਹਰ ਦੇਖਦੇ ਸਨ ਤੇ ਦੋਹਾਂ ਦਲਾਂ ਨੂੰ ਸਿਖਿਆ ਦਿੰਦੇ ਸਨ। ਜਿਹੜਾ ਦਲ ਕਾਮਯਾਬ ਹੁੰਦਾ ਉਸ ਨੂੰ ਦੀਵਾਨ ਵਿੱਚ ਸਿਰੋਪਾ ਬਖ਼ਸ਼ਦੇ ਸਨ। ਅੱਜ ਤੱਕ ਖਾਲਸਾ ਪੰਥ ਵਿੱਚ 'ਮਹੱਲੇ' ਦਾ ਰਿਵਾਜ ਹੈ ਜਿਸ ਤਹਿਤ ਖਾਲਸਾ ਨਿਸ਼ਾਨਾਂ ਦੀ ਤਾਬਿਆ ਇਕ ਗੁਰ ਅਸਥਾਨ ਤੋਂ ਦੂਜੇ ਤੱਕ ਜਾਂ ਮੁੜ ਉਸੇ ਟਿਕਾਣੇ ਤੱਕ ਚੜ੍ਹ ਕੇ ਜਾਂਦਾ ਹੈ।

ਇਤਿਹਾਸਕ ਗਵਾਹੀਆਂ ਦੱਸਦੀਆਂ ਹਨ ਕਿ ਅਜਿਹੀਆਂ ਮਸ਼ਕਾਂ ਤੋਂ ਬਾਅਦ ਖਾਲਸਾ ਜੀ ਨੇ ਲਹੂ ਵੀਟਵੀਂਆਂ ਜੰਗਾਂ ਕਿਸੇ ਰਾਜਸੀ ਸੱਤਾ ਦੀ ਲਾਲਸਾ ਖਾਤਰ ਨਹੀਂ ਲੜੀਆਂ ਬਲਕਿ ਕੇਸਰੀ ਨਿਸ਼ਾਨਾਂ ਦੀ ਸਰਬਲੰਦੀ ਖ਼ਾਤਰ ਲੜੀਆਂ ਹਨ। ਇਹ ਕੇਸਰੀ ਨਿਸ਼ਾਨ ਜੋ ਲੋੜਵੰਦਾਂ, ਨਿਮਾਣਿਆਂ ਨਿਤਾਣਿਆਂ ਅਤੇ ਲਤਾੜਿਆਂ ਹੋਇਆਂ ਲਈ ਆਸ ਦੀ ਕਿਰਨ ਹਨ। ਇਹ ਨਿਸ਼ਾਨ ਖ਼ਾਲਸਾ ਜੀ ਦੀ ਉੱਚੀ ਸੁਰਤ ਦੇ ਪ੍ਰਤੀਕ ਹਨ।

ਅੱਜ ਸਿੱਖ ਕਿਰਦਾਰ ਨੂੰ ਵਰਤਮਾਨ ਨਿਰਾਸ਼ਾ ਦੇ ਆਲਮ ਵਿੱਚੋਂ ਕੱਢ ਕੇ ਅਤੀਤ ਦੇ ਬੁਲੰਦ ਕਿਰਦਾਰ ਨਾਲ ਇੱਕ-ਮਿੱਕ ਕਰਨਾ ਸਮੇਂ ਦੀ ਲੋੜ ਬਣ ਚੁੱਕੀ ਹੈ। ਸਿੱਖ ਨੌਜਵਾਨ ਪੀੜੀ ਦੀ ਸ਼ਕਤੀ ਨੂੰ ਨਿਯਮਬੱਧ ਕਰਨ ਅਤੇ ਰਵਾਇਤਾਂ ਅਨੁਸਾਰ ਅਗਲੇ ਰਾਹ ਉਲੀਕ ਸਕਣ ਦੀ ਦ੍ਰਿਸ਼ਟੀ ਬਣਾਉਣ ਲਈ ਹੋਲਾ ਮਹੱਲਾ ਗੁਰੂ ਵਲੋਂ ਬਖਸ਼ਿਆ ਰਾਹ ਹੈ। ਸਤਿਗੁਰਾਂ ਨੇ ਖਾਲਸਾ ਜੀ ਨੂੰ ਫੌਜ ਰੂਪ ਵਿੱਚ ਸਾਜਿਆ ਹੈ, ਫੌਜ ਲਈ ਆਪਣੀ ਸ਼ਕਤੀ ਨੂੰ ਲਗਾਤਾਰ ਉਸੇ ਰੂਪ 'ਚ ਬਣਾਈ ਰੱਖਣ ਅਤੇ ਪਰਖ ਦੇ ਲਈ ਮਸ਼ਕ ਕਰਨਾ ਜਰੂਰੀ ਹੁੰਦਾ ਹੈ। ਹੋਲਾ ਮਹੱਲਾ ਦੇ ਅਸਲ ਰੂਪ ਨੂੰ ਸਮਝ ਕੇ ਖਾਲਸਾ ਜੀ ਨੂੰ ਆਪਣੀ ਹਸਤੀ ਦੀ ਪਛਾਣ ਕਰਨੀ ਚਾਹੀਦੀ ਹੈ।

-ਸੰਪਾਦਕ

# ਅਮਰੀਕਾ ਵਿੱਚ ਜਾਤੀ ਭੇਦਭਾਵ ਵਿਰੋਧੀ ਕਾਨੂੰਨ ਵਿਰੁੱਧ ਸਿਰ਼ਫ ਹਿੰਦੂ ਭਾਈਚਾਰਾ ਹੀ ਕਿਉਂ ?



ਅਪੂਰਵਾਨੰਦ
ਪ੍ਰੋਫੈਸਰ ਦਿੱਲੀ ਯੂਨੀਵਰਸਿਟੀ

ਭਾਵੇਂ ਕੋਈ ਵੀ ਜਮਾਤੀ ਵਿਸ਼ਵਾਸ ਨਾ ਵੀ ਹੋਵੇ, ਪਰ ਅਮਲ ਵਿੱਚ ਜਾਤੀ ਵਿਤਕਰਾ ਭਾਰਤ ਦੇ ਹਰ ਧਾਰਮਿਕ ਭਾਈਚਾਰੇ ਦੀ ਅਸਲੀਅਤ ਹੈ। ਅਮਰੀਕਾ ਜਾਣ ਵਾਲੇ ਹਿੰਦੂ ਹੀ ਨਹੀਂ, ਹੋਰ ਧਰਮਾਂ ਦੇ ਲੋਕ ਵੀ ਜਾਤੀਵਾਦ ਵਿੱਚ ਵਿਸ਼ਵਾਸ ਰਖਦੇ ਹਨ। ਅਮਰੀਕਾ ਦੇ ਸਿਆਟਲ 'ਚ ਲਾਗੂ ਜਾਤੀ ਭੇਦਭਾਵ ਕਾਨੂੰਨ ਹਰ ਕਿਸੇ 'ਤੇ ਲਾਗੂ ਹੋਵੇਗਾ, ਨਾ ਕਿ ਸਿਰਫ਼ ਹਿੰਦੂਆਂ 'ਤੇ। ਫਿਰ ਸਿਰਫ਼ ਹਿੰਦੂ ਹੀ ਕਿਉਂ ਨਾਰਾਜ਼ ਹਨ ? ਭਾਰਤ ਤੋਂ ਦੂਰ, ਅਮਰੀਕਾ ਦੇ ਸਿਆਟਲ ਵਿੱਚ ਭੇਦਭਾਵ ਵਿਰੋਧੀ ਕਾਨੂੰਨ ਵਿੱਚ ਜਾਤੀਵਾਦੀ ਭੇਦਭਾਵ ਨੂੰ ਸ਼ਾਮਲ ਕੀਤਾ ਗਿਆ ਹੈ। ਅਮਰੀਕਾ ਦੇ ਕਈ ਹਿੰਦੂ ਸੰਗਠਨ ਇਸ ਦਾ ਵਿਰੋਧ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜਾਤ ਪਾਤ ਨੂੰ ਭੇਦਭਾਵ ਦਾ ਆਧਾਰ ਬਣਾਉਣ ਪਿੱਛੇ ਹਿੰਦੂਆਂ ਨੂੰ ਬਦਨਾਮ ਕਰਨ ਦੀ ਨੀਤੀ ਹੈ ਅਤੇ ਇਹ ਹਿੰਦੂ ਵਿਰੋਧੀ ਕਦਮ ਹੈ। ਹਿੰਦੂ ਜਿਸ ਕਾਨੂੰਨ ਦਾ ਵਿਰੋਧ ਕਰ ਰਹੇ ਹਨ, ਉਸ ਵਿੱਚ ਕਿਤੇ ਵੀ ਨਹੀਂ ਕਿਹਾ ਗਿਆ ਕਿ ਇਹ ਸਿਰਫ਼ ਹਿੰਦੂਆਂ 'ਤੇ ਲਾਗੂ ਹੁੰਦਾ ਹੈ।

ਅਮਰੀਕਾ ਵਿੱਚ ਜਾਤ ਨੂੰ ਦੱਖਣੀ ਏਸ਼ੀਆਈ ਆਯਾਤ ਵਜੋਂ ਦੇਖਿਆ ਅਤੇ ਵਰਣਨ ਕੀਤਾ ਗਿਆ ਹੈ। ਫਿਰ ਦੱਖਣੀ ਏਸ਼ੀਆ ਦੇ ਸਾਰੇ ਸਮੂਹਾਂ ਨੂੰ ਇਸ ਦਾ ਵਿਰੋਧ ਕਰਨਾ ਚਾਹੀਦਾ ਸੀ। ਸਿਰਫ਼ ਹਿੰਦੂ ਜਥੇਬੰਦੀਆਂ ਹੀ ਇਸ ਦੇ ਖ਼ਿਲਾਫ਼ ਕਿਉਂ ਹਨ, ਇਹ ਸਵਾਲ ਅਮਰੀਕੀਆਂ ਦੇ ਮਨਾਂ ਵਿੱਚ ਜ਼ਰੂਰ ਉੱਠਿਆ ਹੋਵੇਗਾ।

ਭਾਰਤ ਦੇ ਲਗਭਗ ਹਰ ਧਰਮ ਵਿੱਚ ਜਾਤ ਹੈ। ਪਰ ਹਿੰਦੂ ਧਰਮ ਜਾਂ ਧਰਮ ਨੂੰ ਛੱਡ ਕੇ ਕਿਸੇ ਹੋਰ ਧਰਮ ਵਿੱਚ ਇਸ ਨੂੰ ਧਾਰਮਿਕ ਪ੍ਰਣਾਲੀ ਵਜੋਂ ਮਾਨਤਾ ਨਹੀਂ ਦਿੱਤੀ ਗਈ। ਕਿਸੇ ਹੋਰ ਧਰਮ ਵਿੱਚ ਮਨੁਸਮ੍ਰਿਤੀ ਵਰਗੀ ਕੋਈ ਪੁਸਤਕ ਨਹੀਂ ਹੈ। ਅਤੇ ਕਿਸੇ ਹੋਰ ਧਰਮ ਨੂੰ ਮੰਨਣ ਵਾਲੇ ਲੋਕ 'ਰਾਮਚਰਿਤਮਾਨਸ' ਵਰਗੀ ਪੁਸਤਕ ਨੂੰ ਪੂਜਣਯੋਗ ਨਹੀਂ ਮੰਨਦੇ, ਜੋ ਬਿਪਰਾਂ ਅਤੇ ਸ਼ੂਦਰਾਂ ਲਈ ਬਿਲਕੁਲ ਵੱਖੋ-ਵੱਖਰੇ ਵਿਧਾਨ ਬਣਾਉਂਦਾ ਹੈ। ਸ਼ੂਦਰ ਭਾਵੇਂ ਜੋ ਮਰਜ਼ੀ ਕਰ ਲਵੇ, ਉਸ ਦਾ ਸਤਿਕਾਰ ਨਹੀਂ ਕੀਤਾ ਜਾ ਸਕਦਾ ਅਤੇ ਬ੍ਰਾਹਮਣ ਦਾ ਸਨਮਾਨ ਕੀਤਾ ਜਾਵੇਗਾ ਭਾਵੇਂ ਉਹ ਕਿਸੇ ਵੀ ਗੁਣ ਤੋਂ ਪੂਰੀ ਤਰ੍ਹਾਂ ਸੱਖਣਾ ਹੋਵੇ। ਇਹ ਸਪੱਸ਼ਟ ਅੰਤਰ ਕਿਸੇ ਹੋਰ ਧਰਮ ਦਰਸ਼ਨ ਵਿੱਚ ਨਹੀਂ ਪਾਇਆ ਜਾਂਦਾ। ਇਸ ਦੇ ਬਾਵਜੂਦ ਇਹ ਵੀ ਸੱਚ ਹੈ ਕਿ ਲਗਭਗ ਹਰ ਧਰਮ ਵਿੱਚ ਜਾਤ-ਪਾਤ ਪਾਈ ਜਾਂਦੀ ਹੈ। ਨਵੇਂ ਸਿੱਖ ਧਰਮ ਵਿੱਚ ਵੀ। ਤੁਹਾਨੂੰ ਪਿੰਡਾਂ ਵਿੱਚ ਦਲਿਤ ਸਿੱਖਾਂ ਦੇ ਵੱਖਰੇ ਗੁਰਦੁਆਰੇ ਵੀ ਮਿਲ ਜਾਣਗੇ।

ਜਾਤੀ ਵਿਤਕਰਾ ਭਾਰਤ ਦੇ ਹਰ ਧਾਰਮਿਕ ਭਾਈਚਾਰੇ ਦੀ ਅਸਲੀਅਤ ਹੈ। ਅਮਰੀਕਾ ਜਾਣ ਵਾਲੇ ਹਿੰਦੂ ਹੀ ਨਹੀਂ, ਹੋਰ ਧਰਮਾਂ ਦੇ ਲੋਕ ਵੀ ਹਨ। ਜਾਤੀ ਵਿਤਕਰਾ ਕਾਨੂੰਨ ਹਰ ਕਿਸੇ 'ਤੇ ਲਾਗੂ ਹੋਵੇਗਾ, ਨਾ ਕਿ ਸਿਰਫ਼ ਹਿੰਦੂਆਂ 'ਤੇ। ਫਿਰ ਸਿਰਫ ਹਿੰਦੂ ਹੀ ਕਿਉਂ ਪ੍ਰੇਸ਼ਾਨ ਹਨ ? ਇਹ ਕਹਿਣ ਦੀ ਬਜਾਏ ਕਿ ਹਿੰਦੂ ਇਸ ਕਾਨੂੰਨ ਦੇ ਖਿਲਾਫ ਹਨ, ਇਹ ਕਹਿਣਾ ਬਿਹਤਰ ਹੋਵੇਗਾ ਕਿ ਹਿੰਦੂਤਵ ਵਿਚਾਰਧਾਰਾ ਨੂੰ ਮੰਨਣ ਵਾਲੇ ਇਹ ਕਹਿ ਰਹੇ ਹਨ ਕਿ ਇਸ ਕਾਨੂੰਨ ਦੇ ਪਿੱਛੇ ਹਿੰਦੂ ਵਿਰੋਧੀ ਸਾਜਿਸ਼ ਹੈ ਅਤੇ ਇਸ ਨਫਰਤ ਨੂੰ ਹੋਰ ਉਤਸ਼ਾਹਿਤ ਕੀਤਾ ਜਾਵੇਗਾ। ਪਿਛਲੇ ਕੁਝ ਸਮੇਂ ਤੋਂ ਹਿੰਦੂਤਵਵਾਦੀ ਹਿੰਦੂਆਂ ਨੂੰ ਇਹ ਯਕੀਨ ਦਿਵਾਉਣਾ ਚਾਹੁੰਦੇ ਹਨ ਕਿ ਪੂਰੀ ਦੁਨੀਆ ਵਿੱਚ, ਖਾਸ ਕਰਕੇ ਅਮਰੀਕਾ ਵਿਚ ਹਿੰਦੂ ਵਿਰੋਧੀ ਨਫਰਤ ਵਧ ਰਹੀ ਹੈ। ਯਹੂਦੀ ਵਿਰੋਧੀ ਅਤੇ ਇਸਲਾਮ ਵਿਰੋਧੀ ਨਫ਼ਰਤ ਦੀ ਤਰਜ਼ 'ਤੇ, ਉਨ੍ਹਾਂ ਨੇ ਹਿੰਦੂਆਂ ਵਿੱਚ ਨਿਰਾਸ਼ਾ ਨਾਲ ਭਰਨ ਲਈ ਹਿੰਦੂ-ਵਿਰੋਧੀ ਨਫ਼ਰਤ ਦੀ ਸਾਜਿਸ਼ ਰਚੀ ਹੈ ਤਾਂ ਜੋ ਦੂਜੇ ਧਰਮਾਂ ਦੇ ਲੋਕ ਹਰ ਜਗ੍ਹਾ ਉਨ੍ਹਾਂ ਦੇ ਪਿੱਛੇ ਪਏ ਰਹਿਣ। ਉਨ੍ਹਾਂ ਵਿਰੁੱਧ ਹਿੰਦੂਆਂ ਨੂੰ ਜਥੇਬੰਦ ਹੋਣਾ ਚਾਹੀਦਾ ਹੈ।

ਹਰ ਸਮਾਜ ਵਿੱਚ ਭਾਵੇਂ ਉਹ ਧਾਰਮਿਕ ਹੋਵੇ ਜਾਂ ਭਾਸ਼ਾਈ ਜਾਂ ਕੋਈ ਹੋਰ, ਦੂਜੇ ਭਾਈਚਾਰਿਆਂ ਪ੍ਰਤੀ ਕੋਈ ਨਾ ਕੋਈ ਪੱਖਪਾਤ ਹੁੰਦਾ ਹੈ। ਇਹ ਨਫਰਤ ਦਾ ਰੂਪ ਲੈ ਸਕਦਾ ਹੈ ਅਤੇ ਇਹ ਹਿੰਸਾ ਨੂੰ ਜਨਮ ਦੇ ਸਕਦਾ ਹੈ। ਇਸ ਕਾਰਨ ਪੀੜ੍ਹੀ ਦਰ ਪੀੜ੍ਹੀ ਦੂਜਿਆਂ ਪ੍ਰਤੀ ਸਾਡੇ ਮਨਾਂ ਵਿੱਚ ਪੈਦਾ ਹੋਏ ਭੇਦ-ਭਾਵਾਂ ਦਾ ਮੁਕਾਬਲਾ ਕਰਨਾ ਜ਼ਰੂਰੀ ਸਮਝਿਆ ਜਾਂਦਾ ਹੈ ਪਰ ਜੇਕਰ ਅਸੀਂ ਅਮਰੀਕਾ ਦੀ ਗੱਲ ਕਰੀਏ ਤਾਂ ਹਿੰਦੂ-ਵਿਰੋਧੀ ਨਫ਼ਰਤ ਕਾਰਨ ਉਨ੍ਹਾਂ ਵਿਰੁੱਧ ਹੋ ਰਹੀ ਹਿੰਸਾ ਦੀ ਅਸਲ ਸਥਿਤੀ ਕੀ ਹੈ ? ਅਮਰੀਕਾ ਦੀ ਸਭ ਤੋਂ ਉੱਚੀ ਜਾਂਚ ਏਜੰਸੀ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐੱਫ.ਬੀ.ਆਈ.) ਦੁਆਰਾ ਜਾਰੀ ਕੀਤੇ ਗਏ 2021 ਦੇ ਅਪਰਾਧਾਂ ਦੇ ਅੰਕੜਿਆਂ ਅਨੁਸਾਰ, ਅਮਰੀਕਾ ਅਜੇ ਵੀ ਰੰਗ, ਨਸਲ ਦੇ ਆਧਾਰ 'ਤੇ ਹਿੰਸਾ ਦਾ ਨਿਸ਼ਾਨਾ ਹੈ, ਕਾਲੇ ਅਤੇ ਅਫਰੀਕੀ ਅਮਰੀਕੀ ਸਭ ਤੋਂ ਵੱਧ (63.2%) ਹਨ। 4.3% ਏਸ਼ੀਆਈਆਂ ਵਿਰੁੱਧ ਘਟਨਾਵਾਂ ਨੋਟ ਕੀਤੀਆਂ ਗਈਆਂ।

ਪਰ ਧਾਰਮਿਕ ਪੱਖਪਾਤ ਕਾਰਨ ਹੋਣ ਵਾਲੀ ਹਿੰਸਾ ਦੇ ਸ਼ਿਕਾਰ ਜ਼ਿਆਦਾਤਰ ਯਹੂਦੀ (31.9%) ਹਨ, ਜਦਕਿ ਮੁਸਲਿਮ ਵਿਰੋਧੀ ਹਿੰਸਾ ਦੀਆਂ ਘਟਨਾਵਾਂ ਦਾ ਹਿੱਸਾ 9.5% ਹੈ। ਸਿੱਖ ਵਿਰੋਧੀ ਹਿੰਸਾ 21.3% ਹੈ ਅਤੇ ਕੈਥੋਲਿਕਾਂ ਵਿਰੁੱਧ ਹਿੰਸਾ 6.1% ਹੈ। ਉਨ੍ਹਾਂ ਦੇ ਮੁਕਾਬਲੇ ਹਿੰਦੂ-ਵਿਰੋਧੀ ਹਿੰਸਾ 1% ਹੈ। ਇਨ੍ਹਾਂ ਅੰਕੜਿਆਂ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਅਮਰੀਕਾ ਵਿੱਚ ਹਿੰਦੂ-ਵਿਰੋਧੀ ਨਫ਼ਰਤ ਨਾਮਾਤਰ ਹੈ। ਇਸ ਭਰਮ ਕਾਰਨ ਇਹ ਸੋਚਣਾ ਹਾਸੋਹੀਣਾ ਹੈ ਕਿ ਅਮਰੀਕਾ ਵਿੱਚ ਕਿਤੇ ਹਿੰਦੂਆਂ ਵਿਰੁੱਧ ਕੋਈ ਕਾਨੂੰਨ ਬਣਾਇਆ ਜਾ ਰਿਹਾ ਹੈ। ਇਹ ਦਾਅਵਾ ਹਾਸੋਹੀਣਾ ਹੈ ਕਿ ਅਮਰੀਕਾ ਵਿੱਚ ਅਤੇ ਹਿੰਦੂਆਂ ਵਿੱਚ ਜਾਤੀ ਵਿਤਕਰੇ ਦੀ ਅਜਿਹੀ ਕੋਈ ਸਮੱਸਿਆ ਨਹੀਂ ਹੈ ਕਿ ਇਸ ਦੇ ਆਧਾਰ 'ਤੇ ਇਸ ਵਿਰੁੱਧ ਕਾਨੂੰਨ ਬਣਾਇਆ ਜਾਵੇ।

ਕੀ ਇਹ ਸੱਚ ਹੈ ? ਅੱਜ ਵੀ ਅਮਰੀਕਾ ਦੇ ਹਿੰਦੂ ਆਪਣੇ ਆਪ ਨੂੰ ਭਾਰਤੀ ਕਹਿਣ ਵਿੱਚ ਮਾਣ ਮਹਿਸੂਸ ਕਰਦੇ ਹਨ। ਭਾਰਤੀ ਜੀਵਨ ਢੰਗ ਉਨ੍ਹਾਂ ਦਾ ਅਸਲ ਜੀਵਨ ਢੰਗ ਹੈ ਜਿਸ ਨੂੰ ਉਹ ਅਮਰੀਕਾ ਵਿੱਚ ਜਿਊਂਦਾ ਰੱਖਣਾ ਚਾਹੁੰਦੇ ਹਨ, ਇਸ ਲਈ ਉਹ ਹਿੰਦੂ ਸੰਗਠਨ ਕਹਿ ਰਹੇ ਹਨ ਜੋ ਸਿਆਟਲ ਸ਼ਹਿਰ ਦੇ ਇਸ ਕਾਨੂੰਨ ਦਾ ਵਿਰੋਧ ਕਰ ਰਹੇ ਹਨ। ਉਸ ਦੇ ਅਨੁਸਾਰ, ਭਾਰਤੀ ਜੀਵਨ ਢੰਗ ਅਸਲ ਵਿੱਚ ਹਿੰਦੂ ਜੀਵਨ ਢੰਗ ਹੈ। ਭਾਰਤ ਵਿੱਚ ਉਹ ਮੁਸਲਮਾਨਾਂ ਅਤੇ ਈਸਾਈਆਂ 'ਤੇ ਹਮਲੇ ਕਰਦੇ ਰਹਿੰਦੇ ਹਨ ਤਾਂ ਉਹ ਹਿੰਦੂ ਜੀਵਨ ਢੰਗ ਨੂੰ ਕਿਉਂ ਨਹੀਂ ਅਪਣਾਉਂਦੇ ? ਉਸ ਨੂੰ ਬੋਲਣ ਦੀ ਵੀ ਲੋੜ ਨਹੀਂ। ਪਿਊ ਰਿਸਰਚ ਸੈਂਟਰ ਨੇ ਸਮਾਜਿਕ ਆਚਰਣ ਅਤੇ ਸੋਚ ਨੂੰ ਜਾਣਨ ਲਈ ਕੀਤੇ ਗਏ ਇੱਕ ਸਰਵੇਖਣ ਵਿੱਚ ਪਾਇਆ ਕਿ ਬਹੁਗਿਣਤੀ ਭਾਰਤੀ ਲੋਕ ਆਪਣੇ ਜੀਵਨ ਦੇ ਮਹੱਤਵਪੂਰਨ ਫੈਸਲੇ, ਗਤੀਵਿਧੀਆਂ ਆਪਣੀ ਜਾਤੀ ਦੇ ਦਾਇਰੇ ਵਿੱਚ ਹੀ ਕਰਦੇ ਹਨ। ਕੋਈ ਕਹਿ ਸਕਦਾ ਹੈ ਕਿ ਹਰ ਜਾਤ ਆਪਣੇ ਦਾਇਰੇ ਵਿਚ ਰਹੇ, ਇਸ ਨਾਲ ਕੋਈ ਟਕਰਾਅ ਨਹੀਂ ਹੋਵੇਗਾ। ਪਰ ਅਸੀਂ ਜਾਣਦੇ ਹਾਂ ਕਿ ਮਸਲਾ ਕੁਦਰਤੀ, ਸਮਾਜਿਕ, ਸੱਭਿਆਚਾਰਕ ਸਰੋਤਾਂ ਦੀ ਵੰਡ ਨਾਲ ਜੁੜਿਆ ਹੋਇਆ ਹੈ। ਅਤੇ ਉਥੇ ਟਕਰਾਅ ਹੁੰਦਾ ਹੈ. ਪਰੰਪਰਾਗਤ ਤੌਰ 'ਤੇ ਇਨ੍ਹਾਂ ਵਸੀਲਿਆਂ 'ਤੇ ਕਾਬਜ਼ ਰਹਿਣ ਵਾਲੀਆਂ ਜਾਤੀਆਂ ਨੂੰ ਗੁੱਸਾ ਆਉਂਦਾ ਹੈ ਜਦੋਂ ਦੂਜੀਆਂ ਜਾਤਾਂ ਇਨ੍ਹਾਂ ਦੇ ਵਸੀਲਿਆਂ 'ਤੇ ਦਾਅਵਾ ਕਰਦੀਆਂ ਹਨ। ਅਲੱਗ-ਥਲੱਗਤਾ ਅਤੇ ਆਪਣੀ ਉੱਤਮਤਾ ਵਿੱਚ ਵਿਸ਼ਵਾਸ ਕਰਨ ਵਾਲਾ ਦੂਜਿਆਂ ਨੂੰ ਦੂਸ਼ਿਤ ਅਤੇ ਨੀਵਾਂ ਸਮਝਣਾ ਸ਼ੁਰੂ ਕਰ ਦਿੰਦਾ ਹੈ।

ਵਿਤਕਰੇ ਦੀ ਬੁਨਿਆਦ ਇਸ ਸਮਾਜਿਕ ਵਿਸ਼ਵਾਸ ਤੇ ਧਾਰਮਿਕ ਹਿੰਦੂ ਗ੍ਰੰਥਾਂ ਵਿੱਚ ਹੈ। ਡਾ: ਭੀਮ ਰਾਓ ਅੰਬੇਡਕਰ ਨੇ ਨਵੇਂ ਆਜ਼ਾਦ ਭਾਰਤ ਵਿੱਚ ਇਸ ਨੂੰ ਖਤਮ ਕਰਨ ਲਈ ਭਾਈਚਾਰਾ ਜਾਂ ਦੋਸਤੀ ਦਾ ਪ੍ਰਸਤਾਵ ਦਿੱਤਾ। ਪਰ ਅਸੀਂ ਜਾਣਦੇ ਹਾਂ ਕਿ ਡਾ. ਅੰਬੇਡਕਰ ਅਤੇ ਉਨ੍ਹਾਂ ਦੇ ਪ੍ਰਸਤਾਵ ਨੂੰ ਅਖੌਤੀ ਉੱਚ ਜਾਤੀਆਂ ਵਿੱਚ ਅਜੇ ਵੀ ਨਫ਼ਰਤ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਕੀ ਅਮਰੀਕੀ ਭਾਰਤੀ ਜਾਂ ਹਿੰਦੂ ਅਮਰੀਕਾ ਜਾਣ ਤੋਂ ਬਾਅਦ ਜਾਤ-ਮੁਕਤ ਹੋ ਜਾਂਦੇ ਹਨ ? ਇੱਕ ਦਲੀਲ ਇਹ ਹੈ ਕਿ ਦੋ ਜਾਂ ਤਿੰਨ ਪੀੜ੍ਹੀਆਂ ਤੱਕ ਰਹਿਣ ਤੋਂ ਬਾਅਦ, ਸ਼ਾਇਦ। ਪਰ ਇਹ ਵੀ ਸੱਚ ਹੈ ਕਿ ਅਮਰੀਕਾ ਵਿੱਚ ਪਹਿਲੀ ਪੀੜ੍ਹੀ ਦੇ ਹਿੰਦੂ ਹਮੇਸ਼ਾ ਹੀ ਜਾਤੀਵਾਦੀ ਰਹਿਣਗੇ ਉਹ ਪੜ੍ਹਾਈ, ਨੌਕਰੀਆਂ, ਕਾਰੋਬਾਰ ਆਦਿ ਲਈ ਭਾਰਤ ਤੋਂ ਪਹਿਲਾਂ ਨਾਲੋਂ ਵੱਧ ਗਿਣਤੀ ਵਿੱਚ ਅਮਰੀਕਾ ਜਾ ਰਹੇ ਹਨ। ਉਹ ਆਪਣੀਆਂ ਸਮਾਜਿਕ ਇੱਛਾਵਾਂ ਜਾਂ ਰਸਮਾਂ ਨੂੰ ਵੀ ਆਪਣੇ ਨਾਲ ਲੈ ਜਾਂਦੇ ਹਨ। ਇਨ੍ਹਾਂ ਵਿੱਚ ਜਾਤੀ ਰੀਤੀ ਰਿਵਾਜ ਜਾਂ ਵਿਸ਼ਵਾਸ ਸ਼ਾਮਲ ਹਨ। ਜਾਤ ਆਪਣੇ ਆਪ ਵਿੱਚ ਕੁਝ ਵੀ ਨਹੀਂ ਹੈ। ਇਹ ਹਮੇਸ਼ਾ ਸਾਪੇਖਿਕ, ਤੁਲਨਾਤਮਕ ਹੁੰਦੀ ਹੈ। ਇਕੱਲੇ ਬ੍ਰਾਹਮਣ ਹੋਣ ਦਾ ਕੋਈ ਮਤਲਬ ਨਹੀਂ ਜੇਕਰ ਕੋਈ ਖੱਤਰੀ ਜਾਂ ਵੈਸ਼ ਜਾਂ ਸ਼ੂਦਰ ਨਾ ਹੋਵੇ। ਜਾਤ ਦੇ ਸੰਕਲਪ ਵਿੱਚ ਵਿਤਕਰਾ, ਸ਼ੁੱਧਤਾ, ਭੇਦਭਾਵ ਹੈ। ਇਹ ਇੱਕ ਅਜਿਹਾ ਆਚਾਰ ਸੰਹਿਤਾ ਹੈ ਜਿਸ ਦੀ ਪਾਲਣਾ ਸਾਰੀਆਂ ਜਾਤਾਂ ਦੁਆਰਾ ਕੀਤੀ ਜਾਂਦੀ ਹੈ। ਸੰਕਰਸ਼ਨ ਠਾਕੁਰ ਨੇ ਹਾਲ ਹੀ ਵਿੱਚ ਮਿਥਿਲਾ ਵਿੱਚ ਆਪਣੇ ਪਿੰਡ ਬਾਰੇ ਲਿਖਿਆ ਹੈ। ਉਹ ਕੋਰੋਨਾ ਦੀ ਲਾਗ ਤੋਂ ਬਾਅਦ ਪਹਿਲੀ ਵਾਰ ਆਪਣੇ ਪਿੰਡ ਗਿਆ ਸੀ। ਆਪਣੇ ਚਾਚੇ ਦੀ ਆਖਰੀ ਇੱਛਾ ਪੂਰੀ ਕਰਨ ਦੇ ਇਰਾਦੇ ਨਾਲ। ਉਸ ਨੇ ਆਪਣੀ ਵਸੀਅਤ ਵਿੱਚ ਲਿਖਿਆ ਕਿ ਉਹ ਚਾਹੁੰਦਾ ਸੀ ਕਿ ਪਿੰਡ ਦੇ ਹਰੀਜਨ ਟੋਲਾ, ਖਤਬੇ ਟੋਲਾ (ਬਹੁਤ ਪਛੜੀ ਜਾਤੀ), ਕਬਾੜੀ ਟੋਲਾ (ਜ਼ਿਆਦਾਤਰ ਮੁਸਲਮਾਨ) ਅਤੇ ਬ੍ਰਾਹਮਣ ਟੋਲਾ ਦੇ ਪਰਿਵਾਰ ਇਕੱਠੇ ਖਾਣਾ ਖਾਣ, ਭਾਵੇਂ ਉਹ ਵੱਖ-ਵੱਖ ਕਤਾਰਾਂ ਵਿੱਚ ਬੈਠਣ। ਪਰ ਜਦੋਂ ਸੰਕਰਸ਼ਨ ਨੇ ਇਹ ਪ੍ਰਸਤਾਵ ਆਪਣੇ ਪਿੰਡ ਵਾਸੀਆਂ ਨੂੰ ਦਿੱਤਾ ਤਾਂ ਸਾਰਿਆਂ ਨੇ ਇਸ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਰਵਾਇਤੀ ਮਰਿਆਦਾ ਭੰਗ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ।ਸੰਕਰਸ਼ਨ ਠਾਕੁਰ ਨੇ ਲਿਖਿਆ ਕਿ ਉਨ੍ਹਾਂ ਦਾ ਪਿੰਡ ਹੁਣ ਪਿੰਡ ਨਹੀਂ ਰਿਹਾ, ਇਹ ਨਗਰ ਪੰਚਾਇਤ ਬਣ ਗਿਆ ਹੈ। ਪਰ ਪਿੰਡ ਦੀ ਇਸ ਰੀਤ ਨੂੰ ਤੋੜਿਆ ਨਹੀਂ ਜਾ ਸਕਿਆ। ਚਲੋ ਇਹ ਮੰਨ ਲਓ ਕਿ ਕਿਸੇ ਬ੍ਰਾਹਮਣ ਦੇ ਨਾਲ ਇੱਕ ਛੋਟੀ ਜਾਤ ਦੀ ਟੋਲੀ ਅਜਿਹੀ ਦਾਅਵਤ ਵਿੱਚ ਬੈਠਦੀ ਹੈ ! ਉਸ ਦਾ ਕੀ ਬਣੇਗਾ ? ਸ਼ਾਂਤੀ ਉਦੋਂ ਤੱਕ ਬਣੀ ਰਹਿੰਦੀ ਹੈ ਜਦੋਂ ਤੱਕ ਇਹ ਮਾਣ ਸਭ ਦੁਆਰਾ ਬਣਾਈ ਰੱਖਿਆ ਜਾਂਦਾ ਹੈ। ਇਸ ਨੂੰ ਪਰਸਪਰਤਾ ਕਿਹਾ ਜਾਂਦਾ ਹੈ ਜੋ ਵਿਤਕਰੇ ਨੂੰ ਆਸਾਨੀ ਨਾਲ ਸਵੀਕਾਰ ਕਰ ਲੈਂਦਾ ਹੈ। ਕਈ ਵਾਰ ਸ਼ਹਿਰੀਕਰਨ ਕਾਰਨ ਜਾਤ ਅਦਿੱਖ ਹੋ ਜਾਂਦੀ ਹੈ। ਪਰ ਉਹ ਲੁਕ ਨਹੀਂ ਸਕਦੀ।

ਕੀ ਅਸੀਂ ਭਾਰਤੀ ਇਸ ਜਾਤ ਨੂੰ ਆਪਣੇ ਨਾਲ ਅਮਰੀਕਾ ਨਹੀਂ ਲੈ ਗਏ ? ਇਸ ਕਾਰਨ ਵਿਤਕਰੇ ਦਾ ਸਾਹਮਣਾ ਕਰਨ ਵਾਲੇ ਲੋਕ ਹੀ ਸੱਚ ਬੋਲ ਸਕਦੇ ਹਨ, ਜਿਨ੍ਹਾਂ ਨੇ ਇਨ੍ਹਾਂ ਦਾ ਵਿਤਕਰਾ ਝੱਲਿਆ ਹੈ। ਉਹ ਸੱਚ ਨਹੀਂ ਬੋਲ ਸਕਦੇ ਜਿਨ੍ਹਾਂ ਜਾਤੀ ਦਾ ਫਾਇਦਾ ਉਠਾਇਆ ਹੈ।

ਅਮਰੀਕਾ ਦੀ 'ਇਕਕੁਅਐਲਟੀ ਲੈਬ' ਨੇ ਆਪਣੇ ਸਰਵੇਖਣ ਵਿੱਚ ਕੰਮ ਵਾਲੀ ਥਾਂ, ਸਿੱਖਿਆ, ਰੋਜ਼ਮਰਾ ਵਿੱਚ ਜਾਤੀ ਵਿਤਕਰੇ ਦਾ ਸਰਵੇਖਣ ਕੀਤਾ ਹੈ। ਜੀਵਨ ਅੰਕੜੇ ਪੇਸ਼ ਕੀਤੇ ਗਏ ਹਨ। ਹਰ 3 ਵਿੱਚੋਂ ਇੱਕ ਦਲਿਤ ਵਿਦਿਆਰਥੀ ਨੇ ਇਸ ਵਿਤਕਰੇ ਦੀ ਸ਼ਿਕਾਇਤ ਕੀਤੀ। **(ਬਾਕੀ ਸਫ਼ਾ 31 'ਤੇ)**

# ਸੱਚ, ਮਿੱਥ ਤੇ ਇਤਿਹਾਸਕ ਸੰਦਰਭ 'ਚ 'ਨਿਊ ਵਰਲਡ ਆਰਡਰ'

ਡਾ. ਸਰਬਜੀਤ ਕੌਰ ਜੰਗ

ਭਾਗ- 9

## 'ਜੀ-20 ਸੰਮੇਲਨ' 'ਚ ਉੱਭਰ ਰਿਹਾ ਨਿਊ ਵਰਲਡ ਆਰਡਰ

ਜੀ-20 ਇੱਕ ਅੰਤਰ-ਸਰਕਾਰੀ ਫੋਰਮ ਹੈ ਜਿਸ ਵਿੱਚ 19 ਦੇਸ਼ ਅਤੇ ਯੂਰਪੀਅਨ ਯੂਨੀਅਨ (EU) ਸ਼ਾਮਲ ਹਨ। ਇਹ ਗਲੋਬਲ ਅਰਥਵਿਵਸਥਾ ਨਾਲ ਸਬੰਧਤ ਪ੍ਰਮੁੱਖ ਮੁੱਦਿਆਂ ਨੂੰ ਹੱਲ ਕਰਨ ਦਾ ਕੰਮ ਕਰਦਾ ਹੈ, ਜਿਵੇਂ ਕਿ ਅੰਤਰਰਾਸ਼ਟਰੀ ਵਿੱਤੀ ਸਥਿਰਤਾ, ਜਲਵਾਯੂ ਪਰਿਵਰਤਨ ਘਟਾਉਣਾ, ਅਤੇ ਟਿਕਾਊ ਵਿਕਾਸ ਆਦਿ ਸ਼ਾਮਿਲ ਹਨ। ਜੀ-20 ਦੁਨੀਆ ਦੀਆਂ ਸਭ ਤੋਂ ਵੱਡੀਆਂ ਅਰਥਵਿਵਸਥਾਵਾਂ ਦਾ ਬਣਿਆ ਹੋਇਆ ਇਕ ਸਮੂਹ ਹੈ, ਜਿਸ ਵਿੱਚ ਉਦਯੋਗਿਕ ਅਤੇ ਵਿਕਾਸਸ਼ੀਲ ਦੇਸ਼ ਸ਼ਾਮਲ ਹਨ : ਇਹ ਕੁੱਲ ਵਿਸ਼ਵ ਉਤਪਾਦ (GWP) ਦਾ ਲਗਭਗ 80%, ਅੰਤਰਰਾਸ਼ਟਰੀ ਵਪਾਰ ਦਾ 75%, ਵਿਸ਼ਵ ਆਬਾਦੀ ਦਾ ਦੋ-ਤਿਹਾਈ ਹਿੱਸਾ, ਅਤੇ ਵਿਸ਼ਵ ਦੇ ਭੂਮੀ ਖੇਤਰ ਦਾ 60% ਹੈ।

ਜੀ-20 ਦੀ ਸਥਾਪਨਾ 1999 ਵਿੱਚ ਕਈ ਵਿਸ਼ਵ ਆਰਥਿਕ ਸੰਕਟਾਂ ਨੂੰ ਹੱਲ ਕਰਨ ਲਈ ਕੀਤੀ ਗਈ ਸੀ। 2008 ਤੋਂ ਜੀ-20 ਦੀ ਬੈਠਕ ਹਰ ਸਾਲ ਘੱਟੋ-ਘੱਟ ਇਕ ਵਾਰ ਬੁਲਾਈ ਜਾਂਦੀ ਹੈ, ਜਿਸ ਵਿੱਚ ਸਰਕਾਰ ਜਾਂ ਰਾਜ ਦੇ ਮੁਖੀ, ਵਿੱਤ ਮੰਤਰੀ, ਜਾਂ ਵਿਦੇਸ਼ ਮੰਤਰੀ ਅਤੇ ਹੋਰ ਉੱਚ-ਦਰਜੇ ਦੇ ਅਧਿਕਾਰੀ ਸ਼ਾਮਲ ਹੁੰਦੇ ਹਨ : ਯੂਰਪੀਅਨ ਯੂਨੀਅਨ ਦੀ ਨੁਮਾਇੰਦਗੀ ਯੂਰਪੀਅਨ ਕਮਿਸ਼ਨ ਅਤੇ ਯੂਰਪੀਅਨ ਸੈਂਟਰਲ ਬੈਂਕ ਦੁਆਰਾ ਕੀਤੀ ਜਾਂਦੀ ਹੈ। ਜੀ-20 ਵਿੱਤ ਮੰਤਰੀਆਂ ਅਤੇ ਕੇਂਦਰੀ ਬੈਂਕ ਗਵਰਨਰਾਂ ਦਾ ਸਿਖਰ ਸੰਮੇਲਨ ਹੈ ਜੋ ਨੇਤਾਵਾਂ ਦੇ ਸੰਮੇਲਨ ਨੂੰ ਤਿਆਰ ਕਰਦੇ ਹਨ ਅਤੇ ਉਨ੍ਹਾਂ ਦੇ ਫੈਸਲਿਆਂ ਨੂੰ ਲਾਗੂ ਕਰਦੇ ਹਨ। ਇਸ ਨੂੰ 2007-2008 ਦੇ ਵਿੱਤੀ ਸੰਕਟ ਅਤੇ ਇਸ 'ਚ ਵਧ ਰਹੀ ਮਾਨਤਾ ਦੇ ਪ੍ਰਤੀਕਰਮ ਵਜੋਂ ਬਣਾਇਆ ਗਿਆ ਸੀ ਜਿਸ ਵਿਚ ਕਿ ਪ੍ਰਮੁੱਖ ਉਭਰ ਰਹੇ ਦੇਸ਼ਾਂ ਨੂੰ ਇਸ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਸੀ। ਇਹ ਗਲੋਬਲ ਆਰਥਿਕ ਚਰਚਾ ਅਤੇ ਨਿਊ ਵਰਲਡ ਆਰਡਰ ਦੇ ਸ਼ਾਸਨ ਦਾ ਮੁੱਢਲਾ ਧੁਰਾ ਹੈ।




ਵਾਸ਼ਿੰਗਟਨ, ਡੀ.ਸੀ. ਵਿੱਚ 2008 ਦੇ ਪਹਿਲੇ ਸੰਮੇਲਨ ਤੋਂ ਬਾਅਦ, ਜੀ-20 ਨੇਤਾ ਸਾਲ 'ਚ ਦੋ ਵਾਰ ਮਿਲਦੇ ਸਨ: 2009 ਵਿੱਚ ਲੰਡਨ ਅਤੇ ਪਿਟਸਬਰਗ ਵਿੱਚ ਜਿੱਥੇ ਜੀ-20 ਸੰਮੇਲਨ 'ਚ ਇੱਕ ਨਵੀਂ ਵਿਸ਼ਵ ਵਿਵਸਥਾ ਉਭਰਦੀ ਨਜ਼ਰ ਆ ਰਹੀ ਸੀ। 2010 ਵਿੱਚ ਟੋਰਾਂਟੋ ਅਤੇ ਸਿਓਲ ਵਿੱਚ ਇਹ ਸੰਮੇਲਨ ਹੋਇਆ ਸੀ। 2011 ਤੋਂ, ਜਦੋਂ ਫਰਾਂਸ ਨੇ ੭੨੦ ਦੀ ਪ੍ਰਧਾਨਗੀ ਅਤੇ ਮੇਜ਼ਬਾਨੀ ਕੀਤੀ, ਸਿਖਰ ਸੰਮੇਲਨ ਸਾਲ ਵਿੱਚ ਸਿਰਫ ਇੱਕ ਵਾਰ ਹੀ ਆਯੋਜਿਤ ਕੀਤਾ ਜਾਣ ਲੱਗਿਆ। 2016 ਸਿਖਰ ਸੰਮੇਲਨ ਹੈਂਗਜ਼ੂ, ਚੀਨ ਵਿੱਚ ਆਯੋਜਿਤ ਕੀਤਾ ਗਿਆ ਸੀ, 2017 ਸਿਖਰ ਸੰਮੇਲਨ ਹੈਮਬਰਗ, ਜਰਮਨੀ ਵਿੱਚ ਆਯੋਜਿਤ ਕੀਤਾ ਗਿਆ ਸੀ, 2018 ਸਿਖਰ ਸੰਮੇਲਨ ਬਿਊਨਸ ਆਇਰਸ, ਅਰਜਨਟੀਨਾ ਵਿੱਚ ਆਯੋਜਿਤ ਕੀਤਾ ਗਿਆ ਸੀ, 2019 ਸਿਖਰ ਸੰਮੇਲਨ ਓਸਾਕਾ, ਜਾਪਾਨ ਵਿੱਚ ਆਯੋਜਿਤ ਕੀਤਾ ਗਿਆ ਸੀ, 2020 ਸਿਖਰ ਸੰਮੇਲਨ ਰਿਆਦ, ਸਾਊਦੀ ਅਰਬ ਵਿਚ ਨਿਯਤ ਕੀਤਾ ਗਿਆ ਸੀ ਪਰ ਇਹ ਕੋਵਿਡ -19 ਦੇ ਕਾਰਨ ਆਨਲਾਇਨ ਹੀ ਆਯੋਜਿਤ ਕੀਤਾ ਗਿਆ ਸੀ, 2021 ਦਾ ਸੰਮੇਲਨ ਰੋਮ, ਇਟਲੀ ਵਿੱਚ ਹੋਇਆ ਸੀ ਅਤੇ 2022 ਦਾ ਸੰਮੇਲਨ ਬਾਲੀ, ਇੰਡੋਨੇਸ਼ੀਆ ਵਿੱਚ ਆਯੋਜਿਤ ਕੀਤਾ ਗਿਆ ਸੀ ਅਤੇ 2023 ਦਾ ੭੨੦ ਸੰਮੇਲਨ ਭਾਰਤ ਵਿਚ ਆਯੋਜਿਤ ਕੀਤਾ ਗਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ, ਇਸ ਸਾਲ 7-20 ਦੀ ਮੇਜ਼ਬਾਨੀ ਭਾਰਤ ਦੇ ਵਧ ਰਹੇ ਰਣਨੀਤਕ ਅਤੇ ਆਰਥਿਕ ਭਾਰ ਦਾ ਲਾਭ ਉਠਾਉਣ ਦਾ ਇੱਕ ਮੌਕਾ ਹੈ।

ਯੂਐਸ ਦੇ ਖਜ਼ਾਨਾ ਸਕੱਤਰ ਜੈਨੇਟ ਯੇਲੇਨ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਵਾਸ਼ਿੰਗਟਨ ਵਿੱਚ ਇੱਕ ਭਾਸ਼ਣ ਦਿੱਤਾ ਜਿਸ ਵਿੱਚ ਵਿਸ਼ਵ ਬੈਂਕ ਦੇ ਸੁਧਾਰ ਦੀ ਮੰਗ ਕੀਤੀ ਗਈ ਸੀ, ਜਿਸ ਵਿੱਚ ਰਿਣਦਾਤਾ ਨੂੰ ਆਪਣੀ ਬੈਲੇਂਸ ਸ਼ੀਟ ਨੂੰ ਵਧਾਉਣ ਅਤੇ ਵਧੇਰੇ ਨਿੱਜੀ-ਸੈਕਟਰ ਪੂੰਜੀ ਦੀ ਭਰਤੀ ਕਰਨ ਵਿੱਚ ਵਧੇਰੇ ਹਮਲਾਵਰ ਹੋਣ ਲਈ ਜ਼ੋਰ ਦਿੱਤਾ ਗਿਆ ਸੀ। ਯੇਲੇਨ ਨੇ ਕਿਹਾ ਕਿ ਅਮਰੀਕਾ ਜੀ-20 ਦੇ ਦੌਰਾਨ ਇੱਕ ਪ੍ਰਮੁੱਖ ਤਰਜੀਹ ਦੇ ਤੌਰ 'ਤੇ ਬਹੁਪੱਖੀ ਵਿਕਾਸ ਬੈਂਕ 'ਵਿਕਾਸ' ਦੀ ਪੈਰਵੀ 'ਤੇ ਭਾਰਤ ਨਾਲ ਨੇੜਿਓਂ ਤਾਲਮੇਲ ਕਰ ਰਿਹਾ ਹੈ। ਯਕੀਨੀ ਤੌਰ 'ਤੇ, ਇੱਥੇ ਸੰਦੇਹ ਹੈ ਕਿ ਭਾਰਤ ਦੇ ਯਤਨ ਕਿਸੇ ਵੀ ਸਮੇਂ ਜਲਦੀ ਹੀ ਗਲੋਬਲ ਆਰਡਰ ਵਿੱਚ ਤਬਦੀਲੀ ਕਰਨਗੇ। ਭਾਰਤ ਦੀ ਵੱਡੀ ਚੁਣੌਤੀ ਜੀ-20 ਮੀਟਿੰਗਾਂ ਵਿੱਚ ਕਿਸੇ ਵੀ ਕਿਸਮ ਦੀ ਸਹਿਮਤੀ ਨੂੰ ਸੁਰੱਖਿਅਤ ਕਰਨਾ ਹੋਵੇਗਾ।

ਭਾਰਤ 'ਚ ਨਿਊ ਵਰਲਡ ਆਰਡਰ ਦੀ ਨੀਤੀ ਨੂੰ ਲਾਗੂ ਕਰਨ ਦਾ ਸਮਾਂ ਆ ਗਿਆ ਹੈ ਜਾਂ ਨਹੀਂ ਇਹ ਨਿਸ਼ਚਤ ਨਹੀ ਪਰ ਦੁਨੀਆ ਦੱਖਣੀ ਏਸ਼ੀਆਈ ਦਿੱਗਜ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੀ। ਇਸ ਦੇ ਨਾਲ ਹੀ ਜਾਪਾਨ, ਯੂਕਰੇਨ, ਪ੍ਰਮਾਣੂ ਨਿਸ਼ਸਤਰੀਕਰਨ ਅਤੇ ਜਲਵਾਯੂ ਪਰਿਵਰਤਨ ਸਮੇਤ ਮੁੱਦਿਆਂ 'ਤੇ ਚਰਚਾ ਕਰਨ ਲਈ ਮਈ ਵਿੱਚ ਸੱਤ ਸਮੂਹ ਦੇ ਸੰਮੇਲਨ ਵਿੱਚ ਭਾਰਤ ਨੂੰ ਸੱਦਾ ਦੇਣ ਬਾਰੇ ਵਿਚਾਰ ਕਰ ਰਿਹਾ ਹੈ।

### ਜੀ-20 ਦੇ ਨਾਲ ਸੰਯੁਕਤ ਰਾਜ ਦੀ ਸ਼ਮੂਲੀਅਤ ਤੇ ਵਿਚਾਰ

ਜੀ-20 ਸੰਯੁਕਤ ਰਾਜ ਅਮਰੀਕਾ ਨੂੰ ਵਿਸ਼ਵ ਦੀਆਂ ਸਭ ਤੋਂ ਵੱਡੀਆਂ ਉੱਨਤ ਅਤੇ ਉੱਭਰਦੀਆਂ ਅਰਥਵਿਵਸਥਾਵਾਂ ਦੇ ਨਾਲ ਸਿੱਧੇ ਤੌਰ 'ਤੇ ਜੁੜਨ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਦਾ ਹੈ ਜੋ ਯੂ.ਐਸ. ਜੀ-20 ਦੇ ਮੈਂਬਰ ਗਲੋਬਲ ਸਕਲ ਘਰੇਲੂ ਉਤਪਾਦ ਦੇ 80 ਪ੍ਰਤੀਸ਼ਤ ਤੋਂ ਵੱਧ, ਵਿਸ਼ਵ ਵਪਾਰ ਦੇ ਤਿੰਨ-ਚੌਥਾਈ ਹਿੱਸੇ, ਅਤੇ ਵਿਸ਼ਵ ਦੀ ਆਬਾਦੀ ਦਾ ਦੋ-ਤਿਹਾਈ ਹਿੱਸਾ ਹਨ। 2008-2009 ਦੇ ਵਿੱਤੀ ਸੰਕਟ ਤੋਂ ਬਾਅਦ ਜੀ-20 ਦਾ ਏਜੰਡਾ ਵਿਸਤ੍ਰਿਤ ਹੋਇਆ ਹੈ ਅਤੇ ਭਾਰਤ ਵਿਚ ਇਹ ਜੀ-20 ਨੇਤਾਵਾਂ ਦੀ ਪਹਿਲੀ ਮੀਟਿੰਗ ਹੈ ਜਿਸ ਵਿੱਚ ਰਾਜਨੀਤਕ ਅਤੇ ਸਮਾਜਿਕ ਮੁੱਦਿਆਂ ਨੂੰ ਸ਼ਾਮਲ ਕੀਤਾ ਗਿਆ ਹੈ ਜੋ ਸਬੰਧਤ ਆਰਥਿਕ ਹਿੱਤਾਂ ਨਾਲ ਮੇਲ ਖਾਂਦੇ ਹਨ।



ਸੰਯੁਕਤ ਰਾਜ ਅਮਰੀਕਾ ਭੋਜਨ, ਸਿਹਤ, ਊਰਜਾ ਅਤੇ ਔਰਤਾਂ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ, ਅੱਤਵਾਦ ਅਤੇ ਨਸ਼ੀਲੇ ਪਦਾਰਥਾਂ ਦਾ ਮੁਕਾਬਲਾ ਕਰਨ ਅਤੇ ਨਵਿਆਉਣਯੋਗ ਊਰਜਾ ਅਤੇ ਟਿਕਾਊ ਵਿਕਾਸ 'ਤੇ ਸਹਿਯੋਗ ਨੂੰ ਡੂੰਘਾ ਕਰਨ ਸਮੇਤ ਗਲੋਬਲ ਚੁਣੌਤੀਆਂ ਲਈ ਕਾਰਵਾਈ-ਮੁਖੀ ਹੱਲ ਪ੍ਰਦਾਨ ਕਰਨ ਲਈ ਭਾਰਤ ਦੀਆਂ ਜੀ-20 ਤਰਜੀਹਾਂ ਦਾ ਜ਼ੋਰਦਾਰ ਸਮਰਥਨ ਕਰਦਾ ਹੈ। ਇਸ ਸਬੰਧ ਵਿਚ ਸਕੱਤਰ ਬਲਿੰਕੇਨ ਜੀ-20 ਮੈਂਬਰਾਂ ਅਤੇ ਸੱਦੇ ਗਏ ਭਾਈਵਾਲਾਂ ਦੇ ਆਪਣੇ ਹਮਰੁਤਬਾ ਨਾਲ ਗੱਲਬਾਤ ਕਰਨਗੇ।

### ਜੀ-20 'ਤੇ ਭੋਜਨ, ਸਿਹਤ, ਊਰਜਾ, ਅਤੇ ਔਰਤਾਂ ਦੀ ਸੁਰੱਖਿਆ ਲਈ ਸੰਯੁਕਤ ਰਾਜ ਦੀ ਵਚਨਬੱਧਤਾ ਨੂੰ ਮਜ਼ਬੂਤ ਕਰਨਾ

ਗਲੋਬਲ ਭੋਜਨ ਅਸੁਰੱਖਿਆ, ਗਲੋਬਲ ਸਿਹਤ, ਜਲਵਾਯੂ ਸੰਕਟ, ਊਰਜਾ ਅਸੁਰੱਖਿਆ, ਅਤੇ ਇੱਕ ਖੁਸ਼ਹਾਲ ਅਤੇ ਟਿਕਾਊ ਆਲਮੀ ਅਰਥਚਾਰੇ ਦੇ ਨਿਰਮਾਣ ਸਮੇਤ ਗਲੋਬਲ ਚੁਣੌਤੀਆਂ ਨਾਲ ਨਜਿੱਠਣ ਲਈ ਸਮੂਹਿਕ ਕਾਰਵਾਈ ਨੂੰ ਜੁਟਾਉਣ ਲਈ ਬਹੁਪੱਖੀਵਾਦ ਮਹੱਤਵਪੂਰਨ ਹੈ। ਸੰਯੁਕਤ ਰਾਜ ਪ੍ਰਭਾਵੀ ਅਤੇ ਜਵਾਬਦੇਹ ਬਹੁਪੱਖੀ ਮੰਚਾਂ ਅਤੇ ਸੰਸਥਾਵਾਂ ਦਾ ਸਮਰਥਨ ਕਰਨ ਲਈ ਵਚਨਬੱਧ ਹੈ। ਅਸੀਂ ਗਤੀਵਿਧੀ ਅਤੇ ਸੰਸਥਾਗਤ ਪੱਧਰਾਂ ਦੋਵਾਂ 'ਤੇ ਨਤੀਜਿਆਂ ਲਈ ਜਵਾਬਦੇਹੀ ਯਕੀਨੀ ਬਣਾਉਣ ਲਈ ਆਪਣੇ ਅੰਤਰਰਾਸ਼ਟਰੀ ਭਾਈਵਾਲਾਂ ਨਾਲ ਮਿਲ ਕੇ ਕੰਮ ਕਰਦੇ ਹਾਂ।

ਸੰਕਟ ਸ਼ੁਰੂ ਹੋਣ ਤੋਂ ਪਹਿਲਾਂ, ਸੰਯੁਕਤ ਰਾਜ ਅਮਰੀਕਾ ਵਿਸ਼ਵਵਿਆਪੀ ਭੋਜਨ ਅਸੁਰੱਖਿਆ ਨੂੰ ਘਟਾਉਣ ਦੀਆਂ ਕੋਸ਼ਿਸ਼ਾਂ ਵਿੱਚ ਸਭ ਤੋਂ ਅੱਗੇ ਰਿਹਾ ਹੈ। ਅਸੀਂ ਫਰਵਰੀ 2022 ਤੋਂ ਯੂ.ਐੱਸ. ਦੀ ਮਾਨਵਤਾਵਾਦੀ ਅਤੇ ਭੋਜਨ ਸੁਰੱਖਿਆ ਸਹਾਇਤਾ ਵਿੱਚ $13.5 ਬਿਲੀਅਨ ਸਮਰਪਿਤ ਕੀਤੇ ਹਨ। ਸੰਯੁਕਤ ਰਾਜ ਅਮਰੀਕਾ ਉਹਨਾਂ ਪ੍ਰੋਗਰਾਮਾਂ ਨਾਲ ਖੇਤੀਬਾੜੀ ਸਮਰੱਥਾ ਅਤੇ ਲਚਕੀਲਾਪਣ ਵਧਾ ਰਿਹਾ ਹੈ ਜੋ ਭੋਜਨ ਸੁਰੱਖਿਆ ਅਤੇ ਰੋਜ਼ੀ-ਰੋਟੀ ਦੀ ਰੱਖਿਆ ਲਈ ਪਰਿਵਾਰਾਂ ਨਾਲ ਕੰਮ ਕਰਦੇ ਹਨ ਅਤੇ ਬਿਹਤਰ ਖੇਤੀ ਉਤਪਾਦਨ ਲਈ ਬੁਨਿਆਦੀ ਸ਼ਰਤਾਂ ਜਿਵੇਂ ਕਿ ਚੰਗੀ ਮਿੱਟੀ ਅਤੇ ਜਲਵਾਯੂ ਪਰਿਵਰਤਨ ਦੇ ਅਨੁਕੂਲ ਫਸਲਾਂ ਦੀਆਂ ਕਿਸਮਾਂ ਮੌਜੂਦ ਹਨ।

ਯੂਐਸ ਅਫਰੀਕਾ ਲੀਡਰਜ਼ ਸਮਿਟ ਦੇ ਹਾਸ਼ੀਏ 'ਤੇ, ਸੰਯੁਕਤ ਰਾਜ ਅਤੇ ਅਫਰੀਕਨ ਯੂਨੀਅਨ (ਏਯੂ) ਨੇ ਖੁਰਾਕ ਸੁਰੱਖਿਆ 'ਤੇ ਇੱਕ ਸੰਯੁਕਤ ਰਣਨੀਤਕ ਭਾਈਵਾਲੀ ਦੀ ਸਥਾਪਨਾ ਕੀਤੀ। ਭਾਈਵਾਲੀ ਦੇ ਹਿੱਸੇ ਵਜੋਂ, ਸੰਯੁਕਤ ਰਾਜ ਅਮਰੀਕਾ ਅਤੇ ਖੁਰਾਕ ਸੁਰੱਖਿਆ 'ਤੇ ਏ.ਯੂ. ਦੇ ਪ੍ਰਤੀਨਿਧ ਮੰਡਲ ਸਾਂਝੇ ਬਿਆਨ ਵਿੱਚ ਵਚਨਬੱਧਤਾਵਾਂ ਨੂੰ ਪੂਰਾ ਕਰਨ ਲਈ ਸਾਂਝੇ ਟਾਸਕ ਫੋਰਸ ਬਣਾਉਣ ਲਈ ਸਹਿਮਤ ਹੋਏ ਹਨ। 2022 ਵਿੱਚ, ਯੂ.ਐੱਸ. ਦੀ ਅਗਵਾਈ ਵਾਲੀ ਗਲੋਬਲ ਫਰਟੀਲਾਈਜ਼ਰ ਚੈਲੇਂਜ ਨੇ ਖਾਦ ਦੀ ਕੁਸ਼ਲਤਾ ਵਿੱਚ ਵਾਧਾ ਕਰਕੇ ਅਤੇ ਮਿੱਟੀ ਦੀ ਸਿਹਤ ਵਿੱਚ ਸੁਧਾਰ ਕਰਕੇ ਭੋਜਨ ਦੀ ਅਸੁਰੱਖਿਆ ਦਾ ਮੁਕਾਬਲਾ ਕਰਨ ਲਈ ਨਵੇਂ ਫੰਡਿੰਗ ਵਿੱਚ $135 ਮਿਲੀਅਨ ਇਕੱਠੇ ਕਰਕੇ, ਆਪਣੇ ਸ਼ੁਰੂਆਤੀ $100 ਮਿਲੀਅਨ ਟੀਚੇ ਨੂੰ ਪਾਰ ਕਰ ਲਿਆ।

ਕਾਲਾ ਸਾਗਰ ਅਨਾਜ ਪਹਿਲਕਦਮੀ ਵਿਸ਼ਵਵਿਆਪੀ ਭੋਜਨ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਸਾਡੇ ਸਾਂਝੇ ਯਤਨਾਂ ਦੀ ਇੱਕ ਹੋਰ ਉਦਾਹਰਣ ਹੈ। ਇਹ ਪਹਿਲ ਦੁਨੀਆ ਭਰ ਦੇ ਕਮਜ਼ੋਰ ਲੋਕਾਂ ਲਈ ਇੱਕ ਸ਼ਾਬਦਿਕ ਜੀਵਨ ਬਚਾਉਣ ਵਾਲੀ ਹੈ। ਇਹ ਯਕੀਨੀ ਬਣਾਉਂਦਾ ਹੈ ਕਿ ਯੂਕਰੇਨੀ ਅਨਾਜ ਗਲੋਬਲ ਮਾਰਕੀਟ ਤੱਕ ਪਹੁੰਚ ਸਕਦਾ ਹੈ ਅਤੇ ਹਰ ਕਿਸੇ ਲਈ ਭੋਜਨ ਦੀਆਂ ਕੀਮਤਾਂ ਨੂੰ ਹੇਠਾਂ ਲਿਆਇਆ ਹੈ। ਇਹ ਜ਼ਰੂਰੀ ਹੈ ਕਿ ਜੀ-20 ਕਾਲੇ ਸਾਗਰ ਅਨਾਜ ਪਹਿਲਕਦਮੀ ਨੂੰ ਕਾਇਮ ਰੱਖਣ ਅਤੇ ਇਸ ਨੂੰ ਵਧਾਉਣ ਦੀ ਤਰਫੋਂ ਗੱਲ ਕਰੇ।

ਗਲੋਬਲ ਊਰਜਾ ਅਸੁਰੱਖਿਆ ਅਤੇ ਕੀਮਤਾਂ ਦੇ ਵਾਧੇ ਨੂੰ ਘੱਟ ਕਰਨ ਲਈ, ਸੰਯੁਕਤ ਰਾਜ ਅਮਰੀਕਾ ਨੇ ਅੰਤਰਰਾਸ਼ਟਰੀ ਊਰਜਾ ਏਜੰਸੀ ਦੇ ਮੈਂਬਰਾਂ ਨਾਲ ਤਾਲਮੇਲ ਕੀਤਾ ਤਾਂ ਜੋ ਸਾਡੇ ਰਣਨੀਤਕ ਭੰਡਾਰਾਂ ਤੋਂ ਲਗਭਗ 180 ਮਿਲੀਅਨ ਬੈਰਲ ਤੇਲ ਗਲੋਬਲ ਮਾਰਕੀਟ ਨੂੰ ਸਪਲਾਈ ਬਣਾਈ ਰੱਖਣ ਅਤੇ ਕੀਮਤਾਂ ਨੂੰ ਸਥਿਰ ਕਰਨ ਲਈ ਛੱਡਿਆ ਜਾ ਸਕੇ, ਭਾਈਵਾਲਾਂ ਨੇ ਲਗਭਗ 60 ਮਿਲੀਅਨ ਹੋਰ ਜਾਰੀ ਕੀਤੇ। ਬੈਰਲ ਇਸ ਸਮੂਹਿਕ ਕਾਰਵਾਈ ਦੇ ਜ਼ਰੀਏ, ਸੰਯੁਕਤ ਰਾਜ ਅਤੇ ਇਸਦੇ ਸਹਿਯੋਗੀ ਦੇਸ਼ਾਂ ਨੇ ਯੂਕਰੇਨ ਦੇ ਖਿਲਾਫ ਪੁਤਿਨ ਦੇ ਹਮਲੇ ਦੀ ਬਿਨਾਂ ਭੜਕਾਹਟ ਦੇ ਯੁੱਧ ਦੇ ਕਾਰਨ ਸਪਲਾਈ ਰੁਕਾਵਟਾਂ ਦੇ ਵਿਰੁੱਧ ਦੁਨੀਆ ਭਰ ਦੇ ਖਪਤਕਾਰਾਂ ਦੀ ਰੱਖਿਆ ਕੀਤੀ। ਅਸੀਂ ਗੈਰ-ਕਾਨੂੰਨੀ ਸਿੰਥੈਟਿਕ ਡਰੱਗਜ਼ ਦੇ ਪ੍ਰਸਾਰ ਅਤੇ ਇਸ ਨਾਲ ਪੇਸ਼ ਆ ਰਹੀ ਬੁਨਿਆਦੀ ਗਲੋਬਲ ਡਰੱਗ ਚੁਣੌਤੀ ਨੂੰ ਹੱਲ ਕਰਨ ਲਈ ਵਚਨਬੱਧ ਹਾਂ। ਜੀ-20 ਇਸ ਕਿਸਮ ਦੀ ਗਲੋਬਲ ਸਿਹਤ ਅਤੇ ਸੁਰੱਖਿਆ ਸਮੱਸਿਆ 'ਤੇ ਸਮੂਹਿਕ ਕਾਰਵਾਈ ਨੂੰ ਜੁਟਾਉਣ ਲਈ ਵਿਲੱਖਣ ਤੌਰ 'ਤੇ ਸਥਿਤੀ ਵਿੱਚ ਹੈ।ਸੰਯੁਕਤ ਰਾਜ ਅਮਰੀਕਾ ਕਮਿਊਨਿਟੀ ਦੀ ਸਿਹਤ ਅਤੇ ਤੰਦਰੁਸਤੀ ਵਿੱਚ ਨਿਵੇਸ਼ ਨੂੰ ਤੇਜ਼ ਕਰਕੇ ਗਲੋਬਲ ਸਿਹਤ ਨੂੰ ਬਿਹਤਰ ਬਣਾਉਣ 'ਤੇ ਕੇਂਦ੍ਰਿਤ ਰਹਿੰਦਾ ਹੈ।

ਜੀ-20 ਦਾ ਇਹ ਸੰਮੇਲਨ ਭਾਰਤ 'ਚ ਕਰਨ ਦਾ ਸਭ ਤੋਂ ਵੱਡਾ ਕਾਰਨ ਕਿ ਭਾਰਤ ਦਾ ਪ੍ਰੈਜ਼ੀਡੈਂਸੀ ਗਲੋਬਲ ਦੱਖਣ ਦੇ ਦੂਜੇ ਦੋ ਦੇਸ਼ਾਂ, ਇੰਡੋਨੇਸ਼ੀਆ ਅਤੇ ਬ੍ਰਾਜ਼ੀਲ ਦੀ ਤਿਕੋਣੀ ਵਿੱਚ ਸਥਿਤ ਹੈ। ਜਿਵੇਂ ਕਿ ਵਿਦੇਸ਼ ਮਾਮਲਿਆਂ ਦੇ ਮੰਤਰੀ, ਐਸ ਜੈਸ਼ੰਕਰ ਨੇ ਕਿਹਾ, 'ਭਾਰਤ ਦੇ ਕੂਟਨੀਤਕ ਇਤਿਹਾਸ ਵਿੱਚ ਸਾਡੇ ਕੋਲ ਕਦੇ ਵੀ ਇੰਨੇ ਸ਼ਕਤੀਸ਼ਾਲੀ ਦੇਸ਼, ਦੁਨੀਆ ਦੀਆਂ ਚੋਟੀ ਦੀਆਂ 20 ਅਰਥਵਿਵਸਥਾਵਾਂ ਅਤੇ ਉਨ੍ਹਾਂ ਦੇ ਨੇਤਾ ਭਾਰਤ ਨਹੀਂ ਆਏ ਹਨ।' ਭਾਰਤ ਵਿਚ ਇਨ੍ਹਾਂ ਦਾ ਆਗਮਨ ਨਿਊ ਵਰਲਡ ਆਰਡਰ ਦੀ ਨੀਤੀ ਨੂੰ ਹੋਰ ਮਜਬੂਤ ਕਰ ਕੇ ਇਕ ਸਰਕਾਰ ਬਣਾਉਣ ਦੇ ਰਸਤੇ ਕੱਢੇਗਾ।

(ਚਲਦਾ)



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅਧਿਕਾਰੀਆਂ ਨੂੰ ਸੂਬੇ ਵਿੱਚ ਜੀ-20 ਸੰਮੇਲਨ ਦੇ ਦੋ ਸੈਸ਼ਨਾਂ ਨੂੰ ਸਫਲ ਬਣਾਉਣ ਲਈ ਆਪਣੀਆਂ ਪੁਰਜ਼ੋਰ ਤਿਆਰੀਆਂ ਕਰਨ ਲਈ ਕਿਹਾ। ਪੰਜਾਬ ਵਿੱਚ ਇਸ ਸੰਮੇਲਨ ਦੇ ਦੋ ਸੈਸ਼ਨ ਹੋਣੇ ਹਨ - ਪਹਿਲਾ 15-17 ਮਾਰਚ ਜਿਸ ਦਾ ਮੁੱਖ ਮੁੱਦਾ ਸਿੱਖਿਆ ਅਤੇ ਦੂਜਾ 19-20 ਮਾਰਚ ਦਰਮਿਆਨ ਜੋ ਕਿਰਤ ਸਬੰਧੀ ਵੀਚਾਰਾਂ ਨੂੰ ਲੈ ਕੇ ਹੋਵੇਗਾ।

ਅੰਮ੍ਰਿਤਸਰ ਵਿੱਚ ਮੀਟਿੰਗ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਪੁੱਜੇ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਇਸ ਸਮਾਗਮ ਦੀ ਮੇਜ਼ਬਾਨੀ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਅਧਿਕਾਰੀਆਂ ਨੂੰ ਕਾਰਜਕਾਰੀ ਸੈਸ਼ਨ ਲਈ ਪੁਖਤਾ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਲਈ ਕਿਹਾ। ਭਗਵੰਤ ਮਾਨ ਨੇ ਉਮੀਦ ਜ਼ਾਹਰ ਕੀਤੀ ਕਿ ਸੂਬਾ ਸਰਕਾਰ ਸੂਬੇ ਵਿੱਚ ਜੀ-20 ਸੰਮੇਲਨ ਦੇ ਦੋ ਸੈਸ਼ਨਾਂ ਦੀ ਸਫਲਤਾਪੂਰਵਕ ਮੇਜ਼ਬਾਨੀ ਕਰਕੇ ਇੱਕ ਮਾਪਦੰਡ ਸਥਾਪਤ ਕਰੇਗੀ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਸਮਾਗਮ ਨੂੰ ਪੰਜਾਬ ਲਈ ਨਿਵੇਸ਼ ਅਤੇ ਰੁਜ਼ਗਾਰ ਪੈਦਾ ਕਰਨ ਦਾ ਇੱਕ ਸੁਨਹਿਰੀ ਮੌਕਾ ਸਮਝਿਆ। ਜੀ-20 ਤੋਂ ਪਹਿਲਾਂ ਆਪਣੇ ਪ੍ਰਸ਼ਾਸਨ ਦੇ ਪ੍ਰਬੰਧਾਂ ਦੀ ਪੁਸ਼ਟੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਅਫਵਾਹਾਂ ਫੈਲਾਉਣ ਵਾਲੇ ਸੂਬੇ ਦੇ ਅਕਸ ਨੂੰ ਖਰਾਬ ਕਰਨ ਵਿੱਚ ਕਦੇ ਵੀ ਕਾਮਯਾਬ ਨਹੀਂ ਹੋਣਗੇ। ਸੀ.ਐਮ ਮਾਨ ਨੇ ਕਿਹਾ ਕਿ ਇਸ ਸਮਾਗਮ ਨੂੰ ਵੱਡੀ ਪੱਧਰ 'ਤੇ ਸਫ਼ਲ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਦੱਸਣਯੋਗ ਹੈ ਕਿ ਕੇਂਦਰ ਸਰਕਾਰ ਜੀ-20 ਸੰਮੇਲਨ ਦਾ ਸਥਾਨ ਪੰਜਾਬ ਤੋਂ ਬਾਹਰ ਤਬਦੀਲ ਕਰਨ ਦੀ ਯੋਜਨਾ ਬਣਾ ਰਹੀ ਹੈ।

# ਨਿਤਿਆਨੰਦ ਦੇ ਕੈਲਾਸਾ ਨੂੰ ਮਿਲਿਆ ਵਿਸ਼ੇਸ਼ ਦਰਜਾ ਖੋਹਿਆ

## ਅਮਰੀਕਾ ਦੇ ਨੇਵਾਰਕ ਸ਼ਹਿਰ ਨੇ ਸਿਸਟਰ ਸਿਟੀ ਮੰਨਿਆ ਸੀ, ਹੁਣ ਕਿਹਾ-ਧੋਖੇ ਨਾਲ ਕੀਤਾ ਸੀ ਸਮਝੌਤਾ

## ਨਿਤਿਆਨੰਦ ਦੇ 'ਕਾਲਪਨਿਕ ਦੇਸ਼' ਕੈਲਾਸਾ ਦੀ ਪ੍ਰਤੀਨਿਧੀ ਦੇ ਵਿਚਾਰਾਂ ਨੂੰ ਸੰਯੁਕਤ ਰਾਸ਼ਟਰ ਨੇ ਕੀਤਾ ਨਜ਼ਰਅੰਦਾਜ਼

ਨਿਊਯਾਰਕ/ਏ.ਟੀ.ਨਿਊਜ਼ :- ਨੇਵਾਰਕ ਨੇ 18 ਜਨਵਰੀ ਨੂੰ ਕੈਲਾਸਾ ਨਾਲ ਹੋਏ ਸਿਸਟਰ ਸਿਟੀ ਦੇ ਸਮਝੌਤੇ ਨੂੰ ਖਤਮ ਕਰ ਦਿੱਤਾ ਗਿਆ ਸੀ। ਅਮਰੀਕਾ ਦੇ ਸ਼ਹਿਰ ਨੇਵਾਰਕ ਨੇ ਭਾਰਤ ਦੇ ਭਗੌੜੇ ਸਵਾਮੀ ਨਿਤਿਆਨੰਦ ਦੇ ਦੇਸ਼ ਕੈਲਾਸਾ ਨਾਲ ਆਪਣਾ ਸਿਸਟਰ ਸਿਟੀ ਦਾ ਸਮਝੌਤਾ ਰੱਦ ਕਰ ਦਿੱਤਾ ਸੀ। ਨੇਵਾਰਕ ਦੀ ਪ੍ਰੈਸ ਸਕੱਤਰ ਸੁਜ਼ੈਨ ਗਾਰੋਫਾਲੋ ਨੇ ਸਮਝੌਤੇ 'ਤੇ ਅਫਸੋਸ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ- ਕੈਲਾਸਾ ਦੀਆਂ ਸਥਿਤੀਆਂ ਬਾਰੇ ਪਤਾ ਲਗਦਿਆਂ ਹੀ ਅਸੀਂ ਸਮਝੌਤਾ ਖਤਮ ਕਰ ਦਿੱਤਾ ਸੀ। ਇਹ ਸਮਝੌਤਾ ਧੋਖੇ ਨਾਲ ਕੀਤਾ ਗਿਆ ਸੀ।

ਦਰਅਸਲ, ਯੂਐਸ ਦੇ ਸ਼ਹਿਰ ਨੇਵਾਰਕ ਨੇ 11 ਜਨਵਰੀ ਨੂੰ ਕੈਲਾਸਾ ਨਾਲ ਇੱਕ ਸਿਸਟਰ ਸਿਟੀ ਦਾ ਸਮਝੌਤਾ ਕੀਤਾ ਸੀ। ਇਸ ਤੋਂ ਬਾਅਦ ਨਿਤਿਆਨੰਦ ਨੇ ਦਾਅਵਾ ਕੀਤਾ ਸੀ ਕਿ ਅਮਰੀਕਾ ਨੇ ਉਨ੍ਹਾਂ ਦੇ ਦੇਸ਼ ਨੂੰ ਮਾਨਤਾ ਦੇ ਦਿੱਤੀ ਹੈ। ਨਿਤਿਆਨੰਦ ਨੇ ਇਸ ਸਮਝੌਤੇ ਨਾਲ ਜੁੜੇ ਸਮਾਰੋਹ ਦੀਆਂ ਕਈ ਤਸਵੀਰਾਂ ਫੇਸਬੁੱਕ 'ਤੇ ਵੀ ਸ਼ੇਅਰ ਕੀਤੀਆਂ ਸਨ।

ਸਮਝੌਤਾ 18 ਜਨਵਰੀ ਨੂੰ ਰੱਦ ਕਰ ਦਿੱਤਾ ਗਿਆ

ਨੇਵਾਰਕ ਕੌਂਸਲਮੈਨ ਲੁਈਸ ਕੁਇੰਟਾਨਾ ਨੇ ਸਮਝੌਤੇ ਨੂੰ ਰੱਦ ਕਰਨ ਲਈ 18 ਜਨਵਰੀ ਨੂੰ ਇੱਕ ਮਤਾ ਪੇਸ਼ ਕੀਤਾ ਸੀ। ਕੁਇੰਟਾਨਾ ਨੇ ਕਿਹਾ ਸੀ- ਕਿਸੇ ਵੀ ਦੇਸ਼ ਨੂੰ ਸਿਸਟਰ ਸਿਟੀ ਐਗਰੀਮੈਂਟ 'ਚ ਸ਼ਾਮਲ ਹੋਣ ਲਈ ਉੱਥੇ ਮਨੁੱਖੀ ਅਧਿਕਾਰਾਂ ਦਾ ਸਹੀ ਢੰਗ ਨਾਲ ਪਾਲਣ ਕਰਨਾ ਜ਼ਰੂਰੀ ਹੈ। ਅਸੀਂ ਕਿਸੇ ਅਜਿਹੇ ਦੇਸ਼ ਨੂੰ ਸ਼ਾਮਲ ਨਹੀਂ ਕਰ ਸਕਦੇ ਜੋ ਵਿਵਾਦਾਂ ਵਿੱਚ ਘਿਰਿਆ ਹੋਇਆ ਹੋਵੇ ਅਤੇ ਜਿੱਥੇ ਮਨੁੱਖੀ ਅਧਿਕਾਰਾਂ ਦੀ ਪਾਲਣਾ ਨਾ ਹੁੰਦੀ ਹੋਵੇ। ਇਹ ਸਮਝੌਤਾ ਇੱਕ ਗਲਤੀ ਸੀ ਜੋ ਅਸੀਂ ਨਹੀਂ ਕਰ ਸਕਦੇ। ਇਸ ਤੋਂ ਬਾਅਦ ਨੇਵਾਰਕ ਨੇ ਮਤਾ ਪਾਸ ਕਰਕੇ ਇਸ ਸਮਝੌਤੇ ਨੂੰ ਰੱਦ ਕਰ ਦਿੱਤਾ।

ਇਸ ਤੋਂ ਪਹਿਲਾਂ 24 ਫਰਵਰੀ ਨੂੰ ਜਨੇਵਾ ਵਿਚ ਸੰਯੁਕਤ ਰਾਸ਼ਟਰ ਦੀ ਬੈਠਕ ਵਿਚ ਨਿਤਿਆਨੰਦ ਦੇ ਕਥਿਤ ਦੇਸ਼ ਕੈਲਾਸਾ ਦੀ ਪ੍ਰਤੀਨਿਧੀ ਵਿਜੇਪ੍ਰਿਆ ਨੂੰ ਵੀ ਦੇਖਿਆ ਗਿਆ ਸੀ। ਇਸ ਦੌਰਾਨ ਉਨ੍ਹਾਂ ਨੇ ਆਰਥਿਕ ਅਤੇ ਸਮਾਜਿਕ ਅਧਿਕਾਰਾਂ ਦੇ ਨਾਲ ਟਿਕਾਊ ਵਿਕਾਸ ਸਬੰਧੀ ਚਰਚਾ ਵਿਚ ਹਿੱਸਾ ਲਿਆ ਸੀ।



### ਕੀ ਹੈ ਕਾਲਪਨਿਕ ਦੇਸ਼ ਕੈਲਾਸਾ ?

ਸਾਲ 2019 ਵਿੱਚ ਭਾਰਤ ਛੱਡਣ ਤੋਂ ਬਾਅਦ, ਨਿਤਿਆਨੰਦ ਨੇ ਦਾਅਵਾ ਕੀਤਾ ਕਿ ਉਸ ਨੇ ਇਕਵਾਡੋਰ ਦੇ ਤੱਟ ਨੇੜੇ ਇੱਕ ਟਾਪੂ ਖ਼ਰੀਦਿਆ ਹੈ।ਹੁਣ ਉਹ ਉਸੇ ਟਾਪੂ ਨੂੰ ਯੁਨਾਈਟਿਡ ਸਟੇਟ ਆਫ਼ ਕੈਲਾਸਾ ਯਾਨੀ ਸੰਯੁਕਤ ਰਾਜ ਕੈਲਾਸਾ ਕਹਿੰਦੇ ਹਨ। ਉਸ ਸਮੇਂ ਇਕਵਾਡੋਰ ਨੇ ਨਿਤਿਆਨੰਦ ਦੀ ਦੇਸ਼ ਵਿੱਚ ਮੌਜੂਦਗੀ ਤੋਂ ਇਨਕਾਰ ਕੀਤਾ ਸੀ। ਇਕਵਾਡੋਰ ਨੇ ਕਿਹਾ ਸੀ ਕਿ ਨਿਤਿਆਨੰਦ ਨੂੰ ਇਕਵਾਡੋਰ 'ਚ ਸ਼ਰਨ ਨਹੀਂ ਦਿੱਤੀ ਗਈ ਹੈ। ਇਕਵਾਡੋਰ ਦੀ ਸਰਕਾਰ ਨੇ ਉਨ੍ਹਾਂ ਦੀ ਕੋਈ ਮਦਦ ਨਹੀਂ ਕੀਤੀ।

ਨਿਤਿਆਨੰਦ 2019 ਤੋਂ ਬਾਅਦ ਜਨਤਕ ਤੌਰ 'ਤੇ ਨਜ਼ਰ ਨਹੀਂ ਆਏ ਹਨ। ਪਰ ਉਹ ਆਪਣੇ ਪ੍ਰਵਚਨਾਂ ਦੀਆਂ ਵੀਡੀਓਜ਼ ਸੋਸ਼ਲ ਮੀਡੀਆ 'ਤੇ ਪੋਸਟ ਕਰਦੇ ਰਹਿੰਦੇ ਹਨ। ਬਰਤਾਨਵੀਂ ਅਖਬਾਰ 'ਦਿ ਗਾਰਡੀਅਨ' ਨੇ ਪਿਛਲੇ ਸਾਲ ਲਿਖਿਆ ਸੀ ਕਿ ਨਿਤਿਆਨੰਦ ਦੇ ਬਰਤਾਨਵੀਂ ਪ੍ਰਤੀਨਿਧੀ ਨੇ ਹਾਊਸ ਆਫ਼ ਲਾਰਡਸ ਵਿੱਚ ਇੱਕ ਦੀਵਾਲੀ ਮਨਾਉਣ ਲਈ ਰੱਖੀ ਗਈ ਪਾਰਟੀ' 'ਚ ਸ਼ਿਰਕਤ ਕੀਤੀ ਸੀ। ਉਨ੍ਹਾਂ ਨੂੰ ਕੰਜ਼ਰਵੇਟਿਵ ਪਾਰਟੀ ਦੇ ਦੋ ਸੰਸਦ ਮੈਂਬਰਾਂ ਨੇ ਸੱਦਾ ਦਿੱਤਾ ਸੀ।ਫ਼ਰਵਰੀ ਵਿੱਚ, ਨਿਤਿਆਨੰਦ ਨੇ ਸੰਯੁਕਤ ਰਾਸ਼ਟਰ ਦੇ ਪ੍ਰੋਗਰਾਮ ਬਾਰੇ ਵਿਜੇਪ੍ਰਿਆ ਨਿਤਿਆਨੰਦ ਦੀ ਇੱਕ ਤਸਵੀਰ ਟਵੀਟ ਕੀਤੀ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਵਿਜੇਪ੍ਰਿਆ ਨੂੰ ਕੈਲਾਸਾ ਦੇ ਰਾਜਦੂਤ ਵਜੋਂ ਯੂ.ਕੇ., ਕੈਨੇਡਾ ਸਮੇਤ ਕਈ ਦੇਸ਼ਾਂ ਵਿੱਚ ਪਰਿਚਿਤ ਕਰਵਾਇਆ ਸੀ। ਕੈਲਾਸਾ ਦੀ ਵੈੱਬਸਾਈਟ ਮੁਤਾਬਕ ਦੁਨੀਆ ਦੇ ਦੋ ਅਰਬ ਹਿੰਦੂ ਇਸ ਦਾ ਹਿੱਸਾ ਹਨ। ਕੈਲਾਸਾ ਦਾ ਦਾਅਵਾ ਹੈ ਕਿ ਉਸ ਦਾ ਆਪਣਾ ਝੰਡਾ, ਸੰਵਿਧਾਨ, ਕੇਂਦਰੀ ਬੈਂਕ, ਪਾਸਪੋਰਟ ਅਤੇ ਰਾਸ਼ਟਰੀ ਚਿੰਨ੍ਹ ਵੀ ਹੈ।

### ਨਿਤਿਆਨੰਦ 2019 'ਚ ਦੇਸ਼ ਛੱਡ ਕੇ ਭੱਜ ਗਿਆ ਸੀ



2010 ਵਿੱਚ ਨਿਤਿਆਨੰਦ ਦੀ ਇੱਕ ਚੇਲੀ ਨੇ ਉਨ੍ਹਾਂ ਉੱਤੇ ਬਲਾਤਕਾਰ ਦਾ ਇਲਜ਼ਾਮ ਲਗਾਇਆ ਸੀ। ਜਾਂਚ ਤੋਂ ਬਾਅਦ, 2019 ਵਿੱਚ, ਗੁਜਰਾਤ ਪੁਲਿਸ ਨੇ ਕਿਹਾ ਸੀ ਕਿ ਬੱਚਿਆਂ ਨੂੰ ਅਗਵਾ ਕਰਕੇ ਨਿਤਿਆਨੰਦ ਦੇ ਆਸ਼ਰਮ ਵਿੱਚ ਰੱਖਿਆ ਜਾਂਦਾ ਸੀ। ਇਸ ਤੋਂ ਬਾਅਦ ਪੁਲਿਸ ਨੇ ਛਾਪਾ ਮਾਰ ਕੇ 2 ਲੋਕਾਂ ਨੂੰ ਗ੍ਰਿਫਤਾਰ ਕਰ ਲਿਆ ਸੀ। ਇਸ ਤੋਂ ਬਾਅਦ 2019 ਦੌਰਾਨ ਨਿਤਿਆਨੰਦ ਦੇਸ਼ ਛੱਡ ਕੇ ਭੱਜ ਗਿਆ। 2020 ਵਿੱਚ, ਉਸਨੇ ਕੈਲਾਸ਼ਾ ਨਾਮ ਦਾ ਆਪਣਾ ਵੱਖਰਾ ਟਾਪੂ ਸਥਾਪਤ ਕਰਨ ਅਤੇ ਇੱਕ ਵੱਖਰੇ ਦੇਸ਼ ਦਾ ਦਰਜਾ ਪ੍ਰਾਪਤ ਕਰਨ ਦਾ ਦਾਅਵਾ ਕੀਤਾ ਸੀ। ਹਾਲਾਂਕਿ ਹੁਣ ਤੱਕ ਕਿਸੇ ਵੀ ਦੇਸ਼ ਨੇ ਇਸ ਟਾਪੂ ਜਾਂ ਦੇਸ਼ ਨੂੰ ਮਾਨਤਾ ਨਹੀਂ ਦਿੱਤੀ ਹੈ।

### ਨਿਦਿਆਨੰਦ ਦੀ ਪੜ੍ਹਾਈ-ਲਿਖਾਈ

ਨਿਤਿਆਨੰਦ ਨੇ ਸਾਲ 1992 ਵਿੱਚ ਆਪਣੀ ਸਕੂਲੀ ਪੜ੍ਹਾਈ ਪੂਰੀ ਕੀਤੀ ਅਤੇ ਉਸ ਤੋਂ ਬਾਅਦ ਸਾਲ 1995 ਵਿੱਚ ਮਕੈਨੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਕੀਤੀ। ਇਸ ਤੋਂ ਬਾਅਦ 12 ਸਾਲ ਦੀ ਉਮਰ ਵਿੱਚ ਉਨ੍ਹਾਂ ਨੇ ਰਾਮਕ੍ਰਿਸ਼ਣ ਮੱਠ ਵਿੱਚ ਸਿੱਖਿਆ ਲੈਣੀ ਸ਼ੁਰੂ ਕੀਤੀ। ਉਨ੍ਹਾਂ ਨੇ ਪਹਿਲੇ ਨਿਤਿਆਨੰਦ ਆਸ਼ਰਮ ਦੀ ਸਥਾਪਨਾ ਪਹਿਲੀ ਜਨਵਰੀ 2003 ਵਿੱਚ ਬੈਂਗਲੂਰੂ ਕੋਲ ਬਿਦਾਈ 'ਚ ਕੀਤੀ।

ਅਹਿਮਦਾਬਾਦ ਵਿਚਲਾ ਇਹ ਆਸ਼ਰਮ ਉਨ੍ਹਾਂ ਦੇ ਉਸੇ ਆਸ਼ਰਮ ਦੀ ਇੱਕ ਬਰਾਂਚ ਹੈ। ਜਿੱਥੋਂ ਦੋ ਕੁੜੀਆਂ ਦੇ ਗਾਇਬ ਹੋਣ ਦਾ ਕੇਸ ਦਰਜ ਕੀਤਾ ਗਿਆ ਸੀ।

ਸੰਯੁਕਤ ਰਾਸ਼ਟਰ ਵਲੋਂ ਨਜ਼ਰਅੰਦਾਜ਼

ਸੰਯੁਕਤ ਰਾਸ਼ਟਰ ਵਿੱਚ ਵਿਜੇਪ੍ਰਿਆ ਨੇ ਆਪਣੇ ਆਪ ਨੂੰ ਕੈਲਾਸਾ ਦਾ ਯੂਐੱਨ ਲਈ ਪ੍ਰਤੀਨਿਧੀ ਦੱਸਿਆ ਸੀ। ਇਸ ਔਰਤ ਨੇ ਆਪਣਾ ਨਾਮ ਵਿਜੇਪ੍ਰਿਆ ਨਿਤਿਆਨੰਦ ਦੱਸਿਆ। ਔਰਤ ਨੇ ਕਿਹਾ ਕਿ ਉਹ ਸੰਯੁਕਤ ਰਾਸ਼ਟਰ 'ਚ 'ਕੈਲਾਸਾ' ਦੀ ਸਥਾਈ ਰਾਜਦੂਤ ਹੈ।ਵਿਜੇਪ੍ਰਿਆ ਨੇ ਕਿਹਾ ਸੀ ਕਿ ਉਹ 'ਟਿਕਾਊ ਵਿਕਾਸ' ਨਾਲ ਜੁੜੇ ਵਿਸ਼ਿਆਂ 'ਤੇ ਸਵਾਲ ਪੁੱਛਣਾ ਚਾਹੁੰਦੀ ਹੈ।ਇਸ ਤੋਂ ਬਾਅਦ ਵਿਜੇਪ੍ਰਿਆ ਨੇ ਕਿਹਾ ਕਿ ਯੂਐੱਸਕੇ ਹਿੰਦੂਆਂ ਦਾ ਪਹਿਲਾ ਪ੍ਰਭੂਸੱਤਾ ਸੰਪੰਨ ਦੇਸ਼ ਹੈ ਜਿਸ ਦੀ ਸਥਾਪਨਾ ਨਿਤਿਆਨੰਦ ਨੇ ਕੀਤੀ ਸੀ। ਉਸ ਨੇ ਨਿਤਿਆਨੰਦ ਨੂੰ ਹਿੰਦੂ ਧਰਮ ਦਾ 'ਪਰਮ ਗੁਰੂ' ਦੱਸਿਆ ਸੀ। ਇਸ ਤੋਂ ਬਾਅਦ ਵਿਜੇਪ੍ਰਿਆ ਨੇ ਦਾਅਵਾ ਕੀਤਾ, 'ਕੈਲਾਸਾ ਵਿਕਾਸ ਦੇ ਲਿਹਾਜ਼ ਨਾਲ ਇੱਕ ਸਫਲ ਦੇਸ਼ ਹੈ ਕਿਉਂਕਿ ਹਰ ਕਿਸੇ ਨੂੰ ਮੁਫ਼ਤ ਭੋਜਨ, ਰਹਿਣ ਦੀ ਥਾਂ ਅਤੇ ਡਾਕਟਰੀ ਸਹੂਲਤ ਮੁਹੱਈਆ ਕਰਵਾਈ ਜਾਂਦੀ ਹੈ।'

(ਬਾਕੀ ਸਫ਼ਾ 31 'ਤੇ)

# ਭਾਰਤ ਦੀ ਅਕਾਦਮਿਕ ਸੁਤੰਤਰਤਾ 'ਚ ਆਈ ਤੇਜ਼ੀ ਨਾਲ ਗਿਰਾਵਟ

## ਭਾਰਤ ਹੇਠਲੇ 20-30 ਫੀਸਦੀ ਵਾਲੇ ਗਰੁੱਪ 'ਚ

### ਸਵੀਡਿਸ਼ ਸੰਸਥਾ ਵੀ-ਡੈਮ ਇੰਸਟੀਚਿਊਟ ਤੇ ਫਰੈਡਰਿਖ ਅਲੈਗਜ਼ੈਂਡਰ ਯੂਨੀਵਰਸਿਟੀ ਜਰਮਨੀ ਵੱਲੋਂ ਤਿਆਰ ਕੀਤੀ ਰਿਪੋਰਟ

ਲੰਡਨ/ਏ.ਟੀ.ਨਿਊਜ਼ :- ਸਵੀਡਿਸ਼ ਸਲਾਹਕਾਰੀ ਸੰਸਥਾ ਵੀ-ਡੈਮ ਇੰਸਟੀਚਿਊਟ ਤੇ ਜਰਮਨੀ ਦੀ ਫਰੈਡਰਿਖ ਅਲੈਗਜ਼ੈਂਡਰ ਯੂਨੀਵਰਸਿਟੀ ਦੇ ਇੰਸਟੀਚਿਊਟ ਆਫ ਪੁਲੀਟੀਕਲ ਸਾਇੰਸ ਵੱਲੋਂ ਦੁਨੀਆ ਦੇ 2917 ਮਾਹਿਰਾਂ ਦੀ ਮਦਦ ਨਾਲ ਤਿਆਰ ਆਪਣੇ 'ਅਕਾਦਮਿਕ ਸੁਤੰਤਰਤਾ ਸੂਚਕ ਅੰਕ' ਦੇ 2023 ਦੇ ਅਪਡੇਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਦੁਨੀਆ ਦੇ 179 ਵਿੱਚੋਂ ਉਨ੍ਹਾਂ 22 ਦੇਸ਼ਾਂ ਤੇ ਖੇਤਰਾਂ 'ਚ ਸ਼ਾਮਲ ਹੈ, ਜਿੱਥੇ ਵਿੱਦਿਅਕ ਸੰਸਥਾਨਾਂ ਤੇ ਸਿੱਖਿਆ-ਸ਼ਾਸਤਰੀਆਂ ਨੂੰ ਅੱਜ ਦੀ ਸਥਿਤੀ ਵਿੱਚ 10 ਸਾਲ ਪਹਿਲਾਂ ਦੀ ਤੁਲਨਾ ਵਿਚ ਕਾਫੀ ਘੱਟ ਸੁਤੰਤਰਤਾ ਹਾਸਲ ਹੈ। ਪਿਛਲੇ ਸਾਲ ਪ੍ਰਕਾਸ਼ਤ ਸੂਚਕ ਅੰਕ ਵਿੱਚ ਭਾਰਤ ਨੂੰ 0 ਤੋਂ 1 ਦੀ ਸੂਚੀ ਵਿੱਚ 0.38 ਦਾ ਸਕੋਰ ਮਿਲਿਆ ਸੀ, ਜਦਕਿ 1 ਨੂੰ ਸਰਬਉਚ ਅਕਾਦਮਿਕ ਸੁਤੰਤਰਤਾ ਮੰਨਿਆ ਜਾਂਦਾ ਹੈ। ਭਾਰਤ ਹੇਠਲੇ 20-30 ਫੀਸਦੀ ਵਾਲੇ ਗਰੁੱਪ 'ਚ ਸੀ। ਭਾਰਤ ਆਪਣੇ ਗਵਾਂਢੀ ਨੇਪਾਲ (0.86), ਪਾਕਿਸਤਾਨ (0.45) ਤੇ ਭੂਟਾਨ (0.46) ਤੋਂ ਪਿੱਛੇ ਅਤੇ ਬੰਗਲਾਦੇਸ਼ (0.25) ਤੇ ਮਿਆਂਮਾਰ (0.01) ਤੋਂ ਅੱਗੇ ਸੀ।ਇਹ ਸੂਚਕ ਅੰਕ ਪੰਜ ਸੰਕੇਤਕਾਂ-ਖੋਜ ਤੇ ਸਿਖਾਉਣ ਦੀ ਸੁਤੰਤਰਤਾ, ਅਕਾਦਮਿਕ ਵਟਾਂਦਰੇ, ਯੂਨੀਵਰਸਿਟੀਆਂ ਦੀ ਸੰਸਥਾਗਤ ਖੁਦਮੁਖਤਾਰੀ, ਅਕਾਦਮਿਕ ਤੇ ਸੱਭਿਆਚਾਰਕ ਪ੍ਰਗਟਾਵੇ ਦੀ ਸੁਤੰਤਰਤਾ, ਕੈਂਪਸ ਅਖੰਡਤਾ ਅਤੇ ਕੈਂਪਸ ਵਿੱਚ ਨਿਗਾਹਬਾਨੀ ਤੇ ਸੁਰੱਖਿਆ ਅੜਿੱਕਿਆਂ ਦੇ ਆਧਾਰ 'ਤੇ ਤਿਆਰ ਕੀਤਾ ਗਿਆ ਹੈ।

ਅਪਡੇਟ ਵਿੱਚ ਕਿਹਾ ਗਿਆ ਹੈ ਕਿ ਜਿਥੇ ਅਕਾਦਮਿਕ ਸੁਤੰਤਰਤਾ 'ਚ ਭਾਰਤ ਦੀ ਗਿਰਾਵਟ ਤੁਲਨਾਤਮਕ ਰੂਪ ਵਿਚ ਉੱਚ ਪੱਧਰ ਤੋਂ ਸ਼ੁਰੂ ਹੋਈ ਸੀ, ਹੁਣ ਇਹ ਤੇਜ਼ੀ ਨਾਲ ਵਧ ਰਹੀ ਨਿਰੰਕੁਸ਼ਤਾ ਨਾਲ ਜੁੜੀ ਹੈ। ਹੁਣ ਭਾਰਤ ਦੀ ਪਛਾਣ ਚੀਨ, ਅਫਗਾਨਿਸਤਾਨ ਤੇ ਮਿਆਂਮਾਰ ਵਰਗੇ ਉਨ੍ਹਾਂ ਦੇਸ਼ਾਂ ਨਾਲ ਕੀਤੀ ਜਾਂਦੀ ਹੈ, ਜਿੱਥੇ ਸਿਆਸੀ ਘਟਨਾਵਾਂ ਨੇ ਅਕਾਦਮਿਕ ਖੇਤਰ 'ਚ ਆਸ਼ਾਜਨਕ ਵਿਕਾਸ ਨੂੰ ਬੁਰੀ ਤਰ੍ਹਾਂ ਉਲਟ ਦਿੱਤਾ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਵਿੱਚ ਯੂਨੀਵਰਸਿਟੀ ਖੁਦਮੁਖਤਾਰੀ ਵਿੱਚ ਗਿਰਾਵਟ ਦੇ ਨਾਲ 2009 'ਚ ਅਕਾਦਮਿਕ ਸੁਤੰਤਰਤਾ ਵਿੱਚ ਗਿਰਾਵਟ ਆਉਣੀ ਸ਼ੁਰੂ ਹੋਈ ਸੀ ਤੇ ਇਸ ਦੇ ਬਾਅਦ 2013 ਤੋਂ ਸਾਰੇ ਸੰਕੇਤਕਾਂ ਵਿੱਚ ਤੇਜ਼ ਗਿਰਾਵਟ ਆਈ।2014 ਵਿੱਚ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਦੇ ਬਾਅਦ ਕੈਂਪਸ ਅਖੰਡਤਾ, ਸੰਸਥਾਗਤ ਖੁਦਮੁਖਤਾਰੀ ਅਤੇ ਅਕਾਦਮਿਕ ਤੇ ਸੱਭਿਆਚਾਰਕ ਪ੍ਰਗਟਾਵੇ ਦੀ ਸੁਤੰਤਰਤਾ ਵਿੱਚ ਹੋਰ ਜ਼ੋਰਦਾਰ ਗਿਰਾਵਟ ਆਈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਅਜਿਹੇ ਕਾਨੂੰਨ ਨਹੀਂ ਹਨ, ਜੋ ਖਾਸ ਤੌਰ 'ਤੇ ਅਕਾਦਮਿਕ ਸੁਤੰਤਰਤਾ ਦੀ ਰਾਖੀ ਕਰਨ। ਮੋਦੀ ਦੀ 'ਹਿੰਦੂ ਰਾਸ਼ਟਰਵਾਦੀ ਸਰਕਾਰ' ਦੇ ਚਲਦਿਆਂ ਰਿਸਕ ਹੋਰ ਵਧ ਜਾਂਦਾ ਹੈ।ਰਿਪੋਰਟ ਮੁਤਾਬਕ ਭਾਰਤ ਵਿੱਚ ਸੰਸਥਾਗਤ ਖੁਦਮੁਖਤਾਰੀ ਤੇ ਕੈਂਪਸ ਅਖੰਡਤਾ 'ਤੇ ਭਾਰੀ ਦਬਾਅ ਹੈ। ਸਿੱਖਿਆ-ਸ਼ਾਸਤਰੀਆਂ ਦੇ ਪ੍ਰਗਟਾਵੇ ਦੀ ਸੁਤੰਤਰਤਾ ਵਿੱਚ ਭਾਰੀ ਰੁਕਾਵਟਾਂ ਹਨ।ਫਰੈਡਰਿਖ ਅਲੈਗਜ਼ੈਂਡਰ ਯੂਨੀਵਰਸਿਟੀ ਵਿੱਚ ਕੌਮਾਂਤਰੀ ਸਿਆਸਤ ਦੇ ਪ੍ਰੋਫੈਸਰ ਕੈਟਰੀਨ ਕਿਨਜ਼ੇਲਬਾਖ ਮੁਤਾਬਕ ਸੁਤੰਤਰਤਾ ਤੋਂ ਬਿਨਾਂ ਯੂਨੀਵਰਸਿਟੀਆਂ ਖੋਜ ਦੀ ਥਾਂ ਕੱਟੜਪੁਣੇ ਦੀਆਂ ਥਾਵਾਂ ਬਣ ਜਾਂਦੀਆਂ ਹਨ, ਸਿੱਖਿਆ ਸ਼ਾਸਤਰੀ ਸਮਾਜ ਵਿੱਚ ਆਪਣਾ ਰੋਲ ਅਦਾ ਨਹੀਂ ਕਰ ਸਕਦੇ ਅਤੇ ਵਿਦਿਆਰਥੀ ਆਜ਼ਾਦ ਦਿਮਾਗ ਵਿਕਸਿਤ ਨਹੀਂ ਕਰ ਪਾਉਂਦੇ।

# ਪਾਕਿਸਤਾਨ 'ਚ ਭੁੱਖਮਰੀ ਦਾ ਸ਼ਿਕਾਰ ਹੋਏ ਲੋਕਾਂ ਨੂੰ ਮਹਿੰਗਾਈ ਦੀ ਮਾਰ

## ਆਟੇ ਦੀ ਕੀਮਤ 2800 ਰੁਪਏ ਪ੍ਰਤੀ 20 ਕਿਲੋ ਤੱਕ ਪਹੁੰਚੀ



ਬਲੋਚਿਸਤਾਨ/ਏ.ਟੀ. ਨਿਊਜ਼ :- ਪਾਕਿਸਤਾਨ ਇਨ੍ਹੀਂ ਦਿਨੀਂ ਡੂੰਘੇ ਆਰਥਿਕ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਮਹਿੰਗਾਈ ਕਾਰਨ ਦੇਸ਼ ਦੇ ਅੰਦਰੂਨੀ ਹਾਲਾਤ ਇਸ ਹੱਦ ਤੱਕ ਵਿਗੜ ਚੁੱਕੇ ਹਨ ਕਿ ਲੋਕ ਕਿਲੋ ਆਟੇ ਲਈ ਸੜਕਾਂ 'ਤੇ ਕਤਾਰਾਂ ਵਿੱਚ ਖੜ੍ਹੇ ਹਨ। ਬਲੋਚਿਸਤਾਨ ਵਿੱਚ ਸਥਿਤੀ ਹੋਰ ਵੀ ਮਾੜੀ ਹੈ ਅਤੇ ਇੱਥੇ ਕਵੇਟਾ 'ਚ ਆਟੇ ਦੀ ਕੀਮਤ 2800 ਰੁਪਏ ਪ੍ਰਤੀ 20 ਕਿਲੋ ਤੱਕ ਪਹੁੰਚ ਗਈ ਹੈ। ਇਸ ਇਲਾਕੇ ਵਿੱਚ ਪਿਛਲੇ 10 ਦਿਨਾਂ ਤੋਂ ਕਣਕ ਦੀ ਸਪਲਾਈ ਠੱਪ ਹੈ ਅਤੇ ਮੁਨਾਫਾਖੋਰ ਇਸ ਸਥਿਤੀ ਦਾ ਪੂਰਾ ਫਾਇਦਾ ਉਠਾ ਕੇ ਮਾਲ ਕਮਾ ਰਹੇ ਹਨ।

ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸਰਕਾਰ ਵੱਲੋਂ ਤੈਅ ਕੀਤੇ ਰੇਟ 'ਤੇ ਆਟਾ ਨਹੀਂ ਮਿਲ ਰਿਹਾ ਅਤੇ ਉਹ ਮਹਿੰਗੇ ਭਾਅ 'ਤੇ ਆਟਾ ਖਰੀਦਣ ਲਈ ਮਜਬੂਰ ਹਨ। ਇਲਾਕਾ ਵਾਸੀਆਂ ਨੇ ਸੂਬਾ ਸਰਕਾਰ ਤੋਂ ਮੰਗ ਕੀਤੀ ਹੈ ਕਿ ਮੁਨਾਫਾਖੋਰਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ ਅਤੇ ਆਟੇ ਦੀ ਉਪਲਬਧਤਾ ਯਕੀਨੀ ਬਣਾਈ ਜਾਵੇ। ਇਸ ਦੌਰਾਨ ਫਲੋਰ ਮਿੱਲ ਐਸੋਸੀਏਸ਼ਨ ਬਲੋਚਿਸਤਾਨ ਦੇ ਪ੍ਰਧਾਨ ਨਾਸਿਰ ਆਗਾ ਨੇ ਦੱਸਿਆ ਕਿ ਮਿੱਲਾਂ ਨੂੰ ਕਣਕ ਦੀ ਸਪਲਾਈ ਪਿਛਲੇ ਦਸ ਦਿਨਾਂ ਤੋਂ ਬੰਦ ਹੈ। ਉਨ੍ਹਾਂ ਕਿਹਾ, 'ਬਲੋਚਿਸਤਾਨ ਦੇ ਖੁਰਾਕ ਵਿਭਾਗ ਦੀ ਲਾਪ੍ਰਵਾਹੀ ਦੀ ਕੀਮਤ ਜਨਤਾ ਚੁਕਾ ਰਹੀ ਹੈ।'

# SAP ਭਾਰਤ ਵਿੱਚ ਨਿਵੇਸ਼ ਨੂੰ ਦੁੱਗਣਾ ਕਰਨ ਦੀ ਯੋਜਨਾ ਬਣਾ ਰਿਹਾ : ਸੀ.ਈ.ਓ. ਕ੍ਰਿਸ਼ਚੀਅਨ ਕਲੇਨ

## ਭਾਰਤੀ ਵਾਤਾਵਰਨ ਇਨੋਵੇਸ਼ਨ ਹੱਬ ਅਤੇ ਕਾਰੋਬਾਰ ਲਈ ਸੁਰੱਖਿਅਤ




ਕੋਵਿਡ ਦੇ ਪ੍ਰਕੋਪ ਨੇ ਭਾਰਤ ਨਾਲੋਂ ਕਿਤੇ ਵੱਧ ਬਾਹਰਲੇ ਮੁਲਕਾਂ ਨੂੰ ਪ੍ਰਭਾਵਿਤ ਕੀਤਾ ਹੈ ਜਿਸ ਦਾ ਨਤੀਜਾ ਇਹ ਹੋਇਆ ਕਿ ਵਿਦੇਸ਼ਾਂ ਦੀ ਆਰਥਿਕ ਸਥਿਤੀ ਖ਼ਰਾਬ ਹੋਣ ਨਾਲ ਲੋਕਾਂ ਨੂੰ ਵਧੇਰੇ ਮਹਿੰਗਾਈ ਦਾ ਸਾਹਮਣਾ ਕਰਨਾ ਪਿਆ । ਨਤੀਜਾ ਜਨਕ ਪਿਛਲੇ ਸਾਲ, ਤਕਨੀਕੀ ਖੇਤਰ ਲਈ ਸੱਚਮੁੱਚ ਇੱਕ ਚੁਣੌਤੀਪੂਰਨ ਸਾਲ ਸੀ ਕਿਉਂਕਿ ਕੋਵਿਡ ਤੋਂ ਬਾਅਦ ਬਹੁਤ ਸਾਰੀਆਂ ਤਕਨੀਕੀ ਕੰਪਨੀਆਂ ਨੇ ਆਪਣੇ ਕਾਰੋਬਾਰ ਵਿੱਚ ਅਸਲ ਉਛਾਲ ਦੇਖਿਆ। ਭਾਰਤ ਉਨ੍ਹਾਂ ਦੇਸ਼ਾਂ ਵਿੱਚੋਂ ਇੱਕ ਹੈ ਜੋ ਇਸ ਬਦਲਾਅ ਤੋਂ ਲਾਭ ਉਠਾਏਗਾ ਕਿਉਂਕਿ ਇੱਥੇ ਇੱਕ ਮਾਰਕੀਟ ਅਤੇ ਗਾਹਕਾਂ ਤੱਕ ਪਹੁੰਚ ਹੈ ਜੋ ਜਨਰੇਟਿਵ 19 ਅਤੇ ਬਲਾਕਚੇਨ ਵਰਗੀ ਤਕਨਾਲੋਜੀ ਵਿੱਚ ਨਵੀਨਤਾ ਲਿਆਉਣ ਅਤੇ ਨਿਵੇਸ਼ ਕਰਨ ਲਈ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ।

SAP ਦੇ ਸੀਈਓ ਕ੍ਰਿਸਚੀਅਨ ਕਲੀਨ ਦੀ ਭਾਰਤ ਫੇਰੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੀਟਿੰਗ ਸ਼ਾਮਲ ਸੀ, ਜਿਸ ਦੌਰਾਨ ਉਨ੍ਹਾਂ ਨੇ ਦੇਸ਼ ਵਿੱਚ ਕਾਰੋਬਾਰ ਕਰਨ ਬਾਰੇ ਚਰਚਾ ਕੀਤੀ ਅਤੇ ਸਪਲਾਈ ਚੇਨ ਨੂੰ ਸੰਬੋਧਨ ਕੀਤਾ। ਕਲੇਨ ਨੇ ਭਾਰਤ ਵਿੱਚ ਆਪਣੇ ਵਿਸ਼ਵਾਸ ਅਤੇ ਜਰਮਨੀ ਤੋਂ ਭਾਰਤ ਵਿੱਚ ਨਿਰਮਾਣ ਖੇਤਰ ਦੇ ਨਿਵੇਸ਼ਾਂ ਵਿੱਚ ਆਪਣਾ ਵਿਸ਼ਵਾਸ਼ ਪ੍ਰਗਟ ਕੀਤਾ।

ਉਸ ਨੇ ਕਿਹਾ, 'ਅਸੀਂ ਪ੍ਰਧਾਨ ਮੰਤਰੀ ਮੋਦੀ ਅਤੇ ਸਰਕਾਰ ਦੇ ਹੋਰ ਲੋਕਾਂ ਨਾਲ ਇਸ ਬਾਰੇ ਗੱਲ ਕੀਤੀ ਕਿ ਅਸੀਂ ਇੱਥੇ ਭਾਰਤ ਵਿੱਚ ਕਾਰੋਬਾਰ ਕਰਨ ਦੀ ਸੌਖ ਨੂੰ ਹੋਰ ਕਿਵੇਂ ਸਰਲ ਬਣਾ ਸਕਦੇ ਹਾਂ ਜੋ ਤਕਨਾਲੋਜੀ ਵਜੋਂ ਮੁੱਖ



ਭੂਮਿਕਾ ਨਿਭਾਉਂਦੀ ਹੈ। ਬੇਸ਼ੱਕ, ਜਦੋਂ ਭਾਰਤ ਦੇ ਸਥਿਰਤਾ ਟੀਚਿਆਂ ਤੱਕ ਪਹੁੰਚਣ ਦੀ ਗੱਲ ਆਉਂਦੀ ਹੈ ਤਾਂ ਸਪਲਾਈ ਲੜੀ ਨੂੰ ਹੋਰ ਬਦਲਣ ਲਈ, ਖਾਸ ਤੌਰ 'ਤੇ ਭਾਰਤ ਦੇ ਛੋਟੇ ਅਤੇ ਮੱਧ-ਆਕਾਰ ਦੇ ਉਦਯੋਗਾਂ ਨੂੰ ਅਸਲ ਵਿੱਚ ਆਪਣੇ ਕਾਰੋਬਾਰ ਵਿੱਚ ਸ਼ਾਮਿਲ ਕਰਨ ਦੇ ਨਾਲ ਨਾਲ ਵਧਾਉਣ 'ਚ ਮਦਦ ਦੀ ਜ਼ਰੂਰਤ ਹੈ ਇਸ ਲਈ ਇਹ ਮੁੱਖ ਫੋਕਸ ਖੇਤਰ ਹੈ।ਜਿਸ ਦੇ ਚਲਦੇ ਜਰਮਨ ਸਾਫਟਵੇਅਰ ਕੰਪਨੀ ਸਪ ਸੇ (SAP SE) ਅਗਲੇ ਪੰਜ ਸਾਲਾਂ ਵਿੱਚ ਭਾਰਤ 'ਚ ਆਪਣੇ ਨਿਵੇਸ਼ ਨੂੰ ਦੁੱਗਣਾ ਕਰਨ ਦੀ ਯੋਜਨਾ ਬਣਾ ਰਹੀ ਹੈ। ਇਸ ਦੇ ਸੀਈਓ ਕ੍ਰਿਸ਼ਚੀਅਨ ਕਲੇਨ ਨੇ ਮੀਡੀਆ ਕਾਨਫਰੰਸ ਵਿੱਚ ਕਿਹਾ ਕਿ SAP ਭਾਰਤ ਵਿੱਚ ਬਿਹਤਰੀਨ ਮੁੱਖ ਉਤਪਾਦਾਂ ਦਾ ਵਿਕਾਸ ਕਰੇਗਾ । ਇਸ ਤੋਂ ਇਲਾਵਾ ਕਲੇਨ ਨੇ ਕਿਹਾ ਕਿ ਉਹ ਉਮੀਦ ਕਰਦਾ ਹੈ ਕਿ ਦੇਸ਼ SAP ਲਈ ਇੱਕ ਨਵੀਨਤਾ ਦਾ ਕੇਂਦਰ ਬਣ ਜਾਵੇਗਾ। ਇਕ ਮੀਡੀਆ ਅਦਾਰੇ ਨੇ ਸਵਾਲ ਕੀਤਾ ਕਿ, SAP ਵੀ ਹੋਰ ਗਲੋਬਲ ਬਾਜ਼ਾਰਾਂ ਤੋਂ ਮੰਦੀ ਨੂੰ ਦੂਰ ਕਰਨ ਲਈ ਭਾਰਤੀ ਬਾਜ਼ਾਰ ਨੂੰ ਇੱਕ ਖਤਰੇ ਤੋਂ ਮੁਕਤ ਵਿਕਲਪ ਵਜੋਂ ਦੇਖ ਰਿਹਾ ਹੈ ? ਤਾਂ ਸਵਾਲ ਦੇ ਜਵਾਬ ਵਿੱਚ ਕਿਹਾ ਗਿਆ ਕਿ ਭਾਰਤ 'ਚ, ਸਾਡੇ ਕੋਲ ਪਹਿਲਾਂ ਹੀ ਸਭ ਤੋਂ ਵੱਡਾ ਖੋਜ ਅਤੇ ਵਿਕਾਸ ਕੇਂਦਰ ਹੈ, ਪਰ ਅਸੀਂ ਹੁਣ ਇਸ ਤੋਂ ਲਾਭ ਪ੍ਰਾਪਤ ਕਰਕੇ ਦੁੱਗਣੇ ਹੋ ਜਾਵਾਂਗੇ ਕਿਉਂਕਿ ਇਥੇ ਆਰਥਿਕਤਾ ਮਜ਼ਬੂਤ ਹੈ। ਹੁਣ ਸਾਡੇ ਕੋਲ 15,000 ਲੋਕ ਹਨ ਅਤੇ ਇਹ ਕਹਿਣਾ ਵਾਜਬ ਹੈ ਕਿ ਹੁਣ ਤੋਂ ਪੰਜ ਸਾਲਾਂ ਵਿੱਚ ਅਸੀਂ ਇਸ ਗਿਣਤੀ ਨੂੰ ਦੁੱਗਣਾ ਕਰ ਸਕਦੇ ਹਾਂ। ਭਾਰਤ ਵਿੱਚ ਕਾਰੋਬਾਰ ਕਰਨ ਦੀ ਸੌਖ ਬਿਹਤਰ ਹੋ ਰਹੀ ਹੈ। ਪ੍ਰਧਾਨ ਮੰਤਰੀ ਮੋਦੀ ਅਤੇ ਸਾਡੇ ਚਾਂਸਲਰ (ਓਲਾਫ) ਸਕੋਲਜ਼ ਵਿਚਕਾਰ ਮੀਟਿੰਗ ਦੌਰਾਨ ਇਹ ਵੀ ਇੱਕ ਵੱਡਾ ਨੁਕਤਾ ਸੀ, ਕਿ ਵਪਾਰ ਕਰਨ ਦੀ ਸੌਖ ਨੂੰ ਹੋਰ ਸਰਲ ਬਣਾਉਣ ਦੀ ਲੋੜ ਹੈ, ਪਰ ਅਸੀਂ ਮਜ਼ਬੂਤ ਪ੍ਰਤਿਭਾ ਦੇ ਆਧਾਰ ਦੇ ਨਾਲ-ਨਾਲ ਇੱਕ ਵਧੀਆ ਸਥਿਤੀ ਵਿੱਚ ਹਾਂ।

ਉਸਨੇ ਅੱਗੇ ਕਿਹਾ ਕਿ SAP MNCs ਨੂੰ ਆਪਣੇ ਕਾਰੋਬਾਰ ਦੇ ਕੁਝ ਹਿੱਸਿਆਂ ਨੂੰ ਭਾਰਤ ਵਿੱਚ ਲਿਜਾਣ 'ਚ ਵੀ ਮਦਦ ਕਰ ਰਿਹਾ ਹੈ ਕਿਉਂਕਿ ਉਹ ਆਪਣੀਆਂ ਸਪਲਾਈ ਚੇਨਾਂ ਨੂੰ ਖਤਰੇ ਤੋਂ ਮੁਕਤ ਕਰ ਕੇ ਕੇਂਦਰਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਕਲੇਨ ਦਾ ਵਿਚਾਰ ਹੈ ਕਿ ਮਜ਼ਬੂਤ ਅਰਥਵਿਵਸਥਾ ਅਤੇ ਪ੍ਰਤਿਭਾ ਦੇ ਆਧਾਰ ਅਤੇ ਭੂ-ਰਾਜਨੀਤਿਕ ਤਣਾਅ ਤੋਂ ਇਸ ਦੇ ਇਨਸੂਲੇਸ਼ਨ ਕਾਰਨ ਏਸ਼ੀਆ ਅਤੇ ਖਾਸ ਤੌਰ 'ਤੇ ਭਾਰਤ ਵਿਸ਼ਵ ਦ੍ਰਿਸ਼ਟੀਕੋਣ ਵਿੱਚ ਇੱਕ ਜੇਤੂ ਹੈ।

ਕਲੇਨ ਨੇ ਨੋਟ ਕੀਤਾ ਕਿ ਵੱਡੀਆਂ ਬਹੁ-ਰਾਸ਼ਟਰੀ ਕੰਪਨੀਆਂ ਕਿਸੇ ਇੱਕ ਖੇਤਰ ਵਿੱਚ ਇਕਾਗਰਤਾ ਤੋਂ ਆਪਣੀ ਲੌਜਿਸਟਿਕਸ ਅਤੇ ਸਪਲਾਈ ਚੇਨ

(ਬਾਕੀ ਸਫ਼ਾ 30 'ਤੇ)



SAP (Systems, Applications, and Products) ਵਾਲਡੋਰਫ਼, ਬੈਡਨ-ਵਰਟੇਮਬਰਗ ਵਿੱਚ ਸਥਿਤ ਇੱਕ ਜਰਮਨ ਬਹੁ-ਰਾਸ਼ਟਰੀ ਸਾਫਟਵੇਅਰ ਕੰਪਨੀ ਹੈ। ਇਹ ਵਪਾਰਕ ਸੰਚਾਲਨ ਅਤੇ ਗਾਹਕ ਸਬੰਧਾਂ ਦਾ ਪ੍ਰਬੰਧਨ ਕਰਨ ਲਈ ਐਂਟਰਪ੍ਰਾਈਜ਼ ਸਾਫਟਵੇਅਰ ਵਿਕਸਿਤ ਕਰਦਾ ਹੈ। SAP ਕੰਪਨੀ ਦੁਨੀਆ ਦੀ ਪ੍ਰਮੁੱਖ ਐਂਟਰਪ੍ਰਾਈਜ਼ ਰਿਸੋਰਸ ਪਲੈਨਿੰਗ (ERP) ਸਾਫਟਵੇਅਰ ਵਿਕਰੇਤਾ ਹੈ।SAP ਸਭ ਤੋਂ ਵੱਡੀ ਗੈਰ-ਅਮਰੀਕੀ ਸਾਫਟਵੇਅਰ ਕੰਪਨੀ ਹੈ ਅਤੇ ਮਾਲੀਏ ਦੇ ਹਿਸਾਬ ਦੇ ਨਾਲ ਹੀ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਜਨਤਕ ਤੌਰ 'ਤੇ ਵਪਾਰ ਕਰਨ ਵਾਲੀ ਸਾਫਟਵੇਅਰ ਕੰਪਨੀ ਹੈ ਅਤੇ ਮਾਰਕੀਟ ਪੂੰਜੀਕਰਣ ਦੁਆਰਾ ਦੂਜੀ ਸਭ ਤੋਂ ਵੱਡੀ ਜਰਮਨ ਕੰਪਨੀ ਹੈ। ERP ਸਾਫਟਵੇਅਰ ਤੋਂ ਇਲਾਵਾ ਕੰਪਨੀ ਡਾਟਾਬੇਸ ਸਾਫਟਵੇਅਰ ਅਤੇ ਤਕਨਾਲੋਜੀ (ਖਾਸ ਤੌਰ 'ਤੇ ਆਪਣੇ ਬ੍ਰਾਂਡ), ਕਲਾਊਡ ਇੰਜੀਨੀਅਰਡ ਸਿਸਟਮ, ਅਤੇ ਹੋਰ ERP ਸਾਫਟਵੇਅਰ ਉਤਪਾਦ ਵੀ ਵੇਚਦੀ ਹੈ, ਜਿਵੇਂ ਕਿ ਮਨੁੱਖੀ ਪੂੰਜੀ ਪ੍ਰਬੰਧਨ (HCM) ਸਾਫਟਵੇਅਰ ਜਿਸ ਨੂੰ ਗਾਹਕ ਸਬੰਧ ਪ੍ਰਬੰਧਨ (CRM) ਵੀ ਕਿਹਾ ਜਾਂਦਾ ਹੈ। ਗਾਹਕ ਅਨੁਭਵ ਐਂਟਰਪ੍ਰਾਈਜ਼ ਪ੍ਰਦਰਸ਼ਨ ਪ੍ਰਬੰਧਨ (EPM) ਸਾਫਟਵੇਅਰ, ਉਤਪਾਦ ਲਾਈਫਸਾਈਕਲ ਪ੍ਰਬੰਧਨ (PLM) ਸਾਫਟਵੇਅਰ, ਸਪਲਾਈਰ ਰਿਲੇਸ਼ਨਸ਼ਿਪ ਮੈਨੇਜਮੈਂਟ (SRM) ਸਾਫਟਵੇਅਰ, ਸਪਲਾਈ ਚੇਨ ਮੈਨੇਜਮੈਂਟ (SCM) ਸਾਫਟਵੇਅਰ, ਬਿਜ਼ਨਸ ਟੈਕਨਾਲੋਜੀ ਪਲੇਟਫਾਰਮ (BTP) ਸਾਫਟਵੇਅਰ ਅਤੇ ਪ੍ਰੋਗਰਾਮਿੰਗ ਵਾਤਾਵਰਣ SAP AppGyver ਕਾਰੋਬਾਰ ਵਿੱਚ ਆਪਣੀ ਵਿਸ਼ੇਸ਼ ਭੂਮਿਕਾ ਅਦਾ ਕਰ ਰਿਹਾ ਹੈ।

### ਭਾਰਤ 'ਚ ਹੀ ਨਹੀਂ, ਅਮਰੀਕਾ 'ਚ ਵੀ ਵੱਡੇ ਘਪਲੇਬਾਜ਼

# 2022 'ਚ 8.8 ਬਿਲੀਅਨ ਡਾਲਰ ਹਜ਼ਮ ਕੀਤੇ

ਨਵੀਂ ਦਿੱਲੀ/ ਏ.ਟੀ.ਨਿਊਜ਼ :- ਹੁਣ ਤੱਕ ਦੇਸ਼ ਵਿੱਚ 2ਜੀ ਸਪੈਕਟਰਮ ਘੁਟਾਲੇ ਅਤੇ ਕੋਲਾ ਘੁਟਾਲੇ ਵਰਗੇ ਵੱਡੇ ਭ੍ਰਿਸ਼ਟਾਚਾਰ ਦੀਆਂ ਯਾਦਾਂ ਤੁਹਾਡੇ ਦਿਮਾਗ 'ਚ ਤਾਜ਼ਾ ਹੋਣਗੀਆਂ। ਪਰ ਅਜਿਹਾ ਨਹੀਂ ਹੈ ਕਿ ਸਿਰਫ ਭਾਰਤ ਵਿੱਚ ਹੀ ਘੁਟਾਲੇਬਾਜ਼ ਹਨ, ਬਲਕਿ ਅਮਰੀਕਾ ਵਰਗੇ ਦੇਸ਼ ਵਿੱਚ ਵੀ ਇੱਕ ਤੋਂ ਵੱਧ ਕੇ ਅਜਿਹੇ ਘੁਟਾਲੇਬਾਜ਼ ਅਤੇ ਠੱਗ ਹਨ, ਜਿਨ੍ਹਾਂ ਨੇ ਸਾਲ 2022 ਵਿੱਚ 8.8 ਬਿਲੀਅਨ ਡਾਲਰ ਦਾ ਚੂਨਾ ਲਗਾਇਆ। ਇਹ ਜਾਣ ਕੇ ਜਾਂਚ ਏਜੰਸੀਆਂ ਵੀ ਹੈਰਾਨ ਹਨ। ਇੱਕ ਰਿਪੋਰਟ ਦੇ ਅਨੁਸਾਰ, ਅਮਰੀਕਾ ਵਿੱਚ ਖਪਤਕਾਰਾਂ ਨੂੰ 2022 ਵਿੱਚ ਘੁਟਾਲਿਆਂ ਕਾਰਨ ਲਗਭਗ 8.8 ਬਿਲੀਅਨ ਡਾਲਰ ਦਾ ਨੁਕਸਾਨ ਹੋਣਾ ਤੈਅ ਹੈ, ਜੋ ਪਿਛਲੇ ਸਾਲ ਨਾਲੋਂ 30 ਪ੍ਰਤੀਸ਼ਤ ਵੱਧ ਹੈ।




ਯੂਐਸ ਫੈਡਰਲ ਟਰੇਡ ਕਮਿਸ਼ਨ (ਐਫਟੀਸੀ) ਦੇ ਅਨੁਸਾਰ, ਖਪਤਕਾਰਾਂ ਨੇ 2022 ਵਿੱਚ ਕਿਸੇ ਵੀ ਹੋਰ ਸ਼੍ਰੇਣੀ ਦੇ ਮੁਕਾਬਲੇ 3.8 ਬਿਲੀਅਨ ਡਾਲਰ ਨਿਵੇਸ਼ ਘੁਟਾਲਿਆਂ ਵਿੱਚ ਗੁਆਉਣ ਦੀ ਰਿਪੋਰਟ ਕੀਤੀ ਸੀ। ਇਹ ਰਕਮ 2021 ਵਿੱਚ ਗੁਆਚੀ ਰਕਮ ਦੁੱਗਣੀ ਤੋਂ ਜ਼ਿਆਦਾ ਹੈ। ਰਿਪੋਰਟ ਦਰਸਾਉਂਦੀ ਹੈ ਕਿ ਘੁਟਾਲਿਆਂ ਕਾਰਨ ਦੂਜਾ ਸਭ ਤੋਂ ਵੱਡਾ ਨੁਕਸਾਨ 2.6 ਬਿਲੀਅਨ ਡਾਲਰ ਹੈ, ਜੋ ਕਿ 2021 ਵਿੱਚ 2.4 ਬਿਲੀਅਨ ਡਾਲਰ ਤੋਂ ਵੱਧ ਹੈ। ਪ੍ਰਾਈਜ਼, ਸਵੀਪਸਟੈਕ, ਲਾਟਰੀ, ਨਿਵੇਸ਼ ਨਾਲ ਸੰਬੰਧਤ ਘੁਟਾਲੇ, ਅਤੇ ਕਾਰੋਬਾਰ ਅਤੇ ਨੌਕਰੀ ਦੇ ਮੌਕੇ ਨੂੰ ਲੈਕੇ ਕੀਤਾ ਜਾਣ ਵਾਲਾ ਘੁਟਾਲਾ ਚੋਟੀ ਦੀਆਂ ਪੰਜ ਘੁਟਾਲੇ ਸ਼੍ਰੇਣੀਆਂ ਵਿੱਚ ਸ਼ਾਮਲ ਹੈ।

**ਬੈਂਕ ਖਾਤਿਆਂ ਵਿੱਚੋਂ ਪੈਸੇ ਚੋਰੀ**

ਯੂਐਸ ਰਿਪੋਰਟ ਕਰਦਾ ਹੈ ਕਿ ਲਗਭਗ 2.4 ਮਿਲੀਅਨ ਖਪਤਕਾਰਾਂ ਨੇ ਪਿਛਲੇ ਸਾਲ ਆਪਣੇ ਖਾਤਿਆਂ 'ਤੇ ਧੋਖਾਧੜੀ ਦੀ ਗਤੀਵਿਧੀ ਸਬੰਧੀ ਰਿਪੋਰਟ ਕੀਤੀ, ਜਿਸ ਵਿੱਚ ਘੁਟਾਲੇ ਆਮ ਤੌਰ 'ਤੇ ਰਿਪੋਰਟ ਕੀਤੀ ਜਾਂਦੀ ਹੈ, ਇਸ ਤੋ ਬਾਅਦ ਆਨਲਾਈਨ ਖਰੀਦਦਾਰੀ ਧੋਖਾਧੜੀ ਦੇ ਘੁਟਾਲੇ ਹੋਏ। ਇਸ ਮਹੀਨੇ ਦੇ ਸ਼ੁਰੂ ਵਿੱਚ ਐਫਟੀਸੀ ਨੇ ਇਸੇ ਤਰ੍ਹਾਂ ਦੀ ਰਿਪੋਰਟ ਜਾਰੀ ਕੀਤੀ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ ਰੋਮਾਂਸ ਘੁਟਾਲੇ ਦੇ ਸਭ ਤੋਂ ਵੱਧ ਸ਼ਿਕਾਰ ਸਨ।

**ਅਮਰੀਕਾ 'ਚ ਪਿਆਰ ਅਤੇ ਡੇਟਿੰਗ ਦੇ ਮਾਮਲੇ ਵਿੱਚ ਵੀ ਲੋਕਾਂ ਨੇ ਧੋਖਾ ਦਿੱਤਾ**

ਰਿਪੋਰਟਾਂ ਨੇ ਦਿਖਾਇਆ ਹੈ ਕਿ ਰੋਮਾਂਸ ਸਕੈਮਰ ਅਕਸਰ ਪਿਆਰ ਦੀ ਤਲਾਸ਼ ਕਰ ਰਹੇ ਲੋਕਾਂ ਨੂੰ ਨਿਸ਼ਾਨਾ ਬਣਾਉਣ ਲਈ ਡੇਟਿੰਗ ਐਪਸ ਦੀ ਵਰਤੋਂ ਕਰਦੇ ਹਨ। ਪਿਛਲੇ ਸਾਲ ਰੋਮਾਂਸ ਘੁਟਾਲਿਆਂ ਵਿੱਚ ਪੈਸੇ ਗੁਆਉਣ ਵਾਲੇ ਲਗਭਗ 40 ਪ੍ਰਤੀਸ਼ਤ ਲੋਕਾਂ ਨੇ ਕਿਹਾ ਕਿ ਸੰਪਰਕ ਸੋਸ਼ਲ ਮੀਡੀਆ 'ਤੇ ਸ਼ੁਰੂ ਹੋਇਆ, ਜਦੋਂ ਕਿ 19 ਪ੍ਰਤੀਸ਼ਤ ਨੇ ਕਿਹਾ ਕਿ ਇਹ ਕਿਸੇ ਵੈਬਸਾਈਟ ਜਾਂ ਐਪ ਤੋਂ ਸ਼ੁਰੂ ਹੋਇਆ ਸੀ। ਕਈ ਲੋਕਾਂ ਨੇ ਦੱਸਿਆ ਕਿ ਘੁਟਾਲੇਬਾਜ਼ਾਂ ਨੇ ਤੇਜ਼ੀ ਨਾਲ ਗੱਲਬਾਤ ਨੂੰ ਵਟਸਐਪ, ਗੂਗਲ ਚੈਟ ਜਾਂ ਟੈਲੀਗ੍ਰਾਮ 'ਤੇ ਟਰਾਂਸਫਰ ਕਰ ਦਿੱਤਾ। ਇਸ ਤੋਂ ਬਾਅਦ ਉਨ੍ਹਾਂ ਦੇ ਖਾਤਿਆਂ ਵਿਚੋਂ ਲੱਖਾਂ ਰੁਪਏ ਉਡਾ ਦਿੱਤੇ ਗਏ।

# ਟੈਂਕਰ ਦੇ ਉਲਟਣ ਕਾਰਨ ਲੱਗੀ ਅੱਗ, ਡਰਾਈਵਰ ਦੀ ਮੌਤ



ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਅਮਰੀਕਾ ਦੇ ਮੈਰੀਲੈਂਡ ਰਾਜ ਵਿੱਚ ਫਰੈਡਰਿਕ ਵਿਖੇ ਜਲਣਸ਼ੀਲ ਤਰਲ ਪਦਾਰਥ ਲਿਜਾ ਰਹੇ ਇਕ ਟੈਂਕਰ ਉੱਲਟ ਜਾਣ ਦੀ ਖ਼ਬਰ ਹੈ। ਪ੍ਰਾਪਤ ਵੇਰਵੇ ਅਨੁਸਾਰ ਇਹ ਹਾਦਸਾ ਯੂ ਐਸ ਰੂਟ 15 ਉਪਰ ਉਸ ਵੇਲੇ ਵਾਪਰਿਆ ਜਦੋਂ ਟੈਂਕਰ ਦੇ ਅਚਾਨਕ ਉੱਲਟਣ ਉਪਰੰਤ ਉਸ ਵਿੱਚ ਜ਼ਬਰਦਸਤ ਧਮਾਕਾ ਹੋਇਆ ਤੇ ਅੱਗ ਲੱਗੀ ਗਈ। ਧਮਾਕਾ ਏਨਾ ਜ਼ਬਰਦਸਤ ਸੀ ਕਿ ਸੜਕ ਉਪਰ ਜਾ ਰਹੇ ਹੋਰ ਵਾਹਨ ਵੀ ਅੱਗ ਦੀ ਲਪੇਟ ਵਿੱਚ ਆ ਗਏ। ਮੈਰੀਲੈਂਡ ਪੁਲਿਸ ਅਨੁਸਾਰ ਸੜਕ ਦੇ ਨਾਲ ਲੱਗਦੇ 3 ਘਰਾਂ ਨੂੰ ਵੀ ਅੱਗ ਲੱਗ ਗਈ। ਇਸ ਘਟਨਾ ਕਾਰਨ ਸੜਕ ਨੂੰ ਕੁਝ ਸਮੇਂ ਲਈ ਦੋਨਾਂ ਪਾਸਿਆਂ ਤੋਂ ਬੰਦ ਕਰ ਦਿੱਤਾ ਗਿਆ। ਫਰੈਡਰਿਕ ਕਾਊਂਟੀ ਫਾਇਰ ਚੀਫ਼ ਟੈਮ ਕੋਇ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਹਾਦਸਾ ਦੁਪਹਿਰ ਦੇ ਆਸ-ਪਾਸ ਵਾਪਰਿਆ। ਇਸ ਦੇ ਤੁਰੰਤ ਬਾਅਦ ਅੱਗ ਬੁਝਾਊ ਅਮਲਾ ਮੌਕੇ ਉਪਰ ਪੁੱਜਾ ਜਿਸ ਨੇ ਅੱਗ ਉੱਪਰ ਕਾਬੂ ਪਾਇਆ। ਉਨ੍ਹਾਂ ਕਿਹਾ ਕਿ ਇਸ ਘਟਨਾ ਵਿੱਚ ਹੋਰ ਕੋਈ ਮੌਤ ਹੋਣ ਜਾਂ ਕਿਸੇ ਦੇ ਜ਼ਖਮੀ ਹੋਣ ਦੀ ਰਿਪੋਰਟ ਨਹੀਂ ਹੈ। ਕੋਇ ਅਨੁਸਾਰ ਹਾਦਸੇ ਦੇ ਕਾਰਨ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਨੇ ਮਾਰੇ ਗਏ ਡਰਾਈਵਰ ਦਾ ਨਾਂ ਜਾਰੀ ਨਹੀਂ ਕੀਤਾ ਹੈ।

# ਦੁਨੀਆਂ 'ਚ ਔਰਤਾਂ ਨੂੰ ਬਰਾਬਰੀ ਦਿਵਾਉਣ ਵਾਲੀਆਂ 5 ਔਰਤਾਂ

## ਬ੍ਰਾਜ਼ੀਲ ਤੋਂ ਲੈ ਕੇ ਅਮਰੀਕਾ ਤੱਕ ਲਹਿਰਾਇਆ ਝੰਡਾ


ਐਨੀਏਲੇ ਫ੍ਰੈਂਕ


ਮੇਗਨ ਰੈਪਿਨੋ


ਰਮਲਾ ਅਲੀ


ਓਲੇਨਾ ਸ਼ੇਵਚੇਂਕੋ


ਵੇਰੋਨਿਕਾ ਕਰੂਜ਼ ਸਾਂਚੇਜ਼

ਟਾਈਮ ਮੈਗਜ਼ੀਨ ਨੇ 5 ਔਰਤਾਂ ਨੂੰ ਦਿੱਤਾ 2023 ਵੂਮੈਨ ਆਫ਼ ਦਿ ਈਅਰ ਅਵਾਰਡ। ਇਹ ਪੁਰਸਕਾਰ ਉਨ੍ਹਾਂ ਪ੍ਰਭਾਵਸ਼ਾਲੀ ਔਰਤਾਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਦੀ ਬਦੌਲਤ ਔਰਤਾਂ ਨੂੰ ਬਰਾਬਰ ਦੇ ਅਧਿਕਾਰ ਮਿਲਦੇ ਨੇ। ਦੁਨੀਆਂ ਦੇ ਵਿੱਚ ਔਰਤਾਂ ਨੂੰ ਬਰਾਬਰੀ ਦਿਵਾਉਣ ਵਾਲੀਆਂ ਨੇ ਇਹ 5 ਔਰਤਾਂ :

1.ਐਨੀਏਲੇ ਫ੍ਰੈਂਕੋ: ਪਹਿਲੀ ਔਰਤ ਐਨੀਏਲੇ ਫ੍ਰੈਂਕੋ ਹੈ। ਉਹ 5 ਸਾਲ ਪਹਿਲਾਂ ਤੱਕ ਸਕੂਲ ਟੀਚਰ ਅਤੇ ਵਾਲੀਬਾਲ ਖਿਡਾਰਨ ਸੀ ਪਰ 2018 ਵਿੱਚ ਉਸਦੀ ਭੈਣ ਦਾ ਕਤਲ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਐਨੀਏਲੇ ਨੇ ਨਸਲਵਾਦ ਦੇ ਖ਼ਿਲਾਫ਼ ਆਵਾਜ਼ ਉਠਾਈ। ਹੁਣ ਐਨੀਏਲੇ ਬ੍ਰਾਜ਼ੀਲ ਦੇ 115 ਮਿਲੀਅਨ ਕਾਲੇ ਲੋਕਾਂ ਨੂੰ ਬਰਾਬਰ ਦੇ ਅਧਿਕਾਰ ਦਿਵਾਉਣ ਲਈ ਕੰਮ ਕਰ ਰਹੀ ਹੈ।

2. ਮੇਗਨ ਰੈਪਿਨੋ: ਮੇਗਨ ਰੈਪਿਨੋ ਅਮਰੀਕਾ ਦੀ ਸਰਬੋਤਮ ਮਹਿਲਾ ਫੁਟਬਾਲ ਖਿਡਾਰਨ ਹੈ। ਮੇਗਨ ਨੇ 2019 ਦੇ ਮਹਿਲਾ ਵਿਸ਼ਵ ਕੱਪ ਵਿੱਚ ਅਮਰੀਕਾ ਨੂੰ ਜਿੱਤ ਦਵਾਈ ਸੀ। ਇਸ ਤੋਂ ਬਾਅਦ ਵੀ, ਰੈਪਿਨੋ ਨੂੰ ਮਰਦਾਂ ਦੇ ਬਰਾਬਰ ਤਨਖਾਹ ਲਈ ਸੰਘਰਸ਼ ਕਰਨਾ ਪਿਆ ਅਤੇ 2022 ਵਿੱਚ ਪਹਿਲੀ ਵਾਰ ਅਮਰੀਕਾ ਵਿੱਚ ਮਰਦਾਂ ਅਤੇ ਔਰਤਾਂ ਨੂੰ ਬਰਾਬਰ ਤਨਖਾਹ ਦੇਣ ਲਈ ਇੱਕ ਕਮੇਟੀ ਬਣਾਈ ਗਈ। ਆਪਣੇ ਯਤਨਾਂ ਨਾਲ, ਰੈਪਿਨੋ ਨੇ ਕੈਨੇਡਾ, ਸਪੇਨ ਅਤੇ ਹੋਰ ਦੇਸ਼ਾਂ ਦੀਆਂ ਔਰਤਾਂ ਨੂੰ ਬਰਾਬਰ ਤਨਖਾਹ ਦੀ ਮੰਗ ਕਰਨ ਲਈ ਪ੍ਰੇਰਿਤ ਕੀਤਾ ਹੈ।

3. ਰਮਲਾ ਅਲੀ: ਰਮਲਾ ਅਲੀ ਦੁਨੀਆ ਦੀ ਪਹਿਲੀ ਅਜਿਹੀ ਔਰਤ ਹੈ ਜਿਸ ਨੇ ਸਾਊਦੀ ਅਰਬ ਵਿੱਚ ਮੁੱਕੇਬਾਜ਼ੀ ਮੁਕਾਬਲੇ ਵਿੱਚ ਹਿੱਸਾ ਲਿਆ ਹੈ। ਸ਼ਰਨਾਰਥੀਆਂ ਦੇ ਹੱਕਾਂ ਲਈ ਆਵਾਜ਼ ਉਠਾਉਣ ਲਈ ਟਾਈਮ ਮੈਗਜ਼ੀਨ ਨੇ ਉਸ ਨੂੰ ਵੂਮੈਨ ਆਫ਼ ਦਿ ਈਅਰ ਚੁਣਿਆ ਹੈ। ਬਚਪਨ ਵਿੱਚ ਉਸ ਦੇ ਪਰਿਵਾਰ ਨੂੰ ਸੋਮਾਲੀਆ ਛੱਡ ਕੇ ਬਰਤਾਨੀਆ ਵਿੱਚ ਸ਼ਰਨ ਲੈਣੀ ਪਈ ਸੀ।

2018 ਵਿੱਚ, ਰਮਲਾ ਨੇ ਸਿਸਟਰਜ਼ ਕਲੱਬ ਦੀ ਸ਼ੁਰੂਆਤ ਕੀਤੀ ਸੀ। ਇਹ ਕਲੱਬ ਗਰੀਬ ਅਤੇ ਪਛੜੇ ਔਰਤਾਂ ਨੂੰ ਮੁੱਕੇਬਾਜ਼ੀ ਦੀ ਸਿਖਲਾਈ ਦਿੰਦਾ ਹੈ। ਰਮਲਾ ਯੂਨੀਸੇਫ ਯੂ.ਕੇ. ਦੀ ਰਾਜਦੂਤ ਵੀ ਹੈ।

4. ਓਲੇਨਾ ਸ਼ੇਵਚੇਂਕੋ: ਓਲੇਨਾ ਸ਼ੇਵਚੇਂਕੋ 'ਤੇ ਪਿਛਲੇ ਪੰਜ ਸਾਲਾਂ 'ਚ ਸੱਤ ਵਾਰ ਹਮਲੇ ਹੋ ਚੁੱਕੇ ਹਨ। ਵਜ੍ਹਾ ਹੈ ਕਿ ਉਹ ਯੂਕਰੇਨ ਵਿੱਚ ਰਹਿਣ ਵਾਲੀਆਂ ਔਰਤਾਂ ਅਤੇ ਸਮਲਿੰਗੀ ਲੋਕਾਂ ਲਈ ਆਵਾਜ਼ ਉਠਾਉਂਦੀ ਹੈ। ਯੂਕਰੇਨ 'ਤੇ ਰੂਸ ਦੇ ਹਮਲੇ ਤੋਂ ਬਾਅਦ, ਸ਼ੇਵਚੇਂਕੋ ਦੇ ਸਮੂਹ ਨੇ ਟ੍ਰਾਂਸਜੈਂਡਰ ਔਰਤਾਂ ਨੂੰ ਫ਼ਸਟ ਏਡ ਕਿੱਟਾਂ ਪ੍ਰਦਾਨ ਕਰਨ ਲਈ ਲਗਭਗ 33 ਕਰੋੜ ਰੁਪਏ ਦਾ ਫ਼ੰਡ ਇਕੱਠਾ ਕੀਤਾ।

5. ਵੇਰੋਨਿਕਾ ਕਰੂਜ਼ ਸਾਂਚੇਜ਼:ਵੇਰੋਨਿਕਾ ਕਰੂਜ਼ ਸਾਂਚੇਜ਼ ਪਿਛਲੇ 20 ਸਾਲਾਂ ਤੋਂ ਮੈਕਸੀਕੋ ਵਿੱਚ ਗਰਭਪਾਤ ਵਾਲੀਆਂ ਔਰਤਾਂ ਦੀ ਮਦਦ ਕਰ ਰਹੀ ਹੈ। ਪਿਛਲੇ ਸਾਲ ਤੱਕ, ਗੁਆਨਾਜੁਆਟੋ ਵਿੱਚ ਹਰ ਤਰ੍ਹਾਂ ਦੇ ਗਰਭਪਾਤ 'ਤੇ ਪਾਬੰਦੀ ਲਗਾਈ ਗਈ ਸੀ। ਵੇਰੋਨਿਕਾ ਆਪਣੇ ਸਾਥੀਆਂ ਨਾਲ ਲੋੜਵੰਦ ਔਰਤਾਂ ਨੂੰ ਗਰਭਪਾਤ ਦੀਆਂ ਗੋਲੀਆਂ ਮੁਹੱਈਆ ਕਰਵਾਉਂਦੀ ਸੀ। ਉਸ ਦੇ ਲਗਾਤਾਰ ਸੰਘਰਸ਼ ਤੋਂ ਬਾਅਦ, ਮੈਕਸੀਕੋ ਨੇ ਪਿਛਲੇ ਸਾਲ ਗਰਭਪਾਤ 'ਤੇ ਪਾਬੰਦੀ ਹਟਾ ਦਿੱਤੀ ਸੀ। ਹੁਣ ਵੇਰੋਨਿਕਾ ਅਮਰੀਕੀ ਔਰਤਾਂ ਦੀ ਮਦਦ ਕਰ ਰਹੀ ਹੈ, ਜਿੱਥੇ ਪਿਛਲੇ ਸਾਲ ਗਰਭਪਾਤ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ।

# ਸਿਆਸਤ, ਸੱਤਾ ਅਤੇ ਮੀਡੀਏ ਦੀ ਪੰਜਾਬ ਪ੍ਰਤੀ ਪਹੁੰਚ



ਬਘੇਲ ਸਿੰਘ ਧਾਲੀਵਾਲ
99142-58142

ਸਿਆਸਤ, ਸੱਤਾ ਅਤੇ ਮੀਡੀਏ ਦਾ ਆਪਸੀ ਗੂੜ੍ਹਾ ਰਿਸ਼ਤਾ ਹੈ। ਸਿਆਸਤ ਨੂੰ ਲੋਕ ਹਿਤੂ ਸੱਤਾ ਦੇਣ ਦੇ ਫਰਜ਼ਾਂ ਪ੍ਰਤੀ ਸੁਚੇਤ ਕਰਨਾ ਮੀਡੀਏ ਦੇ ਮੁਢਲੇ ਫਰਜ਼ਾਂ ਵਿੱਚ ਸ਼ਾਮਲ ਹੈ, ਪ੍ਰੰਤੂ ਕੁੱਝ ਕੁ ਸਾਲਾਂ ਤੋਂ ਭਾਰਤੀ ਮੀਡੀਏ ਦੀ ਭਰੋਸੇਯੋਗਤਾ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਮੀਡੀਆ ਉਹ ਹੀ ਕਹਿ ਰਿਹਾ ਹੈ, ਜੋ ਸੱਤਾ ਦੇ ਹਿਤ ਵਿੱਚ ਹੁੰਦਾ ਹੈ।ਪੰਜਾਬ ਦੇ ਮਾਮਲੇ ਵਿੱਚ ਮੀਡੀਆ, ਸੱਤਾ ਅਤੇ ਸਿਆਸਤ, ਇਹ ਤਿੰਨੋਂ ਹੀ ਕਦੇ ਵੀ ਇਮਾਨਦਾਰ ਨਹੀਂ ਰਹੇ। ਦੇਸ਼ ਦੀ ਅਜ਼ਾਦੀ ਦੇ ਸਮੇਂ ਪੰਜਾਬ ਦੇ ਦੋ ਟੁਕੜੇ ਕਰ ਦਿੱਤੇ ਗਏ ਜਾਂ ਇਹ ਕਹਿ ਲਵੋ ਕਿ ਪੰਜਾਬ ਨੂੰ ਬੇਰਹਿਮੀ ਨਾਲ ਵਿਚਾਲਿਓਂ ਪਾੜ ਦਿੱਤਾ ਗਿਆ। ਅੱਧੇ ਤੋਂ ਵੱਧ ਪੰਜਾਬ ਪਾਕਿਸਤਾਨ ਦੇ ਹਿੱਸੇ ਆ ਗਿਆ ਅਤੇ ਬਾਕੀ ਭਾਰਤ ਦੇ ਅਧੀਨ ਹੋ ਗਿਆ। ਭਾਰਤ ਵਾਲੇ ਪੰਜਾਬ ਦੀ ਬਦਕਿਸਮਤੀ ਇਹ ਰਹੀ ਕਿ ਇਹ ਖਿੱਤਾ ਸਿੱਖ ਵਸੋਂ ਵਾਲਾ ਹੋਣ ਕਰਕੇ ਭਾਰਤੀ ਹੁਕਮਰਾਨਾਂ ਦੀਆਂ ਨਜ਼ਰਾਂ ਵਿੱਚ ਬੁਰੀ ਤਰ੍ਹਾਂ ਰੜਕਣ ਲੱਗਾ ਪਿਆ। ਰੜਕਣਾ ਵੀ ਚਾਹੀਦਾ ਸੀ, ਕਿਉਂਕਿ ਦੇਸ਼ ਨੂੰ ਅਜ਼ਾਦ ਕਰਵਾਉਣ ਵਿੱਚ 90 ਫੀਸਦੀ ਕੁਰਬਾਨੀਆਂ ਕਰਨ ਵਾਲਿਆਂ ਨੇ ਕਿਸੇ ਨਾ ਕਿਸੇ ਦਿਨ ਆਪਣੇ ਹੱਕ ਤਾਂ ਮੰਗਣੇ ਹੀ ਮੰਗਣੇ ਸਨ। ਇਸ ਲਈ ਪਹਿਲਾਂ ਹੀ ਦੂਰ ਦੀ ਸੋਚ ਕੇ ਚੱਲਣ ਵਾਲੇ ਚਲਾਕ ਭਾਰਤੀ ਹੁਕਮਰਾਨਾਂ ਨੇ ਦੇਸ਼ ਅਜ਼ਾਦ ਹੁੰਦਿਆਂ ਹੀ ਵੱਡੇ ਟੁੱਟੇ ਪੰਜਾਬ ਦੀ ਨਕੇਲ ਹੋਰ ਕਸਣੀ ਸ਼ੁਰੂ ਕਰ ਦਿੱਤੀ। ਅਜ਼ਾਦੀ ਤੋਂ ਪਹਿਲਾਂ ਸਿੱਖ ਆਗੂਆਂ ਦੀ ਸ਼ਰਾਫਤ ਅਤੇ ਇਮਾਨਦਾਰੀ ਦਾ ਫਾਇਦਾ ਉਠਾਉਣ ਵਾਲੇ ਦੇਸ਼ ਦੇ ਨਵੇਂ ਸ਼ਾਸਕਾਂ ਨੇ ਸਿੱਖਾਂ ਨਾਲ ਕੀਤੇ ਸਾਰੇ ਵਾਅਦੇ ਰੱਦੀ ਵਿੱਚ ਸੁੱਟ ਦਿੱਤੇ। ਅਖੀਰ ਸਿੱਖਾਂ ਕੋਲ ਰਹਿ ਗਿਆ ਫਿਰ ਉਹ ਹੀ ਮੋਰਚਿਆਂ ਵਾਲਾ ਰਸਤਾ। ਇੱਥੇ ਇੱਕ ਗੱਲ ਹੋਰ ਵੀ ਲਿਖਣੀ ਵਾਜਬ ਹੋਵੇਗੀ ਕਿ ਅਕਾਲੀ ਦਲ ਦਾ ਦੇਸ਼ ਦੀ ਅਜ਼ਾਦੀ ਤੋਂ ਬਾਅਦ ਦਾ ਇਤਿਹਾਸ ਦੱਸਦਾ ਹੈ ਕਿ ਇਨ੍ਹਾਂ ਨੇ ਜਿੰਨੇ ਵੀ ਮੋਰਚੇ ਸਿੱਖ ਮੰਗਾਂ ਜਾਂ ਪੰਜਾਬ ਦੀਆਂ ਮੰਗਾਂ ਲਈ ਲਾਏ ਉਨ੍ਹਾਂ 'ਚੋਂ ਕੋਈ ਅਜਿਹਾ ਮੋਰਚਾ ਨਹੀਂ ਜਿਹੜਾ ਅਕਾਲੀਆਂ ਦੀ ਕਿਸੇ ਪ੍ਰਾਪਤੀਆਂ ਦੀ ਬਾਤ ਪਾਉਂਦਾ ਹੋਵੇ। ਸਿੱਖ ਆਗੂਆਂ ਦੀ ਨਿੱਜ ਲਾਲਸਾ ਵਾਲੀ ਕਮਜ਼ੋਰੀ ਕਾਰਨ ਅਜ਼ਾਦੀ ਦੀ ਲੜਾਈ ਵਿੱਚ ਵੀ ਸਭ ਤੋਂ ਵੱਧ ਕੁਰਬਾਨੀਆਂ ਦੇਣ ਵਾਲੇ ਪੰਜਾਬੀ ਖੁਦ ਗੁਲਾਮ ਹੀ ਰਹਿ ਗਏ। ਅਕਾਲੀਆਂ ਨੇ ਆਪਣੀ ਰਾਜ ਕਰਨ ਦੀ ਚਾਹਤ ਨੂੰ ਪੂਰਾ ਕਰਨ ਲਈ ਪੰਜਾਬੀ ਸੂਬੇ ਦਾ ਮੋਰਚਾ ਆਰੰਭ ਦਿੱਤਾ। ਭਾਵੇਂ ਸਿੱਖਾਂ ਦੀ ਇਹ ਮੰਗ ਵਾਜਿਬ ਅਤੇ ਜਾਇਜ਼ ਵੀ ਸੀ, ਕਿਉਂਕਿ ਰਾਜ ਭਾਗ ਹੰਢਾਅ ਚੁੱਕੀ ਕੌਮ ਵਿੱਚ ਇਹ ਚਾਹਤ ਹੋਣੀ ਸੁਭਾਵਿਕ ਸੀ, ਪਰ ਸਿੱਖਾਂ ਦੀ ਇਸ ਪੰਜਾਬੀ ਸੂਬੇ ਦੀ ਮੰਗ ਨੇ ਕੇਂਦਰੀ ਹਾਕਮਾਂ ਦੇ ਮਨਸੂਬਿਆਂ ਨੂੰ ਹੋਰ ਤਾਕਤਵਰ ਬਣਾ ਦਿੱਤਾ। ਸ਼ਾਤਰ ਸ਼ਕਤੀਆਂ ਨੇ ਵੱਡਾ ਹਿੱਸਾ ਪੰਜਾਬੀ ਬੋਲਦੇ ਇਲਾਕਿਆਂ ਵਾਲਾ ਪੰਜਾਬ ਤੋਂ ਬਾਹਰ ਰੱਖ ਕੇ ਜਿੱਥੇ ਪੰਜਾਬੀ ਸੂਬੇ ਨੂੰ ਅਪਾਹਜ ਬਣਾ ਦਿੱਤਾ, ਉਥੇ ਇੱਥੋਂ ਦੇ ਲੋਕਾਂ ਦਾ ਮੁਫਤ ਬਿਜਲੀ ਪੈਦਾ ਕਰਨ ਦਾ ਸਰੋਤ ਭਾਖੜਾ ਡੈਮ ਵੀ ਖੋਹ ਕੇ ਮਹਿੰਗੇ ਭਾਅ ਬਿਜਲੀ ਬਣਾਉਣ ਵਾਲੇ ਥਰਮਲ ਉਸਾਰ ਕੇ, ਜਿੱਥੇ ਪੰਜਾਬ ਨੂੰ ਜਾਣਬੁੱਝ ਕੇ ਭਿਆਨਕ ਬਿਮਾਰੀਆਂ ਦੀ ਜਕੜ ਵਿੱਚ ਦੇ ਦਿੱਤਾ, ਓਥੇ ਪੰਜਾਬ ਨੂੰ ਹਮੇਸ਼ਾ ਲਈ ਕੇਂਦਰ ਨੇ ਆਪਣੇ ਮੁਥਾਜ ਬਣਾ ਲਿਆ। ਪੰਜਾਬ ਦੀ ਸਰਜ਼ਮੀਨ ਤੇ ਨਵੀਂ ਰਾਜਧਾਨੀ ਚੰਡੀਗੜ੍ਹ ਬਣਾ ਕੇ ਵੀ ਪੰਜਾਬ ਨੂੰ ਨਾ ਦਿੱਤੀ ਗਈ। ਸ਼ਾਤਰ ਕੇਂਦਰੀ ਹਕੂਮਤਾਂ ਨੇ ਬਿਜਲੀ ਡੈਮ ਹਿਮਾਚਲ ਪ੍ਰਦੇਸ਼ ਵਿੱਚ ਅਤੇ ਚੰਡੀਗੜ੍ਹ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਐਲਾਨ ਕੇ ਪੰਜਾਬ ਅਤੇ ਹਰਿਆਣਾ ਦੋਹਾਂ ਸੂਬਿਆਂ ਵਿੱਚ ਬੁਰਕੀ ਸੁੱਟ ਦਿੱਤੀ। ਹੈਰਾਨੀ ਦੀ ਗੱਲ ਇਹ ਹੈ ਕਿ ਪੰਜਾਬ ਦੀ ਅਕਾਲੀਆਂ ਸਮੇਤ ਕਿਸੇ ਵੀ ਰਾਜਸੀ ਧਿਰ ਅਤੇ ਕਿਸਾਨ ਜਥੇਬੰਦੀਆਂ ਨੇ ਭਾਖੜਾ ਡੈਮ ਵਾਲੇ ਇਲਾਕੇ ਨੂੰ ਪੰਜਾਬ ਵਿੱਚ ਸ਼ਾਮਲ ਕਰਵਾਉਣ ਅਤੇ ਪੰਜਾਬ ਦੇ ਪਾਣੀਆਂ ਦੀ ਲੁੱਟ ਦੇ ਖਿਲਾਫ਼ ਕਦੇ ਵੀ ਮੂੰਹ ਨਹੀਂ ਖੋਲ੍ਹਿਆ,




ਜਦੋਂ ਕਿ ਚੰਡੀਗੜ੍ਹ ਨੂੰ ਪੰਜਾਬ ਵਿੱਚ ਸ਼ਾਮਲ ਕਰਵਾਉਣ ਦਾ ਹੋ ਹੱਲਾ ਗਾਹੇ-ਬ-ਗਾਹੇ ਹੁੰਦਾ ਰਿਹਾ ਹੈ, ਉਹ ਵੀ ਸਿਆਸੀ ਰੋਟੀਆਂ ਨੂੰ ਸੇਕਣ ਵੇਲੇ। ਕੇਂਦਰ ਨੇ ਬਹੁਤ ਦੂਰ ਦੀ ਸੋਚ ਨਾਲ ਪੰਜਾਬ ਦੇ ਬਿਜਲੀ ਪਾਣੀ ਖੋਹ ਕੇ ਪੰਜਾਬ ਦੀ ਅਜਿਹੀ ਆਰਥਿਕ ਘੇਰਾਬੰਦੀ ਕੀਤੀ, ਜਿਸ ਦੇ ਪਰਿਣਾਮ ਕਿਸਾਨਾਂ ਦੀਆਂ ਖੁਦਕੁਸ਼ੀਆਂ ਨਾਲ ਸਾਹਮਣੇ ਆਉਂਦੇ ਰਹੇ ਹਨ। ਇਥੋਂ ਦੇ ਕਿਸਾਨਾਂ ਨੂੰ ਆਪਣੀਆਂ ਫਸਲਾਂ ਭੰਗ ਦੇ ਭਾਅ ਕੇਂਦਰ ਨੂੰ ਵੇਚ ਕੇ ਮਹਿੰਗੇ ਭਾਅ ਦੀ ਬਿਜਲੀ ਅਤੇ ਡੀਜਲ ਖਰੀਦਣਾ ਪੈ ਰਿਹਾ ਹੈ ਜਿਸ ਨੇ ਹੌਲੀ ਹੌਲੀ ਕਿਸਾਨਾਂ ਨੂੰ ਅੰਦਰ ਹੀ ਅੰਦਰ ਖੋਖਲੇ ਕਰ ਦਿੱਤਾ, ਉਤੋਂ ਮਹਿੰਗੀਆਂ ਨਕਲੀ ਰੇਹਾਂ, ਸਪਰੇਹਾਂ ਨਕਲੀ ਮਾਰੂ ਵੀਜਾਂ ਨੇ ਕਿਸਾਨੀ ਦਾ ਲੱਕ ਤੋੜ ਦਿੱਤਾ। ਪੰਜਾਬ ਦੇ ਹਾਲਾਤ ਇਸ ਕਦਰ ਖਰਾਬ ਹੋ ਚੁੱਕੇ ਹਨ ਕਿ ਨੇੜ ਭਵਿੱਖ ਵਿੱਚ ਪੰਜਾਬ ਮੁੜ ਲੀਹਾਂ 'ਤੇ ਆਉਂਦਾ ਦਿਖਾਈ ਨਹੀਂ ਦੇ ਰਿਹਾ। ਨਸ਼ਿਆਂ ਨੇ ਜੁਆਨੀ ਗਾਲ਼ ਕੇ ਨਪੁੰਸਕ ਬਣਾ ਦਿੱਤੀ, ਭਿਆਨਕ ਬਿਮਾਰੀਆਂ ਨੇ ਹਰ ਘਰ ਵਿੱਚ ਦਸਤਕ ਦੇ ਕੇ ਦਹਿਸ਼ਤ ਦਾ ਮਾਹੌਲ ਬਣਾ ਦਿੱਤਾ ਹੈ। ਇਨ੍ਹਾਂ ਭਿਆਨਕ ਬਿਮਾਰੀਆਂ ਤੋਂ ਬਚਾਓ ਦੇ ਕੋਈ ਉਪਰਾਲੇ ਕਿਸੇ ਵੀ ਕੇਂਦਰੀ ਜਾਂ ਸੂਬਾ ਸਰਕਾਰ ਨੇ ਕਰਨ ਦੀ ਲੋੜ ਨਹੀਂ ਸਮਝੀ। ਲੋਕਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਨ ਦੀ ਬਜਾਏ ਮਹਿਜ ਰਾਜ ਭਾਗ ਹਥਿਆਉਣਾ ਹੀ ਰਾਜਨੀਤਕ ਲੋਕਾਂ ਦਾ ਇੱਕਮਾਤਰ ਨਿਸ਼ਾਨਾ ਬਣ ਗਿਆ। ਸਸਤੀ ਸ਼ੋਹਰਤ ਹਾਸਲ ਕਰਨ ਲਈ ਅਖਬਾਰੀ ਬਿਆਨਬਾਜ਼ੀ ਨਾਲ ਕੰਮ ਚਲਾਇਆ ਜਾਣਾ ਅੱਜ ਦਾ ਸਿਆਸੀ ਫੈਸ਼ਨ ਬਣ ਚੁੱਕਾ ਹੈ। ਸਰਕਾਰੀ ਸਕੂਲ ਅਧਿਆਪਕਾਂ ਖੁਣੋਂ ਖਾਲੀ ਹੋ ਕੇ ਬੰਦ ਹੋ ਰਹੇ ਹਨ, ਸਰਕਾਰੀ ਹਸਪਤਾਲਾਂ ਵਿੱਚ ਜਾਂ ਤਾਂ ਡਾਕਟਰ ਨਹੀਂ ਜਾਂ ਫਿਰ ਮੁਢਲੀਆਂ ਸਹੂਲਤਾਂ ਦੇ ਸਾਧਨ ਹੀ ਉਪਲਭਧ ਨਹੀਂ ਹਨ, ਜਿਸ ਕਰਕੇ ਹਰ ਰੋਜ ਹੁੰਦੀਆਂ ਅਣਆਈਆਂ ਮੌਤਾਂ ਦੀ ਦਰ ਵਿੱਚ ਵਾਧਾ ਹੋ ਰਿਹਾ ਹੈ। ਜਦੋਂ ਕਿ ਨਸ਼ਿਆਂ ਦਾ ਕਾਰੋਬਾਰ ਖਤਰਨਾਕ ਹੱਦ ਪਾਰ ਕਰ ਚੁੱਕਾ ਹੈ। ਪੰਜਾਬ ਵਿੱਚ ਹਰ ਪਿੰਡ 'ਚ ਸ਼ਰਾਬ ਦੇ ਠੇਕਿਆਂ ਦੀ ਗਿਣਤੀ ਇੱਕ ਤੋਂ ਵਧਾ ਦਿੱਤੀ ਗਈ ਹੈ, ਸਰਕਾਰੇ ਦਰਬਾਰੇ ਪਹੁੰਚ ਰੱਖਣ ਵਾਲੇ ਸ਼ਰਾਬ ਦੇ ਜਾਇਜ਼-ਨਜਾਇਜ਼ ਕਾਰੋਬਾਰੀ ਚਿੱਟੇ, ਸਮੈਕ ਅਤੇ ਹੋਰ ਖਤਰਨਾਕ ਨਸ਼ਿਆਂ ਨੂੰ ਵਾਧੂ ਕਮਾਈ ਲਈ ਸਹਾਇਕ ਧੰਦੇ ਵਜੋਂ ਅਪਣਾ ਕੇ ਲੋਕਾਂ ਨੂੰ ਪੈਸਿਆਂ ਬਦਲੇ ਦਿਨ ਦੀਵੀ ਮੌਤ ਵੰਡ ਰਹੇ ਹਨ, ਉਧਰ ਮੁਢਲੇ ਪੇਂਡੂ ਡਿਸਪੈਂਸਰੀਆਂ/ਸਿਹਤ ਕੇਂਦਰਾਂ ਦੀ ਹਾਲਤ ਤਰਸਯੋਗ ਹੁੰਦੀ ਜਾ ਰਹੀ ਹੈ। ਪੇਂਡੂ ਡਿਸਪੈਂਸਰੀਆਂ ਦਾ ਤਕਰੀਬਨ ਨਿੱਜੀਕਰਨ ਹੀ ਕਰ ਦਿੱਤਾ ਗਿਆ ਹੈ।ਸ਼ਹਿਰਾਂ ਵਿਚਲੇ ਸਰਕਾਰੀ ਹਸਪਤਾਲਾਂ ਵਿੱਚ ਮੁਢਲੀਆਂ ਸਹੂਲਤਾਂ ਦੇਣ ਦੇ ਸਾਧਨ ਹੀ ਮੌਜੂਦ ਨਹੀਂ ਹਨ। ਭਾਰਤ ਪੱਧਰ 'ਤੇ ਮਨੁੱਖੀ ਜ਼ਿੰਦਗੀਆਂ ਨਾਲ ਆਏ ਦਿਨ ਖਿਲਵਾੜ ਦੀਆਂ ਵਾਪਰਦੀਆਂ ਦਿਲ ਕੰਬਾਊ ਘਟਨਾਵਾਂ ਚੀਖ-ਚੀਖ ਕੇ ਦਸਦੀਆਂ ਹਨ ਕਿ ਅਖੌਤੀ ਸਭਿਅਕ ਮਨੁੱਖ ਦੀ ਮਾਨਸਿਕਤਾ ਜਾਨਵਰਾਂ ਤੋਂ ਵੀ ਮਾੜੀ ਹੋ ਗਈ ਹੈ। ਕੁੱਝ ਕੁ ਸਾਲ ਪਹਿਲਾਂ ਧਾਰਮਿਕ ਫਿਰਕਾਪ੍ਰਸਤੀ ਦੇ ਸੰਚਾਲਕਾਂ ਦੁਆਰਾ ਫੈਲਾਏ ਜਾ ਰਹੇ ਮੰਨੂਵਾਦੀ ਵਰਣ ਵੰਡ ਦੇ ਫਿਰਕੂ ਜ਼ਹਿਰ ਦੀ ਭੇਟ ਚੜ੍ਹੇ ਦਲਿਤ ਵਿਦਿਆਰਥੀ ਰੋਹਿਤ ਬੇਮੁਲਾ ਦੀ ਹੈਦਰਾਬਾਦ ਯੂਨੀਵਰਸਿਟੀ ਦੇ ਹੋਸਟਲ ਵਿਚ ਖੁਦਕੁਸ਼ੀ ਅਤੇ ਹਰਿਆਣਾ ਜਾਟ ਅੰਦੋਲਨ ਦੀ ਆੜ ਵਿੱਚ ਹੰਕਾਰੇ ਹੋਏ ਜਨ ਸਮੂਹ ਵੱਲੋਂ ਬਾਕਾਇਦਾ ਨਾਕੇ ਲਗਾ ਕੇ ਬੀਬੀਆਂ ਨੂੰ ਗੱਡੀਆਂ ਵਿਚੋਂ ਉਤਾਰ ਕੇ ਉਨ੍ਹਾਂ ਦੀ ਕੀਤੀ ਗਈ ਬੇਪਤੀ ਦੀ ਸ਼ਰਮਨਾਕ ਘਟਨਾ ਨੂੰ ਜਿਸ ਤਰ੍ਹਾਂ ਭਾਰਤੀ ਮੀਡੀਏ ਅਤੇ ਹਕੂਮਤੀ ਸਿਸਟਮ ਨੇ ਸਿਆਸਤ, ਸੱਤਾ ਅਤੇ ਮੀਡੀਏ

ਦਬਾਉਣ ਦਾ ਯਤਨ ਕੀਤਾ ਸੀ, ਉਹ ਮੌਜੂਦਾ ਸਮੇਂ ਵਿੱਚ ਵੀ ਸਭਿਅਕ ਸਮਾਜ ਲਈ ਗਹਿਰੀ ਚਿੰਤਾ ਦਾ ਵਿਸ਼ਾ ਹੈ। ਇਹ ਸਵਾਲ ਹਰ ਸੂਝਵਾਨ, ਚੇਤਨ ਅਤੇ ਇਨਸਾਫ ਪਸੰਦ ਲੋਕਾਂ ਅੱਗੇ ਫਣ ਚੁੱਕੀ ਖੜ੍ਹਾ ਹੈ ਕਿ ਆਖਰ ਕਦੋਂ ਤੱਕ ਮਨੁੱਖੀ ਜ਼ਿੰਦਗੀਆਂ ਨਾਲ ਹੁੰਦਾ ਇਹ ਜਾਨਵਰਾਂ ਵਾਲਾ ਵਹਿਸ਼ੀ ਵਰਤਾਰਾ ਮਨੁੱਖਤਾ ਦਾ ਕਾਤਿਲ ਬਣ ਕੇ ਮੌਤ ਦੇ ਤਾਂਡਵ ਨਾਚ ਨਚਦਾ ਰਹੇਗਾ ? ਆਖਰ ਕਦੋਂ ਤੱਕ ਭਾਰਤੀ ਲੋਕਾਂ ਦੇ ਮੂੰਹ ਨੂੰ ਲਾਏ ਜਾ ਰਹੇ ਕੱਟੜਵਾਦੀ ਜ਼ਹਿਰ ਦੇ ਪਿਆਲੇ ਉਨ੍ਹਾਂ ਦੀ ਫਿਰਕੂ ਪਿਆਸ ਬੁਝਾਉਣ ਲਈ ਆਪਣਾ ਜ਼ਹਿਰੀਲਾ ਅਸਰ ਖੂਨ ਵਿੱਚ ਮਿਲਾਉਂਦੇ ਰਹਿਣਗੇ ? ਕਦੋਂ ਤੱਕ ਸਾਡੀ ਮੌਤ ਦਰਿੰਦਿਗੀ ਦਾ ਮਜ਼ਾਕ ਬਣਦੀ ਰਹੇਗੀ ? ਕਦੋਂ ਤੱਕ ਆਏ ਦਿਨ ਮਨੁੱਖੀ ਜ਼ਿੰਦਗੀਆਂ ਸਾਧਨਾਂ ਤੋਂ ਸੱਖਣੇ ਸਰਕਾਰੀ ਹਸਪਤਾਲਾਂ ਵਿੱਚ ਬੇਬਸੀ ਅਤੇ ਲਾਚਾਰੀ ਦੀ ਮੌਤ ਮਰਦੀਆਂ ਰਹਿਣਗੀਆਂ ? ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਸਾਨੂੰ ਅੱਖਾਂ ਮੀਚ ਕੇ ਇਨਸਾਫ ਦੀ ਤੱਕੜੀ ਵਿਚ ਕੁਫਰ ਤੋਲ ਰਹੇ ਫਿਰਕੂ ਤੋਲਿਆਂ ਵਾਲੇ ਭਾਰਤੀ ਨਿਜ਼ਾਮ, ਸੱਤਾ ਭੁੱਖ ਵਿਚ ਅੰਨ੍ਹੀਂ ਹੋਈ ਸਿਆਸਤ ਅਤੇ ਮਨੁੱਖਤਾਵਾਦੀ ਸੋਚ ਤੋਂ ਮੁਨਕਰ ਹੋਏ ਭਾਰਤੀ ਮੀਡੀਏ ਤੋਂ ਮੰਗਣੇ ਚਾਹੀਦੇ ਹਨ।

## ਹੋਲੀ ਅਤੇ ਹੋਲਾ-ਮਹੱਲਾ 'ਤੇ ਵਿਸ਼ੇਸ਼

# ਆਜ਼ਾਦੀ, ਸੁਤੰਤਰਤਾ, ਸਵੈਮਾਣ ਤੇ ਸਿੱਖ ਚੜ੍ਹਦੀ ਕਲਾ ਦਾ ਪ੍ਰਤੀਕ ਦਿਹਾੜਾ ਹੋਲਾ-ਮਹੱਲਾ



ਡਾ. ਰੂਪ ਸਿੰਘ

*ਗੁਰੂ ਗੋਬਿੰਦ ਸਿੰਘ ਜੀ ਨੇ ਇਸ ਤਿਉਹਾਰ ਨੂੰ ਨਵੇਂ ਤਰੀਕੇ ਨਾਲ ਮਨਾਉਣਾ ਸ਼ੁਰੂ ਕੀਤਾ। ਉਨ੍ਹਾਂ ਨੇ ਹਿੰਦੁਸਤਾਨੀ ਲੋਕਾਂ ਦੀ ਸੁੱਤੀ ਹੋਈ ਅਣਖ ਨੂੰ ਜਗਾ ਕੇ, ਉਨ੍ਹਾਂ ਦੇ ਮਨਾਂ ਅੰਦਰ ਚੜ੍ਹਦੀ ਕਲਾ ਦਾ ਅਹਿਸਾਸ ਪੈਦਾ ਕਰਨ ਲਈ, ਹੋਲੀ ਨੂੰ 'ਹੋਲੇ ਮਹੱਲੇ' ਦੇ ਰੂਪ ਵਿੱਚ ਮਨਾਉਣ ਦੀ ਰੀਤ ਚਲਾਈ। ਚੇਤ ਵਦੀ ਏਕਮ, ਸੰਮਤ 1757 (17000 ਈ:) ਨੂੰ ਦਸਮ ਪਾਤਸ਼ਾਹ ਨੇ ਅਨੰਦਪੁਰ ਸਾਹਿਬ ਵਿਖੇ 'ਹੋਲਗੜ੍ਹ' ਦੇ ਸਥਾਨ 'ਤੇ ਪਹਿਲੀ ਵਾਰ 'ਹੋਲਾ ਮਹੱਲਾ' ਮਨਾਇਆ।*



ਹੋਲਾ-ਮਹੱਲਾ ਸਿੱਖਾਂ ਦਾ ਇਕ ਅਹਿਮ ਦਿਹਾੜਾ ਹੈ ਜੋ ਕਿ ਹੋਲੀ ਤੋਂ ਅਗਲੇ ਦਿਨ ਮਨਾਇਆ ਜਾਂਦਾ ਹੈ। ਸਿੱਖ ਹੋਲੀ ਦੇ ਪਰੰਪਰਾਗਤ ਰੂਪ ਨੂੰ ਪ੍ਰਵਾਨ ਨਹੀਂ ਕਰਦਾ ਕਿਉਂਕਿ ਲੋਕਾਂ ਨੇ ਇਕ-ਦੂਜੇ 'ਤੇ ਰੰਗ, ਗੰਦ-ਮੰਦ ਸੁੱਟਣ, ਖਰੂਦ ਮਚਾਉਣ, ਸ਼ਰਾਬ ਪੀਣ, ਮੰਦਾ ਬੋਲਣ ਆਦਿ ਘਟੀਆ ਹਰਕਤਾਂ ਨੂੰ ਹੋਲੀ ਦਾ ਅੰਗ ਸਮਝ ਛੱਡਿਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਤਿਉਹਾਰ ਨੂੰ ਨਵੇਂ ਤਰੀਕੇ ਨਾਲ ਮਨਾਉਣਾ ਸ਼ੁਰੂ ਕੀਤਾ। ਉਨ੍ਹਾਂ ਨੇ ਹਿੰਦੁਸਤਾਨੀ ਲੋਕਾਂ ਦੀ ਸੁੱਤੀ ਹੋਈ ਅਣਖ ਨੂੰ ਜਗਾ ਕੇ, ਉਨ੍ਹਾਂ ਦੇ ਮਨਾਂ ਅੰਦਰ ਚੜ੍ਹਦੀ ਕਲਾ ਦਾ ਅਹਿਸਾਸ ਪੈਦਾ ਕਰਨ ਲਈ, ਹੋਲੀ ਨੂੰ 'ਹੋਲੇ ਮਹੱਲੇ' ਦੇ ਰੂਪ ਵਿੱਚ ਮਨਾਉਣ ਦੀ ਰੀਤ ਚਲਾਈ। ਚੇਤ ਵਦੀ ਏਕਮ, ਸੰਮਤ 1757 (17000 ਈ:) ਨੂੰ ਦਸਮ ਪਾਤਸ਼ਾਹ ਨੇ ਅਨੰਦਪੁਰ ਸਾਹਿਬ ਵਿਖੇ 'ਹੋਲਗੜ੍ਹ' ਦੇ ਸਥਾਨ 'ਤੇ ਪਹਿਲੀ ਵਾਰ 'ਹੋਲਾ ਮਹੱਲਾ' ਮਨਾਇਆ। ਇਸ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਦਸਮੇਸ਼ ਪਿਤਾ ਨੇ 'ਹੋਲੇ ਮਹੱਲੇ' ਨੂੰ ਸੁਤੰਤਰ ਸਿੱਖ ਸੋਚ ਅਨੁਸਾਰ ਮਨਾਉਣ ਦਾ ਆਰੰਭ ਖ਼ਾਲਸਾ ਪੰਥ ਦੀ ਸਿਰਜਣਾ ਤੋਂ ਤੁਰੰਤ ਬਾਅਦ ਕੀਤਾ ਤਾਂ ਕਿ ਖ਼ੁਦਮੁਖ਼ਤਿਆਰ ਖ਼ਾਲਸਾ, ਆਪਣੀ ਵਿਲੱਖਣ ਹੋਂਦ-ਹਸਤੀ ਅਨੁਸਾਰ ਪੰਜਾਬੀ ਸੱਭਿਆਚਾਰ ਨਾਲ ਸਬੰਧਤ ਦਿਨ-ਦਿਹਾਰ ਵਿਲੱਖਣ ਤੇ ਨਿਰਾਲੇ ਰੂਪ ਵਿਚ ਮਨਾ, ਆਪਣੀ ਸੁਤੰਤਰ ਹੋਂਦ ਤੇ ਨਿਆਰੇਪਨ ਦਾ ਪ੍ਰਗਟਾਵਾ ਕਰ ਸਕੇ। ਗੁਰਦੇਵ ਦਾ ਆਸ਼ਾ ਪੰਜਾਬੀਆਂ ਦੇ ਮਨਾਂ ਵਿਚੋਂ ਗ਼ੁਲਾਮੀ ਦੇ ਅੰਸ਼ ਨੂੰ ਮੂਲੋਂ ਹੀ ਖ਼ਤਮ ਕਰਨਾ ਸੀ ਤਾਂ ਕਿ ਉਹ ਸੋਚ-ਵਿਚਾਰ ਤੇ ਵਿਵਹਾਰ ਵਿੱਚ ਸੁਤੰਤਰ ਹੋ ਵਿਚਰ ਸਕਣ।

'ਹੋਲਾ' ਸ਼ਬਦ 'ਹੋਲੀ' ਦਾ ਧੜੱਲੇਦਾਰ ਬਦਲਵਾਂ ਰੂਪ ਹੈ ਜੋ ਡਿੱਗਿਆਂ-ਢੱਠਿਆਂ ਦੇ ਹਿਰਦੇ ਅੰਦਰ ਉਤਸ਼ਾਹ ਤੇ ਹੁਲਾਸ ਪੈਦਾ ਕਰਦਾ ਹੈ। ਸਿੱਖਾਂ ਨੇ ਉਸ ਸਮੇਂ ਨੇ ਲੋਕਾਂ ਦੇ ਮਨਾਂ 'ਚ ਚੜ੍ਹਦੀ ਕਲਾ ਤੇ ਸੂਰਬੀਰਤਾ ਦਾ ਜਜ਼ਬਾ ਭਰਨ ਲਈ ਅਨੇਕਾਂ ਅਜਿਹੇ 'ਬੋਲੇ' ਪ੍ਰਚੱਲਿਤ ਕੀਤੇ ਹਨ, ਜਿਨ੍ਹਾਂ ਨੂੰ 'ਖ਼ਾਲਸਾਈ ਬੋਲੇ' ਕਿਹਾ ਜਾਂਦਾ ਹੈ, ਜਿਸ ਤਰ੍ਹਾਂ 'ਇਕ' ਨੂੰ 'ਸਵਾ ਲੱਖ' ਕਹਿਣਾ, 'ਮੌਤ' ਨੂੰ 'ਚੜ੍ਹਾਈ ਕਰਨਾ', 'ਤੇਗ' ਨੂੰ 'ਤੇਗਾ','ਦੇਗ' ਨੂੰ 'ਦੇਗਾ', 'ਦਸਤਾਰ' ਨੂੰ 'ਦਸਤਾਰਾ', 'ਮੁੱਛਾਂ' ਨੂੰ 'ਮੁਛਹਿਰਾ', 'ਦਾੜ੍ਹੀ' ਨੂੰ 'ਦਾੜ੍ਹਾ' ਆਦਿ । ਇਸੇ ਤਰ੍ਹਾਂ ਹੋਲੀ ਨੂੰ 'ਹੋਲਾ' ਕਹਿਣਾ ਸਿੱਖਾਂ ਦੀ ਵਿਲੱਖਣਤਾ ਅਤੇ ਚੜ੍ਹਦੀ ਕਲਾ ਦੀ ਭਾਵਨਾ ਨੂੰ ਪ੍ਰਗਟਾਉਂਦਾ ਹੈ। ਕਵੀ ਨਿਹਾਲ ਸਿੰਘ ਦੇ ਸ਼ਬਦਾਂ ਵਿਚ :

ਬਰਛਾ ਢਾਲ ਕਟਾਰਾ ਤੇਗਾ,  
ਕੜਛਾ ਦੇਗਾ ਗੋਲਾ ਹੈ,  
ਛਕਾ ਪ੍ਰਸਾਦ ਸਜਾ ਦਸਤਾਰਾ  
ਅਰੁ ਕਰਦੌਨਾ ਟੋਲਾ ਹੈ,  
ਸੁਭਟ ਸੁਚਾਲਾ ਅਰ ਲਖ ਬਾਹਾ,  
ਕਲਗਾ ਸਿੰਘ ਸੁਚੋਲਾ ਹੈ,  
ਅਪਰ ਮੁਛਹਿਰਾ ਦਾੜ੍ਹਾ ਜੈਸੇ,  
ਤੈਸੇ ਬੋਲਾ 'ਹੋਲਾ' ਹੈ।

ਭਾਰਤ ਸਦੀਆਂ ਤੀਕ ਵਿਦੇਸ਼ੀ ਹਮਲਾਵਰਾਂ ਦਾ ਗ਼ੁਲਾਮ ਰਿਹਾ। ਇਹੀ ਕਾਰਨ ਹੈ ਕਿ ਭਾਰਤੀਆਂ ਦੇ ਸ਼ੌਕ, ਮੌਜ-ਮੇਲੇ ਤੇ ਤਿਉਹਾਰ ਵੀ ਗ਼ੁਲਾਮੀ ਦੀ ਮਾਨਸਿਕਤਾ ਨੂੰ ਰੂਪਮਾਨ ਕਰਦੇ ਹਨ। ਭਾਰਤੀ ਲੋਕ ਤਨ, ਮਨ, ਧਰਮ, ਸਮਾਜ ਤੇ ਰਾਜਸੀ ਸੋਚ ਕਰਕੇ ਗ਼ੁਲਾਮ ਸਨ। ਗ਼ੁਲਾਮੀ ਦੀ ਦਲਦਲ 'ਚੋਂ ਆਜ਼ਾਦ ਸੋਚ, ਸੁਤੰਤਰ ਹੋਂਦ-ਹਸਤੀ ਤੇ ਨਿਆਰੇਪਨ ਨੂੰ ਪ੍ਰਗਟ ਕਰਨਾ ਸੱਚਮੁੱਚ ਅਦਭੁਤ ਕਰਾਮਾਤ ਸੀ। ਇਹ ਚਿੜੀਆਂ ਤੋਂ ਬਾਜ਼ ਤੁੜਾਉਣ, ਇਕ ਨੂੰ ਸਵਾ ਲੱਖ ਨਾਲ ਲੜਾਉਣ ਤੇ ਅਸੰਭਵ ਨੂੰ ਸੰਭਵ ਕਰਨ ਦੇ ਤੁਲ ਸੀ। ਊਚ-ਨੀਚ, ਭਰਮ-ਭੇਖ, ਜਾਤ-ਪਾਤ, ਕਰਮ-ਵੰਡ, ਰੰਗ-ਨਸਲ ਦੇ ਹਰ ਤਰ੍ਹਾਂ ਦੇ ਵਿਤਕਰਿਆਂ ਵਖਰੇਵਿਆਂ ਨੂੰ ਦੂਰ ਕਰ, ਸਾਹਿਬੇ-ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਭੂਸੱਤਾ-ਸੰਪਨ, ਸੁਤੰਤਰ ਸੋਚ-ਵਿਚਾਰ, ਵਿਹਾਰ ਲਈ ਖਾਲਸਾ ਫ਼ੌਜ ਦੀ ਸਥਾਪਨਾ ਕੀਤੀ। ਗੁਰਦੇਵ ਪਿਤਾ ਨੇ ਭਾਰਤੀਆਂ ਨੂੰ ਖ਼ੂਨ ਦੀ ਹੋਲੀ, ਆਜ਼ਾਦੀ, ਸੁਤੰਤਰਤਾ, ਸਵੈਮਾਣ, ਸਵੈਹੋਂਦ ਦੇ ਪ੍ਰਗਟਾਅ ਲਈ ਖ਼ਾਲਸਾਈ ਖੇਡਾਂ ਖੇਡਣ ਲਈ ਮੈਦਾਨ ਤਿਆਰ ਕਰਕੇ ਦਿੱਤਾ।




'ਹੋਲੇ ਮਹੱਲੇ' ਵਾਲੇ ਦਿਨ ਖ਼ਾਲਸੇ ਨੂੰ ਦੋ ਦਲਾਂ ਵਿੱਚ ਵੰਡ ਕੇ, ਦਸਮ ਪਾਤਸ਼ਾਹ ਮਸਨੂਈ (ਨਕਲੀ) ਯੁੱਧ ਕਰਵਾਇਆ ਕਰਦੇ ਸਨ। ਇਕ ਦਲ ਨਿਸ਼ਚਿਤ ਸਥਾਨ 'ਤੇ ਕਾਬਜ਼ ਹੋ ਜਾਂਦਾ, ਦੂਜਾ ਉਸ 'ਤੇ ਹਮਲਾ ਕਰ ਕੇ ਕਿਲ੍ਹਾ ਖੋਹਣ ਦਾ ਯਤਨ ਕਰਦਾ। ਇਸ ਤਰ੍ਹਾਂ ਨਕਲੀ ਯੁੱਧ ਦੁਆਰਾ ਯੁੱਧ-ਜੁਗਤੀ ਅਤੇ ਪੈਂਤਰੇਬਾਜ਼ੀ ਦਾ ਅਭਿਆਸ ਹੁੰਦਾ। ਯੁੱਧ ਦੇ ਨਗਾਰੇ ਵੱਜਦੇ, ਹਥਿਆਰਾਂ ਦਾ ਟਕਰਾਓ ਹੁੰਦਾ, ਜੈਕਾਰੇ ਗੂੰਜਦੇ ਅਤੇ 'ਫ਼ਤਹਿ' ਦੀਆਂ ਖੁਸ਼ੀਆਂ ਮਨਾਈਆਂ ਜਾਂਦੀਆਂ। ਜਿਹੜਾ ਦਲ ਜਿੱਤ ਪ੍ਰਾਪਤ ਕਰਦਾ ਉਸ ਨੂੰ ਗੁਰਦੇਵ ਪਿਤਾ, ਗੁਰੂ- ਦਰਬਾਰ ਵਲੋਂ ਸਿਰੋਪਾਓ ਦੀ ਬਖਸ਼ਿਸ਼ ਕਰਦੇ।

ਇੱਥੇ ਇਹ ਗੱਲ ਵਰਨਣਯੋਗ ਹੈ ਕਿ ਉਸ ਸਮੇਂ ਬਾਦਸ਼ਾਹ ਔਰੰਗਜ਼ੇਬ ਵਲੋਂ 1687 ਈ: 'ਚ ਜਾਰੀ ਕੀਤੇ ਫ਼ਰਮਾਨ ਅਨੁਸਾਰ ਹਿੰਦੁਸਤਾਨੀ ਲੋਕਾਂ ਨੂੰ ਟਲ ਖੜਕਾਉਣ, ਸ਼ਸਤਰ ਧਾਰਨ ਕਰਨ, ਘੋੜ-ਸਵਾਰੀ ਕਰਨ ਅਤੇ ਦਸਤਾਰ ਸਜਾਉਣ ਦੀ ਸਖ਼ਤ ਮਨਾਹੀ ਸੀ। ਦਸਤਾਰ ਕੇਵਲ ਉਹੋ ਹੀ ਸਜਾ ਸਕਦਾ ਸੀ, ਜਿਸ ਨੂੰ ਬਾਦਸ਼ਾਹ ਵਲੋਂ ਦਰਬਾਰੀ ਬਖ਼ਸ਼ੀ ਜਾਵੇ। ਘੋੜੇ ਦੀ ਸਵਾਰੀ, ਨਿਸ਼ਾਨ, ਨਗਾਰਾ ਅਤੇ ਫ਼ੌਜ ਰੱਖਣੀ ਹਕੂਮਤ ਵਿਰੁੱਧ ਬਗਾਵਤ ਦੇ ਤੁਲ ਸੀ, ਜਿਸ ਦੀ ਸਜ਼ਾ ਮੌਤ ਅਤੇ ਘਰ-ਘਾਟ ਦੇ ਉਜਾੜੇ ਨੂੰ ਸੱਦਾ ਦੇਣ ਦੇ ਤੁਲ ਸੀ। ਇਸੇ ਕਰਕੇ ਆਮ ਲੋਕ ਹਕੂਮਤੀ ਜਬਰ ਵਿਰੁੱਧ ਮੂੰਹ ਨਹੀਂ ਸਨ ਖੋਲ੍ਹਦੇ। ਗੁਰੂ ਜੀ ਨੇ ਲੋਕਾਂ ਨੂੰ ਮਾਨਸਿਕ ਤੌਰ 'ਤੇ ਬਲਵਾਨ ਬਣਾਉਣ ਲਈ ਹਰ ਸੰਭਵ ਯਤਨ ਕੀਤਾ। ਪ੍ਰਚਲਿਤ ਤਿਉਹਾਰਾਂ ਨੂੰ ਨਵੇਂ ਤਰੀਕੇ ਨਾਲ ਮਨਾਉਣਾ ਇਸੇ ਲੜੀ ਦੀ ਕੜੀ ਹੈ, ਜਿਨ੍ਹਾਂ ਨੂੰ ਆਮ ਲੋਕ ਘਟੀਆ ਅਤੇ ਪਿਛਾਂਹਖਿੱਚੂ ਤਰੀਕੇ ਨਾਲ ਮਨਾਉਂਦੇ ਚਲੇ ਆ ਰਹੇ ਸਨ। ਹੁਣ ਤੇਗਾਂ-ਤਲਵਾਰਾਂ, ਨਿਸ਼ਾਨ, ਨਗਾਰੇ ਅਤੇ ਘੋੜਿਆਂ ਦੇ ਨਜ਼ਾਰੇ ਖ਼ਾਲਸੇ ਦੇ ਤਿਉਹਾਰ ਬਣ ਗਏ। ਹਕੂਮਤ ਦੀਆਂ ਨਜ਼ਰਾਂ ਵਿੱਚ ਸੰਗੀਨ ਜੁਰਮ ਸਮਝੀਆਂ ਜਾਂਦੀਆਂ 'ਜੰਗੀ-ਮਸ਼ਕਾਂ' ਖ਼ਾਲਸੇ ਦੀਆਂ ਰਵਾਇਤੀ ਖੇਡਾਂ ਬਣ ਗਈਆਂ। ਗ਼ੁਲਾਮੀ ਦੀ 'ਬੂ' ਜਿਨ੍ਹਾਂ ਲੋਕਾਂ ਦਾ ਦਮ ਘੁੱਟ ਰਹੀ ਸੀ ਉਹੀ ਜਬਰ-ਜ਼ੁਲਮ ਦੇ ਖਿਲਾਫ਼ ਜੂਝਣ ਲਈ ਮੈਦਾਨੇ-ਜੰਗ ਵਿਚ ਨਿੱਤਰਨ ਲੱਗੇ। ਇਨ੍ਹਾਂ ਜੰਗੀ ਮਸ਼ਕਾਂ ਤੇ ਸਿੱਖਾਂ ਦੀ ਚੜ੍ਹਦੀ ਕਲਾ ਸਦਕਾ ਹੀ ਪੰਜਾਬ ਦੀ ਧਰਤੀ 'ਤੇ ਵਿਦੇਸ਼ੀ ਹਮਲਾਵਰਾਂ ਵਲੋਂ ਹੋਣ ਵਾਲੇ ਨਿਤ ਦੇ ਹਮਲੇ ਸਦਾ ਲਈ ਬੰਦ ਹੋ ਗਏ।

ਉਪਰੋਕਤ ਸਾਰੀ ਵਿਚਾਰ-ਚਰਚਾ ਦਾ ਮਕਸਦ ਸਿਰਫ਼ ਇਹ ਦਰਸਾਉਣਾ ਹੈ ਕਿ ਸਤਿਗੁਰਾਂ ਨੇ ਕਿਸ ਤਰ੍ਹਾਂ ਲੋਕਾਂ ਦੀ ਮਾਨਸਿਕਤਾ ਵਿੱਚ ਚੜ੍ਹਦੀ ਕਲਾ ਦਾ ਅਹਿਸਾਸ ਜਗਾ ਕੇ, ਉਨ੍ਹਾਂ ਨੂੰ ਜਬਰ-ਜ਼ੁਲਮ ਤੇ ਅਨਿਆਂ ਖ਼ਿਲਾਫ਼ ਜੂਝਣ ਦੇ ਸਮਰੱਥ ਬਣਾਇਆ, ਕਿਸ ਤਰ੍ਹਾਂ ਦੱਬੇ-ਕੁਚਲੇ, ਲਤਾੜੇ ਅਤੇ ਸਾਹ-ਸਤਹੀਣ ਲੋਕਾਂ ਵਿਚ ਨਵੀਂ ਰੂਹ ਫੂਕ ਕੇ ਉਨ੍ਹਾਂ ਨੂੰ ਅਣਖ ਨਾਲ ਜੀਣਾ ਸਿਖਾਇਆ। ਇਹ ਸਭ ਗੁਰੂ ਜੀ ਦੀ ਸੁਚੱਜੀ ਤੇ ਸੁਹਿਰਦ ਅਗਵਾਈ ਦੇ ਸਦਕਾ ਹੀ ਸੰਭਵ ਹੋਇਆ। ਹੋਲਾ ਮਹੱਲਾ ਹੁਣ ਵੀ ਸਿੱਖ-ਸ਼ਕਤੀ ਦੇ ਪ੍ਰਦਰਸ਼ਨ ਵਜੋਂ ਅਨੰਦਪੁਰ ਸਾਹਿਬ ਵਿਖੇ ਖ਼ਾਲਸਾਈ ਜਾਹੋ-ਜਲਾਲ ਨਾਲ ਮਨਾਇਆ ਜਾਂਦਾ ਹੈ। ਸ਼ਾਇਦ ਇਹ ਪੰਜਾਬ ਦਾ ਸਭ ਤੋਂ ਵੱਡਾ ਲੋਕ ਇਕੱਠ ਹੋਵੇ। ਵਿਸ਼ੇਸ਼ ਦੀਵਾਨ ਸਜਦੇ ਹਨ ਤੇ ਖਾਲਸਾਈ ਸ਼ਾਨ ਪ੍ਰਗਟ ਕਰਦਾ 'ਮਹੱਲਾ' ਚੜ੍ਹਦਾ ਹੈ ਜੋ ਕਿਲ੍ਹਾ ਅਨੰਦਗੜ੍ਹ ਸਾਹਿਬ ਤੋਂ ਆਰੰਭ ਹੋ ਕੇ ਹੋਲਗੜ੍ਹ ਦੇ ਸਥਾਨ ਹੁੰਦਾ ਹੋਇਆ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੰਪੂਰਨ ਹੁੰਦਾ ਹੈ। ਨਿਹੰਗ ਸਿੰਘ ਰਵਾਇਤੀ ਖਾਲਸਾਈ ਬਾਣੇ ਵਿੱਚ ਖਾਲਸਾਈ ਖੇਡਾਂ ਦੁਆਰਾ ਆਪਣੀ ਗੁਰੂ-ਬਖ਼ਸ਼ੀ ਵਿਲੱਖਣ ਹੋਂਦ-ਹਸਤੀ ਦਾ ਖ਼ੂਬਸੂਰਤ ਪ੍ਰਦਰਸ਼ਨ ਚਰਨ ਗੰਗਾ ਦੇ ਕਿਨਾਰੇ ਕਰਦੇ ਹਨ। ਹੋਲੇ ਮਹੱਲੇ ਦੇ ਦੀਵਾਨ ਆਮ ਕਰਕੇ ਪਿੰਡਾਂ ਵਿੱਚ ਸਜਦੇ ਸਨ, ਜਿਨ੍ਹਾਂ 'ਚ ਉੱਚ-ਕੋਟੀ ਦੇ ਢਾਡੀ ਤੇ ਕਵੀਸ਼ਰ ਸਿੱਖ ਇਤਿਹਾਸ ਦੀ ਤਸਵੀਰ ਹੂਬਹੂ ਪਰਗਟ ਕਰਦੇ ਸਨ, ਜਿਸ ਨਾਲ ਨੌਜੁਆਨੀ ਆਪਣੇ ਅਮੀਰ ਇਤਿਹਾਸ ਤੇ ਵਿਰਾਸਤ ਨਾਲ ਜੁੜਦੀ ਸੀ। ਅੱਜ ਲੋੜ ਹੈ ਇਸ ਪਰੰਪਰਾ ਨੂੰ ਸਥਾਈ ਬਣਾਇਆ ਜਾਵੇ।



# ਸਿੱਖਾਂ ਦਾ ਕੌਮੀ ਤਿਉਹਾਰ ਹੋਲਾ-ਮਹੱਲਾ



ਹਰਜਿੰਦਰ ਸਿੰਘ ਧਾਮੀ
ਪ੍ਰਧਾਨ, ਐੱਸ.ਜੀ.ਪੀ.ਸੀ.,
ਸ੍ਰੀ ਅੰਮ੍ਰਿਤਸਰ



ਹੋਲਾ-ਮਹੱਲਾ ਸਿੱਖਾਂ ਦਾ ਕੌਮੀ ਤਿਉਹਾਰ ਹੈ। ਇਸ ਦੀ ਸ਼ੁਰੂਆਤ ਪਿੱਛੇ ਉੱਚੀਆਂ-ਸੁੱਚੀਆਂ ਤੇ ਸਾਰਥਿਕ ਕਦਰਾਂ-ਕੀਮਤਾਂ ਹਨ। ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖਾਂ ਦੀ ਸ਼ਖ਼ਸੀਅਤ ਉਸਾਰੀ ਲਈ ਅਗਾਂਹਵਧੂ ਸੋਚ ਹੋਲਾ-ਮਹੱਲਾ ਦੀ ਪਰੰਪਰਾ ਪਿੱਛੇ ਸ਼ਕਤੀ ਅਤੇ ਪ੍ਰੇਰਨਾ ਵਜੋਂ ਕੰਮ ਕਰਦੀ ਹੈ। ਗੁਰੂ ਸਾਹਿਬਾਨ ਦਾ ਮੰਤਵ ਨਿਰਾਰਥਕ ਅਤੇ ਉਦੇਸ਼ਹੀਣ ਮਾਨਵ-ਸ਼ਕਤੀ ਨੂੰ ਚੜ੍ਹਦੀ ਕਲਾ ਨਾਲ ਜੋੜ ਕੇ ਸਿਹਤਮੰਦ ਸਮਾਜ ਦੀ ਸਿਰਜਣਾ ਕਰਨਾ ਸੀ ਅਤੇ ਇਸੇ ਦਿਸ਼ਾ ਵਿੱਚ ਹੀ ਉਨ੍ਹਾਂ ਨੇ ਖ਼ਾਲਸਈ ਦਿਹਾੜਿਆਂ ਨੂੰ ਆਰੰਭ ਕੀਤਾ। ਸਿੱਖ ਕੌਮ ਦਾ ਇਤਿਹਾਸ ਸ਼ਾਨਾਮੱਤਾ ਹੈ।

ਇਸ ਦਾ ਇਕ-ਇਕ ਪੰਨਾ ਵਿਲੱਖਣ, ਨਿਰਾਲਾ ਅਤੇ ਗੌਰਵਸ਼ਾਲੀ ਹੈ। ਇਤਿਹਾਸ ਅੰਦਰ ਜਿਨ੍ਹਾਂ ਖ਼ਾਲਸਈ ਰੰਗ ਵਿੱਚ ਪੇਸ਼ ਦਿਹਾੜਿਆਂ ਦਾ ਜ਼ਿਕਰ ਆਉਂਦਾ ਹੈ, ਉਨ੍ਹਾਂ ਵਿਚ ਹੋਲਾ-ਮਹੱਲਾ ਤੋਂ ਇਲਾਵਾ ਬੰਦੀ ਛੋੜ ਦਿਵਸ ਤੇ ਖ਼ਾਲਸਾ ਸਾਜਨਾ ਦਿਵਸ ਆਦਿ ਪ੍ਰਮੁੱਖ ਹਨ। ਇਨ੍ਹਾਂ ਖ਼ਾਲਸਈ ਦਿਹਾੜਿਆਂ ਨੇ ਇਕੱਲਾ ਸਿੱਖਾਂ ਨੂੰ ਹੀ ਨਵਾਂ ਜੋਸ਼ ਅਤੇ ਸ਼ਕਤੀ ਨਹੀਂ ਦਿੱਤੀ ਸਗੋਂ ਸਮੁੱਚੀ ਮਾਨਵਤਾ ਨੇ ਹੀ ਚੇਤ, ਅਚੇਤ ਰੂਪ ਵਿੱਚ ਇਨ੍ਹਾਂ ਦਾ ਪ੍ਰਭਾਵ ਕਬੂਲਿਆ। ਖ਼ਾਲਸਈ ਤਿਉਹਾਰ ਹੋਲਾ-ਮਹੱਲਾ ਬਸੰਤ ਰੁੱਤ ਦੇ ਭਾਰਤੀ ਤਿਉਹਾਰ ਹੋਲੀ ਤੋਂ ਅਗਲੇ ਦਿਨ ਮਨਾਇਆ ਜਾਂਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚੇਤ ਵਦੀ ਇਕ ਸੰਮਤ 1757 ਬਿਕ੍ਰਮੀ (ਸੰਨ 1700) ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਿਲ੍ਹਾ ਹੋਲਗੜ੍ਹ ਦੇ ਸਥਾਨ 'ਤੇ ਹੋਲਾ-ਮਹੱਲਾ ਦਾ ਆਰੰਭ ਕੀਤਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰਸਿੱਖਾਂ ਦੇ ਅੰਦਰ ਫ਼ਤਹਿ ਅਤੇ ਚੜ੍ਹਦੀ ਕਲਾ ਦੇ ਸੁਨੇਹੇ ਨੂੰ ਹੋਰ ਦ੍ਰਿੜ੍ਹ ਕਰਨਾ ਚਾਹੁੰਦੇ ਸਨ। ਦਸਮੇਸ਼ ਪਿਤਾ ਜੀ ਨੇ ਨਿੱਘਰ ਚੁੱਕੇ ਸਮਾਜ ਦੇ ਦੱਬੇ-ਕੁਚਲੇ ਅਤੇ ਲਤਾੜੇ ਜਾ ਰਹੇ ਲੋਕਾਂ ਨੂੰ ਸਵੈਮਾਣ ਤੇ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਲਈ ਉਨ੍ਹਾਂ ਵਿੱਚ ਨਿਡਰਤਾ ਤੇ ਨਿਰਭੈਤਾ ਭਰਨ ਲਈ ਸੰਨ 1699 ਦੀ ਵਿਸਾਖੀ ਵਾਲੇ ਦਿਨ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ ਸੀ। ਖ਼ਾਲਸਾ ਸਾਜਣਾ ਦੇ ਇਕ ਸਾਲ ਬਾਅਦ ਹੋਲੀ ਦੀ ਥਾਂ ਹੋਲਾ-ਮਹੱਲਾ ਦਾ ਜਲੌਅ ਸਜਾ ਕੇ ਕੌਮੀ ਸ਼ਕਤੀ ਨੂੰ ਸੰਗਠਤ ਕਰਨ ਲਈ ਚੜ੍ਹਦੀ ਕਲਾ ਵਾਲਾ ਮਾਰਗ ਦਿੱਤਾ। ਕੌਮ ਅੰਦਰ ਅਜ਼ਾਦੀ ਦਾ ਬੀਜ ਬੀਜਣ ਲਈ ਕਲਗੀਧਰ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿੱਥੇ ਨਵਾਂ ਜੀਵਨ ਬਖਸ਼ਿਆ, ਉੱਥੇ ਭਾਰਤੀ ਸਮਾਜ ਲਈ ਉਨ੍ਹਾਂ ਦੇ ਰੀਤੀ-ਰਿਵਾਜਾਂ ਅਤੇ ਰਸਮਾਂ ਨੂੰ ਮਨਾਉਣ ਦੇ ਢੰਗ ਵਿਚ ਵੀ ਇਨਕਲਾਬੀ ਤਬਦੀਲੀਆਂ ਲਿਆਂਦੀਆਂ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਚਲਾਇਆ 'ਹੋਲਾ ਮਹੱਲਾ' ਸਿੱਖ ਸ਼ਕਤੀ ਨੂੰ ਪ੍ਰਗਟ ਕਰਨ ਅਤੇ ਅਣਖ ਦੇ ਅਨੁਭਵ ਦੇ ਪ੍ਰਤੀਕ ਵਜੋਂ ਸਾਹਮਣੇ ਹੈ। ਹੋਲਾ-ਮਹੱਲਾ ਸਿੱਖਾਂ ਨੂੰ ਹਰ ਸਾਲ ਦ੍ਰਿੜ੍ਹ ਵਿਸ਼ਵਾਸੀ ਤੇ ਉੱਚੇ-ਸੁੱਚੇ ਮਨੁੱਖੀ ਆਦਰਸ਼ਾਂ ਨਾਲ ਜੋੜਨ ਦੀ ਖ਼ਾਲਸਈ ਰਵਾਇਤ ਹੈ ਜਿਸ ਨੇ ਸਿੱਖਾਂ ਨੂੰ ਜ਼ੁਲਮ, ਜਬਰ ਵਿਰੁੱਧ ਜੂਝਣ ਲਈ ਨਵਾਂ ਜੋਸ਼ ਤੇ ਉਤਸ਼ਾਹ ਪ੍ਰਦਾਨ ਕੀਤਾ ਹੈ। ਹੋਲੀ ਦਾ ਇਹ ਬਦਲ ਹੋਲੇ-ਮਹੱਲੇ ਦੇ ਰੂਪ ਵਿੱਚ ਕ੍ਰਾਂਤੀਕਾਰੀ ਸੰਕਲਪ ਵਜੋਂ ਸੀ ਜਿਸ ਦਾ ਢੰਗ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪ ਨਿਸ਼ਚਿਤ ਕੀਤਾ, ਇਸ ਦੀ ਅਲੌਕਿਕ ਮਹਿਮਾ ਦਾ ਵਰਣਨ ਕਵੀ ਸੁਮੇਰ ਸਿੰਘ ਇਸ ਤਰ੍ਹਾਂ ਕਰਦੇ ਹਨ :

ਔਰਨ ਕੀ ਹੋਲੀ ਮਮ ਹੋਲਾ। ਕਹਯੋ ਕ੍ਰਿਪਾਨਿਧ ਬਚਨ ਅਮੋਲਾ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, 'ਯੁੱਧ ਵਿੱਦਿਆ ਦੇ ਅਭਿਆਸ ਨੂੰ ਨਿੱਤ ਨਵਾਂ ਰੱਖਣ ਵਾਸਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਰੀਤੀ ਅਨੁਸਾਰ ਚੇਤ ਵਦੀ 1 ਨੂੰ ਸਿੱਖਾਂ ਵਿੱਚ ਹੋਲਾ-ਮਹੱਲਾ ਹੁੰਦਾ ਹੈ ਜਿਸ ਦਾ ਹੋਲੀ ਦੀ ਰਸਮ ਨਾਲ ਕੋਈ ਸਬੰਧ ਨਹੀਂ।' ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖ਼ਾਲਸੇ ਨੂੰ ਯੁੱਧ-ਵਿੱਦਿਆ ਵਿੱਚ ਨਿਪੁੰਨ ਕਰਨਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਹੋਲਾ-ਮਹੱਲਾ ਦੀ ਖ਼ਾਲਸਈ ਰਵਾਇਤ ਆਰੰਭ ਕੀਤੀ। ਇਤਿਹਾਸ ਗਵਾਹ ਹੈ ਕਿ ਗੁਰੂ ਪਾਤਸ਼ਾਹ ਜੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਹੋਲਾ-ਮਹੱਲਾ ਦੇ ਰੂਪ ਵਿੱਚ ਮਨਾਏ ਜਾਂਦੇ ਜੰਗਜੂ ਤਿਉਹਾਰ ਸਮੇਂ ਸਿੰਘਾਂ ਦੀਆਂ ਆਪਸ ਵਿੱਚ ਲੜੀਆਂ ਜਾਂਦੀਆਂ ਅਭਿਆਸ ਰੂਪੀ ਮਸਨੂਈ ਲੜਾਈਆਂ ਨੇ ਭਾਰਤੀ ਲੋਕਾਂ ਦੇ ਮਨੋਬਲ ਨੂੰ ਉੱਚਾ ਕੀਤਾ। ਲੋਕ ਕਾਇਰਤਾ ਭਰੇ ਮਾਹੌਲ 'ਚੋਂ ਨਿਕਲ ਕੇ ਇਸ ਉਤਸਵ ਵਿਚ ਬੜੇ ਜੋਸ਼ ਤੇ ਸਜ-ਧਜ ਨਾਲ ਸ਼ਾਮਲ ਹੋਣ ਲੱਗੇ। ਇਸੇ ਦਾ ਹੀ ਨਤੀਜਾ ਹੈ ਕਿ ਖ਼ਾਲਸਾ ਪੰਥ ਵੱਲੋਂ ਲੜੇ ਗਏ ਅਨੇਕਾਂ ਯੁੱਧਾਂ ਵਿੱਚ ਖ਼ਾਲਸੇ ਨੂੰ ਫ਼ਤਹਿ ਨਸੀਬ ਹੋਈ। ਸਿੱਖ ਕੌਮ ਦੀ ਨਿਆਰੀ ਹੋਂਦ ਨੂੰ ਦਰਸਾਉਂਦੇ ਇਸ ਕੌਮੀ ਤਿਉਹਾਰ ਦਾ ਜਲੌਅ ਅੱਜ ਵੀ ਉਸੇ ਤਰ੍ਹਾਂ ਕਾਇਮ ਹੈ। ਹੋਲਾ-ਮਹੱਲਾ ਮੌਕੇ ਹਰ ਸਾਲ ਲੱਖਾਂ ਸੰਗਤਾਂ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਪਾਉਂਟਾ ਸਾਹਿਬ ਤੇ ਸ੍ਰੀ ਹਜ਼ੂਰ ਸਾਹਿਬ ਵਿਖੇ ਪੁੱਜਦੀਆਂ ਹਨ। ਸ੍ਰੀ ਅਨੰਦਪੁਰ ਸਾਹਿਬ ਵਿਖੇ ਤਾਂ ਕਈ-ਕਈ ਦਿਨ ਸੰਗਤ ਦੀ ਆਮਦ ਬਣੀ ਰਹਿੰਦੀ ਹੈ। ਹੋਲਾ-ਮਹੱਲਾ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਦੀ ਰੌਣਕ ਅਤੇ ਕੌਮੀ ਜਲੌਅ ਦੇਖਣਯੋਗ ਹੁੰਦਾ ਹੈ। ਨਿਹੰਗ ਸਿੰਘ ਦਲ ਮਹੱਲਾ ਸਜਾਉਣ ਮੌਕੇ ਰਵਾਇਤੀ ਸ਼ਸਤਰਾਂ ਨਾਲ ਭਰਪੂਰ ਹੋ ਕੇ ਵੱਡੀ ਗਿਣਤੀ ਵਿੱਚ ਹਾਜ਼ਰੀਆਂ ਭਰਦੇ ਹਨ। ਇਸ ਮੌਕੇ ਧਾਰਮਿਕ ਦੀਵਾਨ ਸਜਦੇ ਹਨ, ਜਿਨ੍ਹਾਂ ਵਿੱਚ ਖ਼ਾਲਸੇ ਦਾ ਸ਼ਾਨਾਮੱਤਾ ਇਤਿਹਾਸ ਸੰਗਤ ਨਾਲ ਸਾਂਝਾ ਕੀਤਾ ਜਾਂਦਾ ਹੈ।

# ਹੋਲਾ ਮਹੱਲਾ-ਅਜੋਕੇ ਯੁੱਗ ਦੇ ਸਨਮੁੱਖ

ਵਿਕਰਮਜੀਤ ਸਿੰਘ ਤਿਹਾੜਾ
ਸੰਪਰਕ : 98555-34961



ਹੋਲਾ ਮਹੱਲਾ ਸਿੱਖ ਧਰਮ ਦਾ ਇਕ ਅਹਿਮ ਦਿਹਾੜਾ ਹੈ, ਜੋ ਇਨਕਲਾਬੀ ਸੋਚ ਨੂੰ ਉਤਸ਼ਾਹਿਤ ਕਰਨ ਅਤੇ ਹਰ ਸਿੱਖ ਨੂੰ ਮਨ ਅਤੇ ਤਨ ਕਰਕੇ ਬਲਵਾਨ ਬਣਾਉਣ ਦਾ ਪ੍ਰਤੀਕ ਹੈ। ਹੋਲਾ ਮਹੱਲਾ, ਹੋਲੀ ਤੋਂ ਅਗਲੇ ਦਿਨ ਮਨਾਇਆ ਜਾਂਦਾ ਹੈ। ਹੋਲੀ ਦੇ ਪ੍ਰੰਪਰਾਗਤ ਤਿਉਹਾਰ ਦੇ ਸਮਾਨਾਂਤਰ ਗੁਰੂ ਗੋਬਿੰਦ ਸਿੰਘ ਜੀ ਨੇ 'ਹੋਲਾ ਮਹੱਲਾ' ਖੇਡਣ ਦੀ ਰੀਤ ਚਲਾਈ ਕਿਉਂਕਿ ਦਸਮ ਗੁਰੂ ਨਵੇਂ ਸਿਰਜੇ ਖ਼ਾਲਸੇ ਨੂੰ ਯੁੱਧ-ਵਿਦਿਆ ਵਿੱਚ ਪ੍ਰਬੀਨ ਬਣਾਉਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਪਰੰਪਰਾ ਤੋਂ ਹੱਟ ਕੇ ਇਸ ਤਿਉਹਾਰ ਦਾ ਸਬੰਧ ਯੁੱਧ-ਪ੍ਰਕਿਰਿਆ ਨਾਲ ਜੋੜਿਆ।

ਹੋਲਾ ਮਹੱਲਾ ਮਨਾਉਣ ਦਾ ਰਿਵਾਜ ਗੁਰੂ ਸਾਹਿਬ ਨੇ 'ਚੇਤਰ ਵਦੀ ਇਕ' ਸੰਮਤ 1757 (1700 ਈ.) ਨੂੰ ਅਨੰਦਪੁਰ ਸਾਹਿਬ ਦੇ ਇਕ ਕਿਲ੍ਹੇ 'ਹੋਲਗੜ੍ਹ' ਵਿਖੇ ਆਰੰਭ ਕੀਤਾ। ਇਸ ਮੁਕਾਬਲੇ ਵਿੱਚ ਸਿੱਖ ਫੌਜ ਦੇ ਦੋ ਦਲਾਂ ਵਿੱਚ ਬਣਾਉਟੀ ਮੁਕਾਬਲਾ ਕਰਵਾਇਆ ਜਾਂਦਾ ਅਤੇ ਜਿੱਤੇ ਹੋਏ ਦਲ ਨੂੰ ਦੀਵਾਨ ਵਿੱਚ ਸਿਰੋਪਾ ਅਤੇ ਹੋਰ ਇਨਾਮ ਦੇ ਕੇ ਨਿਵਾਜਿਆ ਜਾਂਦਾ ਸੀ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਹੋਲਾ' ਸ਼ਬਦ ਦਾ ਅਰਥ ਹਮਲਾ ਹੈ ਅਤੇ ਇਹ ਹੱਲਾ ਅਤੇ ਹੱਲੇ ਦੀ ਥਾਂ ਬਦਲਵਾਂ ਰੂਪ ਹੈ। ਜਿਸ ਦਾ ਸੰਬੰਧ ਯੁੱਧ ਪ੍ਰਕਿਰਿਆ ਨਾਲ ਹੈ। ਡਾ. ਰੂਪ ਸਿੰਘ ਅਨੁਸਾਰ 'ਹੋਲਾ' ਸ਼ਬਦ 'ਹੋਲੀ' ਦਾ ਧੜੱਲੇਦਾਰ ਬਦਲਵਾਂ ਰੂਪ ਹੈ, ਜੋ ਡਿੱਗਿਆਂ-ਢੱਠਿਆਂ ਦੇ ਹਿਰਦੇ ਅੰਦਰ ਉਤਸ਼ਾਹ ਤੇ ਹੁਲਾਸ ਪੈਦਾ ਕਰਦਾ ਹੈ। ਉਹਨਾਂ ਅਨੁਸਾਰ ਸਿੱਖਾਂ ਨੇ ਉਸ ਸਮੇਂ ਲੋਕਾਂ ਦੇ ਮਨਾਂ 'ਚ ਚੜ੍ਹਦੀਕਲਾ ਤੇ ਸੂਰਬੀਰਤਾ ਦਾ ਜਜ਼ਬਾ ਭਰਨ ਲਈ ਅਨੇਕਾਂ ਅਜਿਹੇ 'ਬੋਲੇ' ਪ੍ਰਚੱਲਿਤ ਕੀਤੇ ਸਨ, ਜਿਨ੍ਹਾਂ 'ਚ ਮਰਦਾਨਗੀ ਬੋਲਦੀ ਹੈ, ਅਜ਼ਾਦੀ ਦੀ ਖ਼ੁਸ਼ਬੋਈ ਆਉਂਦੀ ਹੈ, ਜਿੰਨ੍ਹਾਂ ਨੂੰ 'ਖ਼ਾਲਸਾਈ ਬੋਲੇ' ਕਿਹਾ ਜਾਂਦਾ ਹੈ।

'ਮਹੱਲਾ' ਸ਼ਬਦ ਤੋਂ ਭਾਵ ਜਿਸ ਥਾਂ ਨੂੰ ਫ਼ਤਹਿ ਕਰਕੇ ਉਤਰੀਏ। ਗੁਰੂ ਜੀ ਦੁਆਰਾ ਕਰਵਾਏ ਜਾਂਦੇ ਅਭਿਆਸੀ ਮੁਕਾਬਲਿਆਂ ਵਿੱਚ ਇਕ ਦਲ ਨਿਸ਼ਚਿਤ ਸਥਾਨ 'ਤੇ ਕਾਬਜ਼ ਹੋ ਜਾਂਦਾ, ਦੂਜਾ ਉਸ 'ਤੇ ਹਮਲਾ ਕਰ ਕੇ ਕਾਬਜ਼ ਹੋਣ ਦੀ ਕੋਸ਼ਿਸ਼ ਕਰਦਾ ਸੀ। ਇਸ ਤਰ੍ਹਾਂ ਹੋਲਾ ਮਹੱਲਾ ਸਿੱਖਾਂ ਨੂੰ ਬਲਵਾਨ, ਸੂਰਬੀਰ ਅਤੇ ਬਹਾਦਰ ਬਣਾਉਣ ਵਾਲਾ ਸਿੱਧ ਹੁੰਦਾ ਹੈ ਜੋ ਕਿ ਉਨ੍ਹਾਂ ਨੂੰ ਪ੍ਰੰਪਰਾਵਾਦ ਵਿੱਚੋਂ ਕੱਢ ਕੇ ਨਵੀਂ ਸੋਚ ਪ੍ਰਦਾਨ ਕਰਦਾ ਹੈ। ਇਸ ਵਿੱਚ ਬਿਮਾਰ ਮਾਨਸਿਕਤਾ ਦਾ ਤਿਆਗ ਕਰਨ ਅਤੇ ਆਜ਼ਾਦੀ ਦਾ ਸੁਨੇਹਾ ਦਿੱਤਾ ਜਾਂਦਾ ਹੈ। ਨਵੇਂ ਅਰਥਾਂ ਦੀ ਸਿਰਜਣਾ ਹੁੰਦੀ ਹੈ ਜੋ ਕਿ ਭਾਰਤ ਦੀ ਅਜਾਈਂ ਜਾ ਰਹੀ ਜ਼ਿੰਦਗੀ ਨੂੰ ਨਵੇਂ ਅਰਥ ਦੇ ਕੇ ਇਕ ਮਕਸਦ ਦਿੰਦੇ ਹਨ। ਭਾਰਤੀ ਲੋਕ ਸਦੀਆਂ ਤੋਂ ਬਾਅਦ ਆਪਣੀ ਤਾਕਤ ਤੋਂ ਜਾਣੂ ਹੋਏ ਅਤੇ ਉਠ ਖੜ੍ਹਾਉਣ ਦੇ ਕਾਬਿਲ ਬਣੇ।

ਹੋਲਾ ਮਹੱਲਾ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਚਲਾਈ ਇਨਕਲਾਬੀ ਲਹਿਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ, ਜਿਸ ਨਾਲ ਸਦੀਆਂ ਤੋਂ ਲਤਾੜੇ ਜਾ ਰਹੇ ਲੋਕ, ਇਸ ਐਲਾਨੇ ਹੋਏ ਇਨਕਲਾਬ ਵਿੱਚ ਸ਼ਾਮਿਲ ਹੋਣ ਲਗਦੇ ਹਨ। ਸ੍ਰੀ ਅਨੰਦਪੁਰ ਸਾਹਿਬ ਵਿਖੇ ਸਿੱਖਾਂ ਦੀ ਗਿਣਤੀ ਵੱਧਣ ਲੱਗਦੀ ਹੈ। ਹਰ ਕੋਈ ਗ਼ੁਲਾਮੀ ਦੀ ਜ਼ਿੰਦਗੀ ਦਾ ਬਦਲ ਚਾਹੁੰਦਾ ਹੈ ਅਤੇ ਖ਼ਾਲਸਾ ਪੰਥ ਵਿੱਚ ਆ ਸ਼ਾਮਿਲ ਹੁੰਦਾ ਹੈ, ਜਿਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਥੋੜੇ ਸਮੇਂ ਵਿੱਚ ਸਿੱਖ ਮਹਾਨ ਸ਼ਕਤੀ ਵਜੋਂ ਉਭਰ ਕੇ ਸਾਹਮਣੇ ਆਉਂਦੇ ਹਨ ਅਤੇ ਭਾਰਤ 'ਤੇ ਕਾਬਜ਼ ਸ਼ਕਤੀਸ਼ਾਲੀ ਮੁਗ਼ਲ ਰਾਜ ਨਾਲ ਟੱਕਰ ਲੈਂਦੇ ਹਨ। ਇਹ ਸਭ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਇਨਕਲਾਬੀ ਸੋਚ ਦਾ ਹੀ ਨਤੀਜਾ ਸੀ, ਜਿਸ ਨੇ ਲੋਕਾਂ ਨੂੰ ਜੱਥੇਬੰਦ ਕੀਤਾ ਅਤੇ ਉਨ੍ਹਾਂ ਨੂੰ ਉਨ੍ਹਾਂ ਦੀ ਸ਼ਕਤੀ ਦਾ ਅਹਿਸਾਸ ਕਰਵਾਇਆ, ਜਿਸ ਨੇ ਬਾਅਦ ਵਿੱਚ ਸਮਾਂ ਪਾ ਕੇ ਭਾਰਤੀ ਦੀ ਗ਼ੁਲਾਮੀ ਦੀਆਂ ਜ਼ੰਜ਼ੀਰਾਂ ਨੂੰ ਤੋੜਿਆ।

ਅਜੋਕੇ ਯੁੱਗ ਵਿੱਚ ਵੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਦੀ ਬਹੁਤ ਮਹੱਵਤਪੂਰਨ ਪ੍ਰਸੰਗਿਕਤਾ ਹੈ। ਹੋਲਾ ਮਹੱਲਾ ਅੱਜ ਵੀ ਉਤਨੀ ਹੀ ਮਹੱਤਤਾ ਰੱਖਦਾ ਅਤੇ ਨਵੀਂ ਸੇਧ ਪ੍ਰਦਾਨ ਕਰਦਾ ਹੈ।ਸਮਾਜਿਕ ਕਦਰਾਂ-ਕੀਮਤਾਂ ਨੂੰ ਉਚੇਰਾ ਕਰਨ, ਇਕਜੁੱਟਤਾ ਨੂੰ ਬਣਾਈ ਰੱਖਣ, ਨੌਜਵਾਨਾਂ ਨੂੰ ਸੇਧ ਦੇਣ ਅਤੇ ਨਸ਼ਿਆਂ ਤੋਂ ਬਚਾਉਣ, ਪੰਥਕ ਸ਼ਕਤੀ ਨੂੰ ਮਜ਼ਬੂਤ ਕਰਨ ਅਤੇ ਜ਼ੁਲਮ ਦੀ ਵਿਰੋਧਤਾ ਕਰਨ ਵਿੱਚ ਹੋਲਾ ਮਹੱਲਾ ਆਪਣੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। 'ਹੋਲੇ ਮਹੱਲੇ' ਦੇ ਦਿਹਾੜੇ ਨੂੰ ਅੱਜ ਵੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਭਾਰੀ ਇਕੱਠ ਹੁੰਦਾ ਹੈ। ਜਿੱਥੇ ਦੇਸ਼-ਵਿਦੇਸ਼ ਤੋਂ ਭਾਰੀ ਗਿਣਤੀ ਵਿੱਚ ਸੰਗਤ ਪਹੁੰਚਦੀ ਹੈ। ਇਹ ਮਹਾਨ ਇਕੱਤਰਤਾ ਹੀ ਸਾਨੂੰ ਇਕਜੁੱਟਤਾ ਦਾ ਅਹਿਸਾਸ ਕਰਵਾਉਂਦੀ ਹੈ। ਅੱਜ ਦੇ ਅਤਿ-ਅਧੁਨਿਕ ਯੁੱਗ ਵਿੱਚ ਜਦ ਮਨੁੱਖ ਨੇ ਆਪਣੇ-ਆਪ ਨੂੰ ਅਤੇ ਆਪਣੀ ਬਿਰਤੀ ਨੂੰ ਖਿੰਡਾ ਲਿਆ ਹੈ, ਇਸ ਲਈ ਇਕਜੁੱਟਤਾ ਬਹੁਤ ਜ਼ਰੂਰੀ ਹੈ। ਜਿਸ ਨਾਲ ਅਸੀਂ ਮੇਲ ਮਿਲਾਪ ਅਤੇ ਭਾਈਚਾਰੇ ਦੀ ਭਾਵਨਾ ਨੂੰ ਪ੍ਰਫੁਲਿਤ ਕਰ ਸਕੀਏ। ਸਮਾਜ ਵਿੱਚ ਫੈਲੀ ਹੋਈ ਨਫ਼ਰਤ ਅਤੇ ਖੰਡਤਾ ਨੂੰ ਦੂਰ ਕਰਨ ਲਈ ਏਕਤਾ ਦਾ ਪ੍ਰਚਾਰ ਹੋਣਾ ਬਹੁਤ ਜ਼ਰੂਰੀ ਹੈ।

ਸਮਾਜ ਵਿੱਚ ਬਹੁਤ ਸਾਰੀਆਂ ਕੁਰੀਤੀਆਂ ਦਿਨੋ-ਦਿਨ ਫੈਲ ਰਹੀਆਂ ਹਨ। ਜਿਨ੍ਹਾਂ ਵਿੱਚ ਨਸ਼ਿਆਂ ਦੀ ਬਿਮਾਰੀ, ਭਰੂਣ ਹੱਤਿਆ, ਦਹੇਜ ਦੀ ਪ੍ਰਥਾ, ਵਾਤਾਵਰਣ ਪ੍ਰਦੂਸ਼ਣ ਆਦਿ ਵਰਗੀਆਂ ਸਮਾਜਿਕ ਬੁਰਾਈਆਂ ਅਤੇ ਕੁਰੀਤੀਆਂ ਪ੍ਰਮੁੱਖ ਹਨ।ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਲੋਕ-ਮਨਾਂ ਅੰਦਰ ਇਕ ਨਵੀਂ ਚੇਤਨਾ ਪੈਦਾ ਕਰਨ ਦੀ ਲੋੜ ਹੈ। ਲੋਕਾਂ ਦੀ ਮਾਨਸਿਕਤਾ ਅੱਜ ਬਿਮਾਰ ਹੋ ਚੁੱਕੀ ਹੈ, ਜੋ ਆਪਣੇ ਨਿੱਜ-ਸੁਆਰਥ ਲਈ ਕਿਸੇ ਵੀ ਹੱਦ ਤੱਕ ਗਿਰ ਜਾਂਦੇ ਹਨ।ਸਾਡੇ ਆਗੂ ਆਪਣੀ ਜਿੰਮੇਵਾਰੀ ਨੂੰ ਭੁੱਲ ਕੇ ਆਪਣੇ ਹੀ ਪੇਟ ਭਰਨ ਵਿੱਚ ਲੱਗੇ ਹੋਏ ਹਨ। ਲੁੱਟ-ਖੋਹ ਦਿਨ ਦਿਹਾੜੇ ਆਮ ਹੋ ਰਹੀ ਹੈ, ਜਿਸ ਕਾਰਨ ਬਦਲਾਅ ਲਿਆਉਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ ਅਤੇ ਹੋਲਾ ਮਹੱਲਾ ਹੀ ਇਸ ਬਦਲਾਅ ਦਾ ਸੂਚਕ ਹੈ। ਇਸ ਵਿੱਚ ਸਥਾਪਿਤ ਮਾਨਤਾਵਾਂ ਨੂੰ ਛੱਡ ਕੇ ਨਵੇਂ ਅਰਥਾਂ ਦੀ ਸਿਰਜਣਾ ਕੀਤੀ ਗਈ ਹੈ, ਜੋ ਮਾਨਵ ਜਾਤੀ ਦੀ ਭਲਾਈ ਅਤੇ ਸੁਤੰਤਰਤਾ ਦੇ ਹਿਤ ਵਿੱਚ ਹਨ। ਸਮਾਜ ਵਿੱਚ ਹੋ ਰਹੇ ਕਦਰਾਂ-ਕੀਮਤਾਂ ਦੇ ਘਾਣ, ਲਾਲਚ ਹਿਤ ਰਿਸ਼ਤਿਆਂ ਦੇ ਕਤਲ ਅਤੇ ਫ਼ਿਰਕੂਪੁਣੇ ਦੇ ਪ੍ਰਚਾਰ ਨੂੰ ਰੋਕਣ ਲਈ ਉਸੇ ਇਨਕਾਲਬ ਦੀ ਲੋੜ ਹੈ, ਜਿਸ ਦਾ ਐਲਾਨ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖ਼ਾਲਸਾ ਪੰਥ ਦੀ ਸਿਰਜਣਾ ਕਰ ਕੇ ਕੀਤਾ ਗਿਆ ਸੀ, ਜਿਸ ਵਿੱਚ ਸਮਾਜ ਦੇ ਹਰ ਵਰਗ ਦੀ ਭਲਾਈ, ਮੇਲ-ਮਿਲਾਪ, ਪਿਆਰ ਅਤੇ ਭਾਈਚਾਰੇ ਦੀ ਭਾਵਨਾ ਦਾ ਸੁਨੇਹਾ ਅਤੇ ਆਜ਼ਾਦ ਸੋਚ ਜਿਹੇ ਪ੍ਰਮੁੱਖ ਸੰਕਲਪ ਹਨ।

'ਹੋਲਾ ਮਹੱਲਾ' ਲੋਕ ਸ਼ਕਤੀ ਦੇ ਅਹਿਸਾਸ ਨੂੰ ਜਗਾਉਣ ਦਾ ਪ੍ਰਤੀਕ ਹੈ। ਇਸ ਦੁਆਰਾ ਲੋਕਾਂ ਨੂੰ ਉਨ੍ਹਾਂ ਦੀ ਸ਼ਕਤੀ ਦਾ ਅਹਿਸਾਸ ਕਰਵਾਉਣਾ ਚਾਹੀਦਾ ਹੈ। ਰਾਜਨੀਤਿਕ ਧਿਰਾਂ ਨੂੰ ਆਪਣੇ ਨਿੱਜ ਸੁਆਰਥ ਦਾ ਤਿਆਗ ਕਰ ਕੇ ਅਜਿਹੇ ਪੈਂਤੜੇ ਉਲੀਕਣੇ ਚਾਹੀਦੇ ਹਨ, ਜਿਸ ਨਾਲ ਇਸ ਕਾਰਜ ਨੂੰ ਨੇਪਰੇ ਚਾੜ੍ਹਿਆ ਜਾ ਸਕੇ। ਇਕ ਚੰਗੇ ਆਦਰਸ਼ਿਕ ਸਮਾਜ ਦੀ ਸਿਰਜਣਾ ਦਾ ਸੰਕਲਪ ਤਾਂ ਹੀ ਨੇਪਰੇ ਚੜ੍ਹ ਸਕਦਾ ਹੈ, ਜਦ ਇਸ ਵਿੱਚ ਆਮ ਲੋਕਾਂ ਦੀ ਸ਼ਮੂਲੀਅਤ ਹੋਵੇਗੀ। ਇਸ ਲਈ 'ਹੋਲੇ ਮਹੱਲੇ' ਦੀ ਭਾਰੀ ਇਕੱਤਰਤਾ ਵਿੱਚ ਇਸ ਕਾਰਜ ਨੂੰ ਪੂਰਾ ਕਰਨ ਲਈ ਉੱਦਮ ਕੀਤਾ ਜਾ ਸਕਦਾ ਹੈ।

ਨੌਜਵਾਨਾਂ ਵਿੱਚ ਨਸ਼ਿਆਂ ਦਾ ਰੁਝਾਨ ਦਿਨੋ-ਦਿਨ ਵੱਧਦਾ ਜਾ ਰਿਹਾ ਹੈ। ਪੰਜਾਬ ਦੇ ਉਹ ਫੁਰਤੀਲੇ, ਸੂਰਬੀਰ ਅਤੇ ਬਹਾਦਰ ਗੱਭਰੂ, ਜਿਨ੍ਹਾਂ ਦੇ ਜ਼ੋਰ ਅੱਗੇ ਅਬਦਾਲੀ ਵਰਗਿਆਂ ਨੂੰ ਵੀ ਹਾਰ ਮੰਨਣੀ ਪਈ, ਅੱਜ ਆਪਣੀ ਜਵਾਨੀ ਨਸ਼ਿਆਂ ਅੱਗੇ ਹਾਰ ਗਏ ਹਨ। ਉੱਚੇ-ਲੰਮੇ ਅਤੇ ਭਰਵੇ ਸਰੀਰ ਦੇ ਮਾਲਕ ਨੌਜਵਾਨ, ਜਿਨ੍ਹਾਂ ਦੀਆਂ ਬਾਤਾਂ ਲੋਕ-ਗੀਤਾਂ ਵਿੱਚ ਆਮ ਪਾਈਆਂ ਜਾਂਦੀਆਂ ਹਨ, ਅੱਜ ਮਾੜੂਏ ਜਿਹੇ ਸਰੀਰਾਂ ਦੇ ਰਹਿ ਗਏ ਹਨ। ਛਾਤੀ ਦਾ ਜ਼ੋਰ ਅਤੇ ਡੌਲਿਆਂ ਦੀ ਜਾਨ ਨਸ਼ਿਆਂ ਨੇ ਚੂਸ ਲਈ ਹੈ। ਦੁੱਧ, ਮੱਖਣ ਅਤੇ ਦਹੀਂ ਖਾਣ

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਖ਼ਾਲਸਾ ਰਾਜ ਦੀ ਆਜ਼ਾਦੀ ਲਈ ਜੂਝਣ ਵਾਲਾ ਹਿੰਦੂ ਜਰਨੈਲ ਦੀਵਾਨ ਮੂਲਰਾਜ ਚੋਪੜਾ

ਪ੍ਰੋ. ਸਰਚਾਂਦ ਸਿੰਘ ਖਿਆਲਾ

ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੀ ਹਕੂਮਤ ਤੋਂ ਅਜ਼ਾਦੀ ਲਈ ਪਹਿਲੀ ਜੰਗ ਸੰਨ 1848 ਵਿੱਚ ਦੀਵਾਨ ਮੂਲਰਾਜ ਦੀ ਅਗਵਾਈ ਹੇਠ ਪੰਜਾਬ ਦੇ ਮੁਲਤਾਨ ਤੋਂ ਲੜੀ ਗਈ ਸੀ। ਭਾਵੇਂ ਕੁੱਝ ਲੋਕ 1857 ਦੀ ਬਗਾਵਤ ਨੂੰ ਭਾਰਤ ਦੀ ਅਜ਼ਾਦੀ ਦੀ ਪਹਿਲੀ ਜੰਗ ਮੰਨਦੇ ਹੋਣ ਪਰ ਇਸ ਬਗਾਵਤ 'ਚ ਸ਼ਾਮਲ ਧਿਰਾਂ ਵੱਲੋਂ ਆਪੋ-ਆਪਣੇ ਰਾਜ-ਭਾਗ ਨੂੰ ਬਚਾਉਣ ਲਈ ਲੜੀਆਂ ਗਈਆਂ ਜੰਗਾਂ ਕਾਰਨ ਪੂਰਨ ਅਜ਼ਾਦੀ ਦੇ ਮਿਆਰ ਜਾਂ ਸੰਕਲਪ 'ਤੇ ਖਰੀਆਂ ਨਹੀਂ ਉਤਰਦੀਆਂ। ਦੂਜੇ ਪਾਸੇ ਮੂਲਰਾਜ ਮੁਲਤਾਨ ਦੀ ਗਵਰਨਰੀ ਤੋਂ ਅਸਤੀਫਾ ਦੇ ਚੁੱਕਿਆ ਸੀ। ਇਸ ਬਾਰੇ ਵਿਸਥਾਰ ਖੋਜ ਲਈ ਪੰਜਾਬ ਸਰਕਾਰ ਨੂੰ ਯੂਨੀਵਰਸਿਟੀਆਂ ਵਿੱਚ ਮੂਲਰਾਜ ਚੇਅਰਾਂ ਸਥਾਪਿਤ ਕਰਦਿਆਂ ਉਸ ਦੀ ਕੁਰਬਾਨੀ ਤੇ ਯੋਗਦਾਨ ਨੂੰ ਲੋਕਾਂ ਸਾਹਮਣੇ ਲਿਆਉਣ ਦੀ ਲੋੜ ਹੈ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਪਹਿਲਾਂ ਦੀਵਾਨ ਸਾਵਣ ਮੱਲ ਚੋਪੜਾ ਅਤੇ ਮਗਰੋਂ ਉਸ ਦੇ ਪੁੱਤਰ ਮੂਲਰਾਜ ਚੋਪੜਾ ਦੀ ਯੋਗਤਾ ਨੂੰ ਪਛਾਣਿਆ। 1823 ਵਿਚ ਮੁਲਤਾਨ ਦੇ ਗਵਰਨਰ ਨਿਯੁਕਤ ਕੀਤੇ ਗਏ ਗੁੱਜਰਾਂਵਾਲਾ ਦੇ ਸਾਵਣ ਮੱਲ ਚੋਪੜਾ ਨੇ ਹਰੀ ਸਿੰਘ ਨਲਵਾ ਨਾਲ ਮੁਲਤਾਨ ਮੁਹਿੰਮ ਵਿੱਚ ਹਿੱਸਾ ਲਿਆ ਸੀ। ਸਾਵਣ ਮੱਲ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰ ਦੀਵਾਨ ਮੂਲਰਾਜ ਨੂੰ ਅਗਲਾ ਗਵਰਨਰ ਚੁਣਿਆ ਗਿਆ। 1814 ਵਿੱਚ ਜਨਮਿਆ ਮੂਲਰਾਜ ਆਪਣੇ ਪਿਤਾ ਵਾਂਗ ਮਹਾਰਾਜਾ ਰਣਜੀਤ ਸਿੰਘ ਦੇ ਪਰਿਵਾਰ ਪ੍ਰਤੀ ਵਫ਼ਾਦਾਰ ਰਿਹਾ। ਉਸ ਨੇ ਆਪਣੇ ਜੱਦੀ ਪਿੰਡ ਦਾ ਨਾਂ ਅਕਾਲਗੜ੍ਹ ਰੱਖਿਆ। ਪਾਕਿਸਤਾਨ ਬਣਨ ਤੋਂ ਬਾਅਦ ਇਸ ਸ਼ਹਿਰ ਦਾ ਨਾਂ ਬਦਲ ਕੇ ਅਲੀਪੁਰ ਚੱਠਾ ਕਰ ਦਿੱਤਾ ਗਿਆ।

ਮਹਾਰਾਜੇ ਦੀ ਮੌਤ ਤੋਂ 6 ਸਾਲ ਬਾਅਦ 1845 ਤੱਕ ਖਾਲਸਾ ਫ਼ੌਜ ਅਯੋਗ ਸ਼ਾਸਕਾਂ ਅਧੀਨ ਪਤਨ ਵੱਲ ਚਲੀ ਗਈ। ਦਰਬਾਰੀਆਂ ਅਤੇ ਜਰਨੈਲਾਂ ਨੇ ਧੋਖੇ ਦੀ ਕਹਾਣੀ ਲਿਖੀ। ਲਾਲ ਸਿੰਘ, ਤੇਜ ਸਿੰਘ ਅਤੇ ਰਣਜੋਧ ਸਿੰਘ ਦੇ ਕਾਰਨਾਮੇ ਪਹਿਲੀ ਐਂਗਲੋ-ਸਿੱਖ ਜੰਗਾਂ ਵਿੱਚ ਖਾਲਸਾ ਰਾਜ ਦੀ ਹਾਰ ਦਾ ਕਾਰਨ ਬਣੇ ਅਤੇ ਅੰਗਰੇਜ਼ਾਂ ਦੇ ਪੰਜਾਬ 'ਤੇ ਕਬਜ਼ੇ ਲਈ ਰਾਹ ਪੱਧਰਾ ਕੀਤਾ। ਅੰਗਰੇਜ਼ਾਂ ਨੇ ਪੰਜਾਬ 'ਤੇ ਸਿੱਧੇ ਤੌਰ 'ਤੇ ਕਬਜ਼ਾ ਕਰਨ ਦੀ ਜਗ੍ਹਾ ਮਹਾਰਾਜਾ ਦਲੀਪ ਸਿੰਘ ਲਈ ਇਕ ਕੌਂਸਲ ਆਫ ਰੀਜੈਂਸੀ ਬਣਾ ਦਿੱਤੀ। ਇਸ ਮੌਕੇ ਕਰਨਲ ਹੈਨਰੀ ਲਾਰੈਂਸ ਲਾਹੌਰ ਦਾ ਪਹਿਲਾ ਬ੍ਰਿਟਿਸ਼ ਰੈਜ਼ੀਡੈਂਟ ਬਣਿਆ। ਹਾਰੀ ਹੋਈ ਖਾਲਸਾ ਫ਼ੌਜ ਝੁਕ ਗਈ ਪਰ ਸਿਪਾਹੀਆਂ ਦੇ ਦਿਲਾਂ ਵਿੱਚ ਜਨੂੰਨ ਭੜਕਦਾ ਰਿਹਾ, ਜਿਨ੍ਹਾਂ ਨੂੰ 1848 ਵਿੱਚ ਮੁਲਤਾਨ ਦੀ ਬਗ਼ਾਵਤ ਨੇ ਮੌਕਾ ਦਿੱਤਾ। ਅੰਗਰੇਜ਼ਾਂ ਨੇ ਬਗਾਵਤ ਨੂੰ ਦਬਾਉਣ ਲਈ ਸਿੱਖ ਫ਼ੌਜ ਭੇਜੀ



ਪਰ ਜਿਸ ਫ਼ੌਜ ਨੇ ਮੂਲਰਾਜ ਨੂੰ ਕਾਬੂ ਕਰਨਾ ਸੀ, ਉਹ ਮੂਲਰਾਜ ਨਾਲ ਰਲ ਗਈ। ਇਹ ਇਤਫ਼ਾਕ ਸੀ ਜਾਂ ਜਾਣਬੁੱਝ ਕੇ ਖੇਡੀ ਰਣਨੀਤੀ, ਇਹ ਖੋਜ ਦਾ ਵਿਸ਼ਾ ਹੈ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਲਾਹੌਰ ਦੀ ਸੰਧੀ ਦੀ ਧਾਰਾ 15 ਅਨੁਸਾਰ ਬ੍ਰਿਟਿਸ਼ ਨੂੰ ਲਾਹੌਰ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਦੇਣ ਦਾ ਕੋਈ ਅਧਿਕਾਰ ਨਹੀਂ ਸੀ। ਦਸੰਬਰ 1846 ਵਿੱਚ ਭੈਰੋਵਾਲ ਦੀ ਨਵੀਂ ਸੰਧੀ ਰਾਹੀਂ ਗਵਰਨਰ ਜਨਰਲ ਨੇ ਦਲੀਪ ਸਿੰਘ ਦੇ ਬਾਲਗ ਹੋਣ ਤੱਕ ਬ੍ਰਿਟਿਸ਼ ਰੈਜ਼ੀਡੈਂਟ ਲਈ ਲਾਹੌਰ ਦਰਬਾਰ ਦੇ ਮਾਮਲਿਆਂ ਵਿਚ ਕੰਮ ਕਰਨ ਦਾ ਅਧਿਕਾਰ ਹਾਸਲ ਕਰ ਲਿਆ। ਹੁਣ ਲਾਹੌਰ ਅੰਗਰੇਜ਼ ਰੈਜ਼ੀਡੈਂਟ ਦੀ ਦੇਖ-ਰੇਖ ਹੇਠ ਆ ਜਾਣ ਕਾਰਨ ਇੱਕ ਤਰ੍ਹਾਂ ਪੰਜਾਬ 'ਚ ਅੰਗਰੇਜ਼ਾਂ ਦਾ ਹੀ ਰਾਜ ਸੀ। ਨਵੀਆਂ ਤਬਦੀਲੀਆਂ ਰਾਹੀਂ ਗੁਲਾਬ ਸਿੰਘ, ਲਾਲ ਸਿੰਘ, ਤੇਜ ਸਿੰਘ ਅਤੇ ਰਣਜੋਧ ਸਿੰਘ ਨੂੰ ਵੀ ਕੌਂਸਲ ਆਫ਼ ਰੀਜੈਂਸੀ ਵਿੱਚ ਸ਼ਾਮਲ ਕੀਤਾ ਗਿਆ। ਫ਼ੌਜ ਦੀ ਗਿਣਤੀ ਇਕ ਲੱਖ ਤੋਂ ਘਟਾ ਕੇ 35 ਹਜ਼ਾਰ ਕਰ ਦਿੱਤੀ ਗਈ। ਛੱਡੇ ਹੋਏ ਸਿੱਖਿਅਤ ਸਿਪਾਹੀ ਹੁਣ ਗੁੱਸੇ ਵਿੱਚ ਸਨ।

ਅਪ੍ਰੈਲ 1848 ਵਿੱਚ ਲਾਰਡ ਡਲਹੌਜ਼ੀ ਗਵਰਨਰ ਜਨਰਲ ਅਤੇ ਲਾਰੈਂਸ ਦੀ ਥਾਂ ਸਰ ਫਰੈਡਰਿਕ ਕਰੀ ਨੂੰ ਲਾਹੌਰ ਵਿੱਚ ਨਵਾਂ ਬ੍ਰਿਟਿਸ਼ ਰੈਜ਼ੀਡੈਂਟ ਬਣਾਇਆ ਗਿਆ। ਕਰੀ ਵੱਲੋਂ ਵਧਾਏ ਗਏ ਟੈਕਸ ਨੇ ਮੁਲਤਾਨ 'ਚ ਕਾਫੀ ਨਾਰਾਜ਼ਗੀ ਅਤੇ ਰੋਸ ਪੈਦਾ ਕੀਤਾ। ਇਸ ਦੇ ਨਾਲ ਹੀ ਕਰੀ ਮੁਲਤਾਨ ਵਿਚ ਲਾਹੌਰ ਦਰਬਾਰ ਵੱਲੋਂ ਨਿਯੁਕਤ ਸਿੱਖ ਰਾਜ ਦੇ ਪੱਕੇ ਵਫ਼ਾਦਾਰ ਗਵਰਨਰ ਦੀਵਾਨ ਮੂਲਰਾਜ ਨੂੰ ਵੀ ਹਟਾਉਣਾ ਚਾਹੁੰਦਾ ਸੀ। ਮੂਲਰਾਜ ਦੀ ਦੌਲਤ ਅਤੇ ਸ਼ਕਤੀ ਵੀ ਉਨ੍ਹਾਂ ਲਈ ਚਿੰਤਾ ਦਾ ਕਾਰਨ ਸੀ। ਲਾਹੌਰ ਨੂੰ ਦੱਖਣੀ ਪੰਜਾਬ ਵਿੱਚ ਮੂਲਰਾਜ ਦੁਆਰਾ ਸ਼ਾਸਿਤ ਪ੍ਰਦੇਸ਼ਾਂ ਵਿੱਚ ਇੱਕ ਖ਼ੁਦਮੁਖ਼ਤਿਆਰ ਰਾਜ ਦੇ ਉਭਾਰ ਦੀ ਸੰਭਾਵਨਾ ਦਾ ਡਰ ਸੀ। ਮੂਲਰਾਜ 'ਤੇ ਦਬਾਅ ਬਣਾਉਣ ਲਈ ਦੋ ਸਿੱਖ ਬਟਾਲੀਅਨਾਂ ਨੂੰ ਤਨਖ਼ਾਹ ਸਕੇਲ ਦੇ ਮੁੱਦੇ 'ਤੇ ਉਸ ਵਿਰੁੱਧ ਬਗਾਵਤ ਕਰਨ ਲਈ ਵੀ ਉਕਸਾਇਆ ਗਿਆ। ਲਾਹੌਰ ਨੇ ਮੂਲਰਾਜ ਤੋਂ ਖਾਤਾ ਅਤੇ ਨਜ਼ਰਾਨੇ ਦੀ ਮੰਗ ਕੀਤੀ। ਦੀਵਾਨ ਮੂਲਰਾਜ ਨੇ ਹਿਸਾਬ ਵੀ ਦਿੱਤਾ ਅਤੇ ਅਸਤੀਫ਼ਾ ਵੀ। ਅਸਤੀਫ਼ਾ ਪ੍ਰਵਾਨ ਕਰ ਲਿਆ ਗਿਆ ਅਤੇ ਉਨ੍ਹਾਂ ਨੂੰ ਅਗਲੇ ਹੁਕਮਾਂ ਤੱਕ ਡਿਊਟੀ 'ਤੇ ਬਣੇ ਰਹਿਣ ਲਈ ਕਿਹਾ ਗਿਆ।

ਇਸ ਮੌਕੇ ਅੰਗਰੇਜ਼ਾਂ ਦੇ ਵਫ਼ਾਦਾਰ ਇੱਕ ਸਿੱਖ ਸਰਦਾਰ ਕਾਹਨ ਸਿੰਘ ਮਾਨ ਨੂੰ ਮੁਲਤਾਨ ਦਾ ਗਵਰਨਰ ਬਣਾਇਆ ਗਿਆ। 18 ਅਪਰੈਲ 1848 ਨੂੰ ਕਾਹਨ ਸਿੰਘ ਮਾਨ ਚਾਰਜ ਲੈਣ ਲਈ ਮੁਲਤਾਨ ਦੇ ਗੇਟਾਂ 'ਤੇ ਪਹੁੰਚਿਆ। ਸੁਰੱਖਿਆ ਲਈ ਉਨ੍ਹਾਂ ਨਾਲ ਫੌਜ ਦੀ ਟੁਕੜੀ ਵੀ ਮੌਜੂਦ ਸੀ। ਅਗਲੇ ਦਿਨ ਮੂਲਰਾਜ ਨੇ ਸ਼ਹਿਰ ਦੀਆਂ ਚਾਬੀਆਂ ਨਵੇਂ ਗਵਰਨਰ ਨੂੰ ਸੌਂਪ ਦਿੱਤੀਆਂ। ਜਿਵੇਂ ਹੀ ਅਫਸਰ ਕਿਲ੍ਹੇ ਤੋਂ ਬਾਹਰ ਆਉਣ ਲੱਗੇ ਤਾਂ ਮੂਲਰਾਜ ਦੇ ਸਿਪਾਹੀਆਂ 'ਚੋਂ ਇੱਕ ਨੇ ਵੈਨ ਐਗਨਿਊ 'ਤੇ ਤਲਵਾਰ ਨਾਲ ਹਮਲਾ ਕਰ ਕੇ ਜ਼ਖ਼ਮੀ ਕਰ ਦਿੱਤਾ। ਫਿਰ ਇੱਕ ਭੀੜ ਨੇ ਐਂਡਰਸਨ ਨੂੰ ਘੇਰ ਲਿਆ ਅਤੇ ਉਸ 'ਤੇ ਹਮਲਾ ਕਰ ਦਿੱਤਾ। ਉਦੋਂ ਤੱਕ ਮੂਲਰਾਜ ਜਾ ਚੁੱਕਾ ਸੀ। ਕਾਹਨ ਸਿੰਘ ਨੇ ਮੂਲਰਾਜ ਦੇ ਭਰਾ ਗੰਗ ਰਾਮ ਦੀ ਮਦਦ ਨਾਲ ਐਗਨਿਊ ਨੂੰ ਚੁੱਕਿਆ ਅਤੇ ਨੇੜੇ ਸਥਿਤ ਈਦਗਾਹ ਲੈ ਗਿਆ। ਮੂਲਰਾਜ ਦਾ ਇਸ ਘਟਨਾ ਨਾਲ ਕੋਈ ਸਿੱਧਾ ਸਬੰਧ ਨਹੀਂ ਸੀ। ਫਿਰ ਵੀ ਉਸ ਨੂੰ ਪੇਸ਼ ਹੋਣ ਲਈ ਕਿਹਾ ਗਿਆ। ਮੂਲਰਾਜ ਨਹੀਂ ਗਿਆ। ਮੂਲਰਾਜ ਨੇ ਕਾਤਲਾਂ ਦੀ ਤਾਰੀਫ਼ ਕੀਤੀ ਅਤੇ ਇਨਾਮ ਦਿੱਤੇ। ਇਹ ਇੱਕ ਬਗਾਵਤ ਸੀ। ਲੋਕਾਂ ਨੇ ਕਿਹਾ ਕਿ ਉਹ ਮੂਲਰਾਜ ਦਾ ਹੁਕਮ ਮੰਨਣਗੇ। ਐਗਨਿਊ ਨੇ 80 ਮੀਲ ਦੂਰ ਭਵਲਪੁਰ ਵਿੱਚ ਪੀਰ ਇਬਰਾਹੀਮ ਖਾਨ ਨੂੰ ਮਦਦ ਲਈ ਸੁਨੇਹਾ ਭੇਜਿਆ। ਉਦੋਂ ਤੱਕ ਕਾਹਨ ਸਿੰਘ ਦੇ ਸਿੱਖ ਘੋੜਸਵਾਰ ਅਤੇ ਹੋਰ ਵੀ ਮੂਲਰਾਜ ਨਾਲ ਮਿਲ ਗਏ ਸਨ। ਉਸੇ ਸ਼ਾਮ ਈਦਗਾਹ 'ਤੇ ਹਮਲਾ ਕੀਤਾ ਗਿਆ ਅਤੇ ਦੋਵੇਂ ਅਧਿਕਾਰੀ ਮਾਰ ਦਿੱਤੇ ਗਏ। ਕਾਹਨ ਸਿੰਘ ਅਤੇ ਉਸ ਦੇ ਪੁੱਤਰ ਨੂੰ ਬੰਦੀ ਬਣਾ ਲਿਆ ਗਿਆ।

ਕਵੀ ਹਕੀਮ ਚੰਦ ਅਨੁਸਾਰ ਇੱਥੇ ਹੀ ਮੂਲਰਾਜ ਦੀ ਮਾਤਾ ਨੇ ਉਸ ਨੂੰ ਗੁਰੂਆਂ ਅਤੇ ਸ਼ਹੀਦਾਂ ਦੀ ਯਾਦ ਦਿਵਾਉਂਦਿਆਂ ਉਸ ਨੂੰ ਸੈਨਾ ਲੈ ਕੇ ਮੈਦਾਨ-ਏ-ਜੰਗ ਵਿਚ ਜਾਣ ਜਾਂ ਫਿਰ ਨਜ਼ਰਾਂ ਤੋਂ ਦੂਰ ਹੋ ਜਾਣ ਲਈ ਕਿਹਾ। ਇਹ ਵੀ ਕਿਹਾ ਕਿ ਉਹ ਖ਼ੁਦ ਖਾਲਸਾ ਫ਼ੌਜ ਦੀ ਕਮਾਨ ਸੰਭਾਲ ਕੇ ਲੜਨ ਲਈ ਜੰਗ ਦੇ ਮੈਦਾਨ ਵਿੱਚ ਜਾਵੇਗੀ। ਇਹ ਹੀ ਵੇਲਾ ਸੀ ਜਦ ਇਕ ਮਾਂ ਨੇ ਆਪਣੇ ਪੁੱਤਰ ਦੇ ਗੁੱਟ 'ਤੇ ਗਾਨਾ ਬੰਨ੍ਹਿਆ ਅਤੇ ਉਸ ਨੂੰ ਯੁੱਧ ਲੜਨ ਲਈ ਤਿਆਰ ਕੀਤਾ। ਅਣਖੀ ਮਾਂ ਦੇ ਬੋਲਾਂ ਦਾ ਪ੍ਰਭਾਵ ਇਹ ਸੀ ਕਿ ਮੂਲਰਾਜ ਨੇ ਲੋਕਾਂ ਨੂੰ ਅੰਗਰੇਜ਼ਾਂ ਵਿਰੁੱਧ ਬਗਾਵਤ ਕਰਨ ਲਈ ਤਿਆਰ ਕੀਤਾ ਤੇ ਫ਼ੌਜ 'ਚੋਂ ਕੱਢੇ ਗਏ ਸਿਪਾਹੀਆਂ ਨੂੰ ਦੁਬਾਰਾ ਭਰਤੀ ਕੀਤਾ। ਮੂਲਰਾਜ ਦਾ ਮੈਦਾਨ-ਏ-ਜੰਗ ਵਿੱਚ ਉਤਰਨਾ ਦੂਜਿਆਂ ਦੀ ਤਰ੍ਹਾਂ ਰਾਜਭਾਗ ਬਚਾਉਣ ਲਈ ਨਹੀਂ ਸੀ। ਉਹ ਸਭ ਕੁਝ ਤਿਆਗ ਚੁੱਕਾ ਸੀ। ਉਹ ਸਿਰਫ ਦੇਸ਼ ਨੂੰ ਅੰਗਰੇਜ਼ ਮੁਕਤ ਕਰਨਾ ਚਾਹੁੰਦਾ ਸੀ।

ਮੁਲਤਾਨ ਤੋਂ ਸੁਨੇਹਾ ਮਿਲਦਿਆਂ ਹੀ ਫਰੈਡਰਿਕ ਕਰੀ ਨੇ ਜਨਰਲ ਵਿਸ਼ ਅਤੇ ਜਨਰਲ ਵੈਨ ਕੋਰਟਲੈਂਡ ਨੂੰ ਮੁਲਤਾਨ ਰਵਾਨਾ ਕੀਤਾ। ਇਸ ਤੋਂ ਪਹਿਲਾਂ ਡੇਰਾ ਇਸਮਾਈਲ ਖ਼ਾਨ ਵਿੱਚ ਲੈਫਟੀਨੈਂਟ ਹਰਬਰਟ ਐਡਵਰਡ ਨੂੰ ਐਗਨਿਊ ਦਾ ਪੈਗਾਮ ਮਿਲਿਆ ਅਤੇ ਉਸ ਨੇ ਵੀ ਮੁਲਤਾਨ ਵੱਲ ਕੂਚ ਕੀਤਾ ਅਤੇ ਰਸਤੇ ਵਿੱਚ ਪਠਾਣਾਂ ਦੀ ਭਰਤੀ ਕੀਤੀ। ਕੁਝ ਸਮੇਂ ਬਾਅਦ ਜਨਰਲ ਵੈਨ ਕੋਰਟਲੈਂਡ ਵੀ ਉਸ ਨਾਲ ਜੁੜ ਗਿਆ। ਇੱਥੇ ਹੀ ਲਾਹੌਰ ਨੇ ਮੁਲਤਾਨ ਜਾਣ ਵਾਲੀ ਫ਼ੌਜ ਵਿਚ ਅੰਗਰੇਜ਼ਾਂ ਨੂੰ ਨਾ ਭੇਜਣ ਦਾ ਫ਼ੈਸਲਾ ਕੀਤਾ ਅਤੇ ਰਾਜਾ ਸ਼ੇਰ ਸਿੰਘ ਅਟਾਰੀਵਾਲਾ ਨੂੰ ਭੇਜਿਆ ਗਿਆ। ਰਾਜਾ ਸ਼ੇਰ ਸਿੰਘ ਅੰਗਰੇਜ਼ਾਂ ਪ੍ਰਤੀ ਫ਼ੌਜ ਦੀ ਨਫ਼ਰਤ ਤੋਂ ਜਾਣੂ ਸੀ। ਉਸ ਦੀ ਫ਼ੌਜ ਮੂਲਰਾਜ ਦੇ ਪੱਖ ਵਿੱਚ ਸੀ। ਸ਼ੇਰ ਸਿੰਘ ਦਾ ਪਿਤਾ ਚਤਰ ਸਿੰਘ ਅਟਾਰੀਵਾਲਾ, ਜਿਸ ਦੀ ਧੀ ਮਹਾਰਾਜੇ ਦਲੀਪ ਸਿੰਘ ਨਾਲ ਮੰਗੀ ਹੋਈ ਸੀ, ਅੰਗਰੇਜ਼ਾਂ ਦੇ ਇਰਾਦਿਆਂ ਤੋਂ ਵਾਕਫ਼ ਸੀ। ਉਸ ਸਮੇਂ ਉਹ ਵੀ ਪੰਜਾਬ ਦੇ ਉੱਤਰੀ ਇਲਾਕੇ ਹਜ਼ਾਰਾ ਵਿੱਚ ਖੁੱਲ੍ਹੀ ਬਗਾਵਤ ਦੀ ਤਿਆਰੀ ਕਰ ਰਿਹਾ ਸੀ। 14 ਸਤੰਬਰ ਨੂੰ ਸ਼ੇਰ ਸਿੰਘ ਨੇ ਵੀ ਈਸਟ ਇੰਡੀਆ ਕੰਪਨੀ ਵਿਰੁੱਧ ਬਗਾਵਤ ਕਰ ਦਿੱਤੀ ਅਤੇ ਮੂਲਰਾਜ ਨਾਲ ਮਿਲ ਗਿਆ। ਹਾਲਾਂਕਿ ਅੰਗਰੇਜ਼ਾਂ ਵੱਲੋਂ ਸਾਜਿਸ਼ ਕਰਦਿਆਂ ਦੀਵਾਨ ਮੂਲਰਾਜ ਦੇ ਦਿਲ ਵਿੱਚ ਸ਼ੇਰ ਸਿੰਘ ਪ੍ਰਤੀ ਸ਼ੱਕ ਪੈਦਾ ਕਰ ਦੇਣ ਨਾਲ ਦੋਵੇਂ ਆਗੂ ਫ਼ੌਜਾਂ ਦਾ ਰਲੇਵਾਂ ਨਾ ਕਰ ਸਕੇ ਅਤੇ ਅੰਗਰੇਜ਼ਾਂ ਦੇ ਵਿਰੁੱਧ ਵੱਖਰੇ ਤੌਰ 'ਤੇ ਲੜੇ। ਜੂਨ ਦੇ ਸ਼ੁਰੂ ਵਿੱਚ ਐਡਵਰਡ ਨੇ ਮੁਲਤਾਨ ਵਿਰੁੱਧ ਫੌਜੀ ਕਾਰਵਾਈਆਂ ਤੇਜ਼ ਕਰ ਦਿੱਤੀਆਂ। 18 ਜੂਨ ਨੂੰ ਕਿਨੇਰੀ ਦੇ ਅਸਥਾਨ 'ਤੇ ਮੂਲਰਾਜ ਦੇ ਭਰਾ ਗੰਗ ਰਾਮ ਦੀ ਅਗਵਾਈ ਹੇਠ ਮੁਲਤਾਨੀ ਫ਼ੌਜ ਅਤੇ ਐਡਵਰਡ ਦੀ ਫ਼ੌਜ ਵਿਚਾਲੇ ਝੜਪ ਹੋਈ। ਕਰਨਲ ਵੈਨ ਕੋਰਟਲੈਂਡ ਦੇ ਤੋਪਖਾਨੇ ਅਤੇ ਪਖਤੂਨ ਜਵਾਬੀ ਹਮਲੇ ਨੇ ਮੁਲਤਾਨੀ ਫ਼ੌਜਾਂ ਨੂੰ ਭਾਰੀ ਨੁਕਸਾਨ ਪਹੁੰਚਾਇਆ। ਮੂਲਰਾਜ ਦੀਆਂ ਫ਼ੌਜਾਂ ਨੂੰ 500 ਬੰਦਿਆਂ ਅਤੇ ਛੇ ਤੋਪਾਂ ਦੇ ਨੁਕਸਾਨ ਨਾਲ ਮੁਲਤਾਨ ਵੱਲ ਪਿੱਛੇ ਹਟਣਾ ਪਿਆ। ਐਡਵਰਡ 26 ਜੂਨ ਨੂੰ ਮੁਲਤਾਨ ਲਈ ਰਵਾਨਾ ਹੋਇਆ। ਮੁਲਤਾਨ ਤੋਂ ਪਹਿਲਾਂ ਮੂਲਰਾਜ ਸੁਧੂਸਮ ਵਿੱਚ ਉਸ ਦੀ ਉਡੀਕ ਕਰ ਰਿਹਾ ਸੀ। ਇੱਥੇ ਹੋਈ ਝੜਪ ਵਿੱਚ ਮੂਲਰਾਜ ਗੋਲੀ ਲੱਗਣ ਕਾਰਨ ਹਾਥੀ ਤੋਂ ਹੇਠਾਂ ਡਿੱਗ ਗਿਆ। ਇੱਥੇ ਵੀ ਮੂਲਰਾਜ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ।ਜੂਨ ਵਿੱਚ ਜਨਰਲ ਵਿਸ਼ ਦੇ ਅਧੀਨ ਲਾਹੌਰ ਤੋਂ ਤੋਪਖਾਨੇ ਨਾਲ ਆਈ ਵੱਡੀ ਫ਼ੌਜ ਨੇ ਮੁਲਤਾਨ ਦੀ ਘੇਰਾਬੰਦੀ ਸ਼ੁਰੂ ਕਰ ਦਿੱਤੀ। 27 ਦਸੰਬਰ ਨੂੰ ਵਿਸ਼ ਵੱਲੋਂ ਸ਼ਹਿਰ ਦੇ ਬਾਹਰਵਾਰ ਕੀਤੇ ਗਏ ਹਮਲਿਆਂ ਨੇ ਮੂਲਰਾਜ ਦੀਆਂ ਫ਼ੌਜਾਂ ਨੂੰ ਸ਼ਹਿਰ ਵੱਲ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ। ਘੇਰਾਬੰਦੀ ਦੌਰਾਨ ਕਿਲ੍ਹੇ 'ਤੇ ਵੱਡੀ ਗਿਣਤੀ ਤੋਪਾਂ ਦੇ ਗੋਲੇ ਦਾਗੇ ਗਏ। 30 ਦਸੰਬਰ ਨੂੰ ਇੱਕ ਬੰਬ ਕਿਲ੍ਹੇ ਵਿੱਚ ਇੱਕ ਅਸਲਾਖ਼ਾਨੇ 'ਤੇ ਵੱਜਾ, ਜਿਸ ਨਾਲ ਇੱਕ ਵੱਡਾ ਧਮਾਕਾ ਹੋਇਆ ਅਤੇ ਸੈਂਕੜੇ ਵਿਅਕਤੀ ਮਾਰੇ ਗਏ। ਮੂਲਰਾਜ ਨੇ ਵਿਸ਼ ਨੂੰ ਸੁਨੇਹਾ ਭੇਜਿਆ ਕਿ ਉਸ ਕੋਲ ਇੰਨਾ ਗੋਲਾ-ਬਾਰੂਦ ਹੈ ਕਿ ਉਹ ਇੱਕ ਸਾਲ ਤੱਕ ਲੜ ਸਕਦਾ ਹੈ। ਵਿਸ਼ ਨੇ 2 ਜਨਵਰੀ 1849 ਨੂੰ ਇੱਕ ਆਮ ਹਮਲੇ ਦਾ ਹੁਕਮ ਦਿੱਤਾ। ਇੱਕ ਭਿਆਨਕ ਹਮਲੇ ਵਿੱਚ ਮੂਲਰਾਜ ਦੀ ਫ਼ੌਜ ਨੇ ਤਲਵਾਰਾਂ ਕੱਢ ਲਈਆਂ। ਜਿਸ 'ਤੇ ਹਮਲਾਵਰਾਂ ਨੇ ਗੋਲੀਆਂ ਚਲਾ ਦਿੱਤੀਆਂ। ਤਲਵਾਰਾਂ ਅਤੇ ਗੋਲੀਆਂ ਦੀ ਲੜਾਈ ਵਿੱਚ ਮੂਲਰਾਜ ਦੀ ਫ਼ੌਜ ਨੂੰ ਭਾਰੀ ਨੁਕਸਾਨ ਤੋਂ ਬਾਅਦ ਪਿੱਛੇ ਹਟਣ ਲਈ ਮਜਬੂਰ ਹੋਈ। ਅੰਗਰੇਜ਼ਾਂ ਦੀ ਫ਼ੌਜ ਸ਼ਹਿਰ 'ਚ ਦਾਖ਼ਲ ਹੋ ਗਈ ਅਤੇ ਖ਼ੂਨੀ ਜੰਗ ਰਾਹੀਂ ਆਮ ਨਾਗਰਿਕਾਂ ਨੂੰ ਕਤਲ ਕੀਤਾ ਗਿਆ। ਅੰਗਰੇਜ਼ਾਂ ਨੇ ਭਾਰੀ ਨੁਕਸਾਨ ਦੇ ਬਾਵਜੂਦ 9 ਜਨਵਰੀ ਨੂੰ ਕਿਲ੍ਹੇ ਤੋਂ 20 ਗਜ ਦੂਰ ਕਬਜ਼ਾ ਕਰ ਲਿਆ। ਮੁਲਤਾਨ ਦੀ ਸੱਤ ਮਹੀਨੇ ਦੀ ਘੇਰਾਬੰਦੀ ਦੌਰਾਨ ਮੂਲਰਾਜ ਨੇ ਅੰਗਰੇਜ਼ਾਂ ਨੂੰ ਜ਼ਬਰਦਸਤ ਟੱਕਰ ਦਿੱਤੀ ਪਰ 22 ਜਨਵਰੀ 1849 ਨੂੰ ਮੂਲਰਾਜ ਨੇ ਔਰਤਾਂ ਅਤੇ ਬੱਚਿਆਂ ਦੀ ਸੁਰੱਖਿਆ ਖ਼ਾਤਰ 550 ਵਿਅਕਤੀਆਂ ਨਾਲ ਆਤਮ ਸਮਰਪਣ ਕਰ ਦਿੱਤਾ।

ਦੀਵਾਨ ਮੂਲਰਾਜ 'ਤੇ ਵੈਂਸ ਐਗਨਿਊ ਅਤੇ ਐਂਡਰਸਨ ਦੇ ਕਤਲ ਲਈ ਮੁਕੱਦਮਾ ਚਲਾਇਆ ਗਿਆ। ਉਸ ਨੂੰ ਯੋਜਨਾਬੱਧ ਕਤਲ ਤੋਂ ਬਰੀ ਕਰ ਦਿੱਤਾ ਗਿਆ ਪਰ ਸਹਾਇਕ ਹੋਣ ਦਾ ਦੋਸ਼ੀ ਪਾਇਆ ਗਿਆ। ਇਸ ਮਗਰੋਂ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਪਰ ਬਾਅਦ ਵਿੱਚ ਇਹ ਸਜ਼ਾ ਉਮਰ ਭਰ ਲਈ ਜਲਾਵਤਨੀ ਵਿੱਚ ਤਬਦੀਲ ਕਰ ਦਿੱਤੀ ਗਈ। ਅਗਸਤ 1851 ਵਿੱਚ ਇੱਕ ਬਿਮਾਰੀ ਤੋਂ ਬਾਅਦ ਬਕਸਰ ਜੇਲ੍ਹ ਦੇ ਰਸਤੇ ਵਿੱਚ ਮੂਲਰਾਜ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਿਆ।



# ਕਿੱਥੇ ਹੈ ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ ?



ਤ੍ਰਿਲੋਚਨ ਸਿੰਘ

ਇਤਿਹਾਸ ਵਿੱਚ ਇਹ ਲਿਖਿਆ ਗਿਆ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਤੋਸ਼ਾਖਾਨਾ ’ਚ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੀ ਕਲਗੀ ਰੱਖੀ ਹੋਈ ਸੀ ਅਤੇ ਹਰ ਰੋਜ਼ ਮਹਾਰਾਜਾ ਸਾਹਿਬ ਇਸ ਦੇ ਦਰਸ਼ਨ ਕਰਦੇ ਸਨ। ਮਾਰਚ, 1849 ਵਿੱਚ ਅੰਗਰੇਜ਼ਾਂ ਦਾ ਪੰਜਾਬ ’ਤੇ ਕਬਜ਼ਾ ਹੋ ਗਿਆ ਤਾਂ ਉਸ ਸਮੇਂ ਡਾ. ਜੌਹਨ ਸੰਪੈਂਸਰ ਲੋਗਨ ਨੂੰ ਲਾਹੌਰ ਦਾ ਗਵਰਨਰ ਲਗਾ ਦਿੱਤਾ ਗਿਆ ਅਤੇ ਉਸ ਦੇ ਜ਼ਿੰਮੇ ਤੋਸ਼ਾਖਾਨਾ ਨੂੰ ਆਪਣੇ ਕਬਜ਼ੇ ਵਿੱਚ ਲੈਣ ਦਾ ਕੰਮ ਲਾਇਆ ਗਿਆ, ਕਿਉਂਕਿ ਅੰਗਰੇਜ਼ ਜਾਣਦੇ ਸਨ ਕਿ ਇਹ ਦੁਨੀਆ ਦਾ ਇਕ ਕੀਮਤੀ ਖਜ਼ਾਨਾ ਹੈ। ਇਹ ਤੋਸ਼ਾਖਾਨਾ ਉਸ ਸਮੇਂ ਲਾਹੌਰ ਕਿਲ੍ਹੇ ਦੀ ਮੋਤੀ ਮਸਜਿਦ ’ਚ ਮੌਜੂਦ ਸੀ। ਲੋਗਨ ਇਕ ਵਿਦਵਾਨ ਅਫ਼ਸਰ ਸੀ ਤੇ ਉਸ ਨੇ ਦੀਵਾਨ ਬੇਲੀ ਰਾਮ ਮਿਸਰ ਜੋ ਮਹਾਰਾਜਾ ਸਾਹਿਬ ਦੇ ਤੋਸ਼ਾਖਾਨੇ ਦਾ ਮੈਨੇਜਰ ਸੀ, ਉਸ ਨੂੰ ਆਪਣੀ ਨਿਗਰਾਨੀ ਵਿੱਚ ਸਾਰੀਆਂ ਕੀਮਤੀ ਵਸਤੂਆਂ ਦੀ ਸੂਚੀ ਬਣਾਉਣ ਲਈ ਹੁਕਮ ਕੀਤਾ।

ਅੰਗਰੇਜ਼ ਅਫ਼ਸਰ ਦੀਆਂ ਅੱਖਾਂ ਚੁੰਧਿਆ ਗਈਆਂ ਜਦ ਮਖਮਲ ਦੇ ਕੱਪੜੇ ਵਿਚ ਲਪੇਟੀਆਂ ਕੀਮਤੀ ਵਸਤਾਂ, ਹੀਰੇ, ਮੋਤੀ ਆਦਿ ਉਨ੍ਹਾਂ ਨੇ ਵੇਖੀਆਂ, ਜਿਸ ਵਿੱਚ ਕੋਹਿਨੂਰ ਹੀਰਾ ਵੀ ਸੀ। ਕੋਹਿਨੂਰ ਹੀਰੇ ਨੂੰ ਦਿੱਲੀ ਤੋਂ ਲੁੱਟ ਕੇ ਨਾਦਰ ਸ਼ਾਹ ਕਾਬੁਲ ਲੈ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਇਹ ਹੀਰਾ ਆਪਣੀ ਤਾਕਤ ਅਤੇ ਵਿਉਂਤ ਨਾਲ ਮੁੜ ਪੰਜਾਬ ਲੈ ਕੇ ਆਏ ਸਨ। ਇਸ ਦੀ ਅੱਜ ਤੱਕ ਕੀਮਤ ਨਹੀਂ ਪਾਈ ਜਾ ਸਕੀ। ਇਹ ਹੀਰਾ ਹੁਣ ਲੰਡਨ ਦੇ ਬਾਦਸ਼ਾਹ ਦੇ ਤਾਜ ਦਾ ਹਿੱਸਾ ਹੈ।

ਇਸ ਤੋਸ਼ਾਖਾਨਾ ਵਿਚ ਮਹਾਰਾਜਾ ਰਣਜੀਤ ਸਿੰਘ, ਉਸ ਦੇ ਪੁੱਤਰਾਂ, ਪੋਤਰੇ ਨੌਨਿਹਾਲ ਸਿੰਘ ਅਤੇ ਸਾਰੀਆਂ ਰਾਣੀਆਂ ਦੇ ਹੀਰੇ-ਜਵਾਹਰਾਤ ਅਤੇ ਗਹਿਣੇ ਪਏ ਸਨ। ਇਹ ਲਿਖਿਆ ਗਿਆ ਹੈ ਕਿ ਸੋਨੇ ਅਤੇ ਚਾਂਦੀ ਨਾਲ ਅਨੇਕਾਂ ਘੜੇ ਭਰੇ ਪਏ ਸਨ। ਕਸ਼ਮੀਰੀ ਸ਼ਾਲਾਂ, ਚੋਗੇ ਅਤੇ ਵੈਲਵੇਟ ਅਤੇ ਸੋਨੇ ਦੇ ਧਾਗਿਆਂ ਦੇ ਬਣੇ ਸ਼ਾਮਿਆਨੇ, ਈਰਾਨੀ ਕਾਲੀਨ ਆਦਿ ਅਨੇਕਾਂ ਹੀ ਵਸਤਾਂ ਪਈਆਂ ਸਨ। ਮਹਾਰਾਜਾ ਰਣਜੀਤ ਸਿੰਘ ਦੀ ਸੋਨੇ ਵਾਲੀ ਕੁਰਸੀ, ਜਿਸ ਨੂੰ ਤਖ਼ਤ ਕਹਿੰਦੇ ਹਨ (ਜੋ ਹੁਣ ਲੰਡਨ ਮਿਊਜ਼ੀਅਮ ਵਿਚ ਪਈ ਹੈ), ਮਹਾਰਾਜਾ ਦੇ ਪਿਤਾ ਮਹਾਂ ਸਿੰਘ ਦੇ ਕੱਪੜੇ ਅਤੇ ਕਈ ਸਿੱਖ ਸਰਦਾਰਾਂ ਦੀਆਂ ਵਸਤਾਂ ਪਈਆਂ ਸਨ। ਸ਼ਾਹ ਸੁਜਾਹ ਦਾ ਤਖ਼ਤ, ਹੋਲਕਰ ਮਰਾਠਾ ਬਾਦਸ਼ਾਹ ਦੀ ਤਲਵਾਰ, ਵਜ਼ੀਰ ਫ਼ਤਹਿ ਖਾਨ ਕਾਮਲ ਦੀ ਤਲਵਾਰ, ਈਰਾਨੀ ਪਹਿਲਵਾਨ ਰੁਸਤਮ ਦੀ ਤਲਵਾਰ ਵੀ ਉੱਥੇ ਪਈ ਸੀ। ਹਜ਼ਰਤ ਮੁਹੰਮਦ ਸਾਹਿਬ ਦੇ ਜੁੱਤੇ, ਕੱਪੜੇ, ਇਕ ਬਹੁਤ ਪੁਰਾਣਾ ਹਸਤ-ਲਿਖਤ ਕੁਰਾਨ ਅਤੇ ਹਜ਼ਰਤ ਮੁਹੰਮਦ ਸਾਹਿਬ ਦੇ ਵਾਲ, ਮੁਏ ਮੁਬਾਰਕ ਪਏ ਸਨ (ਇਹ ਇਸ ਸਮੇਂ ਸ੍ਰੀਨਗਰ ਦੀ ਮਸਜਿਦ ਵਿੱਚ ਪਏ ਹਨ)।

ਸਭ ਤੋਂ ਕੀਮਤੀ ਅਤੇ ਇਤਿਹਾਸਕ ਵਸਤ ਸੀ ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ, ਜਿਸ ਨੂੰ ਮਹਾਰਾਜਾ ਸਾਹਿਬ ਦੇ ਸਮੇਂ ਮਿਊਜ਼ੀਅਮ ਦੇ ਰਜਿਸਟਰ ਵਿੱਚ ‘ਕਲਗੀ-ਏ-ਕੱਚ’ ਲਿਖਿਆ ਸੀ। ਲੋਗਨ ਨੇ ਜਦੋਂ ਨਵੀਂ ਸੂਚੀ ਬਣਾਈ ਤਾਂ ਉਸ ਵਿੱਚ ਵੀ ਉਸ ਨੇ ਇਹੋ ਸ਼ਬਦ ਹੀ ਵਰਤਿਆ ਸੀ। ਇਹ ਇਤਿਹਾਸ ਵਿਚ ਹੁਣ ਤੱਕ ਉਸੇ ਤਰ੍ਹਾਂ ਹੀ ਪ੍ਰਚਲਤ ਹੈ। ਇਹ ਸਾਰਾ ਸਾਮਾਨ ਫ਼ੌਜ ਦੀ ਨਿਗਰਾਨੀ ਵਿੱਚ ਕਲਕੱਤੇ ਜੋ ਅੰਗਰੇਜ਼ ਸਰਕਾਰ ਦੀ ਰਾਜਧਾਨੀ ਸੀ, ਉੱਥੇ ਪਹੁੰਚਾ ਦਿੱਤਾ ਗਿਆ ਸੀ। ਉਸ ਸਮੇਂ ਦੇ ਵਾਇਸਰਾਏ ਲਾਰਡ ਡਲਹੌਜ਼ੀ ਸਨ ਤੇ ਉਨ੍ਹਾਂ ਨੇ ਆਪਣੀ ਨਿਗਰਾਨੀ ’ਚ ਇਨ੍ਹਾਂ ਇਤਿਹਾਸਕ ਅਤੇ ਕੀਮਤੀ ਵਸਤਾਂ ਬਾਰੇ ਫ਼ੈਸਲੇ ਲਏ ਸਨ।

ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਗੁਰੂ ਮਹਾਰਾਜ ਦੇ ਕਈ ਸ਼ਸਤਰ ਡਲਹੌਜ਼ੀ ਨੇ ਆਪਣੇ ਪਰਿਵਾਰ ਲਈ ਰੱਖ ਲਏ ਸਨ ਅਤੇ ਕੋਹੇਨੂਰ ਅਤੇ ਹੋਰ ਕਈ ਹੀਰੇ ਇਕ ਖਾਸ ਸਮੁੰਦਰੀ ਜਹਾਜ਼ ਰਾਹੀਂ ਲੰਡਨ ਮਲਿਕਾ ਵਿਕਟੋਰੀਆ ਨੂੰ ਭੇਜ ਦਿੱਤੇ ਸਨ। ਇੱਥੇ ਮੈਂ ਇਹ ਜਾਣਕਾਰੀ ਦੇ ਦੇਵਾਂ ਕਿ 1965 ਵਿਚ ਗੁਰੂ ਮਹਾਰਾਜ ਦੇ ਸ਼ਸਤਰ ਇਕ ਅੰਗਰੇਜ਼ ਡਬਲਿਊ.ਸੀ. ਆਰਚਰ ਨੇ ਡਲਹੌਜ਼ੀ ਪਰਿਵਾਰ ਦੇ ਘਰੋਂ ਲੱਭੇ ਸਨ ਅਤੇ ਉਹ ਭਾਰਤ ਦੇ ਲੰਡਨ ਸਥਿਤ ਹਾਈ ਕਮਿਸ਼ਨ ਨੇ ਉਸ ਦੇ ਪਰਿਵਾਰ ਤੋਂ ਖ਼ਰੀਦ ਲਏ ਸਨ। ਸ੍ਰੀ ਲਾਲ ਬਹਾਦਰ ਸ਼ਾਸਤਰੀ ਤਤਕਾਲੀ ਪ੍ਰਧਾਨ ਮੰਤਰੀ ਨੇ ਵਿਸ਼ੇਸ਼ ਹਵਾਈ ਜਹਾਜ਼ ਰਾਹੀਂ ਲੰਡਨ ਤੋਂ ਸ਼ਸਤਰ ਦਿੱਲੀ ਮੰਗਵਾਏ ਸਨ ਅਤੇ ਹੁਣ ਉਹ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ ਵਿੱਚ ਸੁਸ਼ੋਭਿਤ ਹਨ।

ਕਲਗੀ ਜੋ ਕਲਕੱਤੇ ਪੁੱਜੀ ਸੀ, ਉਸ ਬਾਰੇ ਅੱਜ ਤੱਕ ਕੋਈ ਇਤਿਹਾਸਕਾਰ ਖੋਜ ਨਹੀਂ ਕਰ ਸਕਿਆ ਕਿ ਉਹ ਕਿੱਥੇ ਗਈ ? ਇੰਨੀ ਵੱਡੀ ਇਤਿਹਾਸਕ ਗੁਰੂ ਦੀ ਵਸਤ ਦੀ ਜਾਣਕਾਰੀ ਲੈਣ ਲਈ ਸਾਡੀ ਕੌਮ ਦੇ ਲੀਡਰ ਅਤੇ ਇਤਿਹਾਸਕਾਰ ਚੁੱਪ ਧਾਰੀ ਬੈਠੇ ਹਨ।

ਮੈਂ 1965 ਵਿਚ ਪੰਜਾਬ ਮਾਰਕਫੈੱਡ ਵਲੋਂ ਲੰਡਨ ਗਿਆ ਸੀ ਤੇ ਉੱਥੇ ਮੈਂ ਸ੍ਰੀ ਨਟਵਰ ਸਿੰਘ ਜੋ ਉੱਥੇ ਡਿਪਟੀ ਹਾਈ-ਕਮਿਸ਼ਨਰ ਸਨ, ਨੂੰ ਮਿਲਿਆ ਤੇ ਮੇਰੀ ਦਰਖ਼ਾਸਤ ’ਤੇ ਉਨ੍ਹਾਂ ਵਿਕਟੋਰੀਆ ਐਲਬਰਟ ਮਿਊਜ਼ੀਅਮ ਦੇ ਕੀਉਰੇਟਰ ਗਲੈਡਸਟਨ ਨਾਲ ਮੀਟਿੰਗ ਕਰਵਾ ਦਿੱਤੀ ਸੀ। ਮੈਂ ਬੜਾ ਰਿਣੀ ਹਾਂ ਗਲੈਡਸਟਨ ਦਾ ਕਿ ਉਨ੍ਹਾਂ ਨੇ ਆਪਣੇ ਦਫ਼ਤਰ ਵਿੱਚ ਬੜਾ ਸਮਾਂ ਲਾ ਕੇ ਪਹਿਲੀ ਵਾਰ ਉਸ ਮਿਊਜ਼ੀਅਮ ’ਚ ਪਏ ਸਿੱਖ ਇਤਿਹਾਸਕ ਸ਼ਸਤਰ ਅਤੇ ਵਸਤਰਾਂ ਦੀ ਸੂਚੀ ਬਣਵਾ ਕੇ ਮੈਨੂੰ ਦੇ ਦਿੱਤੀ ਜੋ ਮੈਂ ਤਤਕਾਲੀ ਮੁੱਖ ਮੰਤਰੀ ਪੰਜਾਬ ਗਿਆਨੀ ਜ਼ੈਲ ਸਿੰਘ ਅਤੇ ਮੁੱਖ ਸਕੱਤਰ ਪੰਜਾਬ ਨੂੰ ਸੌਂਪ ਦਿੱਤੀ ਸੀ। ਇਹ ਵਰਣਨਯੋਗ ਹੈ ਕਿ ਮੇਰੀ ਇਸ ਕੀਤੀ ਮਿਹਨਤ ਦਾ ਹੀ ਨਤੀਜਾ ਹੈ ਕਿ 1980 ਵਿਚ ਇਤਿਹਾਸ ਵਿੱਚ ਪਹਿਲੀ ਵਾਰ ਇਨ੍ਹਾਂ ਵਿਚੋਂ ਚੋਣਵੀਆਂ ਵਸਤਾਂ ਮਹਾਰਾਜਾ ਰਣਜੀਤ ਸਿੰਘ ਮਿਊਜ਼ੀਅਮ ਅੰਮ੍ਰਿਤਸਰ ਵਿੱਚ ਲਿਆਂਦੀਆਂ ਗਈਆਂ ਅਤੇ ਨੁਮਾਇਸ਼ ਲਗਾਈ ਗਈ ਸੀ। ਦਰਬਾਰਾ ਸਿੰਘ ਤਤਕਾਲੀ ਪੰਜਾਬ ਦੇ ਮੁੱਖ ਮੰਤਰੀ ਸਨ ਅਤੇ ਮੈਂ ਸੱਭਿਆਚਾਰ ਤੇ ਸੰਗੀਤ ਵਿਭਾਗ ਦਾ ਮੁਖੀ ਸੀ। ਇਹ ਮਿਊਜ਼ੀਅਮ ਰਾਮ ਬਾਗ ’ਚ ਸਾਡੇ ਵਿਭਾਗ ਵਲੋਂ ਬਣਾਇਆ ਗਿਆ ਸੀ।

ਗਲੈਡਸਟਨ ਨੇ ਗੁਰੂ ਜੀ ਦੀ ਕਲਗੀ ਬਾਰੇ ਕੋਈ ਜਾਣਕਾਰੀ ਨਾ ਦਿੱਤੀ ਕਿਉਂ ਜੋ ਇਹ ਰਿਕਾਰਡ ਵਿੱਚ ਕਿੱਧਰੇ ਨਹੀਂ ਸੀ। ਮੈਂ ਆਪਣੇ ਵਲੋਂ ਇਹ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਲਗੀ ਇਸ ਲਈ ਲਾਉਂਦੇ ਸਨ ਕਿਉਂਕਿ ਮੁਗਲ ਬਾਦਸ਼ਾਹ ਲਗਾਉਂਦੇ ਸਨ। ਗੁਰੂ ਸਾਹਿਬ ਮੁਗਲਾਂ ਵਰਗੇ ਕੀਮਤੀ ਕੱਪੜੇ ਵੀ ਪਾਉਂਦੇ ਸਨ ਤਾਂ ਜੋ ਜਨਤਾ ਵਿੱਚ ਉਹ ਇਹ ਬਲ ਪੈਦਾ ਕਰ ਸਕਣ ਕਿ ਅਸੀਂ ਵੀ ਮੁਗਲਾਂ ਵਰਗੇ ਤਾਕਤਵਰ ਅਤੇ ਆਜ਼ਾਦ ਹਾਂ। ਇਤਿਹਾਸ ’ਚ ਇਹ ਲਿਖਿਆ ਹੈ ਕਿ ਜਦ ਗੁਰੂ ਗੋਬਿੰਦ ਸਿੰਘ ਜੀ ਆਗਰੇ ਗਏ ਤਾਂ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨੇ ਉਨ੍ਹਾਂ ਨੂੰ ਕਲਗੀ ਭੇਟ ਕੀਤੀ ਸੀ ਤੇ ਇਹ ਕਲਗੀ ਲਗਾ ਕੇ ਉਹ ਨਾਂਦੇੜ ਤੱਕ ਗਏ ਸਨ। ਮੇਰੇ ਕਹਿਣ ‘ਤੇ ਗਲੈਡਸਟਨ ਨੇ ਮੈਨੂੰ ਮੁਗਲ ਬਾਦਸ਼ਾਹਾਂ ਦੀਆਂ ਕਲਗੀਆਂ ਦਿਖਾਈਆਂ ਅਤੇ ਇਹ ਕਿਹਾ ਕਿ ਇਨ੍ਹਾਂ ਵਿਚ ਇਕ ਕਲਗੀ ਬਾਰੇ ਉਨ੍ਹਾਂ ਕੋਲ ਜਾਣਕਾਰੀ ਨਹੀਂ ਕਿ ਇਹ ਕਿਸ ਦੀ ਹੈ ? ਇਹ ਕਲਗੀਆਂ ਜੇਡ (145) ਦੀਆਂ ਬਣੀਆਂ ਹੋਈਆਂ ਸਨ ਅਤੇ ਇਨ੍ਹਾਂ ਵਿਚ ਕੀਮਤੀ ਹੀਰੇ ਲੱਗੇ ਸਨ। ਜੇਡ ਇਕ ਬੜੀ ਕੀਮਤੀ ਧਾਤੂ ਹੈ ਜੋ ਆਮ ਕਰਕੇ ਕੱਚ ਵਾਂਗੂ ਨਜ਼ਰ ਆਉਂਦੀ ਹੈ ਪਰ ਇਸ ਦਾ ਹਲਕਾ ਸਾਂਵਲਾ ਰੰਗ ਹੁੰਦਾ ਹੈ। ਜੇਡ ਦੇ ਪਿਆਲੇ ਮੁਗਲਾਂ ਦੇ ਸਮੇਂ ਪ੍ਰਚੱਲਿਤ ਸਨ। ਮੈਂ ਉਸ ਨੂੰ ਕਿਹਾ ਕਿ ਜੋ ਕਲਗੀ ਬਹਾਦਰ ਸ਼ਾਹ ਨੇ ਦਿੱਤੀ ਉਹ ਜੇਡ ਦੀ ਹੀ ਹੋਵੇਗੀ, ਪਰ ਆਮ ਲੋਕ ਉਸ ਨੂੰ ‘ਕਲਗੀ-ਏ-ਕੱਚ’ ਪੁਕਾਰਨ ਲੱਗ ਗਏ ਸਨ। ਮਹਾਰਾਜਾ ਰਣਜੀਤ ਸਿੰਘ ਨੇ ਕਲਗੀ ਕਿਸੇ ਸ਼ਰਧਾਲੂ ਤੋਂ ਖਰੀਦੀ ਸੀ ਅਤੇ ਜਦ ਇਹ ਤੋਸ਼ਾਖਾਨਾ ਗਈ ਤਾਂ ਜੇਡ ਬਾਰੇ ਕਿਸੇ ਨੂੰ ਪਤਾ ਨਹੀਂ ਸੀ ਤੇ ਇਸ ਨੂੰ ਕੱਚ ਸਮਝ ਕੇ ‘ਕਲਗੀ-ਏ-ਕੱਚ’ ਲਿਖ ਦਿੱਤਾ ਹੋਣਾ ਹੈ। ਕਦੇ ਸੋਚੋ ਗੁਰੂ ਸਾਹਿਬ ਕੱਚ ਦੀ ਕਲਗੀ ਕਿਉਂ ਲੈਣਗੇ ? ਗੁਰੂ ਸਾਹਿਬ ਦੀ ਸ਼ਾਨੋ ਸ਼ੌਕਤ ਮੁਗਲ ਬਾਦਸ਼ਾਹਾਂ ਵਾਂਗ ਹੀ ਸੀ। ਗੁਰੂ ਜੀ ਕੱਚ ਦੇ ਖਿਡੌਣੇ ਵਰਗੀ ਕਲਗੀ ਕਿਉਂ ਰੱਖਣਗੇ ?

ਜਿਹੜੀ ਕਲਗੀ ਲੰਡਨ ਮਿਊਜ਼ੀਅਮ ਵਿੱਚ ਬੇਨਾਮੀ ਪਈ ਹੈ, ਉਸ ਦਾ ਮੈਂ ਸਾਰਾ ਇਤਿਹਾਸ ਲੱਭਿਆ ਹੈ। ਇਹ 1853 ਵਿਚ ਇਕ ਅੰਗਰੇਜ਼ ਫ਼ੌਜੀ ਅਫ਼ਸਰ ਨੇ ਕਲਕੱਤੇ ਤੋਂ ਲਈ ਅਤੇ ਇਸ ਨੂੰ ਪੈਰਿਸ ਦੀ ਨੁਮਾਇਸ਼ ’ਚ ਰੱਖਿਆ। ਉਥੋਂ ਇਹ ਲੰਡਨ ਮਿਊਜ਼ੀਅਮ ਵਿੱਚ ਪੁੱਜ

(ਬਾਕੀ ਸਫ਼ਾ 31 ’ਤੇ)




ਗੁਰਦੀਸ਼ ਕੌਰ ਗਰੇਵਾਲ
ਕੈਲਗਰੀ

# ਕਰਮਕਾਂਡ ਬਨਾਮ ਸਾਡਾ ਸਮਾਜ



ਕੁਝ ਸਾਲ ਪਹਿਲਾਂ ਦੀ ਗੱਲ ਹੈ ਕਿ ਮੇਰੇ ਘਰ ਦੇ ਸਾਹਮਣੇ ਇਕ ਖਾਲੀ ਪਈ ਕੋਠੀ, ਇਕ ਜੋਤਸ਼ੀ ਜੀ ਮਹਾਰਾਜ ਨੇ ਕਿਰਾਏ 'ਤੇ ਲੈ ਲਈ। ਘਰ ਦੇ ਗੇਟ ਅਤੇ ਕੰਧਾਂ 'ਤੇ ਆਪਣੇ ਪੋਸਟਰ ਲਾ ਲਏ, ਟੀ. ਵੀ. ਅਤੇ ਅਖਬਾਰਾਂ ਵਿਚ ਇਸ਼ਤਿਹਾਰ ਦੇ ਦਿੱਤੇ। ਕੁੱਝ ਹੀ ਦਿਨਾਂ ਵਿੱਚ ਜੋਤਸ਼ੀ ਜੀ ਦੇ ਘਰ ਲੋਕ ਵਹੀਰਾਂ ਘੱਤ ਆ ਤੁਰੇ। ਲੋਕ ਆਪਣੀ ਬੀਮਾਰੀ, ਗਰੀਬੀ ਤੇ ਹੋਰ ਪ੍ਰੇਸ਼ਾਨੀਆਂ ਬਾਰੇ ਪੁੱਛਣ ਆਉਂਦੇ- ਲੋਕਾਂ ਦੀਆਂ ਪ੍ਰੇਸ਼ਾਨੀਆਂ ਤਾਂ ਪਤਾ ਨਹੀਂ ਦੂਰ ਹੋਈਆਂ ਕਿ ਨਹੀਂ ਪਰ ਜੋਤਸ਼ੀ ਮਹਾਰਾਜ ਨੇ ਛੇ ਮਹੀਨੇ ਦੇ ਅੰਦਰ ਹੀ ਆਪਣੀਆਂ ਸਭ ਪ੍ਰੇਸ਼ਾਨੀਆਂ ਦੂਰ ਕਰ ਲਈਆਂ। ਦੋ ਵੱਡੀਆਂ ਵੱਡੀਆਂ ਗੱਡੀਆਂ-ਸਾਰੇ ਬੱਚਿਆਂ ਲਈ ਮੋਟਰ ਸਾਈਕਲ ਤੋਂ ਇਲਾਵਾ ਨੇੜੇ ਵਿਕਦਾ ਇਕ ਘਰ ਵੀ ਖਰੀਦ ਲਿਆ ਹੈ। ਜੋਤਸ਼ੀ ਮਹਾਰਾਜ ਕਦੇ ਕਦਾਈਂ ਹੀ ਬਾਹਰ ਦਿਖਾਈ ਦਿੰਦੇ ਹਨ ਤਾਂ ਉਨ੍ਹਾਂ ਦੀਆਂ ਉਂਗਲਾਂ ਵਿੱਚ ਪਾਈਆਂ ਸੋਨੇ ਦੀਆਂ ਮੁੰਦਰੀਆਂ ਤੇ ਗਲ਼ੇ ਦੀਆਂ ਚੇਨਾਂ ਦੇਖ ਕੇ ਸਹਿਜੇ ਹੀ ਸਾਡੇ ਲੋਕਾਂ ਦੀ ਸ਼ਰਧਾ ਦਾ ਅੰਦਾਜ਼ਾ ਲੱਗ ਜਾਂਦਾ ਹੈ। ਹੋਰ ਤਾਂ ਹੋਰ ਜਦੋਂ ਮੈਂ ਆਪਣੇ ਗੁਰਸਿੱਖ ਵੀਰ-ਭੈਣਾਂ ਨੂੰ ਵੀ ਉਸ ਜੋਤਸ਼ੀ ਕੋਲ ਆਉਂਦੇ ਤੱਕਦੀ ਹਾਂ ਤਾਂ ਬਹੁਤ ਹੈਰਾਨ ਹੁੰਦੀ ਹਾਂ। ਸੋਚਦੀ ਹਾਂ ਕਿ ਸਾਡੇ ਗੁਰੂਆਂ ਨੇ ਤਾਂ ਸਾਨੂੰ ਬਹੁਤ ਸੌਖਾ ਮਾਰਗ ਦੱਸਿਆ ਹੈ- 'ਕਿਰਤ ਕਰੋ-ਨਾਮ ਜਪੋ-ਵੰਡ ਛਕੋ' ਫਿਰ ਅਸੀਂ ਇਨ੍ਹਾਂ ਲੋਕਾਂ ਦੇ ਚੱਕਰ ਵਿੱਚ ਪੈ ਕੇ ਸਿੱਖੀ ਨੂੰ ਲਾਜ ਨਹੀਂ ਲਾ ਰਹੇ ?

ਆਪਣੇ ਹੀ ਮੁਹੱਲੇ ਦੀ ਇਕ ਹੋਰ ਅੰਧ ਵਿਸ਼ਵਾਸ ਦੀ ਘਟਨਾ ਵੀ ਤੁਹਾਡੇ ਨਾਲ ਸਾਂਝੀ ਕਰਨਾ ਚਾਹੁੰਦੀ ਹਾਂ। ਇਕ ਸਿੱਖ ਪਰਿਵਾਰ ਦੀ ਵੱਡੀ ਕੋਠੀ ਦੇ ਮੇਨ ਗੇਟ ਅੱਗੇ ਚਾਂਦਨੀ (ਰਾਤ-ਰਾਣੀ) ਦੇ ਤਿੰਨ ਪੌਦੇ ਲੱਗੇ ਹੋਏ ਸਨ। ਮੈਂ ਸ਼ਾਮ ਨੂੰ ਜਦੋਂ ਉਨ੍ਹਾਂ ਦੇ ਘਰ ਅੱਗੋਂ ਲੰਘ ਕੇ ਪਾਰਕ ਵਿੱਚ ਸੈਰ ਕਰਨ ਜਾਂਦੀ, ਕਲੀਆਂ ਵਰਗੇ ਚਿੱਟੇ ਫੁੱਲਾਂ ਨਾਲ ਭਰੇ ਪੌਦੇ ਮਨ ਨੂੰ ਮੋਹ ਲੈਂਦੇ। ਮੈਂ ਹਮੇਸ਼ਾ ਇਕ ਪਲ ਖਲੋਅ ਕੇ ਫੁਲਾਂ ਨੂੰ ਨਿਹਾਰਦੀ ਅਤੇ ਸੋਚਦੀ ਕਿ ਇਨ੍ਹਾਂ ਦੇ ਮੇਨ ਗੇਟ ਦੇ ਨੇੜੇ ਕਿੰਨੀ ਸੋਹਣੀ ਫੁਲਾਂ ਦੀ ਬਹਾਰ ਖਿੜੀ ਹੋਈ ਹੈ। ਪੌਦੇ ਵਾਹਵਾ ਵੱਡੇ ਹੋ ਗਏ ਸਨ ਤੇ ਹੁਣ ਉਨ੍ਹਾਂ ਦੀਆਂ ਗੱਡੀਆਂ ਵੀ ਗਰਮੀਆਂ ਵਿੱਚ ਉਨ੍ਹਾਂ ਦੀ ਛਾਵੇਂ ਖਲੋਅ ਜਾਂਦੀਆਂ ਸਨ। ਉਨ੍ਹਾਂ ਵੱਲ ਦੇਖ ਕੇ ਮੈਂ ਵੀ ਆਪਣੇ ਘਰ ਨੂੰ ਸ਼ਿੰਗਾਰਨ ਲਈ ਆਪਣੇ ਗੇਟ ਕੋਲ ਅਤੇ ਦੂਜੀ ਦੀਵਾਰ ਦੇ ਨਾਲ ਵੀ, ਅਸ਼ੋਕਾ ਟਰੀ ਅਤੇ ਫਾਈਕਸ ਦੇ ਵਿਚਕਾਰ, ਤਿੰਨ ਚਾਰ ਚਾਂਦਨੀ ਦੇ ਪੌਦੇ ਮਾਲੀ ਨੂੰ ਕਹਿ ਕੇ ਲਗਵਾ ਲਏ। ਇਕ ਦਿਨ ਮੈਂ ਹੈਰਾਨ ਹੋਈ ਦੇਖ ਕੇ ਕਿ ਉਹ ਭੈਣ ਜੀ ਕੋਲ ਖੜੋਅ ਕੇ, ਆਪਣੇ ਸਾਰੇ ਚਾਂਦਨੀ ਦੇ ਬੂਟੇ ਪੁਟਵਾ ਕੇ ਅਸ਼ੋਕਾ ਟਰੀ ਲਗਵਾ ਰਹੇ ਸਨ।

ਮੈਂ ਪੁੱਛਿਆ 'ਇਹ ਕੀ ਕਰ ਰਹੇ ਹੋ ? ਇੰਨੇ ਸੁਹਣੇ ਫੁੱਲਾਂ ਦੇ ਪੌਦੇ ਕਿਉਂ ਉਖਾੜ ਦਿੱਤੇ ?' ਤਾਂ ਉਨ੍ਹਾਂ ਜਵਾਬ ਦਿੱਤਾ, 'ਕਿਸੇ ਪੰਡਤ ਨੇ ਦੱਸਿਆ ਹੈ ਕਿ ਚਾਂਦਨੀ ਦੇ ਪੌਦੇ ਗੇਟ ਦੇ ਨੇੜੇ ਹੋਣ ਨਾਲ ਘਰ ਵਿੱਚ ਬਰਕਤ ਨਹੀਂ ਰਹਿੰਦੀ'- 'ਪਰ ਮੈਂ ਤਾਂ ਆਪਣੇ ਗੇਟ ਕੋਲ ਇਹ ਪੌਦੇ ਖਾਸ ਤੌਰ 'ਤੇ ਲਗਵਾਏ ਹਨ, ਤੁਸੀਂ ਕਿਹੜੇ ਵਹਿਮਾਂ ਵਿੱਚ ਪੈ ਗਏ', ਮੈਂ ਕਿਹਾ। ਦੂਸਰੇ ਦਿਨ ਦੂਜੀ ਗਲ਼ੀ ਵੱਲ ਗਈ ਤਾਂ ਦੇਖਿਆ, ਕਿ ਇਕ ਹੋਰ ਬੀਬੀ ਨੇ ਵੀ ਗੇਟ ਦੇ ਕੋਲ ਲੱਗਾ ਚਾਂਦਨੀ ਦਾ ਪੌਦਾ ਕਟਵਾ ਦਿੱਤਾ ਸੀ। ਪਰ ਮੇਰੇ ਪੌਦੇ ਹੁਣ ਦੀਵਾਰ ਤੋਂ ਉੱਚੇ ਹੋ ਗਏ ਹਨ ਅਤੇ ਵਿਹੜੇ ਵਿੱਚ ਤੁਰੀ ਫਿਰਦੀ ਨੂੰ ਦਿਸਦੇ ਖਿੜੇ ਹੋਏ ਚਿੱਟੇ ਫੁੱਲ, ਮੇਰੀ ਰੂਹ ਨਸ਼ਿਆ ਦਿੰਦੇ ਹਨ।

ਆਪਣੇ ਮੀਡੀਆ ਦਾ ਵੀ ਅੰਧ ਵਿਸ਼ਵਾਸ ਫੈਲਾਉਣ ਵਿੱਚ ਬਹੁਤ ਵੱਡਾ ਰੋਲ ਹੈ। ਜਿਉਂ ਹੀ ਸਵੇਰੇ ਟੀ.ਵੀ. ਆਨ ਕਰੋ ਤਾਂ ਹਰ ਚੈਨਲ 'ਤੇ ਕੋਈ ਨਾ ਕੋਈ ਜੋਤਸ਼ੀ, ਰਾਸ਼ੀ ਫਲ ਬਾਰੇ ਜਾਣਕਾਰੀ ਦੇ ਰਿਹਾ ਹੁੰਦਾ ਹੈ। ਹਰ ਬੰਦਾ ਕੰਮ 'ਤੇ ਜਾਣ ਤੋਂ ਪਹਿਲਾਂ, ਇਹ ਜਾਨਣਾ ਚਾਹੁੰਦਾ ਹੈ ਕਿ ਅੱਜ ਉਸ ਦੀ ਰਾਸ਼ੀ ਕੀ ਕਹਿੰਦੀ ਹੈ ? ਅੱਜ ਦਾ ਦਿਨ ਕਿਵੇਂ ਲੰਘੇਗਾ ? ਪਤਾ ਨਹੀਂ ਇਹ ਬਾਰਾਂ ਰਾਸ਼ੀਆਂ, ਕਰੋੜਾਂ ਬੰਦਿਆਂ ਦਾ ਭਵਿੱਖ ਕਿਵੇਂ ਦੱਸ ਸਕਦੀਆਂ ਹਨ ? ਪਰ ਇਸ ਬਾਰੇ ਸੋਚਣ ਦੀ ਵਿਹਲ ਹੀ ਕਿਸ ਕੋਲ ਹੈ ?

ਅੱਜ ਕੱਲ੍ਹ ਮੈਂ ਕੈਨੇਡਾ ਵੱਸਦੀ ਹਾਂ। ਸੋਚਦੀ ਸਾਂ- ਕਿ ਇਸ ਖੁਸ਼ਹਾਲ ਮੁਲਕ ਵਿੱਚ ਆ ਕੇ ਤਾਂ ਸਾਡੇ ਲੋਕਾਂ ਦੀ ਸੋਚ ਬਦਲ ਗਈ ਹੋਏਗੀ, ਪਰ ਇੱਥੇ ਵੀ ਜੋਤਸ਼ੀਆਂ ਅਤੇ ਅਖੌਤੀ ਬਾਬਿਆਂ ਬਾਰੇ ਅਖਬਾਰਾਂ 'ਚੋਂ ਪੜ੍ਹ ਕੇ ਪਤਾ ਲਗਦਾ ਹੈ ਕਿ ਇੱਥੇ ਆ ਕੇ ਵੀ ਸਾਡੇ ਦਿਮਾਗ ਵਿੱਚ ਕੋਈ ਚਾਨਣ ਨਹੀਂ ਹੋਇਆ। ਇੱਥੇ ਵੀ ਅਸੀਂ ਆਪਣੇ ਦਿਨ ਰਾਤ ਇਕ ਕਰਕੇ ਕਮਾਏ ਹੋਏ ਡਾਲਰ, ਆਪਣੀਆਂ ਪ੍ਰੇਸ਼ਾਨੀਆਂ ਦੂਰ ਕਰਨ ਲਈ ਇਨ੍ਹਾਂ ਲੋਕਾਂ ਦੀ ਭੇਟ ਚੜ੍ਹਾਈ ਜਾਂਦੇ ਹਾਂ ਤੇ ਇਹ ਲੋਕ ਸਾਡੀ ਕਮਾਈ ਤੇ ਐਸ਼ ਕਰਦੇ ਹਨ। ਦਰਅਸਲ ਕਸੂਰ ਇਨ੍ਹਾਂ ਦਾ ਨਹੀਂ, ਸਾਡੇ ਅੰਧ ਵਿਸ਼ਵਾਸ ਦਾ ਹੀ ਹੈ।



ਇਕ ਦਿਨ ਸੀਨੀਅਰ ਸੈਂਟਰ ਵਿਖੇ ਇਕ ਬੀਬੀ ਨੇ ਮੈਨੂੰ ਪੁਛਿਆ, 'ਬਹੁਤ ਸਾਰੇ ਅਖੌਤੀ ਸੰਤ ਬਾਬੇ ਇੰਡੀਆ ਤੋਂ ਇੱਧਰ ਆਉਂਦੇ ਰਹਿੰਦੇ ਹਨ, ਜੋ ਆਪਣੇ ਚਰਨਾਂ ਤੇ ਮੱਥਾ ਵੀ ਟਿਕਾਉਂਦੇ ਹਨ ਤੇ ਡਾਲਰਾਂ ਦੀ ਭੇਟਾ ਵੀ ਇਕੱਠੀ ਕਰ ਕੇ ਲੈ ਜਾਂਦੇ ਹਨ-ਕੀ ਇਹ ਸਭ ਕੁਝ ਸਿੱਖ ਧਰਮ ਅਨੁਸਾਰ ਠੀਕ ਹੈ ?'

'ਸਾਡੇ ਗੁਰੂ ਸਾਹਿਬਾਨ ਨੇ ਤਾਂ ਸਾਨੂੰ 'ਗੁਰੂ ਮਾਨਿਉ ਗ੍ਰੰਥ' ਦਾ ਹੁਕਮ ਦਿੱਤਾ ਹੋਇਆ ਹੈ, ਸੋ ਦੇਹਧਾਰੀ ਗੁਰੂਆਂ ਅੱਗੇ ਭੇਟਾ ਚੜ੍ਹਾ ਕੇ ਮੱਥੇ ਟੇਕਣੇ, ਸਾਡੀ ਅਗਿਆਨਤਾ ਹੈ' ਮੈਂ ਆਪਣੀ ਸਮਝ ਮੁਤਾਬਕ ਉੱਤਰ ਦਿੱਤਾ।

'ਪਰ ਆਪਣੇ ਲੋਕਾਂ ਵਿੱਚ ਅੰਨ੍ਹੀ ਸ਼ਰਧਾ ਇੰਨੀ ਹੈ ਕਿ ਕੋਈ ਇਸ ਤਰ੍ਹਾਂ ਦੀਆਂ ਗੱਲਾਂ ਸੁਨਣ ਨੂੰ ਤਿਆਰ ਹੀ ਨਹੀਂ, ਤੇ ਇਸੇ ਦਾ ਲਾਭ ਇੰਡੀਆ ਤੋਂ ਆਏ ਬਾਬੇ ਉਠਾ ਜਾਂਦੇ ਹਨ' ਉਸ ਜਵਾਬ ਦਿੱਤਾ।

ਇੱਕ ਵਾਰ ਮੈਂ ਇੱਥੋਂ ਦੇ ਇਕ ਗੁਰੂ ਘਰ ਗਈ। ਜੋੜਾ ਉਤਾਰ ਕੇ, ਮੈਂ ਇਕ ਬਜ਼ੁਰਗ ਨੂੰ ਦਫ਼ਤਰ ਤੇ ਲਾਇਬ੍ਰੇਰੀ ਬਾਰੇ ਪੁੱਛਿਆ ਤਾਂ ਕਿ ਗੁਰਦੁਆਰੇ ਬਾਰੇ ਕੁੱਝ ਜਾਣਕਾਰੀ ਲੈ ਸਕਾਂ।

ਉਨ੍ਹਾਂ ਹਰੇਕ ਵਾਂਗ ਮੈਨੂੰ ਸੁਆਲ ਕੀਤਾ, 'ਨਵੇਂ ਆਏ ਹੋ ? ਇੰਡੀਆ ਤੋਂ.. ਕਿਥੋਂ ?' ਮੇਰੇ ਦੱਸਣ ਤੇ ਉਨ੍ਹਾਂ ਦੂਜਾ ਸੁਆਲ ਕੀਤਾ, 'ਪੱਕੇ ਆਏ ਹੋ ਜਾਂ ਵਿਜ਼ੀਟਰ ?'

'ਹਾਂ ਤਾਂ ਪੱਕੀ, ਪਰ ਅਜੇ ਗਰਮੀ ਕੱਟ ਕੇ ਮੁੜ ਜਾਂਦੀ ਹਾਂ' ਮੈਂ ਜਵਾਬ ਦਿੱਤਾ।

'ਤਾਂ ਫਿਰ ਤੁਸੀਂ ਵੀ ਇੰਡੀਆ ਦੇ ਬਾਬਿਆਂ ਵਾਂਗ ਹੀ ਹੋ, ਜੋ ਗਰਮੀ ਵਿੱਚ ਇੱਧਰ ਆਉਂਦੇ ਨੇ ਅਤੇ ਕਮਾਈ ਕਰ ਕੇ ਮੁੜ ਜਾਂਦੇ ਨੇ' ਉਨ੍ਹਾਂ ਕਿਹਾ।

ਮੇਰੇ ਦਿਮਾਗ ਵਿੱਚ ਕੱਲ੍ਹ ਵਾਲੀ ਬੀਬੀ ਦੀ ਗੱਲ ਘੁੰਮਣ ਲੱਗੀ ਤੇ ਮੈਂ ਕਿਹਾ, 'ਬਾਬਾ ਜੀ, ਮੈਂ ਉਨ੍ਹਾਂ ਬਾਬਿਆਂ ਵਾਂਗ ਡਾਲਰ ਇਕੱਠੇ ਕਰਨ ਨਹੀਂ ਆਉਂਦੀ, ਆਪਣੇ ਪੈਸੇ ਖਰਚ ਕੇ ਬੱਚਿਆਂ ਨੂੰ ਮਿਲਣ ਆਉਂਦੀ ਹਾਂ ਅਤੇ ਲੇਖਿਕਾ ਹੋਣ ਦੇ ਨਾਤੇ, ਆਪਣੇ ਵਿਚਾਰ ਆਪਣੇ ਪੰਜਾਬੀਆਂ ਨਾਲ ਇੱਧਰ ਵੀ ਸਾਂਝੇ ਕਰ ਜਾਂਦੀ ਹਾਂ ਤੇ ਕੁੱਝ ਇੱਧਰ ਦੀ ਜਾਣਕਾਰੀ ਜਾ ਕੇ ਇੰਡੀਆ ਦੇ ਪਾਠਕਾਂ ਨੂੰ ਦੇ ਦਿੰਦੀ ਹਾਂ। ਹਾਂ, ਇਕ ਗੱਲ ਮੇਰੀ ਬਾਬਿਆਂ ਨਾਲ ਮਿਲਦੀ ਹੈ-ਕਿ ਮੈਂ ਇੱਧਰ ਗਰਮੀਂ ਜਰੂਰ ਕੱਟ ਜਾਂਦੀ ਹਾਂ।'

ਉਹ ਹੱਸ ਪਏ ਤੇ ਮੈਨੂੰ ਦਫਤਰ ਵੱਲ ਇਸ਼ਾਰਾ ਕਰ ਦਿੱਤਾ।ਮੈਂ ਜਾਂਦੀ ਹੋਈ ਆਪਣੇ ਲੋਕਾਂ ਦੀ ਅੰਨ੍ਹੀ ਸ਼ਰਧਾ ਦਾ ਅੰਦਾਜ਼ਾ ਲਾ ਰਹੀ ਸੀ।

ਅੱਜ ਕੱਲ੍ਹ ਸਾਡੇ ਪੰਜਾਬੀ, ਟੇਵਿਆਂ ਦੇ ਚੱਕਰ ਵਿੱਚ ਵੀ ਫਸੇ ਹੋਏ ਹਨ।ਆਪਣੇ ਟੇਵੇ ਬਣਵਾਉਣੇ ਅਤੇ ਫਿਰ ਜੋਤਸ਼ੀਆਂ ਨੂੰ ਦਿਖਾ ਕੇ, ਆਪਣੀਆਂ ਪ੍ਰੇਸ਼ਾਨੀਆਂ ਦੇ ਹੱਲ ਪੁੱਛਣੇ, ਬੱਚਿਆਂ ਦੇ ਵਿਆਹਾਂ ਸਮੇਂ ਵੀ ਟੇਵੇ ਮਿਲਾਉਣੇ- ਪੜ੍ਹੇ ਲਿਖੇ ਲੋਕਾਂ ਵਿੱਚ ਵੀ ਆਮ ਜਿਹੀ ਗੱਲ ਹੋ ਗਈ ਹੈ। ਆਪਣੇ ਐਨ. ਆਰ. ਆਈ. ਵੀਰ ਵੀ ਇੰਡੀਆ ਜਾ ਕੇ ਆਪਣੇ ਟੇਵੇ ਦਿਖਾ ਕੇ ਆਪਣੀਆਂ ਸਮੱਸਿਆਵਾਂ ਅਤੇ ਆਪਣੇ ਅਗਲੇ ਪਿਛਲੇ ਜਨਮ ਬਾਰੇ ਜਾਨਣ ਲਈ, ਜੋਤਸ਼ੀਆਂ ਕੋਲ ਜਾਂਦੇ, ਮੈਂ ਅਕਸਰ ਦੇਖੇ ਹਨ। ਇਨ੍ਹਾਂ ਜੋਤਸ਼ੀਆਂ ਨੇ ਮੋਟੀਆਂ ਫੀਸਾਂ ਰੱਖੀਆਂ ਹੋਈਆਂ ਹਨ ਤੇ ਫਿਰ ਐਨ.ਆਈ.ਆਰ. ਦੀ ਤਾਂ ਪੂਰੀ ਛਿੱਲ ਲਾਹੁੰਦੇ ਹਨ। ਮੇਰਾ ਖਿਆਲ ਹੈ ਕਿ ਜੋ ਕੋਈ ਵੀ ਗੁਰਬਾਣੀ ਵਿੱਚ ਵਿਸ਼ਵਾਸ ਰੱਖਦਾ ਹੈ, ਉਸ ਨੂੰ ਅਗਲੇ ਪਿਛਲੇ ਜਨਮ ਨੂੰ ਜਾਨਣ ਦੀ ਬਜਾਏ, ਇਸ ਜਨਮ ਨੂੰ ਸਫਲ ਕਰਨ ਬਾਰੇ ਸੋਚਣਾ ਚਾਹੀਦਾ ਹੈ। ਫਿਰ ਸਿੱਖ ਧਰਮ ਤਾਂ ਹੈ ਹੀ ਬੜਾ ਸਰਲ-24 ਘੰਟਿਆਂ ਦਾ ਦਸਵੰਧ ਭਾਵ ਢਾਈ ਘੰਟੇ ਦਾ ਸਮਾਂ, ਅਕਾਲ ਪੁਰਖ ਦੀ ਯਾਦ ਵਿੱਚ ਬਿਤਾਓ- ਬਾਕੀ ਸਾਰਾ ਸਮਾਂ, ਕਿਰਤ ਕਰੋ, ਗ੍ਰਹਿਸਤ ਦੀਆਂ ਜਿੰਮੇਵਾਰੀਆਂ ਨਿਭਾਓ, ਭਾਣੇ 'ਚ ਰਹੋ ਤੇ ਸਰਬੱਤ ਦਾ ਭਲਾ ਮੰਗੋ। ਪਤਾ ਨਹੀਂ ਫਿਰ ਵੀ ਕਿਉਂ ਅਸੀਂ ਜੋਤਸ਼ੀਆਂ, ਬਾਬਿਆਂ ਦੇ ਵਿਛਾਏ ਮੱਕੜ-ਜਾਲ਼ ਵਿੱਚ ਫਸ ਕੇ ਆਪਣਾ ਕੀਮਤੀ ਸਮਾਂ ਤੇ ਪੈਸਾ ਬਰਬਾਦ ਕਰ ਰਹੇ ਹਾਂ ?

ਬਾਹਰ ਜਾਣ ਦੇ ਕਾਨੂੰਨ ਸਖਤ ਹੋਣ ਨਾਲ ਆਪਣੇ ਜੋਤਸ਼ੀਆਂ ਦੀ ਹੋਰ ਵੀ ਚਾਂਦੀ ਹੋ ਗਈ ਹੈ। ਆਪਣੇ ਲੋਕ ਕੁਝ ਏਜੰਟਾਂ ਹੱਥੋਂ ਲੁੱਟੇ ਜਾ ਰਹੇ ਹਨ ਤੇ ਕੁੱਝ ਇਨ੍ਹਾਂ ਪੁੱਛਾਂ ਦੇਣ ਵਾਲਿਆਂ ਹੱਥੋਂ। ਪੰਜਾਬੀ ਸੋਚਦੇ ਹਨ ਕਿ ਸ਼ਾਇਦ ਕੋਈ ਛੂ-ਮੰਤਰ ਮਾਰ ਕੇ ਸਾਨੂੰ ਬਾਹਰ ਭੇਜ ਦੇਵੇ ਤੇ ਅਸੀਂ ਜਾਂਦਿਆਂ ਸਾਰ ਡਾਲਰ ਇਕੱਠੇ ਕਰ ਲਈਏ। ਸੋ, ਇਸ ਤਰ੍ਹਾਂ ਦੇ ਵਹਿਮਾਂ ਕਾਰਨ ਸਾਡੇ ਲੋਕ, ਆਪਣੀਆਂ ਜ਼ਮੀਨਾਂ ਜਾਇਦਾਦਾਂ ਦੋਹੀਂ ਹੱਥੀਂ ਲੁਟਾ ਰਹੇ ਹਨ।ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਕਦੋਂ ਤੱਕ ਸਾਡਾ ਸਮਾਜ ਅੰਧ ਵਿਸ਼ਵਾਸਾਂ ਦੀ ਦਲ-ਦਲ ਵਿੱਚ ਹੀ ਫਸਿਆ ਰਹੇਗਾ ? ਸਾਡੇ ਗੁਰੂਆਂ ਨੇ ਢਾਈ ਸੌ ਸਾਲ ਤੋਂ ਵੱਧ ਸਮਾਂ ਸਾਨੂੰ ਵਹਿਮਾਂ-ਭਰਮਾਂ ਤੇ ਅੰਧ ਵਿਸ਼ਵਾਸਾਂ ਵਿੱਚੋਂ ਕੱਢਣ 'ਤੇ ਲਾ ਦਿੱਤਾ, ਪਰ ਅਸੀਂ ਸਿੱਖ ਧਰਮ ਨੂੰ ਮੰਨਦੇ ਹੋਏ ਵੀ ਉਨ੍ਹਾਂ ਹੀ ਵਹਿਮਾਂ ਭਰਮਾਂ ਵਿੱਚ ਫਸ ਕੇ, ਅੰਨ੍ਹੀਂ ਸ਼ਰਧਾ ਕਾਰਨ ਆਪਣੀ ਮਿਹਨਤ ਦੀ ਕਿਰਤ ਕਮਾਈ ਨਾਲ, ਬਾਬਿਆਂ ਤੇ ਜੋਤਸ਼ੀਆਂ ਦੇ ਘਰ ਭਰ ਰਹੇ ਹਾਂ, ਪਰ ਮਨ ਸਾਡੇ ਫਿਰ ਵੀ ਭਟਕ ਰਹੇ ਹਨ। ਕਿਉਂ ਨਾ ਆਪਾਂ ਸਿੱਖੀ ਦੇ ਮਾਰਗ 'ਤੇ ਚਲਦੇ ਹੋਏ, ਓਹੀ ਦਸਵੰਧ, ਕਿਸੇ ਲੋੜਵੰਦ ਦੀ ਮਦਦ ਲਈ ਜਾਂ ਇੰਡੀਆ ਵਿੱਚ ਆਪਣੇ ਪਿੰਡ ਦੀ ਬੇਹਤਰੀ ਲਈ ਖਰਚ ਕਰਕੇ, ਸਦੀਵੀ ਅਨੰਦ ਪ੍ਰਾਪਤ ਕਰ ਲਈਏ। (**ਬਾਕੀ ਸਫ਼ਾ 31 'ਤੇ**)

ਕਲਮਾਂ ਦੇ ਜਜ਼ਬਾਤ
ਹਰਪਾਲ ਸਿੰਘ ਅੰਮ੍ਰਿਤਸਰ

# ਪਰੀਆਂ ਵਰਗੀ ਮੇਰੀ ਧੀ ..

ਮੈਂ ਕਦੇ ਪਰੀਆਂ ਨਹੀਂ ਦੇਖੀਆਂ ਪਰ ਮੇਰੀ ਧੀ ਪਰੀਆਂ ਵਾਂਗ ਹੈ, ਮੇਰੀ ਧੀ ਮੇਰੀ ਰਾਜਕੁਮਾਰੀ ਹੈ, ਉਹ ਬੜੀ ਪਿਆਰੀ ਹੈ, ਸੱਚ ਕਹਾਂ ਤਾਂ ਉਹ ਮੇਰੀ ਜਾਨ ਹੈ ਜਿਸ ਦਾ ਚਿਹਰਾ ਮੇਰੀ ਰੂਹ ਨੂੰ ਸਕੂਨ ਦਿੰਦਾ ਹੈ।

ਜਦੋਂ ਉਸਦਾ ਜਨਮ ਹੋਇਆ ਸੀ ਤਾਂ ਮੈਂ ਉਦੋਂ ਉਦਾਸ ਹੋਇਆ ਸੀ ਕਿ ਰੱਬਾ ਇਹ ਕੀ ਕੀਤਾ, ਮੈਨੂੰ ਤਾਂ ਬੇਟਾ ਚਾਹੀਦਾ ਸੀ ਬੇਟੀ ਨਹੀਂ । ਪਰ ਉਦੋਂ ਐਸਾ ਸੋਚਣਾ ਮੇਰੀ ਮੂਰਖਤਾ ਸੀ, ਜਿਸ ਬਾਰੇ ਸੋਚ ਕੇ ਮੈਨੂੰ ਅੱਜ ਵੀ ਪਛਤਾਵਾ ਹੁੰਦਾ ਹੈ।

ਜਿਉਂ ਜਿਉਂ ਮੇਰੀ ਧੀ ਵੱਡੀ ਹੁੰਦੀ ਗਈ ਮੈਨੂੰ ਵੀ ਉਹ ਪਿਆਰੀ ਪਿਆਰੀ ਲੱਗਣ ਲੱਗੀ । ਉਸ ਦੀ ਹੋਂਦ ਨਾਲ ਘਰ ਭਰਿਆ ਭਰਿਆ ਲੱਗਣ ਲੱਗਾ ।

ਕੁਝ ਸਾਲਾਂ ਬਾਅਦ ਰੱਬ ਨੇ ਬੇਟਾ ਵੀ ਦੇ ਦਿੱਤਾ ਮਨ ਨੂੰ ਖੁਸ਼ੀ ਹੋਈ ਕਿ ਮੇਰਾ ਵੀ ਬੇਟਾ ਹੋ ਗਿਆ ਹੈ, ਭੈਣ ਭਰਾ ਦੀ ਜੋੜੀ ਰਲ ਗਈ ਹੈ।

ਛੋਟੇ ਹੁੰਦਿਆਂ ਉਨ੍ਹਾਂ ਦੋਵਾਂ ਦੀਆਂ ਸ਼ਰਾਰਤਾਂ, ਉਨ੍ਹਾਂ ਦੀਆਂ ਆਪਸੀ ਲੜਾਈਆਂ ਘਰ ਵਿੱਚ ਰੌਣਕ ਲਾਈ ਰੱਖਦੀਆਂ।

ਸ਼ਾਇਦ ਬੇਟੇ ਸਮਝ ਜਾਂਦੇ ਹਨ ਕਿ ਮਾਤਾ ਪਿਤਾ ਕਿਤੇ ਨਾ ਕਿਤੇ ਬੇਟੀਆਂ ਤੋਂ ਵੱਧ ਉਨ੍ਹਾਂ ਨੂੰ ਤਵੱਜੋ ਦਿੰਦੇ ਹਨ, ਇਸੇ ਕਰਕੇ ਬੇਟੇ ਜ਼ਿਆਦਾ ਜਿੱਦੀ ਹੋ ਜਾਂਦੇ ਹਨ, ਆਕੜਖੋਰ ਜਿਹੇ ਹੋ ਜਾਂਦੇ ਹਨ।



ਪਰ ਦੂਸਰੇ ਪਾਸੇ ਬੇਟੀਆਂ ਮਾਪਿਆਂ ਨੂੰ ਜ਼ਿਆਦਾ ਦੁੱਖ ਨਹੀਂ ਦੇਂਦੀਆਂ, ਜੋ ਮਾਤਾ ਪਿਤਾ ਉਨ੍ਹਾਂ ਨੂੰ ਲਿਆ ਦੇਂਦੇ ਹਨ ਉਹ ਉਸੇ ਵਿਚ ਖੁਸ਼ ਰਹਿੰਦੀਆਂ ਹਨ। ਪਰ ਦੂਸਰੇ ਪਾਸੇ ਬੇਟਿਆਂ ਦੀਆਂ ਸਾਰੀਆਂ ਗੱਲਾਂ ਵੀ ਮੰਨੀ ਜਾਉ ਉਹ ਫਿਰ ਵੀ ਕਦੇ ਪੂਰੇ ਖੁਸ਼ ਨਹੀਂ ਹੁੰਦੇ, ਉਨ੍ਹਾਂ ਦੀ ਕੋਈ ਨਾ ਕੋਈ ਮੰਗ ਤਿਆਰ ਹੀ ਰਹਿੰਦੀ ਹੈ।

ਧੀਆਂ ਸਦਾ ਮਾਪਿਆਂ ਦੀ ਸੁੱਖ ਮੰਗਦੀਆਂ ਹਨ, ਵੀਰਾਂ ਦੀ ਹਾਂ ਵਿੱਚ ਹਾਂ ਮਿਲਾਉਂਦੀਆਂ ਹਨ, ਬਚਪਨ ਵਿੱਚ ਵੀਰਾਂ ਕੋਲੋਂ ਬਿਨਾ ਕਸੂਰ ਤੋਂ ਕਦੇ ਕਦੇ ਕੁੱਟ ਵੀ ਖਾ ਲੈਂਦੀਆਂ ਹਨ, ਵੀਰਾਂ ਨਾਲ ਥੋੜਾ ਨਾਰਾਜ਼ ਵੀ ਹੁੰਦੀਆਂ ਹਨ, ਫਿਰ ਕੁਝ ਸਮੇਂ ਬਾਅਦ ਸਭ ਕੁਝ ਭੁੱਲ ਕੇ ਵੀਰਾਂ ਨਾਲ ਬੋਲਣ ਲੱਗ ਪੈਂਦੀਆਂ ਹਨ।

ਸੱਚ ਕਹਾਂ, ਮਾਂ ਦਾ ਜ਼ਿਆਦਾ ਪਿਆਰ ਪੁੱਤਾਂ ਨਾਲ ਹੁੰਦਾ ਹੈ ਤੇ ਪਿਤਾ ਦਾ ਜ਼ਿਆਦਾ ਪਿਆਰ ਧੀਆਂ ਨਾਲ ਹੁੰਦਾ ਹੈ।

ਕਿਸੇ ਵੀ ਪਿਤਾ ਨੂੰ ਆਪਣੇ ਪੁੱਤਰ 'ਤੇ ਮਾਣ ਤਾਂ ਮਹਿਸੂਸ ਹੁੰਦਾ ਹੈ ਪਰ ਇਕ ਪਿਤਾ ਦੀ ਰੂਹ ਨੂੰ ਸਕੂਨ ਉਸਦੀ ਧੀ ਦੇ ਪਿਆਰ ਨਾਲ ਹੀ ਮਿਲਦਾ ਹੈ

ਹਰ ਘਰ ਵਿਚ ਇਕ ਧੀ ਜ਼ਰੂਰ ਹੋਣੀਂ ਚਾਹੀਦੀ ਹੈ। ਧੀ ਦਾ ਅਹਿਸਾਸ ਘਰ ਵਿੱਚ ਬੜਾ ਪਿਆਰਾ ਪਿਆਰਾ ਜਿਹਾ ਹੁੰਦਾ ਹੈ।

ਇਕ ਸਚਿਆਰੀ ਧੀ ਵਿਚੋਂ ਪਿਤਾ ਨੂੰ ਆਪਣੀ ਮਾਂ ਅਤੇ ਭੈਣਾਂ ਦੀ ਝਲਕ ਵੀ ਮਿਲਦੀ ਹੈ। ਸਭ ਤੋਂ ਪਿਆਰੇ ਰਿਸ਼ਤਿਆਂ ਵਿਚੋਂ ਇਕ ਰਿਸ਼ਤਾ ਬਾਪ ਬੇਟੀ ਦਾ ਵੀ ਹੁੰਦਾ ਹੈ।

ਮੇਰੀ ਅਰਦਾਸ ਹੈ, ਸਭ ਧੀਆਂ ਹਮੇਸ਼ਾ ਖੁਸ਼ ਰਹਿਣ ਸੁਖੀ ਰਹਿਣ ਤੇ ਦੁਨੀਆਂ ਦੇ ਦੁੱਖ ਉਨ੍ਹਾਂ ਕੋਲੋਂ ਹਮੇਸ਼ਾ ਦੂਰ ਰਹਿਣ।

## 8 ਮਾਰਚ, ਅੰਤਰਰਾਸ਼ਟਰੀ ਇਸਤਰੀ ਦਿਵਸ ’ਤੇ ਵਿਸ਼ੇਸ਼



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ‘ਸਿੱਖ ਧਰਮ ਵਿੱਚ ਇਸਤਰੀ’



ਅੰਤਰਰਾਸ਼ਟਰੀ ਇਸਤਰੀ ਦਿਵਸ ਨੂੰ ਪਹਿਲਾਂ ਕੰਮਕਾਜੀ ਇਸਤਰੀ ਦਿਵਸ ਕਿਹਾ ਜਾਂਦਾ ਸੀ। ਇਹ ਹਰ ਸਾਲ 8 ਮਾਰਚ ਨੂੰ ਮਨਾਇਆ ਜਾਂਦਾ ਹੈ। ਸੰਸਾਰ ਦੇ ਵੱਖ ਵੱਖ ਖੇਤਰਾਂ ਵਿੱਚ ਇਸਤਰੀ ਪ੍ਰਤੀ ਸਨਮਾਨ, ਪ੍ਰਸ਼ੰਸਾ ਅਤੇ ਪਿਆਰ ਪ੍ਰਗਟਾਉਂਦੇ ਹੋਏ, ਇਹ ਦਿਨ ਇਕ ਤਿਓਹਾਰ ਦੇ ਤੌਰ ’ਤੇ ਮਨਾਇਆ ਜਾਂਦਾ ਹੈ। ਇਹ ਇਸਤਰੀ ਅਧਿਕਾਰ ਦੀ ਲਹਿਰ ਦਾ ਕੇਂਦਰ ਬਿੰਦੂ ਹੈ।

ਅਮਰੀਕਾ ਦੀ ਸਮਾਜਵਾਦੀ ਪਾਰਟੀ ਵਲੋਂ 28 ਫਰਵਰੀ, 1909 ਨੂੰ ਨਿਊਯਾਰਕ ਵਿਚ ਇਸ ਦਿਵਸ ਦਾ ਆਯੋਜਨ ਕੀਤਾ ਗਿਆ ਕਿ ਇਕ ਵਿਸ਼ੇਸ਼ ਇਸਤਰੀ ਦਿਨ ਸਾਲਾਨਾ ਆਯੋਜਿਤ ਕੀਤਾ ਜਾਣਾ ਚਾਹੀਦਾ ਹੈ। ਅਮਰੀਕਾ ਵਿਚ ਇਹ ਫਰਵਰੀ ਦੇ ਆਖਰੀ ਐਤਵਾਰ ਨੂੰ ਮਨਾਇਆ ਜਾਦਾ ਰਿਹਾ ਹੈ। ਹੁਣ 8 ਮਾਰਚ ਨੂੰ ਇਹ ਦਿਹਾੜਾ ਵਿਸ਼ਵ ਭਰ ਵਿਚ ਮਨਾਇਆ ਜਾਂਦਾ ਹੈ।

ਇਸ ਦਿਹਾੜੇ ਦੀ ਅਹਿਮੀਅਤ ਹੈ ਕਿ ਨਾਗਰਿਕ ਚੇਤਨਾ ਦੇ ਤੌਰ ’ਤੇ ਇਸਤਰੀਆਂ ਲੜਕੀਆਂ ਦਾ ਦਿਹਾੜਾ ਲਿੰਗਵਾਦ ਵਿਰੋਧ ਦਿਹਾੜਾ, ਹਰ ਸਾਲ ਮਨਾਏ ਜਾਂਦੇ ਦਿਵਸ ਦਾ ਇਕ ਵਿਸ਼ਾ ਹੁੰਦਾ ਹੈ। 2023 ਸਾਲ ਦਾ ਵਿਸ਼ਾ ਹੈ : ‘Innovation and Technology for Gender Equality’ ਬਰਾਬਰਤਾ ਦੇ ਸੰਸਾਰ ਦਾ ਨਿਰਮਾਣ ਹੋਵੇ। ਨਕਲੀ ਦਿਖਾਵੇ ਤੋਂ ਸੰਸਾਰ ਮੁਕਤ ਹੋਵੇ। ਰਵਾਇਤੀ ਕ੍ਰਮਕਾਂਡ ਦੂਰ ਹੋਣ। ਸੰਸਾਰ ਜੀਵਨ ਦੀਆਂ ਕਦਰਾਂ ਕੀਮਤਾਂ ਅਪਣਾਵੇ ਅਤੇ ਅਮਲ ਕਰੇ। ਇਸਤਰੀ ਦੀ ਹਿੱਸੇਦਾਰੀ ਬਰਾਬਰਤਾ ਅਮਲੀ ਰੂਪ ਵਿਚ ਸਵੀਕਾਰ ਹੋਵੇ ਅਤੇ ਇਸ ਦਾ ਪ੍ਰਚਾਰ ਹੋਵੇ। ਸ਼ਿਲਪ ਵਿਗਿਆਨ ਦੀ ਨਵੀਨਤਾ ਵਿਚ ਇਸਤਰੀ ਦੀ ਬਰਾਬਰਤਾ ਬਿਨਾਂ ਭੇਦਭਾਵ ਦੇ ਹੋਵੇ।

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਮਾਨਵਵਾਦੀ ਧਰਮ ਦੀ ਲਹਿਰ ਚਲਾਈ। ਉਨ੍ਹਾਂ ਦੀ ਰਹਿਨੁਮਾਈ ਨੂੰ ਚਲਾਉਂਦੇ ਹੋਏ ਸਾਰੇ ਗੁਰੂਆਂ ਨੇ ਬੜੀ ਸਫ਼ਲਤਾ ਨਾਲ ਅੱਗੇ ਤੋਰਿਆ। ਜੋ ਅੱਜ ਸਿੱਖ ਧਰਮ ਸੰਸਾਰ ਦੇ ਪ੍ਰਮੁੱਖ ਧਰਮਾਂ ਵਿਚੋਂ ਇਕ ਹੈ। ਸਿੱਖ ਸਿਧਾਂਤ ਵਿਚ ਬਰਾਬਰਤਾ ਦਾ ਉਪਦੇਸ਼ ਹੈ ਕਿ ਹੇ ਪ੍ਰਭੂ, ਮੈਂ ਤੈਥੋਂ ਇਹੀ ਮੰਗਦਾ ਹਾਂ ਜੋ ਨੀਵੀਂ ਤੋਂ ਨੀਵੀਂ ਜਾਤ ਦੇ ਹਨ, ਜੋ ਨੀਂਵਿਆਂ ਤੋਂ ਵੀ ਅਤਿ ਨੀਵੇਂ ਅਖਵਾਉਂਦੇ ਹਨ। ਮੈਨੂੰ ਮਾਇਆ, ਧਾਰੀਆਂ ਦੇ ਰਾਹੇ ਤੁਰਨ ਦੀ ਕੋਈ ਤਾਂਘ ਨਹੀਂ, ਕਿਉਂਕਿ ਮੈਨੂੰ ਪਤਾ ਹੈ ਕਿ ਤੇਰੀ ਮਿਹਰ ਦੀ ਨਜ਼ਰ ਉੱਥੇ ਹੈ, ਜਿੱਥੇ ਗਰੀਬਾਂ ਦੀ ਸਾਰ ਲਈ ਜਾਂਦੀ ਹੈ। ਅੰਗ-15

ਮਾਨਵਵਾਦ ਤੋਂ ਸਪੱਸ਼ਟ ਹੈ ਕਿ ਮਨੁੱਖੀ ਬਰਾਬਰੀ ਦੀ ਵਿਚਾਰਧਾਰਾ ਹੈ। ਇਸ ਦਾ ਸਬੰਧ ਇਸਤਰੀ ਵਰਗ ਨਾਲ ਵੀ ਓਨਾ ਹੀ ਹੈ ਜਿੰਨਾ ਕਿ ਪੁਰਸ਼ ਵਰਗ ਨਾਲ। ਸਿੱਖ ਗੁਰੂਆਂ ਨੇ ਨਿੱਧੇ ਸਮਾਜ ਦੀਆਂ ਬੁਰਾਈਆਂ ਵਿਰੁਧ ਆਵਾਜ ਉਠਾਈ। ਉਸ ਵਿਚ ਇਸਤਰੀ ਦੀ ਬਰਾਬਰੀ ਦੀ ਵੀ ਹਾਮੀ ਭਰੀ। ਇਸਤਰੀਆਂ ਦੇ ਮਾਣ ਸਤਿਕਾਰ ਵਿਚ ਪੁਰਸ਼ ਦੇ ਬਰਾਬਰ ਹੱਕ ਦਿੱਤਾ ਹੈ। ਇਸਤਰੀਆਂ ਸਮਾਜਿਕ, ਸੱਭਿਆਚਾਰਕ, ਵਿਵਹਾਰਕ, ਧਾਰਮਿਕ ਸਿੱਖਿਆ, ਰਾਜਨੀਤੀ ਦੇ ਖੇਤਰਾਂ ਵਿੱਚ ਹਿੱਸਾ ਲੈ ਸਕਦੀਆਂ ਹਨ। ਸਿੱਖ ਗੁਰੂਆਂ ਨੇ ਬਰਾਬਰੀ ਵਿਚ ਇਸਤਰੀਆਂ ਨੂੰ ਜਿੰਮੇਵਾਰੀਆਂ ਨਿਭਾਉਣ ਲਈ ਉਤਸ਼ਾਹਤ ਕੀਤਾ। ਸਿੱਖ ਇਤਿਹਾਸ ਵਿੱਚ ਇਸਤਰੀਆਂ ਦੀ ਸ਼ਰਧਾ, ਲਗਨ, ਸੇਵਾ, ਬਹਾਦਰੀ ਅਤੇ ਕੁਰਬਾਨੀ ਆਦਿ ਨੂੰ ਪੁਰਸ਼ਾਂ ਦੇ ਬਰਾਬਰ ਪੇਸ਼ ਕੀਤਾ। ਇਸਤਰੀਆਂ ਦੀ ਦਸ਼ਾ ਸੁਧਾਰਨ ਲਈ ਹੋਕਾ ਦਿੱਤਾ ਕਿ ਸਤੀ ਦੀ ਰਸਮ, ਬਾਲ ਵਿਆਹ, ਪਰਦੇ ਦੀ ਰਸਮ ਦੀ ਨਿਖੇਧੀ ਕੀਤੀ। ਇਸਤਰੀਆਂ ਨੂੰ ਪ੍ਰਚਾਰ ਅਤੇ ਪ੍ਰਬੰਧ ਨਾਲ ਜੋੜ ਕੇ ਸੇਵਾ ਵਿਚ ਲਾਇਆ।

ਮਾਤਾ ਖੀਵੀ ਜੀ ਦੀ ਸੇਵਾ ਗੁਰਬਾਣੀ ਵਿਚ ਦਰਜ ਹੈ : ਹੇ ਬਲਵੰਤ, ਮਾਤਾ ਖੀਵੀ ਜੀ ਵੀ ਆਪਣੇ ਪਤੀ ਗੁਰੂ ਅੰਗਦ ਦੇਵ ਸਾਹਿਬ ਜੀ ਵਾਂਗ ਭਲੇ ਹਨ। ਮਾਤਾ ਖੀਵੀ ਜੀ ਦੀ ਛਾਂ ਬਹੁਤ ਪੱਤ੍ਰਾਂ ਵਾਲੀ ਸੰਘਣੀ ਹੈ। ਭਾਵ ਮਾਤਾ ਖੀਵੀ ਜੀ ਪਾਸ ਬੈਠਿਆਂ ਭੀ ਹਿਰਦੇ ਵਿਚ ਸ਼ਾਂਤੀ ਠੰਢ ਪੈਦਾ ਹੁੰਦੀ ਹੈ। ਜਿਵੇਂ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਸਤਿਸੰਗ ਰੂਪੀ ਲੰਗਰਾਂ ਵਿਚ ਨਾਮ ਦੀ ਦੌਲਤ ਵੰਡੀ ਜਾ ਰਹੀ ਹੈ। ਅੰਗ-267

ਇਸਤਰੀ ਦੀ ਸਮਰੱਥਾ ਅਤੇ ਗੁਣਾਂ ਨੂੰ ਗੁਰਬਾਣੀ ਵਿਚ ਦੱਸਿਆ ਹੈ ਕਿ ਇਸਤਰੀ ਤੋਂ ਜਨਮ ਲਈਦਾ ਹੈ। ਇਸਤਰੀ ਦੇ ਪੇਟ ਵਿਚ ਹੀ ਪ੍ਰਾਣੀ ਦਾ ਸਰੀਰ ਬਣਦਾ ਹੈ। ਇਸਤਰੀ ਦੇ ਰਾਹੀਂ ਹੀ ਕੁੜਮਾਈ ਤੇ ਵਿਆਹ ਹੁੰਦਾ ਹੈ। ਇਸਤਰੀ ਦੇ ਰਾਹੀਂ ਹੀ ਲੋਕਾਂ ਨਾਲ ਸਬੰਧ ਬਣਦਾ ਹੈ। ਇਸਤਰੀ ਤੋਂ ਹੀ ਜਗਤ ਦੀ ਉਤਪਤੀ ਦਾ ਰਸਤਾ ਚਲਦਾ ਹੈ। ਜੇ ਇਸਤਰੀ ਮਰ ਜਾਵੇ ਤਾਂ ਹੋਰ ਇਸਤਰੀ ਦੀ ਭਾਲ ਕਰੀਦੀ ਹੈ। ਇਸਤਰੀ ਨਾਲ ਹੀ ਹੋਰਨਾਂ ਨਾਲ ਰਿਸ਼ਤੇਦਾਰੀ ਬਣਦੀ ਹੈ, ਜਿਸ ਇਸਤਰੀ ਜਾਤੀ ਤੋਂ ਰਾਜੇ ਭੀ ਜੰਮਦੇ ਹਨ, ਉਸ ਨੂੰ ਮੰਦਾ ਆਖਣਾ ਠੀਕ ਨਹੀਂ ਹੈ। ਇਸਤਰੀ ਤੋਂ ਹੀ ਇਸਤਰੀ ਪੈਦਾ ਹੁੰਦੀ ਹੈ। ਜਗਤ ਵਿਚ ਕੋਈ ਵੀ ਜੀਵ ਇਸਤਰੀ ਤੋਂ ਬਿਨਾਂ ਪੈਦਾ ਨਹੀਂ ਹੋ ਸਕਦਾ। ਹੇ ਨਾਨਕ, ਕੇਵਲ ਇਕ ਸੱਚਾ ਪ੍ਰਭੂ ਹੀ ਹੈ ਜੋ ਇਸਤਰੀ ਤੋਂ ਨਹੀਂ ਜੰਮਿਆ। ਭਾਵੇਂ ਮਨੁੱਖ ਹੋਵੇ ਭਾਵੇ ਇਸਤਰੀ ਜੋ ਭੀ ਮੂੰਹੋਂ ਸਦਾ ਪ੍ਰਭੂ ਦੇ ਗੁਣ ਗਾਉਂਦਾ ਹੈ, ਉਸ ਦੇ ਮੱਥੇ ’ਤੇ ਭਾਗਾਂ ਦੀ ਮਣੀ ਹੈ। ਭਾਵ ਉਸ ਦਾ ਮੱਥਾ ਭਾਗਾਂ ਵਾਲਾ ਹੈ। ਹੇ ਨਾਨਕ, ਉਹੀ ਮੁੱਖ ਉਸੇ ਸੱਚੇ ਪ੍ਰਭੂ ਦੇ ਦਰਬਾਰ ਸੋਹਣੇ ਲਗਦੇ ਹਨ ।ਅੰਗ-473

ਮਰਦ ਅਤੇ ਇਸਤਰੀ ਜੀਵਨ ਦੀ ਗੱਡੇ ਦੋ ਪਹੀਏ ਹਨ। ਗੁਰਬਾਣੀ ਅਨੁਸਾਰ ਸਾਡਾ ਪਤਾ ਕੇਵਲ ਇਕ ਰੱਬ ਹੀ ਹੈ ਤੇ ਅਸੀਂ ਸਾਰੇ ਉਸ ਦੀਆਂ ਪਤਨੀਆਂ ਹਨ। ਇਸ ਸੰਸਾਰ ਵਿਚ ਪਤੀ ਇਕ ਪ੍ਰਮਾਤਮਾ ਹੀ ਹੈ, ਹੋਰ ਸਾਰੀ ਸ੍ਰਿਸਟੀ ਉਸ ਦੀਆਂ ਇਸਤਰੀਆਂ ਹਨ। ਅੰਗ-592

ਗੁਰਬਾਣੀ ਉਪਦੇਸ਼ ਮਰਦ ਅਤੇ ਇਸਤਰੀ ਦੋਹਾਂ ਲਈ ਹੈ ਅਤੇ ਸਾਰਿਆਂ ਲਈ ਵੀ ਹੇ। ਸੁਲੱਖਣੀ ਜੀਵ ਇਸਤਰੀ ਦੇ 32 ਗੁਣ ਦੱਸੇ ਹਨ। ਇਸਤਰੀ ਨੂੰ ਭਗਤੀ ਰੂਪ ਦੱਸਦਿਆਂ ਗੁਰਬਾਣੀ ਦਾ ਉਪਦੇਸ਼ ਹੈ ਕਿ ਇਹ ਭਗਤੀ ਰੂਪ ਇਸਤਰੀ ਦਯਾ, ਨਿਮਰਤਾ, ਲੱਜਾ ਆਦਿ 32 ਸੋਹਣੇ ਲੱਛਣਾਂ ਵਾਲੀ ਹੈ। ਸਦਾ -ਥਿਰ ਪ੍ਰਮਾਤਮਾ ਦਾ ਨਾਮ ਇਸ ਦੀ ਸੰਤਾਨ ਹੈ। ਪੁੱਤਰ ਹਨ, ਪਰ ਇਹ ਇਸਤਰੀ ਆਗਿਆ ਵਿਚ ਤੁਰਨ ਵਾਲੀ ਹੈ। ਸੁਚੱਜੀ ਹੈ, ਸੋਹਣੇ ਰੂਪ ਵਾਲੀ ਹੈ। ਜੀਵ ਜੰਤ ਦੀ ਹਰੇਕ ਇੱਛਾ ਇਹ ਪੂਰੀ ਕਰਦਾ ਹੈ। ਦਰਾਣੀ ਜਠਾਣੀ (ਆਸਾ ਤ੍ਰਿਸ਼ਨਾ) ਨੂੰ ਇਕ ਹਰ ਤਰ੍ਹਾਂ ਦਾ ਸੰਤੋਖ ਦੇਂਦੀ ਹੈ। ਸ਼ਾਂਤ ਕਰਦੀ ਹੈ। ਅੰਗ-370-371

ਵਿਆਹ ਦੀਆਂ ਰਸਮਾਂ ਅਤੇ ਆਨੰਦ ਕਾਰਜ ਤੋਂ ਬਾਅਦ ਲੜਕੇ ਲੜਕੀ ਨੂੰ ਆਗਿਆ ਦਿੱਤੀ ਜਾਂਦੀ ਹੈ ਕਿ ਅੱਜ ਤੋਂ ਤੁਸੀਂ ਇਕੱਠਿਆਂ ਜ਼ਿੰਦਗੀ ਬਿਤਾਉਣੀ ਹੈ। ਉਚੇਚੇ ਤੌਰ ’ਤੇ ਲੜਕੀ ਨੂੰ ਇਹ ਗੱਲ ਸਮਝਾਈ ਜਾਂਦੀ ਹੈ ਕਿ ਅੱਜ ਤੋਂ ਬਾਅਦ ਤੁਸੀਂ ਇਕ ਹੋ ਕੇ ਰਹਿਣਾ ਹੈ। ਸ਼ੇਖ ਫਰੀਦ ਜੀ ਫੁਰਮਾਉਂਦੇ ਹਨ: ਪ੍ਰਮਾਤਮਾ ਨੂੰ ਭਾਲਣ ਵਾਲੀਏ ਤੇ ਜੀਵ ਇਸਤਰੀਏ ਤੂੰ ਅੰਮ੍ਰਿਤ ਵੇਲੇ ਉਠ ਕੇ ਪਤੀ ਪ੍ਰਮਾਤਮਾ ਨੂੰ ਮਿਲਣ ਦੀ ਬੰਦਗੀ ਕਰਦੀ ਹੈ। ਪਰ ਤੈਨੂੰ ਅਜੇ ਵੀ ਨਹੀਂ ਮਿਲਿਆ। ਤੇਰੇ ਆਪਣੇ ਅੰਦਰ ਹੀ ਕੋਈ ਕਸਰ ਹੈ। ਜਿਨ੍ਹਾਂ ਦਾ ਨਾਮ ਸੁਹਾਗਣ ਹੈ, ਉਨ੍ਹਾਂ ਦੇ ਅੰਦਰ ਕੋਈ ਹੋਰ ਟੇਕ ਨਹੀਂ ਹੁੰਦੀ। ਭਾਵ ਪਤੀ ਮਿਲਾਪ ਦੀ ਦਾਤ ਉਨ੍ਹਾਂ ਨੂੰ ਹੀ ਮਿਲਦੀ ਹੈ ਜੋ ਅੰਮ੍ਰਿਤ ਵੇਲੇ ਉਠਣ ਦਾ ਕੋਈ ਹੱਕ ਨਹੀਂ ਜਮਾਉਂਦੀਆਂ। ਅੰਗ 1384

ਗੁਰੂ ਨਾਨਕ ਦੇਵ ਸਾਹਿਬ ਜੀ ਨੇ ਫੁਰਮਾਇਆ ਹੈ ਕਿ ਜਿਸ ਦੇ ਅੰਦਰ ਸੱਚ ਹੈ,ਉਹੀ ਅਸਲ ਸੁਹਾਗਣ ਹੈ। ਹੇ ਨਾਨਕ, ਇਸ ਤੋਂ ਬਿਨਾਂ ਸੁਹਾਗ ਭਾਗ ਵਾਲੀ ਜੀਵ ਇਸਤਰੀ ਦਾ ਹੋਰ ਕੀ ਲੱਛਣ ਹੋ ਸਕਦਾ ਹੈ, ਉਸ ਦੇ ਅੰਦਰ ਸੱਚਾ ਨਾਮ ਹੋਵੇ, ਮੂੰਹ ’ਤੇ ਨਾਮ ਦੀ ਲਾਲੀ ਹੋਵੇ, ਉਹ ਖਸਮ ਪ੍ਰਭੂ ਨਾਲ ਜੁੜੀ ਰਹੇ। ਅੰਗ-785

ਵਿਆਹੁਤਾ ਜੀਵਨ ਕੀ ਹੈ ? ਜੋ ਸਿਰਫ਼ ਸਰੀਰਕ ਤੌਰ ’ਤੇ ਰਲ ਕੇ ਬਹਿਣ, ਉਨ੍ਹਾਂ ਨੂੰ ਅਸਲ ਇਸਤਰੀ ਖਸਮ ਨਹੀਂ ਆਖੀਦਾ। ਜਿਨ੍ਹਾਂ ਦੇ ਦੋਹਾਂ ਜਿਸਮਾਂ ਵਿਚ ਇਕ ਆਤਮਾ ਹੋ ਜਾਏ, ਉਹ ਹੈ ਇਸਤਰੀ ਤੇ ਉਹ ਪਤੀ। ਅੰਗ-788

ਗੁਰਬਾਣੀ ਵਿਚ ਪ੍ਰਾਣੀਆਂ ਨੂੰ ਇਸਤਰੀ ਦੇ ਰੂਪ ਵਿਚ ਪੇਸ਼ ਕਰਕੇ ਪ੍ਰਭੂ ਮਿਲਣ ਦਾ ਹਵਾਲਾ ਹੈ ਕਿ : ਹੇ ਸਤਿਸੰਗਣ ਭੈਣੋਂ ਤੇ ਸਹੇਲੀਓ, ਆਓ ਪਿਆਰ ਨਾਲ ਇਕੱਠੀਆਂ ਹੋਈਏ, ਸਤਿਸੰਗ ਵਿਚ ਮਿਲ ਕੇ ਉਸ ਖਸਮ ਪ੍ਰਭੂ ਦੀਆਂ ਗੱਲਾਂ ਕਰੀਏ। ਜੋ ਸਾਰੀਆਂ ਤਾਕਤਾਂ ਵਾਲਾ ਹੈ। ਹੇ ਸਹੇਲੀਓ, ਉਸ ਸਦਾ ਥਿਰ ਮਾਲਕ ਵਿਚ ਸਾਰੇ ਗੁਣ ਹੀ ਗੁਣ ਹਨ। ਉਸ ਤੋਂ ਵਿਛੜ ਕੇ ਸਾਰੇ ਔਗੁਣ ਸਾਡੇ ਵਿਚ ਆ ਜਾਂਦੇ ਹਨ। ਅੰਗ-17

ਇਸਤਰੀ ਰੂਪੀ ਪ੍ਰਾਣੀ ਦਾ ਦਾਜ ਕੀ ਹੈ ? ਹੇ ਮੇਰੇ ਪਿਤਾ, ਮੈਂ ਤੇਰੇ ਕੋਲੋਂ ਦਾਜ ਮੰਗਦੀ ਹਾਂ, ਮੈਨੂੰ ਹਰੀ ਦੇ ਨਾਮ ਦਾ ਦਾਨ ਦੇਹ। ਮੈਨੂੰ ਇਹੋ ਦਾਜ ਦੇਹ। ਮੈਨੂੰ ਹਰੀ ਦੇ ਨਾਮ ਦਾ ਹੀ ਕੱਪੜਾ ਦੇਹ, ਮੈਨੂੰ ਹਰੀ ਦੇ ਨਾਮ ਦਾ ਹੀ ਦਾਜ ਦੇਹ, ਗਹਿਣੇ ਆਦਿ ਧੰਨ ਦੇਹ। ਇਸ ਦਾਜ ਨਾਲ ਮੇਰਾ ਪ੍ਰਭੂ ਪਤੀ ਨਾਲ ਵਿਆਹ ਸੋਹਣਾ ਲੱਗ ਪਵੇ। ਪ੍ਰਮਾਤਮਾ ਦੀ ਭਗਤੀ ਨਾਲ ਹੀ ਪ੍ਰਮਾਤਮਾ ਨਾਲ ਵਿਆਹ ਦਾ ਉਦਮ ਸੁਖਦਾਈ ਬਣਦਾ ਹੈ। ਜਿਸ ਜੀਵ ਮੁਟਿਆਰ ਨੂੰ ਗੁਰੂ ਨੇ ਸਤਿਗੁਰੂ ਨੇ ਇਹ ਦਾਨ, ਇਹ ਦਾਜ ਦਿਵਾਇਆ ਹੈ, ਹਰੀ ਨਾਮ ਦੇ ਦਾਜ ਨਾਲ ਉਸ ਦੀ ਸ਼ੋਭਾ, ਉਸ ਦੇ ਦੇਸ਼ ਵਿਚ, ਸੰਸਾਰ ਵਿਚ ਹੋ ਜਾਂਦੀ ਹੈ। ਇਹ ਦਾਜ ਐਸਾ ਹੀ ਹੈ ਕਿ ਇਸ ਨਾਲ ਹੋਰ ਕੋਈ ਦਾਜ ਬਰਾਬਰੀ ਨਹੀਂ ਕਰ ਸਕਦਾ। ਆਪਣੇ ਮਨ ਦੇ ਪਿਛੇ ਤੁਰਨ ਵਾਲੇ ਹੋਰ ਬੰਦੇ ਜਿਹੜਾ ਦਾਜ ਰੱਖ ਕੇ ਵਿਖਾਉਂਦੇ ਹਨ ,ਉਹ ਝੂਠਾ ਅਹੰਕਾਰ ਪੈਦਾ ਕਰਨ ਵਾਲਾ ਹੈ। ਉਹ ਕੱਚ ਸਮਾਨ ਹੈ, ਉਹ ਨਿਰਾ ਵਿਖਾਵਾ ਹੀ ਹੈ।

ਹੇ ਮੇਰੇ ਪਿਤਾ ਮੈਨੂੰ ਹਰੀ ਪ੍ਰਭੂ ਦੇ ਨਾਮ ਦਾ ਦਾਨ ਦੇਹ, ਮੈਨੂੰ ਇਹੀ ਦਾਜ ਦੇਹ। ਅੰਗ-79

ਇਸਤਰੀ ਤੇ ਸਤੀ ਦੀ ਰਸਮ ਥੋਪੀ ਗਈ ਨੂੰ ਸਪੱਸ਼ਟ ਗੁਰਬਾਣੀ ਵਿਚ ਕੀਤਾ ਗਿਆ ਹੈ ਕਿ ਉਹ ਇਸਤਰੀਆਂ ਸਤੀ ਹੋ ਗਈਆਂ, ਨਹੀਂ ਆਖੀਦਾ ਜੋ ਪਤੀ ਦੀ ਲੋਥ ਨਾਲ ਸੜ ਮਰਦੀਆਂ ਸੀ। ਹੇ ਨਾਨਕ, ਜੋ ਪਤੀ ਦੀ ਮੌਤ ਦੇ ਵਿਛੋੜੇ ਦੀ ਹੀ ਸੱਟ ਨਾਲ ਮਰ ਜਾਣ ਉਨ੍ਹਾਂ ਨੂੰ ਸਤੀ ਹੋ ਗਈਆਂ ਸਮਝਦਾ ਚਾਹੀਦਾ ਹੈ। ਉਨ੍ਹਾਂ ਇਸਤਰੀਆਂ ਨੂੰ ਭੀ ਸਤੀ ਹੀ ਸਮਝਦਾ ਚਾਹੀਦਾ ਹੈ ਜੋ ਪਤਿਬ੍ਰਤ ਧਰਮ ਵਿਚ ਰਹਿੰਦੀਆਂ ਹਨ। ਜੋ ਆਪਣੇ ਖਸਮ ਦੀ ਸੇਵਾ ਕਰਦੀਆਂ ਹਨ ਅਤੇ ਸਦਾ ਉਦਮ ਨਾਲ ਆਪਣਾ ਇਹ ਧਰਮ ਚੇਤੇ ਰੱਖਦੀਆਂ ਹਨ। 787

ਗੁਰਬਾਣੀ ਦਾ ਉਪਦੇਸ਼ ਹੈ ਕਿ ਜਦੋਂ ਪ੍ਰਭੂ ਇਸਤਰੀ ਨੂੰ ਆਪਣੀ ਬਣਾ ਲੈਂਦਾ ਹੈ-ਹੇ ਪਾਂਡੇ ਗੋਪਾਲ ਦਾ ਨਾਮ ਮਲ ਦੀ ਪੱਟੀ ’ਤੇ ਲਿਖ ਕੇ ਮਾਇਆ ਵਲ ਦੌੜ ਦੇ ਇਸ ਚੰਚਲ ਮਨ ਨੂੰ ਰੋਕ ਰੱਖਦਾ, ਭਾਵ ਅੰਤਰ ਆਤਮੇ ਟਿਕਾ ਰੱਖ, ਸਿਸ਼ਟੀ ਮਾਇਆ ਦੇ ਔਗੁਣ ਵਿਚ ਫਸ ਕੇ ਆਪੋ ਵਿਚ ਭਿੜ ਭਿੜ ਕੇ ਆਤਮਕ ਮੌਤ ਸਹੇੜ ਰਹੀ ਦੁਖੀ ਹੋ ਰਹੀ ਹੈ। ਹੇ ਪਾਂਡੇ ਪ੍ਰਭੂ ਪਾਲਣਹਾਰ ਇਕ ਹੈ। ਸਾਰੇ ਜੀਵ ਉਸ ਦੀਆਂ ਨਾਰੀਆਂ ਹਨ। ਪਰ ਮਾਇਆ ਗ੍ਰਸੀ ਜੀਵ ਇਸਤਰੀ ਖਸਮ ਨੂੰ ਨਹੀਂ ਪਛਾਣਦੀ ਤੇ ਬਾਹਰ ਕਈ ਵੇਸ ਕਰਦੀ ਹੈ। ਹੋਰ ਤੇ ਹੋਰ ਆਸਰੇ ਤੱਕਦੀ ਹੈ, ਨੂੰ ਰੋਕ ਲਿਆ ਹੈ। ਉਸ ਨੂੰ ਉਸ ਨੇ ਆਪਣੇ ਮਹਿਲ ਵਿਚ ਬੁਲਾ ਲਿਆ ਹੈ। ਉਸ ਦੇ ਜੀਵਨ ਰਾਹ ਵਿਚ ਤ੍ਰਿਸ਼ਨਾ ਦੀ ਕੋਈ ਰੋਕ ਨਹੀਂ ਪੈਂਦੀ। ਗੁਰੂ ਦੇ ਸ਼ਬਦ ਰਾਹੀਂ ਉਸ ਨੂੰ ਪ੍ਰਭੂ ਨੇ ਸੰਵਾਰ ਲਿਆ ਹੈ। ਉਹ ਜੀਵ ਇਸਤਰੀ ਸਦਾ ਥਿਰ ਪ੍ਰਭੂ ਪਿਆਰ ਵਿਚ ਰਹਿੰਦੀ ਹੈ। ਉਹ ਸੁਹਾਗ ਭਾਗ ਵਾਲੀ ਹੋ ਜਾਂਦੀ ਹੈ। ਕਿਉਂਕਿ ਪ੍ਰਭੂ ਨੇ ਉਸ ਨੂੰ ਆਪਣੀ ਬਣਾ ਲਿਆ ਹੈ। ਅੰਗ-933

ਸਤੀ ਇਸਤਰੀਆਂ ਆਪਣੇ ਖਸਮ ਦੇ ਜਿਉਂਦਿਆਂ ਉਸ ਦੀ ਸੇਵਾ ਕਰਦੀਆਂ ਹਨ। ਪਤੀ ਨੂੰ ਆਪਣਾ ਸਮਝਦੀਆਂ ਹਨ, ਤਾਹੀਏ, ਸਰੀਰ ਤੇ ਦੁੱਖ ਸਹਿੰਦੀਆਂ ਹਨ। ਪਰ ਹੇ ਨਾਨਕ, ਜਿਨ੍ਹਾਂ ਨੇ ਖਸਮ ਨਾਹ ਜਾਤਾ, ਉਹ ਕਿਉਂ ਦੁੱਖ ਸਹਿਣ ? ਪਤੀ ਚਾਹੇ ਸੁਖੀ ਹੋਵੇ, ਚਾਹੇ ਦੁਖੀ ਹੋਵੇ, ਉਹ ਔਖੇ ਵੇਲੇ ਨੇੜੇ ਨਹੀਂ ਢੁਕਦੀਆਂ। ਅੰਗ 787

ਰੱਬ ਤੋਂ ਵਿਛੜ ਕੇ ਮਨੁੱਖ ਜਾਲਮ ਹੋ ਰਹੇ ਹਨ ਤੇ ਤੀਵੀਂਆਂ ਇਸ ਜੁਲਮ ਵਿਚ ਸਲਾਹਕਾਰ ਬਣ ਰਹੀਆਂ ਹਨ। ਮਿੱਠਾ ਸੁਭਾਅ, ਜੁਗਤਿ ਵਿਚ ਰਹਿਣਾ, ਦਿਲ ਦੀ ਸਫਾਈ ਇਹ ਸਭ ਗੱਲਾਂ, ਦੂਰ ਹੋ ਗਈਆਂ ਹਨ ਤੇ ਵੱਢੀ ਆਦਿਕ, ਹਰਾਮ-ਮਾਲ ਇਨ੍ਹਾਂ ਲੋਕਾਂ ਦਾ ਮਨ ਭਾਉਂਦਾ ਖਾਣਾ ਹੋ ਗਿਆ ਹੈ। ਸ਼ਰਮ ਹਯਾ ਇਨ੍ਹਾਂ ਮਨੁੱਖਾਂ ਤੋਂ ਦੂਰ ਹੋ ਗਈ ਹੈ। ਅਣਖ ਭੀ ਸ਼ਰਮ ਹਯਾ ਦੇ ਨਾਲ ਹੀ ਚਲੀ ਗਈ ਹੈ।

ਹੇ ਨਾਨਕ, ਜੇ ਸੀਲ ਸੰਜਮ ਸੱਚ ਆਦਿ ਗੁਣ ਲੱਭਣੇ ਹਨ ਤਾਂ ਉਨ੍ਹਾਂ ਦਾ ਸੋਮਾ ਸਿਰਫ ਸਦਾ ਕਾਇਮ ਰਹਿਣ ਵਾਲਾ ਪ੍ਰਮਾਤਮਾ ਹੀ ਹੈ। ਇਨ੍ਹਾਂ ਗੁਣਾਂ ਲਈ ਕੋਈ ਹੋਰ ਥਾਂ ਨਾ ਲੱਭੋ, ਭਾਵ ਪ੍ਰਭੂ ਤੋਂ ਬਿਨਾਂ ਕਿਸੇ ਹੋਰ ਥਾਂ ਇਹ ਗੁਣ ਨਹੀਂ ਮਿਲ ਸਕਦੇ। ਅੰਗ-1243

ਪੰਡਿਤ ਲੋਕ, ਵੈਦ-ਪਾਠੀ ਹੋਣ ਦੇ ਹੰਕਾਰ ਵਿਚ ਖਪਦੇ ਹਨ, ਇਸਤਰੀਆਂ ਸ਼ੀਸ਼ੇ ਵਿਚ ਆਪਣੇ ਰੂਪ ਤੱਕਣ ਵਿਚ ਹੀ ਜ਼ਿੰਦਗੀ ਅਜਾਈਂ ਬਿਤਾ ਰਹੀਆਂ ਹਨ। ਆਪੋ ਆਪਣੇ ਅੰਦਰ ਝਾਤ ਮਾਰ ਕੇ ਵੇਖ ਲਵੋ, ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਤੋਂ ਬਿਨਾਂ ਸਭ ਜੀਵ ਖਵਾਰ ਹੋ ਰਹੇ ਹਨ। ਕਬੀਰ ਸਿੱਖਿਆ ਦੀ ਗੱਲ ਕਰਦਾ ਹੈ ਕਿ ਪ੍ਰਮਾਤਮਾ ਦੇ ਨਾਮ ਤੋਂ ਬਿਨਾਂ ਕਿਸੇ ਨੂੰ ਜੀਵਨ ਦੀ ਸੂਝ ਨਹੀਂ ਪੈਂਦੀ। ਅੰਗ 654

ਹੇ ਭਾਈ, ਤੂੰ ਉੱਚੇ ਮਹਿਲ ਮਾੜੀਆਂ ਤੇ ਸੁੰਦਰ ਇਸਤਰੀ ਦਾ ਮਾਣ ਕਰਦਾ ਹੈਂ, ਪ੍ਰਭੂ ਦਾ ਨਾਮ ਵਿਸਾਰ ਕੇ, ਮਨੁੱਖਾ ਜਨਮ ਦੀ ਖੇਡ ਹਾਰ ਰਿਹਾ ਹੈ। ਅੰਗ-659

ਇਸਤਰੀ ਤੇ ਹੋਏ ਅਤਿਆਚਾਰ ਦਾ ਹਵਾਲਾ ਹੈ ਕਿ ਗੁਰੂ ਨਾਨਕ ਦੇਵ ਸਾਹਿਬ ਜੀ ਆਖਦੇ ਹਨ, ਹੇ ਭਾਈ ਲਾਲੋ, ਮੈਨੂੰ ਜਿਹੋ ਜਿਹੀ ਖਸਮ ਪ੍ਰਭੂ ਵਲੋਂ ਪ੍ਰੇਰਨਾ ਆਈ ਹੈ, ਉਸੇ ਅਨੁਸਾਰ ਮੈਂ ਤੈਨੂੰ ਉਸ ਦੁਰਘਟਨਾ ਦੀ ਵਾਕਫ਼ੀਅਤ ਦੇਂਦਾ ਹਾਂ ਜੋ ਸੈਦਪੁਰ ਵਿਚ ਵਾਪਰੀ ਹੈ। ਬਾਬਰ ਕਾਬਲ ਤੋਂ ਫੌਜ ਜੋ ਮਾਨੋ ਪਾਪ ਜੁਲਮ ਦੀ ਜੰਞ ਹੈ, ਇਕੱਠੀ ਕਰਕੇ ਆ ਚੁੜ੍ਹਿਆ ਹੈ। ਜ਼ੋਰ ਧੱਕੇ ਨਾਲ ਹਿੰਦ ਦੀ ਹਕੂਮਤ ਰੂਪ ਕੰਨਿਆ ਦਾਨ ਮੰਗ ਰਿਹਾ ਹੈ। ਸੈਦਪੁਰ ਵਿਚ ਹਯਾ ਅਤੇ ਧਰਮ ਦੋਵੇਂ ਅਲੋਪ ਹੋ ਚੁੱਕੇ ਹਨ। ਝੂਠ ਹੀ ਝੂਠ ਚੌਧਰੀ ਬਣਿਆ ਫਿਰਦਾ ਹੈ। ਬਾਬਰ ਦੇ ਸਿਪਾਹੀਆਂ ਵਲੋਂ ਸੈਦਪੁਰ ਦੀਆਂ ਇਸਤਰੀਆਂ ’ਤੇ ਇੰਨੇ ਅਤਿਆਰਚਾਰ ਹੋ ਰਹੇ ਹਨ ਕਿ ਮਾਨੋ ਸ਼ੈਤਾਨ ਇ ਸ਼ਹਿਰ ਵਿਚ ਵਿਆਹ ਪੜ੍ਹਾ ਰਿਹਾ ਹੈ। ਤੇ ਕਾਜ਼ੀਆਂ, ਬ੍ਰਾਹਮਣਾਂ ਦੀ ਮਰਯਾਦਾ ਮੁਕ ਚੁੱਕੀ ਹੈ। ਮੁਸਲਮਾਨ ਇਸਤਰੀਆਂ ਭੀ ਇਸ ਜ਼ੁਲਮ ਦਾ ਸ਼ਿਕਾਰ ਹੋ ਰਹੀਆਂ ਹਨ। ਜੋ ਇਸ ਬਿਪਤਾ ਵਿਚ ਆਪਣੀ ਕੁਰਾਨ ਦੀਆਂ ਆਇਤਾਂ ਪੜ੍ਹ ਰਹੀਆਂ ਹਨ। ਖੁਦਾ ਅੱਗੇ ਪੁਕਾਰ ਕਰ ਰਹੀਆਂ ਹਨ, ਉੱਚੀਆਂ ਜਾਤਾਂ ਦੀਆਂ, ਨੀਵੀਂਆਂ ਜਾਤਾਂ ਦੀਆਂ ਹੋਰ ਭੀ ਸਭ ਹਿੰਦੂ ਇਸਤਰੀਆਂ ਇਨ੍ਹਾਂ ਸਾਰੀਆਂ ’ਤੇ ਹੀ ਅਤਿਆਚਾਰ ਹੋ ਰਹੇ ਹਨ।

ਹੇ ਨਾਨਕ, ਇਸ ਖੂਨੀ ਵਿਆਹ ਵਿਚ ਸੈਦਪੁਰ ਨਗਰ ਦੇ ਅੰਦਰ ਹਰ ਪਾਸੇ ਵਿਰਲਾਪ ਹੋ ਰਹੇ ਹਨ। ਲਹੂ ਦਾ ਕੇਸਰ ਛਿੜਕਿਆ ਜਾ ਰਿਹਾ ਹੈ। ਅੰਗ-722

ਸੰਸਾਰ ਦੇ ਐਬਾਂ ਤੋਂ ਬਚਣ ਲਈ ਭਗਤ ਨਾਮਦੇਵ ਜੀ ਦੀ ਨਸੀਅਤ ਹੈ ਕਿ : ਜਿਵੇਂ ਵਿਸ਼ਈ ਮਨੁੱਖ ਪਰਾਈ ਨਾਰ ਵੱਲ ਤਕਦਾ ਹੈ, ਜਿਵੇਂ ਜੂਆ ਖੇਡਣ ਵਾਲਾ ਜੁਆਰੀਆ ਕਾਉਂਡਾ ਸੁੱਟ ਕੇ ਗਹੁ ਨਾਲ ਤਕਦਾ ਹੈ, ਕਿ ਦਾਊ ਪਿਆ ਹੈ। ਮੈਂ ਨਾਮਦੇਵ ਭੀ ਇਨ੍ਹਾਂ ਵਾਂਗ ਸਦਾ ਆਪਣੇ ਪ੍ਰਭੂ ਨੂੰ ਸਿਮਰਦਾ ਹਾਂ। ਜਿੱਧਰ ਤੱਕਦਾ ਹਾਂ, ਪ੍ਰਭੂ ਨੂੰ ਹੀ ਵੇਖਦਾ ਹਾਂ। ਮੇਰੀ ਸੂਰਤਿ ਸਦਾ ਪ੍ਰਭੂ ਵਿਚ ਹੀ ਰਹਿੰਦੀ ਹੈ। ਭਾਵ ਪ੍ਰਭੂ ਪ੍ਰਤੀ ਇਹੋ ਜਿਹੀ ਹੋਵੇ, ਕਿ ਆਪਾ ਭੁੱਲ ਜਾਵੇ, ਸੁਰਤਿ ਸਦਾ ਪ੍ਰਭੂ ਵਿਚ ਰਹੇ। ਅੰਗ 873

ਹਰੇਕ ਜੀਵ ਮਰਦ ਭੀ ਪ੍ਰਭੂ ਆਪ ਹੀ ਹੈ, ਇਸਤਰੀ ਵੀ ਆਪ ਹੀ ਹੈ। ਪ੍ਰਭੂ ਆਪ ਹੀ ਇਹ ਜਗਤ ਰੂਪ ਚਉਪੜ ਦੀ ਖੇਡ ਹੈ ਅਤੇ ਆਪ ਹੀ ਚਉਪੜ ਦੀਆਂ ਜੀਵ ਨਰਦਾਂ ਹੈ। ਪ੍ਰਮਾਤਮਾ ਨੇ ਆਪ ਹੀ ਇਹ ਜਗਤ ਚਉਪੜ ਦੀ ਖੇਡ ਰੂਪ ਪਿੜ ਤਿਆਰ ਕੀਤਾ ਹੈ ਆਪ ਹੀ ਇਸ ਖੇਡ ਨੂੰ ਪਰਖ ਰਿਹਾ ਹੈ। ਅੰਗ 1020

ਅੰਤਿਕਾ : ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਵਿਚ ਇਸਤਰੀ ਜਾਤੀ ਲਈ ਉਤਸ਼ਾਹ ਬਲ ਹੈ ਕਿ ਹੀਣਭਾਵਨਾ ਤੋਂ ਉਪਰ ਉਠ ਕੇ ਗੁਰਮਤਿ ਆਸ਼ੇ ਅਨੁਸਾਰ ਜੀਵਨ ਢਾਲਣਾ ਹੈ। ਜੀਵ-ਆਤਮਾ ਨੂੰ ਵਹੁਟੀ ਦਾ ਅਲੰਕਾਰ ਦੇ ਕੇ ਦੱਸਿਆ ਹੈ ਕਿ ਇਸਤਰੀ ਮਨੁੱਖ ਪ੍ਰਭੂ ਭਗਤੀ ਦੇ ਮਾਰਗ ਦੇ ਚੱਲ ਕੇ ਦੋਵੇਂ ਹੀ ਬਰਾਬਰ ਮੁਕਤੀ ਪਾ ਸਕਦੇ ਹਨ। ਇਸਤਰੀ ਮਰਦ ਬਰਾਬਰ ਹਨ। ਨਰੋਏ ਸਮਾਜ ਦੀ ਉਸਾਰੀ ਵਿਚ ਯੋਗਦਾਨ ਪਾ ਸਕਦੇ ਹਨ।




ਅੰਤਰਾਸ਼ਟਰੀ ਪੱਧਰ 'ਤੇ ਮਹਿਲਾਵਾਂ ਦਾ ਦਿਨ

# ਆਰਟੀ.ਫ਼ੀਸ਼ੀਅਲ ਇੰਟੈਲੀਜੈਂਸ 'ਚ ਬੀਬੀਆਂ ਦੀ ਹਿੱਸੇਦਾਰੀ

ਡਾ. ਸਰਬਜੀਤ ਕੌਰ ਜੰਗ






ਅੰਤਰਾਸ਼ਟਰੀ ਪੱਧਰ ਉੱਤੇ ਬੀਬੀਆਂ ਦਾ ਦਿਨ ਜਿਸ ਨੂੰ ਅੰਗਰੇਜ਼ੀ ਭਾਸ਼ਾ ਵਿੱਚ women day ਨਾਲ ਸੰਬੋਧਨ ਕੀਤਾ ਜਾਂਦਾ ਹੈ। 8 ਮਾਰਚ ਨੂੰ ਵਿਸ਼ਵ ਪੱਧਰ ਉੱਤੇ ਇਹ ਦਿਵਸ ਆਪੋ ਆਪਣੇ ਢੰਗ ਤਰੀਕੇ ਨਾਲ ਮਨਾਇਆ ਜਾਂਦਾ ਹੈ। ਪਰ ਅਫਸੋਸ ਇਸ ਦਿਨ ਦਾ ਇਤਿਹਾਸ ਤੇ ਅਧਿਕਾਰਾਂ ਨੂੰ ਉਸੇ ਦਿਨ ਯਾਦ ਕਰਕੇ ਫੇਰ ਇਸ ਦੀ ਪੋਟਲੀ ਅਗਲੇ ਸਾਲ ਤੱਕ ਬੰਦ ਕਰਕੇ ਰੱਖ ਦਿੱਤੀ ਜਾਂਦੀ ਹੈ, ਕਹਿਣ ਤੋਂ ਭਾਵ ਸਾਡੀ ਮਾਨਸਿਕਤਾ ਸਿਰਫ ਦਿਨ 'ਤੇ ਨਿਰਭਰ ਹੋਣ ਕਰਕੇ ਉਸਦੇ ਅਸਲ ਅਮਲ ਨੂੰ ਭੁਲਾ ਦਿੱਤਾ ਜਾਂਦਾ ਹੈ। ਬੀਬੀਆਂ ਅੱਜ ਵੀ ਆਪਣੇ ਅਧਿਕਾਰਾਂ ਨੂੰ ਲੈ ਕੇ ਸੰਘਰਸ਼ ਕਰ ਰਹੀਆਂ ਹਨ। ਬੇਸ਼ਕ ਮੀਡੀਆ ਅਖਬਾਰਾਂ ਵਿੱਚ ਸੱਚ ਬੋਲਣ ਤੇ ਲਿਖਣ ਦਾ ਰਿਵਾਜ਼ ਦਿਨੋ-ਦਿਨ ਘਟਦਾ ਜਾ ਰਿਹਾ ਹੈ ਪਰ ਅੱਜ ਵੀ ਬਹੁਤ ਸਾਰੀਆਂ ਬੀਬੀਆਂ ਚਾਰਦਿਵਾਰੀ ਦੇ ਅੰਦਰ ਬੈਠ ਕੇ ਆਪਣੇ ਜਜ਼ਬਾਤਾਂ ਨੂੰ ਆਪਣੇ ਖੁਦ ਦੇ ਸੋਸ਼ਲ ਮੀਡੀਆ 'ਤੇ ਲਿਖਣ ਦੀ ਕੋਸ਼ਿਸ਼ ਕਰਦੀਆਂ ਰਹਿੰਦੀਆਂ ਹਨ, ਜਿਨ੍ਹਾਂ ਦੀ ਆਵਾਜ ਸਾਡਾ ਮੀਡੀਆ ਨਹੀਂ ਚੁੱਕਦਾ, ਕਿਉਂਕਿ ਅਜੋਕਾ ਮੀਡੀਆ ਸਿਰਫ ਭੜਕਾਉ ਖਬਰਾਂ ਤੇ ਧਰਮ ਦੇ ਨਾਮ ਉਤੇ ਸਿਆਸਤ ਕਰਨ ਵਿੱਚ ਵਧੇਰੇ ਦਿਲਚਸਪੀ ਰੱਖਦਾ ਹੈ। ਸੋ ਬੀਬੀਆਂ ਦੇ ਦਿਵਸ ਮਨਾਉਣ ਲਈ ਸਿਰਫ ਉਨ੍ਹਾਂ ਕੋਲ ਇੱਕੋ ਦਿਨ ਹੈ, ਜਦੋਂ ਉਨ੍ਹਾਂ ਦੀ ਗੱਲ ਵਿਸ਼ਵ ਪੱਧਰ 'ਤੇ ਰੱਖਣ ਲਈ ਸਿਰਫ਼ ਉਨ੍ਹਾਂ ਬੀਬੀਆਂ ਨੂੰ ਅੱਗੇ ਲੈ ਕੇ ਆਉਣ ਵਿੱਚ ਵਧੇਰੇ ਦਿਲਚਸਪੀ ਲੈਂਦੇ ਹਨ ਜਿਨ੍ਹਾਂ ਨੇ ਚੰਗਾ ਮੁਕਾਮ ਹਾਸਿਲ ਕੀਤਾ ਹੈ। ਇਹ ਚੰਗੀ ਗ਼ੱਲ ਹੈ ਕਿ ਅਜਿਹੀਆਂ ਬੀਬੀਆਂ ਦੀ ਗ਼ੱਲ ਕੀਤੀ ਜਾਵੇ ਪਰ ਉਨ੍ਹਾਂ ਦੀ ਵੀ ਗ਼ੱਲ ਕੀਤੀ ਜਾਣੀ ਚਾਹੀਦੀ ਹੈ ਜੋ ਸਮਾਜਿਕ ਸੋਚ ਦੀਆਂ ਬੇੜੀਆਂ ਦਾ ਸ਼ਿਕਾਰ ਹੋ ਕੇ ਅੰਤਰੀਵ ਸਟਰੈੱਸ ਵਿੱਚ ਜੀਵਨ ਬਤੀਤ ਕਰ ਰਹੀਆਂ ਹਨ, ਜਿਸ ਮਕਸਦ ਲਈ ਇਹ ਦਿਨ ਬਣਾਇਆ ਗਿਆ ਸੀ।

ਅਸੀਂ ਅੰਤਰਰਾਸ਼ਟਰੀ ਦਿਵਸ ਕਿਉਂ ਮਨਾਉਂਦੇ ਹਾਂ?

ਅੰਤਰਰਾਸ਼ਟਰੀ ਦਿਨ ਅਤੇ ਹਫ਼ਤੇ ਚਿੰਤਾ ਦੇ ਮੁੱਦਿਆਂ 'ਤੇ ਜਨਤਾ ਨੂੰ ਜਾਗਰੂਕ ਕਰਨ, ਵਿਸ਼ਵਵਿਆਪੀ ਸਮੱਸਿਆਵਾਂ ਨੂੰ ਹੱਲ ਕਰਨ ਲਈ ਰਾਜਨੀਤਿਕ ਇੱਛਾ ਸ਼ਕਤੀ ਅਤੇ ਸਰੋਤਾਂ ਨੂੰ ਜੁਟਾਉਣ ਅਤੇ ਮਨੁੱਖਤਾ ਦੀਆਂ ਪ੍ਰਾਪਤੀਆਂ ਦਾ ਜਸ਼ਨ ਮਨਾਉਣ ਅਤੇ ਮਜ਼ਬੂਤ ਕਰਨ ਲਈ ਮਨਾਉਂਦੇ ਹਨ। ਅੰਤਰਰਾਸ਼ਟਰੀ ਦਿਨਾਂ ਦੀ ਹੋਂਦ ਸੰਯੁਕਤ ਰਾਸ਼ਟਰ ਦੀ ਸਥਾਪਨਾ ਤੋਂ ਪਹਿਲਾਂ ਹੈ, ਪਰ ਸੰਯੁਕਤ ਰਾਸ਼ਟਰ ਨੇ ਇਨ੍ਹਾਂ ਨੂੰ ਇੱਕ ਸ਼ਕਤੀਸ਼ਾਲੀ ਵਕਾਲਤ ਸਾਧਨ ਵਜੋਂ ਅਪਣਾਇਆ ਹੈ।

ਅੰਤਰਰਾਸ਼ਟਰੀ ਬੀਬੀਆਂ ਦਾ ਦਿਨ (8 ਮਾਰਚ)

ਇਹ ਦਿਵਸ ਬੀਬੀਆਂ ਦੀਆਂ ਇਤਿਹਾਸਕ, ਸੱਭਿਆਚਾਰਕ ਅਤੇ ਰਾਜਨੀਤਿਕ ਪ੍ਰਾਪਤੀਆਂ ਦਾ ਜਸ਼ਨ ਮਨਾਉਣ ਵਾਲਾ ਇੱਕ ਵਿਸ਼ਵਵਿਆਪੀ ਦਿਨ ਹੈ ਪਰ ਇਸ ਦੇ ਨਾਲ ਹੀ ਸਮੱਸਿਆਵਾਂ ਪ੍ਰਤੀ ਜਾਗਰੂਕ ਕਰਨ ਦਾ ਵੀ ਦਿਨ ਹੈ। ਇਹ ਦਿਨ ਦੁਨੀਆ ਭਰ ਵਿੱਚ ਲਿੰਗ ਅਸਮਾਨਤਾ ਵਿਰੁੱਧ ਕਾਰਵਾਈ ਕਰਨ ਦੇ ਸਮਰਥਨ ਵਿੱਚ ਵੀ ਮਨਾਇਆ ਜਾਂਦਾ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਦੁਨੀਆਂ ਬੀਬੀਆਂ ਤੋਂ ਬਿਨਾਂ ਨਹੀਂ ਚੱਲ ਸਕਦੀ। ਇਹ ਉਨ੍ਹਾਂ ਦੇ ਯਤਨਾਂ ਦੀ ਸ਼ਲਾਘਾ ਕਰਨ ਦਾ ਦਿਨ ਹੈ। ਵੱਡੀਆਂ ਅਤੇ ਛੋਟੀਆਂ ਸੰਸਥਾਵਾਂ ਬੀਬੀਆਂ ਨੂੰ ਇਹ ਦਿਖਾਉਣ ਲਈ ਇਕੱਠੇ ਹੁੰਦੀਆਂ ਹਨ ਕਿ ਉਹ ਅੱਜ ਦੇ ਸਮਾਜ ਵਿੱਚ ਕਿੰਨੀਆਂ ਕੀਮਤੀ ਹਨ, ਪਰ ਇਸ ਦੇ ਨਾਲ ਹੀ ਇਹ ਵੀ ਯਕੀਨੀ ਬਣਾਓ ਕਿ ਤੁਹਾਡੇ ਆਲੇ-ਦੁਆਲੇ ਦੀਆਂ ਔਰਤਾਂ ਨੂੰ ਆਪਣੇ ਖੰਭ ਫੈਲਾਉਣ ਅਤੇ ਉੱਚੇ ਉੱਡਣ ਵਿੱਚ ਮਦਦ ਕਰਨ ਲਈ ਦੁਨੀਆ ਭਰ ਦੀਆਂ ਬੀਬੀਆਂ ਲਈ ਉਪਲਬਧ ਵਜ਼ੀਫੇ ਦੇ ਸਰੋਤ ਲੱਭਣ ਵਿੱਚ ਮਦਦ ਕਰੋ।

ਅੰਤਰਰਾਸ਼ਟਰੀ ਮਹਿਲਾ ਦਿਵਸ ਦਾ ਇਤਿਹਾਸ

ਸੂਜ਼ਨ ਬੀ. ਐਂਥਨੀ ਇੱਕ ਸਿਆਸੀ ਕਾਰਕੁਨ ਅਤੇ ਬੀਬੀਆਂ ਦੇ ਅਧਿਕਾਰਾਂ ਦੀ ਵਕੀਲ ਸੀ। ਘਰੇਲੂ ਯੁੱਧ ਤੋਂ ਬਾਅਦ, ਉਸਨੇ 14ਵੀਂ ਸੋਧ ਲਈ ਕਾਨੂੰਨੀ ਲੜੀ ਜਿਸਦਾ ਉਦੇਸ਼ ਸਾਰੇ ਕੁਦਰਤੀ ਅਤੇ ਮੂਲ-ਜਨਮ ਅਮਰੀਕੀਆਂ ਨੂੰ ਇਸ ਉਮੀਦ ਵਿੱਚ ਨਾਗਰਿਕਤਾ ਪ੍ਰਦਾਨ ਕਰਨਾ ਸੀ ਕਿ ਇਸ ਵਿੱਚ ਮਤਅਧਿਕਾਰ ਸ਼ਾਮਲ ਹੋਣਗੇ। ਹਾਲਾਂਕਿ 14ਵੀਂ ਸੋਧ ਨੂੰ 1868 ਵਿੱਚ ਪ੍ਰਵਾਨਗੀ ਦਿੱਤੀ ਗਈ ਸੀ, ਇਸ ਨੇ ਅਜੇ ਵੀ ਉਨ੍ਹਾਂ ਦੀ ਵੋਟ ਸੁਰੱਖਿਅਤ ਨਹੀਂ ਕੀਤੀ। ਸੋ 1869 ਵਿੱਚ, ਨੈਸ਼ਨਲ ਵੂਮੈਨ ਸਫਰੇਜ ਐਸੋਸੀਏਸ਼ਨ (NWSA) ਦੀ ਸਥਾਪਨਾ ਐਲਿਜ਼ਾਬੈਥ ਕੈਡੀ ਸਟੈਨਟਨ ਅਤੇ ਸੂਜ਼ਨ ਬੀ. ਐਂਥਨੀ ਦੁਆਰਾ ਬੀਬੀਆਂ ਦੇ ਅਧਿਕਾਰਾਂ ਲਈ ਲੜਾਈ ਜਾਰੀ ਰੱਖਣ ਲਈ ਕੀਤੀ ਗਈ ਸੀ।

1900 ਦੇ ਦਹਾਕੇ ਦੀ ਸ਼ੁਰੂਆਤ ਵਿੱਚ, ਬੀਬੀਆਂ ਤਨਖਾਹ ਵਿੱਚ ਅਸਮਾਨਤਾ, ਵੋਟਿੰਗ ਅਧਿਕਾਰਾਂ ਦੀ ਘਾਟ ਦਾ ਅਨੁਭਵ ਕਰ ਰਹੀਆਂ ਸਨ ਅਤੇ ਉਨ੍ਹਾਂ ਨੂੰ ਬਹੁਤ ਜ਼ਿਆਦਾ ਕੰਮ ਕਰਨਾ ਪੈ ਰਿਹਾ ਸੀ। ਇਸ ਸਭ ਦੇ ਜਵਾਬ ਵਿੱਚ, 1908 'ਚ 15,000 ਔਰਤਾਂ ਨੇ ਆਪਣੇ ਅਧਿਕਾਰਾਂ ਦੀ ਮੰਗ ਲਈ ਨਿਊਯਾਰਕ ਸਿਟੀ ਵਿੱਚ ਮਾਰਚ ਕੀਤਾ। 1909 ਵਿੱਚ ਅਮਰੀਕਾ ਦੀ ਸੋਸ਼ਲਿਸਟ ਪਾਰਟੀ ਦੁਆਰਾ ਇੱਕ ਘੋਸ਼ਣਾ ਦੇ ਅਨੁਸਾਰ ਪਹਿਲਾ ਰਾਸ਼ਟਰੀ ਮਹਿਲਾ ਦਿਵਸ ਮਨਾਇਆ ਗਿਆ ਸੀ। ਇਹ 1913 ਤੱਕ ਫਰਵਰੀ ਦੇ ਆਖਰੀ ਐਤਵਾਰ ਨੂੰ ਮਨਾਇਆ ਜਾਂਦਾ ਸੀ।

ਇੱਕ ਅੰਤਰਰਾਸ਼ਟਰੀ ਮਹਿਲਾ ਕਾਨਫਰੰਸ ਅਗਸਤ 1910 ਵਿੱਚ ਕਲਾਰਾ ਜ਼ੇਟਕਿਨ ਦੁਆਰਾ ਆਯੋਜਿਤ ਕੀਤੀ ਗਈ ਸੀ, ਜੋ ਇਕ ਜਰਮਨ ਮਤਾਕਾਰ ਅਤੇ ਮਹਿਲਾ ਦਫਤਰ ਵਿੱਚ ਆਗੂ ਸੀ। ਜ਼ੇਟਕਿਨ ਨੇ ਹਰ ਸਾਲ ਆਯੋਜਿਤ ਕੀਤੇ ਜਾਣ ਲਈ ਇੱਕ ਵਿਸ਼ੇਸ਼ ਮਹਿਲਾ ਦਿਵਸ ਦਾ ਪ੍ਰਸਤਾਵ ਕੀਤਾ ਅਤੇ ਅਗਲੇ ਸਾਲ ਆਸਟ੍ਰੀਆ, ਡੈਨਮਾਰਕ, ਜਰਮਨੀ ਅਤੇ ਸਵਿਟਜ਼ਰਲੈਂਡ ਵਿੱਚ ਅੰਤਰਰਾਸ਼ਟਰੀ ਮਹਿਲਾ ਦਿਵਸ ਦਾ ਸਨਮਾਨ ਕੀਤਾ ਗਿਆ ਜਿਸ ਵਿੱਚ ਇੱਕ ਮਿਲੀਅਨ ਤੋਂ ਵੱਧ ਰੈਲੀਆਂ ਵਿੱਚ ਲੋਕ ਸ਼ਾਮਲ ਹੋਏ। 18 ਅਗਸਤ, 1920 ਨੂੰ, 19ਵੀਂ ਸੋਧ ਨੂੰ ਪ੍ਰਵਾਨਗੀ ਦਿੱਤੀ ਗਈ ਸੀ ਅਤੇ ਅਮਰੀਕਾ ਵਿੱਚ ਗੋਰਿਆਂ ਨੂੰ ਵੋਟ ਪਾਉਣ ਦਾ ਅਧਿਕਾਰ ਦਿੱਤਾ ਗਿਆ ਸੀ।

ਮੁਕਤੀ ਅੰਦੋਲਨ 1960 ਦੇ ਦਹਾਕੇ ਵਿੱਚ ਹੋਇਆ ਸੀ ਅਤੇ ਇਸ ਕੋਸ਼ਿਸ਼ ਦੇ ਨਤੀਜੇ ਵਜੋਂ ਵੋਟਿੰਗ ਅਧਿਕਾਰ ਐਕਟ ਪਾਸ ਹੋਇਆ, ਜਿਸ ਨਾਲ ਸਾਰੀਆਂ ਬੀਬੀਆਂ ਨੂੰ ਵੋਟ ਪਾਉਣ ਦਾ ਅਧਿਕਾਰ ਮਿਲਿਆ। ਜਦੋਂ ਇੰਟਰਨੈਟ

(ਬਾਕੀ ਸਫ਼ਾ 31 'ਤੇ)

# ਅਣਗੌਲ਼ਿਆ ਪਾਤਰ 'ਨੂੰਹ'



ਰਜਿੰਦਰਾ ਕੁਮਾਰੀ ਭਾਈ ਰੂਪਾ

ਜ਼ਿਆਦਾਤਰ ਘਰਾਂ ਵਿੱਚ ਨੂੰਹ ਇੱਕ ਅਣਗੌਲਿਆ ਜਿਹਾ ਪਾਤਰ ਬਣਕੇ ਰਹਿ ਜਾਂਦੀ ਹੈ। ਜਿਨ੍ਹਾਂ ਪੁੱਤਰਾਂ ਦੇ ਮਾਵਾਂ ਚਾਅ ਲਾਡ ਕਰਦੀਆਂ ਨਹੀਂ ਥੱਕਦੀਆਂ ਅਤੇ ਜਿਨ੍ਹਾਂ ਵੀਰਾਂ ਨੂੰ ਭੈਣਾਂ ਆਪਣੇ ਮੂੰਹੋਂ ਚੀਜ਼ ਕੱਢਕੇ ਦੇਣ ਤੱਕ ਜਾਂਦੀਆਂ ਹਨ ਉਹ ਇੱਕਦਮ ਉਹਦਾ ਵਿਆਹ ਹੋਣ ਤੋਂ ਬਾਅਦ ਪਤਾ ਨਹੀਂ ਕਿਵੇਂ ਬਦਲ ਜਾਂਦੀਆਂ ਹਨ। ਵੀਰ ਦੇ ਵਿਆਹ ਦੀਆਂ ਘੋੜੀਆਂ ਗਾ ਗਾ ਕੇ, ਸ਼ਗਨ ਮਨਾ ਮਨਾ ਕੇ ਉਸ ਦੇ ਨਾਲ ਜ਼ਿੰਦਗੀ ਦਾ ਸਾਥ ਨਿਭਾਉਣ ਵਾਲੀ ਜਦੋਂ ਹੀ ਘਰ ਦੀ ਦਹਿਲੀਜ਼ 'ਤੇ ਪੈਰ ਧਰ ਲੈਂਦੀ ਹੈ ਤਾਂ ਇੱਕਦਮ ਹੀ ਉਸਦੇ ਪ੍ਰਤੀ ਘਰ ਦੇ ਸਾਰੇ ਜੀਆਂ ਦੇ ਖਾਸਕਰ ਮੁੰਡੇ ਦੀ ਮਾਂ ਅਤੇ ਭੈਣ ਦੇ ਤੌਰ ਤਰੀਕੇ ਹੋਰ ਰੂਪ ਅਖਤਿਆਰ ਕਰ ਲੈਂਦੇ ਹਨ ਤੇ ਕਈ ਵਾਰ ਤਾਂ ਨਾ ਚਾਹੁੰਦੇ ਹੋਏ ਘਰ ਦੇ ਬਾਕੀ ਜੀਆਂ ਨੂੰ ਵੀ ਇਸ ਤਰ੍ਹਾਂ ਹੀ ਬਣਨਾ ਪੈਂਦਾ ਹੈ।ਨੂੰਹ ਵੀ ਕਿਸੇ ਦੀ ਧੀ ਹੁੰਦੀ ਹੈ, ਫਰਕ ਸਿਰਫ ਇੰਨਾ ਹੁੰਦਾ ਹੈ। ਕੁੜੀ ਵਿਆਹ ਕੇ ਸਹੁਰੇ ਘਰ ਤੋਰਨੀ ਪੈਂਦੀ ਹੈ। ਬੱਸ ਸ਼ਬਦ ਹੀ ਬਦਲੀ ਹੁੰਦੇ ਹਨ ਬਾਕੀ ਕੁਝ ਨਹੀਂ। ਕਿਉਂਕਿ ਧੀਆਂ ਤਾਂ ਰਾਜੇ-ਮਹਾਰਾਜੇ ਵੀ ਆਪਣੇ ਘਰ ਵਿਚ ਨਹੀਂ ਰੱਖ ਸਕੇ। ਹੁਣ ਗੱਲ ਜੇ ਕਰੀਏ ਤਾਂ ਅੱਜ ਨਹੀਂ, ਜਦੋਂ ਦੀ ਸਮਾਜ ਦੀ ਸਿਰਜਣਾ ਹੋਈ ਹੋਵੇਗੀ ਉਸ ਸਮੇਂ ਤੋਂ ਹੀ ਲੋਕ ਕੁਝ ਤਾਂ ਜ਼ੁਬਾਨ ਬੋਲਦੇ ਹੋਣਗੇ। ਜ਼ੁਬਾਨ ਤੋਂ ਬਾਅਦ ਬੋਲ ਤੇ ਬੋਲ ਤੋਂ ਬਾਅਦ ਬੋਲੀਆਂ। ਜੋ ਸਮਾਜ ਦੇ ਸਿਰ ਚੜ੍ਹ ਕੇ ਬੋਲਦੀਆਂ ਹਨ। ਖਾਸ ਕਰਕੇ ਜੇ ਅਸੀਂ ਗੱਲ ਪੰਜਾਬ ਜਾਂ ਪੰਜਾਬੀ ਦੀ ਕਰੀਏ ਤਾਂ ਇੱਥੇ ਸੱਸ ਨੂੰ ਹਊਆ ਹੀ ਸਮਝਿਆ ਜਾਂਦਾ ਹੈ। ਸਾਡੇ ਲੋਕਗੀਤ ਵੀ ਸੱਸ ਦੇ ਹੱਕ ਵਿੱਚ ਵਕਾਲਤ ਨਹੀਂ ਕਰਦੇ। ਸਗੋਂ ਤਾਹਨੇ-ਮਿਹਣੇ ਤੇ ਨਫਰਤ ਭਰੀਆਂ ਬੋਲੀਆਂ ਹੀ ਬੋਲਦੇ ਹਨ। ਪਤਾ ਨਹੀਂ ਕਿਹੜੇ-ਕਿਹੜੇ ਸ਼ਬਦਾਂ ਨਾਲ ਕੁੜੀਆਂ ਸੱਸ ਨੂੰ ਨਿਵਾਜ਼ਦੀਆਂ ਹਨ। ਜਦ ਕਿ ਸਮੇਂ ਦੀ ਤਬਦੀਲੀ ਅਨੁਸਾਰ ਉਹ ਸਾਰਾ ਸੱਚ ਨਹੀਂ ਰਿਹਾ ਜੋ ਗੀਤਾ 'ਚ ਮਿਲਦਾ ਹੈ।

ਸਮੇਂ ਦੇ ਮੁਤਾਬਕ ਸਮਾਜ ਵਿੱਚ ਤਬਦੀਲੀ ਆਈ ਹੈ ਪਰ ਇਹ ਪਰਪੱਕ ਨਹੀਂ ਹੈ ਕਿਉਂਕਿ ਘਰਾਂ ਵਿਚ ਅੱਜ ਵੀ ਨੂੰਹ ਸੱਸ ਦੀਏ ਅਣਬਣ ਅਕਸਰ ਦੇਖਣ ਨੂੰ ਮਿਲਦੀ ਹੈ। ਮੈਂ ਆਪਣੇ ਤਜਰਬੇ ਮੁਤਾਬਿਕ ਇਸ ਗੱਲ ਦੀ ਜਿੰਮੇਵਾਰ ਮੁੰਡੇ ਦੀ ਮਾਂ ਨੂੰ ਮੰਨਦੀ ਹਾਂ ਜਿਹੜੀ ਆਪਣੇ ਛੋਟੇ ਧੀਆਂ ਪੁੱਤਾਂ ਨੂੰ ਇਸ ਗੱਲ ਲਈ ਤਿਆਰ ਨਹੀਂ ਕਰਦੀ ਕਿ ਉਨ੍ਹਾਂ ਨੇ ਘਰ ਵਿੱਚ ਆਉਣ ਵਾਲੀ ਉਸ ਨਵੀਂ ਲਈ ਕਿਵੇਂ ਹਾਂ ਵਾਚਕ ਰਵੱਈਆ ਧਾਰਨ ਕਰਨਾ ਹੈ, ਕਿਵੇਂ ਉਹਦੇ ਵੀ ਕੁੱਝ ਕੁ ਹੱਕ ਹਨ ਜਿਹੜੇ ਘਰ ਦੀ ਨੂੰਹ ਹੋਣ ਦੇ ਨਾਤੇ ਉਸ ਨੂੰ ਦੇਣੇ ਹੀ ਪੈਣਗੇ, ਕਿਵੇਂ ਉਸ ਦੇ ਵੀ ਖਾਣ ਪਹਿਨਣ ਦਾ, ਉਹਦੇ ਆਰਾਮ ਦਾ ਸਭ ਨੂੰ ਧਿਆਨ ਰੱਖਣਾ ਪਵੇਗਾ ਜਦੋਂਕਿ ਉਹ ਆਪਣੇ ਸਾਰਿਆਂ ਦੇ ਪ੍ਰਤੀ ਤਨੋਂ ਮਨੋਂ ਸਾਰੇ ਫਰਜ਼ ਨਿਭਾ ਰਹੀ ਹੈ। ਕਈ ਵਾਰ ਇਹ ਗੱਲਾਂ ਉਸ ਵਿਚਾਰੀ ਦੀ ਜ਼ਿੰਦਗੀ ਤੇ ਐਨਾ ਜਿਆਦਾ ਅਸਰ ਕਰ ਜਾਂਦੀਆਂ ਹਨ ਕਿ ਉਹ ਹੀਣ ਭਾਵਨਾ ਦੀ ਸ਼ਿਕਾਰ ਹੋ ਜਾਂਦੀ ਹੈ। ਉਸ ਦੇ ਸੁਪਨੇ ਮਿੱਟੀ ਵਿੱਚ ਮਿਲ ਕੇ ਰਹਿ ਜਾਂਦੇ ਹਨ, ਉਸ ਦਾ ਭਵਿੱਖ ਜਿਸ ਨੂੰ ਉਸ ਕੱਚੀ ਕਰੂੰਬਲ ਨੇ ਹਾਲੇ ਵਿਕਸਤ ਕਰਨਾ ਹੁੰਦਾ ਹੈ, ਪੜ੍ਹੀ ਲਿਖੀ ਹੋਣ ਦੇ ਨਾਤੇ ਵੀ ਉਹ ਸਵੇਰ ਦੇ ਚਾਰ ਪੰਜ ਵਜੇ ਤੋਂ ਲੈ ਕੇ ਰਾਤ ਦੇ ਦਸ ਗਿਆਰਾਂ ਵਜੇ ਤੱਕ ਘਰੇਲੂ ਕੰਮਾਂ ਨੂੰ ਸਮੇਟਣ ਦੀ ਮਸ਼ੀਨ ਬਣ ਕੇ ਰਹਿ ਜਾਂਦੀ ਹੈ, ਆਪਣੀ ਉਹਦੀ ਕੋਈ ਮੰਗ ਜਾਂ ਮਰਜੀ ਨਹੀਂ ਹੁੰਦੀ ਤੇ ਕਈ ਵਾਰ ਗਰਭ ਅਵਸਥਾ ਵਿੱਚ ਜਦੋਂ ਘਰ ਵਿੱਚ ਸਭ ਕੁੱਝ ਹੁੰਦੇ ਸੁੰਦੇ ਵੀ ਉਸ ਦੇ ਕੁੱਝ ਵੀ ਨਾ ਪਚਣ ਕਰਕੇ ਉਸ ਦੇ ਖਾਣ ਪਾਣ ਵੱਲ ਕੋਈ ਧਿਆਨ ਨਾ ਦਿੱਤਾ ਜਾਵੇ ਤਾ ਇਹ ਗੱਲ ਉਸ ਦੇ ਹੋਣ ਵਾਲੇ ਬੱਚੇ ਨੂੰ ਵੀ ਸ਼ਾਇਦ ਸਾਰੀ ਉਮਰ ਭੁਗਤਣੀ ਪੈਂਦੀ ਹੈ।

ਇਸ ਤਰ੍ਹਾਂ ਦੇ ਘਰਾਂ ਵਿੱਚ ਸਾਹਿਤਕ ਰੁਚੀਆਂ ਦਾ ਵਿਕਸਿਤ ਹੋਣਾ ਤਾਂ ਦੂਰ ਦੀ ਗੱਲ ਰਹਿ ਜਾਂਦੀ ਹੈ। ਕਈ ਵਾਰ ਮਿਲੀ ਮਿਲਾਈ ਸਰਕਾਰੀ ਨੌਕਰੀ ਵੀ ਘਰ ਵਿੱਚ ਪੈਸੇ ਦੀ ਬਹੁਤੀ ਖੁੱਲ੍ਹ ਨਾ ਹੋਣ ਤੇ ਵੀ ਇਸ ਕਰਕੇ ਨਹੀਂ ਕਰਨ ਦਿੱਤੀ ਜਾਂਦੀ ਕਈ ਘਰ ਦਾ ਕੰਮ ਜਿਵੇਂ ਰੋਟੀ, ਸਫਾਈ, ਭਾਂਡੇ, ਕੱਪੜੇ ਤੇਰੇ ਬਿਨਾਂ ਕੌਣ ਕਰੇਗਾ। ਇਹ ਗੱਲ ਸਾਰੇ ਘਰਾਂ ਤੇ ਲਾਗੂ ਨਹੀਂ ਹੁੰਦੀ। ਮੈਂ ਦੇਖਿਆ ਹੈ ਕਿ ਜਿੱਥੇ ਘਰ ਦੀ ਸਾਰੀ ਜਿੰਮੇਵਾਰੀ ਪਤੀ ਦੇ ਸਿਰ ਹੋਵੇ ਤੇ ਉਹ ਸਾਰੇ ਭੈਣ ਭਰਾਵਾਂ ਵਿੱਚੋਂ ਵੱਡਾ ਵੀ ਹੋਵੇ, ਤਾਂ ਵਿਚਾਰਾ ਉਹ ਘਰ ਨੂੰ ਠੀਕ ਤਰੀਕੇ ਤੋਰਨ ਖਾਤਰ ਆਪਣੀਆਂ ਇੱਛਾਵਾਂ ਨੂੰ ਇੱਕ ਪਾਸੇ ਰੱਖ ਘਰ ਜੋਗਾ ਹੀ ਰਹਿ ਜਾਂਦਾ ਹੈ, ਪਤਨੀ ਨੂੰ ਵੀ ਉਸ ਦੀ ਖਾਤਰ ਓਵੇਂ ਹੀ ਕਰਨਾ ਪੈਂਦਾ ਹੈ ਤੇ ਸਮਾਂ ਬੀਤਣ ਤੇ ਮੁੜ ਉਨ੍ਹਾਂ ਦੀਆਂ ਭਾਵਨਾਵਾਂ ਕਦੇ ਵੀ ਸਿਰ ਨਹੀਂ ਚੁੱਕਦੀਆਂ। ਅੱਜ ਸਮਾਂ ਬਦਲ ਚੁੱਕਿਆ ਹੈ, ਅੱਜ ਨੂੰਹ ਨੂੰ ਉਹਦੇ ਅਧਿਕਾਰ ਮਿਲ ਚੁੱਕੇ ਹਨ ਜਾਂ ਫੇਰ ਉਸ ਨੇ ਆਪਣੇ ਜੋਰ ਨਾਲ ਪ੍ਰਾਪਤ ਕਰ ਲਏ ਹਨ। ਚਲੋ ਛੱਡੋ ਇਨ੍ਹਾਂ ਗੱਲਾਂ ਨੂੰ। ਕੌੜੇ ਅਨੁਭਵਾਂ ਤੇ ਮਿੱਟੀ ਪਾਉਣੀ ਹੀ ਠੀਕ ਰਹਿੰਦੀ ਹੈ।



ਹਰਦੇਵ ਗਰੇਵਾਲ

ਨਾਵਲ

ਕਿਸ਼ਤ-21

# ਇਹ ਖ਼ੁਦਕੁਸ਼ੀ ਨਹੀਂ ਜਨਾਬ ! ਕਤਲ ਹੈ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਬਾਕਾਇਦਾ ਐਲਾਨ ਕੀਤਾ ਕਿ ਉਹ ਪੁਲਿਸ ਕਾਰਵਾਈ ਵਿੱਚ ਕੋਈ ਵਿਘਨ ਨਹੀਂ ਪਾਉਣਗੇ ਅਤੇ ਉਨ੍ਹਾਂ ਦਾ ਬੇਟਾ ਬੇਗੁਨਾਹ ਹੋਣ ਦੇ ਬਾਵਜੂਦ ਵੀ, ਪੁਲਿਸ ਨੂੰ ਪੂਰਣ ਸਹਿਯੋਗ ਦਿੰਦਿਆਂ, ਕਾਨੂੰਨ ਅਤੇ ਇਨਸਾਫ਼ ਦਾ ਸਿਰ ਉੱਚਾ ਰੱਖਣ ਲਈ ਹੱਸਦੇ-ਹੱਸਦੇ ਗ੍ਰਿਫ਼ਤਾਰੀ ਦਏਗਾ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਉਹ ਆਪਣੇ ਅਹੁਦੇ ਦਾ ਬੇਜਾ ਇਸਤੇਮਾਲ ਕਰਕੇ, ਕਿਸੇ ਮੈਜਿਸਟਰੇਟ ਨੂੰ ਨਾਜਾਇਜ਼ ਤੰਗ ਕਰਕੇ ਬੇਲ ਨਹੀਂ ਕਰਵਾਉਣਗੇ, ਕਿਉਂਕਿ ਉਹ ਆਪਣੇ ਅਹੁਦੇ ਉੱਪਰ ਜਨਤਾ ਦੀ ਸੇਵਾ ਕਰਨ ਲਈ ਬੈਠੇ ਹਨ, ਨਾ ਕਿ ਆਪਣੇ ਨਿੱਜੀ ਫ਼ਾਇਦਿਆਂ ਲਈ।'

'ਕਿਤੇ ਅੰਨਾ ਹਜ਼ਾਰੇ ਸਾਹਬ ਦੇ ਦਰਸ਼ਨ ਤਾਂ ਨੀਂ ਕਰ ਆਏ ਰਾਤੋ-ਰਾਤ ਦੋਨੋਂ ਪਿਉ-ਪੁੱਤ ?'

'ਗਗਨ,' ਇਸ ਵਾਰ ਤੇਜਵੀਰ ਬੋਲਿਆ, 'ਮਿਨਿਸਟਰ ਸਾਹਬ ਬੜੀ ਪਹੁੰਚੀ ਹੋਈ ਚੀਜ਼ ਨਿੱਕਲੇ। ਐਵੇਂ ਹੀ ਨਹੀਂ ਉਹ ਇੰਨੀ ਵੱਡੀ ਪੋਸਟ 'ਤੇ ਕਬਜ਼ਾ ਜਮਾਈ ਬੈਠੇ। ਉਹ ਆਪਣੇ ਸਾਹਬਜ਼ਾਦੇ ਖ਼ਿਲਾਫ਼ ਬੋਲਦੇ ਤਮਾਮ ਸਬੂਤਾਂ ਦਾ ਪਹਿਲਾਂ ਹੀ ਲੇਖਾ-ਜੋਖਾ ਕਰ ਚੁੱਕੇ ਨੇ। ਕਾਨੂੰਨ ਦੇ ਪੰਡਤਾਂ ਦੀ ਪੂਰੀ ਟੀਮ ਲਾਈ ਹੋਣੀ ਏ ਮਿਨਿਸਟਰ ਸਾਹਬ ਨੇ ਇਸ ਕੰਮ ਲਈ। ਉਹ ਭਲੀ-ਭਾਂਤੀ ਜਾਣਦੇ ਨੇ ਕਿ ਇਸ ਕੇਸ ਨੂੰ ਦਬਾਇਆ ਨਹੀਂ ਜਾ ਸਕਦਾ, ਕਿਉਂਕਿ ਇੱਕ ਤਾਂ ਕੇਸ ਦੀ ਇਨਵੈੱਸਟਿਗੇਸ਼ਨ ਕਰਨ ਵਾਲ਼ੇ ਥਿੰਦ ਸਾਹਬ ਇੱਕ ਇਮਾਨਦਾਰ ਪੁਲਿਸ ਅਫ਼ਸਰ ਨੇ ਤੇ ਉੱਪਰੋਂ ਦੀ ਮੀਡੀਆ ਦੀ ਵੀ ਇਸ ਕੇਸ ਉੱਪਰ ਸਪੈਸ਼ਲ ਅਟੈਂਸ਼ਨ ਹੈ। ਸੋ ਸੰਨੀ ਦੀ ਗ੍ਰਿਫ਼ਤਾਰੀ ਤਾਂ ਹੋ ਕੇ ਹੀ ਰਹਿਣੀ ਏ, ਪਰ ਉਸ ਨੂੰ ਬਚਾਉਣ ਦੀ ਕੋਈ ਨਾਜਾਇਜ਼ ਕੋਸ਼ਿਸ਼, ਉਨ੍ਹਾਂ ਦੇ ਸਿਆਸੀ ਅਕਸ ਉੱਤੇ ਸਵਾਲੀਆ ਨਿਸ਼ਾਨ ਖੜ੍ਹਾ ਕਰ ਸਕਦੀ ਹੈ। ਆਪੋਜ਼ੀਸ਼ਨ ਜ਼ਰੂਰ ਇਸ ਤਾਕ 'ਚ ਹੀ ਬੈਠਾ ਹੋਏਗਾ ਕਿ ਕਦੋਂ ਮਿਨਿਸਟਰ ਸਾਹਬ ਆਪਣੇ ਫ਼ਰਜ਼ੰਦ ਨੂੰ ਬਚਾਉਣ ਲਈ ਕੋਈ ਗ਼ੈਰ-ਵਾਜਿਬ ਹਰਕਤ ਕਰਨ, ਤੇ ਕਦੋਂ ਉਨ੍ਹਾਂ ਨੂੰ ਹਾਏ-ਤੌਬਾ ਮਚਾਉਣ ਦਾ ਮੌਕਾ ਮਿਲੇ। ਜੇ ਕੋਈ ਹੋਰ ਮੌਕਾ ਹੁੰਦਾ ਤਾਂ ਮਨਿਸਟਰ ਸਾਹਬ ਨੇ ਬਹੁਤੀ ਪ੍ਰਵਾਹ ਨਹੀਂ ਕਰਨੀ ਸੀ, ਪਰ ਇਲੈਕਸ਼ਨ ਤਾਂ ਸਿਰ 'ਤੇ ਆਏ ਖੜ੍ਹੇ ਨੇ। ਇਸ ਮੌਕੇ ਉਹ ਇਹ ਰਿਸਕ ਕਤਈ ਨਹੀਂ ਲੈ ਸਕਦੇ ਸਨ। ਪਰ ਉਹ ਇਹ ਵੀ ਜਾਣਦੇ ਨੇ ਕਿ ਸੰਨੀ ਦੀ ਇਸ ਕਤਲ ਕੇਸ 'ਚ ਗ੍ਰਿਫ਼ਤਾਰੀ ਵੀ ਉਨ੍ਹਾਂ ਦੇ ਵਿਰੋਧੀਆਂ ਨੂੰ ਉਨ੍ਹਾਂ ਦਾ ਅਕਸ ਖ਼ਰਾਬ ਕਰਨ ਦਾ ਪੂਰਾ-ਪੂਰਾ ਮੌਕਾ ਦੇਣ ਵਾਲ਼ੀ ਹੈ। ਇਹੀ ਪੱਤਾ ਸੀ ਵਿਰੋਧੀਆਂ ਕੋਲ਼ ਜੋ ਉਨ੍ਹਾਂ ਖ਼ਿਲਾਫ਼ 'ਟਰੰਪ-ਕਾਰਡ' ਦੇ ਰੂਪ ਵਿੱਚ ਇਸਤੇਮਾਲ ਹੋ ਸਕਦਾ ਸੀ, ਪਰ ਮੰਨਣਾ ਪਏਗਾ ਆਪਣੇ ਮਿਨਿਸਟਰ ਸਾਹਬ ਨੂੰ, ਕਿ ਉਨ੍ਹਾਂ ਆਪਣੇ ਖ਼ਿਲਾਫ਼ ਜਾਂਦੇ ਪੱਤੇ ਨੂੰ ਵੀ, ਆਪਣੇ ਹੀ ਹੱਕ 'ਚ ਭੁਗਤਾਉਣ ਦੀ ਜੁਗਤ ਕੱਢ ਲਈ। ਇਹ ਸਭ ਡਰਾਮਾ ਏਸੇ ਲਈ ਰਚਿਆ ਗਿਆ। ਦੇਖ ਲਈਂ ਹੁਣ ਇਉਂ ਗੇਮ ਪਲਟਾਉਣੀ ਏ ਉਨ੍ਹਾਂ, ਕਿ ਇਸ ਬਦਨਾਮੀ ਵਿੱਚੋਂ ਵੀ ਹਮਦਰਦੀ ਬਟੋਰ ਲੈਣੀ ਏ। ਬੜੇ ਪਹੁੰਚੇ ਹੋਏ ਸਿਆਸਤਦਾਨ ਨਿਕਲੇ ਮਿਨਿਸਟਰ ਸਾਹਬ।'

'ਬਿਲਕੁਲ ਸਹੀ ਨਬਜ਼ ਫੜੀ ਕਾਕਾ ਜੀ,' ਥਿੰਦ ਨੇ ਨਾਲ਼ ਜੋੜਦਿਆਂ ਕਿਹਾ, 'ਉਨ੍ਹਾਂ ਇੱਕ ਪ੍ਰੈੱਸ ਨੋਟ ਵੀ ਤਿਆਰ ਕੀਤਾ ਸੀ, ਜੋ ਮੈਨੂੰ ਜਾਣ ਬੁੱਝ ਕੇ ਦਿਖਾਇਆ ਗਿਆ।'

'ਪਰ ਸਾਨੂੰ ਤਾਂ ਸੱਦਾ-ਪੱਤਰ ਪਹੁੰਚਿਆ ਨਹੀਂ ?' ਗਗਨ ਬੋਲਿਆ।

'ਮੀਡੀਆ ਦਾ ਕੋਈ ਬੰਦਾ ਉਥੇ ਮੌਜੂਦ ਨਹੀਂ ਸੀ, ਬੱਸ ਇੱਕ ਪਾਰਟੀ ਵਰਕਰ ਨੇ ਘਰੇਲੂ ਕੈਮਰੇ ਨਾਲ਼ ਸਾਰੀ ਕਾਰਵਾਈ ਦੀ ਵੀਡਿਓ ਬਣਾਈ।'

'ਇਸ ਨਾਟਕ ਤੋਂ ਪਰਦਾ ਕੱਲ੍ਹ ਬੇਲ ਤੋਂ ਬਾਅਦ ਉੱਠੇਗਾ ਗਗਨ, ਇਸ ਗ੍ਰਿਫ਼ਤਾਰੀ ਦੀ ਸੂਹ ਹਾਲੇ ਬਾਹਰ ਨਹੀਂ ਨਿਕਲਣ ਵਾਲੀ।'

'ਪਰ ਥਿੰਦ ਸਾਹਬ ਦੀ ਜ਼ੁਬਾਨ 'ਤੇ ਕਿਹੜਾ ਤਾਲੇ ਜੜੇ ਨੇ ਕਿਸੇ ਨੇ, ਜਿਵੇਂ ਆਪਾਂ ਨੂੰ ਖ਼ਬਰ ਮਿਲੀ, ਉਵੇਂ ਬਾਕੀਆਂ ਨੂੰ ਵੀ ਭੇਜ ਦੇਣੀ ਏ ਇਨ੍ਹਾਂ, ਕਿਉਂ ਥਿੰਦ ਸਾਹਬ ?' ਗਗਨ ਦੇ ਇਹ ਗੱਲ ਪੱਲੇ ਨਹੀਂ ਪਈ ਸੀ।

ਥਿੰਦ ਨੇ ਜਵਾਬ ਦੇਣ ਦੀ ਬਜਾਏ ਤੇਜਵੀਰ ਵੱਲ ਦੇਖਿਆ।

ਥਿੰਦ ਦੀਆਂ ਪਰਖ਼ਦੀਆਂ ਨਿਗਾਹਾਂ ਦਾ ਮੰਤਵ ਸਮਝ, ਜਵਾਬ ਤੇਜਵੀਰ ਤਰਫ਼ੋਂ ਹੀ ਆਇਆ।

'ਨਹੀਂ ਗਗਨ, ਇਹ ਖ਼ਬਰ ਹਾਲੇ ਲੀਕ ਕਰਨ 'ਚ ਪੁਲਿਸ ਨੂੰ ਹੀ ਘਾਟਾ ਪੈਣ ਵਾਲ਼ਾ। ਇਹ ਜਾਨਣ ਦੇ ਬਾਅਦ ਕਿ ਸੰਨੀ ਦੇ ਖ਼ਿਲਾਫ਼ ਕੋਈ ਮਜ਼ਬੂਤ ਕੇਸ ਖੜ੍ਹਾ ਹੀ ਨਹੀਂ ਹੁੰਦਾ, ਪੁਲਿਸ ਵੱਲੋਂ ਅਜਿਹਾ ਕੁਝ ਨਹੀਂ ਕੀਤਾ ਜਾਣ ਵਾਲ਼ਾ। ਜੇ ਪੁਲਿਸ ਇਹ ਖ਼ਬਰ ਮੀਡੀਆ ਨੂੰ ਦਿੰਦੀ ਹੈ, ਤਾਂ ਆਪੋਜ਼ੀਸ਼ਨ ਤੋਂ ਪਹਿਲਾਂ ਤਾਂ ਹਾਏ-ਤੌਬਾ ਮਿਨਿਸਟਰ ਸਾਹਬ ਨੇ ਹੀ ਮਚਾ ਦੇਣੀ ਏ।

ਪੁਲਿਸ ਉੱਪਰ ਆਪੋਜ਼ੀਸ਼ਨ ਨਾਲ ਰਲ਼ ਕੇ, ਉਨ੍ਹਾਂ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਦਾ ਇਲਜ਼ਾਮ ਲੱਗੇਗਾ। ਉਨ੍ਹਾਂ ਦੇ ਪੁਲਿਸ ਨਾਲ਼ ਕੀਤੇ ਸਹਿਯੋਗ ਦੇ ਡਰਾਮੇ ਨੂੰ ਨਿਊਜ਼ ਚੈਨਲਜ਼ 'ਤੇ ਚਲਵਾ ਕੇ, ਉਨ੍ਹਾਂ ਫਿਰ ਹਮਦਰਦੀ ਬਟੋਰ ਲੈਣੀ ਏ। ਰਿਮਾਂਡ ਨਾ ਮਿਲਣ 'ਤੇ ਪੁਲਿਸ ਦੀ ਹੀ ਕਿਰਕਿਰੀ ਹੋਣੀ ਏ। ਕਿਉਂਕਿ ਮੰਤਰੀ ਸਾਹਬ ਨੇ ਤਾਂ ਪੁਲਿਸ ਨੂੰ ਪੂਰਾ ਸਹਿਯੋਗ ਦਿੱਤਾ, ਸੋ ਉਸ ਸੂਰਤ 'ਚ ਪਲਿਸ ਦੀ ਕਾਰਵਾਈ ਉੱਪਰ ਵੀ ਸਵਾਲੀਆ ਨਿਸ਼ਾਨ ਲੱਗਣ ਦਾ ਬਰਾਬਰ ਖ਼ਤਰਾ ਏ। ਥਿੰਦ ਸਾਹਬ ਦੀ ਆਪਣੇ ਤੋਂ ਵੀ ਇਹੋ ਤਵੱਕੋ ਹੋਏਗੀ, ਕਿ ਆਪਾਂ ਇਹ ਖ਼ਬਰ ਪੁਲਿਸ ਦੀ ਆਫ਼ੀਸ਼ੀਅਲ ਸਟੇਟਮੈਂਟ ਦੇ ਬਾਅਦ ਹੀ ਛਾਪੀਏ।'

'ਬਿਲਕੁਲ ਸਹੀ।' ਥਿੰਦ ਨੇ ਸਹਿਮਤੀ ਜਤਾਉਂਦਿਆਂ ਨਾਲ਼ ਜੋੜਿਆ, 'ਪਰ ਸਭ ਤੋਂ ਅਹਿਮ ਵਜ੍ਹਾ ਇਹ ਹੈ ਕਿ ਮਿਨਿਸਟਰ ਸਾਹਬ ਦੇ ਮਜਬੂਰੀ ਵੱਸ ਖੇਡੇ ਇਸ ਸਹਿਯੋਗ ਦੇ ਡਰਾਮੇ ਵਿੱਚ, ਪੁਲਿਸ ਨੂੰ ਕੋਈ ਦਿਲਚਸਪੀ ਨਹੀਂ। ਇਹ ਤਾਂ ਸਗੋਂ ਪੁਲਿਸ ਲਈ ਸਹੂਲੀਅਤ ਹੀ ਹੈ ਕਿ ਪੁਲਿਸ ਨੂੰ ਆਪਣੀ ਇਨਵੈੱਸਟਿਗੇਸ਼ਨ ਵਿੱਚ ਕੋਈ ਰੁਕਾਵਟ ਨਹੀਂ ਝੇਲਣੀ ਪੈ ਰਹੀ, ਕਿਸੇ ਸਿਆਸੀ ਦਬਾਅ ਨਾਲ਼ ਦੋ-ਚਾਰ ਨਹੀਂ ਹੋਣਾ ਪੈ ਰਿਹਾ।'

'ਮੈਨੂੰ ਇੱਕ ਗੱਲ ਸਮਝ ਨਹੀਂ ਆਈ ਬਈ ਮਿਨਿਸਟਰ ਸਾਹਬ ਨੇ ਆਪਣੀ ਕੁਰਸੀ ਖ਼ਾਤਰ ਆਪਣੇ ਸਪੂਤ ਨੂੰ ਹੀ ਦਾਅ 'ਤੇ ਲਾ ਦਿੱਤਾ ?' ਗਗਨ ਦਾ ਇਹ ਸਵਾਲ ਤੇਜਵੀਰ ਦੇ ਜ਼ਿਹਨ ਵਿੱਚ ਵੀ ਉੱਠ ਰਿਹਾ ਸੀ।

'ਕੁਰਸੀ ਦਾ ਨਸ਼ਾ ਤਾਂ ਡਰੱਗਜ਼ ਦੇ ਨਸ਼ੇ ਤੋਂ ਵੀ ਭਾਰੂ ਏ ਕਾਕਾ ਜੀ, ਸਿਆਸਤ ਦੀ ਇਸ ਅੰਨ੍ਹੀ ਦੌੜ 'ਚ, ਕੋਈ ਆਪਣਾ ਨਹੀਂ ਕੋਈ ਪਰਾਇਆ ਨਹੀਂ, ਕੋਈ ਦੋਸਤ ਨਹੀਂ ਕੋਈ ਦੁਸ਼ਮਣ ਨਹੀਂ, ਕੋਈ ਪਿਉ ਨਹੀਂ ਕੋਈ ਪੁੱਤ ਨਹੀਂ।'

ਪਰ ਤੇਜਵੀਰ ਦੇ ਜ਼ਿਹਨ 'ਚ ਕੋਈ ਹੋਰ ਹੀ ਖ਼ਿਆਲ ਦਸਤਕ ਦੇ ਰਿਹਾ ਸੀ।

'ਤਾਂ ਫੇਰ ਹੁਣ ਥਿੰਦ ਸਾਹਬ ?' ਗਗਨ ਦੇ ਮੂੰਹੋਂ ਨਿਕਲਿਆ।

'ਹੁਣ ਇਹ ਕਿ ਤੇਲ ਦੇਖੋ ਤੇ ਤੇਲ ਦੀ ਧਾਰ ਦੇਖੋ ! ਕੱਲ੍ਹ ਅਤੇ ਅੱਜ ਵਿੱਚ ਹਾਲੇ ਰਾਤ ਬਾਕੀ ਏ ਕਾਕਾ ਜੀ।' ਥਿੰਦ ਹਾਰ ਮੰਨਣ ਵਾਲ਼ਿਆਂ ਵਿੱਚੋਂ ਨਹੀਂ ਸੀ।

ਗਗਨ ਨੂੰ ਆਸ ਬੱਝੀ।

ਪਰ ਤੇਜਵੀਰ ਦਾ ਦਿਮਾਗ਼ ਕਿਤੇ ਹੋਰ ਹੀ ਡਿੱਕ-ਡੋਲੇ ਖਾ ਰਿਹਾ ਸੀ।

ਮੋਢਿਓਂ ਫੜ ਹਲੂਣ ਕੇ ਗਗਨ ਨੇ ਤੇਜਵੀਰ ਦੇ ਖ਼ਿਆਲਾਂ ਦੀ ਲੜੀ ਤੋੜੀ, ਅਤੇ ਉਹ ਦੋਵੇਂ ਥਿੰਦ ਤੋਂ ਆਗਿਆ ਲੈ ਕੇ ਉੱਠ ਖੜ੍ਹੇ ਹੋਏ। ਛਾਲ਼ਾਂ ਮਾਰਦੇ ਆਏ ਦੋਵੇਂ ਮੂੰਹ ਲਟਕਾ ਕੇ ਮੁੜ ਪਏ।

ਦਰਵਾਜ਼ੇ ਕੋਲ਼ ਪਹੁੰਚਣ ਤੋਂ ਪਹਿਲਾਂ ਹੀ ਅਚਾਨਕ ਤੇਜਵੀਰ ਇਉਂ ਵਾਪਿਸ ਮੁੜਿਆ, ਜਿਵੇਂ ਪਿੱਛੇ ਕੁਝ ਭੁੱਲ ਗਿਆ ਹੋਵੇ।



'ਥਿੰਦ ਸਾਹਬ, ਜਦੋਂ ਮੈਂ ਲਾਸ਼ ਨੂੰ ਦੇਖਿਆ ਸੀ ਤਾਂ ਲਾਸ਼ ਦੇ ਨਹੁੰਆਂ ਵਿੱਚ ਕੁਝ ਮਾਸ ਦੇ ਟੁਕੜੇ ਮੌਜੂਦ ਸਨ। ਤੁਸੀਂ ਉਨ੍ਹਾਂ ਨੂੰ ਸੰਨੀ ਦੇ ਲੱਗੀ ਕਿਸੇ ਝਰੀਟ ਨਾਲ਼ ਮੈਚ ਕਰਵਾ ਕੇ ਦੇਖੋ, ਸ਼ਾਇਦ ਗੱਲ ਬਣ ਜਾਏ।'

'ਇਹ ਰੂਟ ਵੀ ਮੈਂ ਆਲਰੈਡੀ ਚੈੱਕ ਕਰ ਚੁੱਕਿਆਂ ਕਾਕਾ ਜੀ।'

'ਤਾਂ ਕੀ ਉਹ ਸੈਂਪਲਜ਼ ਵੀ ਨਹੀਂ ਮੈਚ ਕਰਦੇ ?' ਤੇਜਵੀਰ ਦੇ ਸਵਾਲ ਵਿੱਚੋਂ ਨਿਰਾਸ਼ਾ ਸਾਫ਼-ਸਾਫ਼ ਝਲਕ ਰਹੀ ਸੀ।

'ਕਾਕਾ ਜੀ, ਸੰਨੀ ਦੀ ਬਾੱਡੀ 'ਤੇ ਐਸਾ ਕੋਈ ਨਿਸ਼ਾਨ ਹੀ ਨਹੀਂ ਮਿਲਿਆ।'

ਜਵਾਬ ਸੁਣ ਬੁਰੀ ਤਰ੍ਹਾਂ ਚੌਂਕ ਉੱਠਿਆ ਤੇਜਵੀਰ।

'ਇੱਕ ਆਖ਼ਰੀ ਸਵਾਲ ਥਿੰਦ ਸਾਹਬ, ਕੀ ਉਹ ਪੇਚਕਸ ਸੰਨੀ ਦਾ ਸੀ ?'

'ਨਹੀਂ-ਨਹੀਂ। ਜਦ ਆਪਾਂ ਕੱਲ੍ਹ ਹੀ ਉਸਦੇ ਫ਼ਿੰਗਰ ਪ੍ਰਿੰਟਜ਼ ਮੈਚ ਕਰ ਚੁੱਕੇ ਆਂ ਤਾਂ।'

'ਪਰ ਤੁਸੀਂ ਇੱਕ ਵਾਰ ਉਸ ਨੂੰ ਪੁੱਛ ਕੇ ਤਾਂ ਦੇਖੋ ਥਿੰਦ ਸਾਹਬ।'

ਉਸਨੇ ਥਿੰਦ ਨੂੰ ਵਿੱਚੋਂ ਹੀ ਟੋਕਦਿਆਂ ਜ਼ਿੱਦ ਜਿਹੀ ਕੀਤੀ।

'ਮੇਰੀ ਗੱਲ ਤਾਂ ਪੂਰੀ ਹੋਣ ਦਿਓ ਕਾਕਾ ਜੀ।'

'ਸਾਰੀ ਥਿੰਦ ਸਾਹਬ,' ਤੇਜਵੀਰ ਆਪਣੀ ਕਾਹਲ਼ 'ਤੇ ਸ਼ਰਮਿੰਦਾ ਜਿਹਾ ਹੋ ਗਿਆ।

'ਨੈਵਰ ਮਾਈਂਡ, ਤਾਂ ਮੈਂ ਕਹਿ ਰਿਹਾ ਸੀ ਕਿ ਇਸ ਗੱਲ ਦੀ ਤਸਦੀਕ ਕਰਨ ਲਈ ਮੈਂ ਉਸਨੂੰ ਇਸ ਬਾਬਤ ਸਵਾਲ ਕੀਤਾ ਸੀ, ਪਰ ਇਸਦਾ ਵੀ ਜਵਾਬ ਨਾਂਹ 'ਚ ਹੀ ਸੀ। ਉਸਦਾ ਆਖਣਾ ਸੀ ਕਿ ਉਸ ਰੂਟ 'ਤੇ ਤਾਂ ਉਹ ਆਪਣੇ ਕੋਲ਼ ਕੋਈ ਪੇਚਕਸ ਕੈਰੀ ਹੀ ਨਹੀਂ ਕਰਦਾ ਸੀ, ਬਲਕਿ ਮ੍ਰਿਤਕਾ ਪਹਿਲਾਂ ਤੋਂ ਹੀ ਪੇਚ ਖੋਲ੍ਹ ਕੇ ਰੱਖਦੀ ਸੀ। ਉਹ ਤਾਂ ਬੱਸ ਗਰਿੱਲ ਹਟਾ ਕੇ ਅੰਦਰ ਚਲਾ ਜਾਂਦਾ ਤੇ ਬਾਹਰ ਆ ਕੇ ਗਰਿੱਲ ਨੂੰ ਵਾਪਿਸ ਆਪਣੀ ਜਗ੍ਹਾ 'ਤੇ ਟਿਕਾ ਜਾਂਦਾ। ਪੇਚ ਬਾਅਦ ਵਿੱਚ ਮ੍ਰਿਤਕਾ ਆਪਣੇ ਆਪ ਕਸ ਦਿੰਦੀ ਸੀ।'

'ਤੇ ਮ੍ਰਿਤਕਾ ਦਾ ਉਹ ਪੇਚਕਸ ?'

'ਮੌਕਾਏ-ਵਾਰਦਾਤ 'ਤੋਂ ਬਰਾਮਦ ਕੀਤਾ ਜਾ ਚੁੱਕਾ। ਐਨੀਥਿੰਗ ਐੱਲਸ ?'

ਤੇਜਵੀਰ ਕੋਲ਼ ਹੁਣ ਕੋਈ ਸਵਾਲ ਬਾਕੀ ਨਹੀਂ ਰਿਹਾ ਸੀ।

ਉਥੋਂ ਚੱਲ ਕੇ ਉਹ 'ਰੋਜ਼ਾਨਾ ਖ਼ਬਰਨਾਮਾ' ਦੇ ਆਫ਼ਿਸ ਪੁੱਜੇ।

ਘਰੋ-ਘਰੀਂ ਜਾਣ ਲੱਗਿਆਂ ਗਗਨ ਨੇ ਕੱਲ੍ਹ ਰਾਤ ਦੀ ਘਟਨਾ ਦੇ ਮੱਦੇਨਜ਼ਰ, ਤੇਜਵੀਰ ਨੂੰ ਇਕੱਲੇ ਘਰ ਨਾ ਜਾਣ ਦੀ ਸਲਾਹ ਦਿੱਤੀ। ਤੇਜਵੀਰ ਨੇ ਮਨਿਸਟਰ ਬਾਜਵਾ ਦੇ ਬਦਲੇ ਮੂਡ ਦਾ ਹਵਾਲਾ ਦਿੰਦਿਆਂ ਅਤੇ ਸਰਦੂਲ ਸਿੰਘ ਦੇ ਹਵਾਲਾਤ ਅੰਦਰ ਹੋਣ ਦੀ ਯਾਦ ਦੁਆ ਕੇ, ਗਗਨ ਨੂੰ ਚਿੰਤਾ ਨਾ ਕਰਨ ਲਈ ਕਿਹਾ।

ਆਪਣੇ ਸਣੇ ਆਫ਼ਿਸ ਦੇ ਦੋ ਹੋਰ ਮੁਲਾਜ਼ਮਾਂ ਨੂੰ ਨਾਲ਼ ਛੱਡਣ ਜਾਣ ਲਈ ਜ਼ੋਰ ਦੇ ਰਹੇ ਗਗਨ ਨੇ, ਬੜੇ ਅਨਮਨੇ ਢੰਗ ਨਾਲ਼ ਉਸਦੀ ਜ਼ਿੱਦ ਅੱਗੇ ਝੁਕਦਿਆਂ, ਉਸਨੂੰ ਇਕੱਲਿਆਂ ਘਰ ਜਾਣ ਦਿੱਤਾ।

ਰਸਤੇ 'ਚ ਆਉਂਦਾ ਉਹ ਸੋਚਦਾ ਆ ਰਿਹਾ ਸੀ ਕਿ ਹਾਲਾਤ ਤਾਂ ਕਲਾਬਾਜ਼ੀ-ਦਰ-ਕਲਾਬਾਜ਼ੀ ਮਾਰ ਰਹੇ ਸਨ। ਕੱਲ੍ਹ ਤੱਕ ਸੰਨੀ ਬਾਜਵਾ ਬਾਹਰ ਹੁੰਦਿਆਂ ਵੀ ਸਲਾਖਾਂ ਦੇ ਪਿੱਛੇ ਨਜ਼ਰ ਆ ਰਿਹਾ ਸੀ, ਤੇ ਅੱਜ ਸਲਾਖਾਂ ਦੇ ਪਿੱਛੇ ਹੁੰਦਿਆਂ ਵੀ ਬਾਹਰ ਨਜ਼ਰ ਆ ਰਿਹਾ ਸੀ।

ਮਿਨਿਸਟਰ ਬਾਜਵਾ, ਜੋ ਰਾਤੋਂ-ਰਾਤੀਂ ਗਿਰਗਿਟ ਵਾਂਗੂੰ ਰੰਗ ਬਦਲ ਗਿਆ ਸੀ, ਨੇ ਕੀ ਸਿਰਫ਼ ਆਪਣੀ ਕੁਰਸੀ ਖ਼ਾਤਰ ਹੀ ਸੰਨੀ ਨੂੰ ਬਲ਼ਦੀ ਦੇ ਬੂਥੇ 'ਚ ਦੇ ਦਿੱਤਾ ਸੀ ?

ਜਾਂ ਇਸ ਦੇ ਪਿੱਛੇ ਕੋਈ ਹੋਰ ਵਜ੍ਹਾ ਏ ?

ਜੇ ਹੈ, ਤਾਂ ਕੀ ?

ਕੀ ਸਬੂਤਾਂ ਨਾਲ਼ ਕੋਈ ਛੇੜ-ਛਾੜ ਹੋਈ ਹੈ ?

ਕੀ ਵੱਡੀ ਗੱਲ ਸੀ ਇੱਕ ਕੈਬਨਿਟ ਮਿਨਿਸਟਰ ਲਈ ?

ਪਰ ਥਿੰਦ ਵਰਗੇ ਚੁਸਤ ਪੁਲਿਸ ਅਫ਼ਸਰ ਦੇ ਐਨ ਨੱਕ ਹੇਠੋਂ ?

ਤੇ ਸਭ ਤੋਂ ਵੱਡਾ ਸਵਾਲ।

ਸੰਨੀ ਬਾਜਵਾ ਦੇ ਸਰੀਰ ਦੇ ਉੱਪਰ ਮੌਜੂਦ ਹੋਣੀ ਚਾਹੀਦੀ ਝਰੀਟ ਆਖ਼ਿਰ ਕਿੱਧਰ ਗਈ ?

ਆਖ਼ਿਰ ਕੀ ਗੋਰਖਧੰਦਾ ਸੀ ਇਹ ?

ਇਹਨਾਂ ਹੀ ਸਵਾਲਾਂ ਦੇ ਤਾਣੇ-ਬਾਣੇ 'ਚ ਉਲਝਿਆ ਉਹ ਕਦੋਂ ਆਪਣੀ ਬਿਲਡਿੰਗ ਦੇ ਨਜ਼ਦੀਕ ਜਾ ਪੁੱਜਾ, ਪਤਾ ਹੀ ਨਹੀਂ ਚੱਲਿਆ।

ਉਸਨੇ ਬਿਲਡਿੰਗ ਦੇ ਮੇਨ ਗੇਟ ਵਿੱਚ ਦਾਖ਼ਲ ਹੋਣ ਲਈ ਮੋੜ ਕੱਟਿਆ ਹੀ ਸੀ ਕਿ ਉਸਨੂੰ ਸੱਜੇ ਪਾਸਿਓਂ ਕਰਾੱਸ ਕਰਦੀ ਹੋਈ ਇੱਕ ਤੇਜ਼ ਰਫ਼ਤਾਰ ਜਿਪਸੀ, ਮੇਨ ਗੇਟ ਦੇ ਐਨ ਸਾਹਮਣੇ ਇਉਂ ਤਿਰਛੀ ਹੋ ਕੇ ਖੜ੍ਹੀ ਹੋ ਗਈ, ਕਿ ਤੇਜਵੀਰ ਦੇ ਗੇਟ ਅੰਦਰ ਪ੍ਰਵੇਸ਼ ਕਰਨ ਲਈ ਮੋਟਰ ਸਾਈਕਲ ਜੋਗਾ ਰਸਤਾ ਵੀ ਨਾ ਬਚਿਆ।

ਤੇਜਵੀਰ ਨੇ ਬੜੀ ਮੁਸ਼ਕਿਲ ਨਾਲ਼ ਬਰੇਕ ਲਗਾਈ।

ਉਸਦੀ ਮੋਟਰ ਸਾਈਕਲ ਜਿਪਸੀ ਨਾਲ਼ ਟਕਰਾਉਣੋਂ ਮਸਾਂ ਹੀ ਬਚੀ।

ਲੱਗੇ ਤੀਬਰ ਝਟਕੇ ਤੋਂ ਹਾਲੇ ਮਸਾਂ ਉਹ ਸੰਭਲ਼ਿਆ ਹੀ ਸੀ ਕਿ ਉਸੇ ਰਫ਼ਤਾਰ ਨਾਲ਼ ਉਸਦੇ ਖੱਬੇ ਪਾਸੇ ਇੱਕ ਇਨਡੈਵਰ ਅਤੇ ਸੱਜੇ ਪਾਸੇ ਇੱਕ ਸਫ਼ਾਰੀ ਆ ਖੜ੍ਹੀ ਹੋਈ।

ਅੱਖ ਦੇ ਝਪਕਾਰੇ ਵਿੱਚ ਹੀ ਤਿੰਨਾਂ ਗੱਡੀਆਂ 'ਚੋਂ ਚੌਦਾਂ-ਪੰਦਰਾਂ ਦੇ ਕਰੀਬ ਮੁੰਡਿਆਂ ਨੇ ਬਾਹਰ ਨਿਕਲ ਕੇ ਤੇਜਵੀਰ ਨੂੰ ਘੇਰਾ ਪਾ ਲਿਆ।

ਗਗਨ ਦਾ ਡਰ ਸਹੀ ਨਿਕਲਿਆ ਸੀ। ਗ਼ਲਤੀ ਹੋ ਚੁੱਕੀ ਸੀ।

ਉਨ੍ਹਾਂ ਵਿੱਚੋਂ ਇੱਕ ਪੋਚਵੀਂ ਪੱਗ ਬੰਨ੍ਹੀ, ਗਗਨ ਵਰਗੀਆਂ ਹੀ ਕੁੰਡੀਆਂ ਮੁੱਛਾਂ ਵਾਲ਼ਾ ਨੌਜਵਾਨ ਅੱਗੇ ਵਧਿਆ, ਜੋ ਉਨ੍ਹਾਂ ਦਾ ਗੈਂਗ-ਲੀਡਰ ਜਾਪ ਰਿਹਾ ਸੀ।

ਉਹ ਮੋਟਰ ਸਾਈਕਲ ਨੂੰ ਸਾਈਡ ਸਟੈਂਡ 'ਤੇ ਟਿਕਾ ਕੇ ਉੱਤਰ ਰਹੇ ਤੇਜਵੀਰ ਦੇ ਐਨ ਸਾਹਮਣੇ ਆ ਖੜ੍ਹਿਆ।

'ਗੱਲ ਕਰਨੀ ਆ ਬਾਈ ਤੇਰੇ ਨਾਲ਼।'

ਅੜਬ ਸੁਰ।

ਪੰਗਾ।

'ਫਿਰ ਦੇਖ ਕੀ ਰਹੇ ਓਂ ? ਕਰੋ ਜਿਹੜੀ ਗੱਲ ਤੁਸੀਂ ਕਰਨ ਆਏ ਓਂ। ਤੁਸੀਂ ਐਨੇ ਤੇ ਮੈਂ ਕੱਲਾ, ਗੱਲਾਂ ਤਾਂ ਹੁਣ ਤੁਸੀਂ ਹੀ ਕਰਨੀਆਂ ਹੋਈਆਂ, ਮੈਂ ਤਾਂ ਸੁਣਨੀਆਂ ਹੀ ਨੇ। ਲਾਹ ਲਓ ਚਾਅ।'

ਉਸਨੇ ਸਿਰ ਘੁੰਮਾ ਕੇ ਇੱਕ ਨਜ਼ਰ ਆਪਣੇ ਸਾਥੀਆਂ ਵੱਲ ਦੇਖਿਆ ਤੇ ਮੁੜ ਤੇਜਵੀਰ ਵੱਲ ਸਿੱਧਾ ਹੋ ਗਿਆ।

'ਜੋ ਹੋਊ, ਦੇਖੀ ਜਾਊ, ਜੇ ਕੁੱਟ ਪੈਣੀ ਹੀ ਹੋਈ, ਤਾਂ ਹੌਸਲਾ ਕਿਉਂ ਗਵਾਉਣਾ ਮਨਾਂ।'

ਕੁੱਟ ਖਾਣ ਲਈ ਆਪਣੇ ਆਪ ਨੂੰ ਮਾਨਸਿਕ ਤੌਰ ਤੇ ਤਿਆਰ ਕਰ ਚੁੱਕਿਆ ਤੇਜਵੀਰ, ਬੇਖ਼ੌਫ਼ ਉਸਦੀਆਂ ਅੱਖਾਂ 'ਚ ਅੱਖਾਂ ਪਾ ਝਾਕਿਆ।

'ਗ਼ਲਤ ਸਮਝਿਆ ਬਾਈ, ਅਸੀਂ ਲੜਨ ਨੀ ਆਏ।'

'ਹੌਸਲਾ ਪਰਖਦਾ ਜਾਂ ਹਾਲੇ ਧਮਕੀ ਦੇਣ ਆਇਆ।'

'ਤਾਂ ਫਿਰ ਧਮਕੀ ਜਾਰੀ ਦਿਓ।'

'ਬਾਈ ਕਿਉਂ ਐਵੇਂ ਪੈਰੋਂ ਉੱਖੜੀਂ ਜਾਨਾਂ ਖ਼ਾਮਖ਼ਾਹ ? ਨਾ ਤਾਂ ਅਸੀਂ ਕੋਈ ਧਮਕੀ-ਧੁਮਕੀ ਦੇਣ ਆਏ ਆਂ, ਦਈ ਦੀ ਵੀ ਨੀ, ਤੇ ਨਾ ਹੀ ਲੜਨ ਆਏ ਆਂ। ਤੈਨੂੰ ਪਹਿਲਾਂ ਵੀ ਦੱਸਿਆ ਬਈ ਗੱਲ ਕਰਨ ਆਏ ਆਂ।'

'ਫ਼ੌਜਾਂ ਲੈ ਕੇ ਤਾਂ ਚੜ੍ਹਾਈ ਕੀਤੀ ਜਾਂਦੀ ਐ ਮਿੱਤਰ ਜੀ, ਗੱਲ ਨਹੀਂ।'

ਤੇਜਵੀਰ ਦੀ ਆਖੀ ਇਸ ਗੱਲ ਦਾ ਉਸ ਨੌਜਵਾਨ ਉੱਪਰ ਬੜਾ ਗਹਿਰਾ ਅਸਰ ਹੋਇਆ।

ਉਸਨੇ ਆਪਣੇ ਸਾਥੀਆਂ ਨੂੰ ਇਸ਼ਾਰਾ ਕੀਤਾ। ਉਸਨੂੰ ਮਿਲਾ ਕੇ ਤਿੰਨ ਮਹਾਂਰਥੀਆਂ ਅਤੇ ਇਨਡੈਵਰ ਗੱਡੀ ਨੂੰ ਪਿੱਛੇ ਛੱਡ, ਫ਼ੌਜਾਂ ਜਿਵੇਂ ਆਈਆਂ ਸਨ, ਉਵੇਂ ਹੀ ਹਵਾਈ ਘੋੜਿਆਂ 'ਤੇ ਸਵਾਰ ਹੋ ਕੇ, ਕੂਚ ਕਰ ਗਈਆਂ।

'ਹੁਣ ਖ਼ੁਸ਼ ਆਂ ਬਾਈ ? ਤੈਨੂੰ ਪਹਿਲਾਂ ਈ ਕਿਹਾ ਸੀ ਬਈ ਗੱਲ ਈ ਕਰਨ ਆਏ ਆਂ। ਬੱਸ ਸਾਡਾ ਸਟਾਈਲ ਈ ਇਹੋ-ਜਿਹਾ, ਕੀ ਕਰੀਏ ? ਆਦਤ ਪੈ ਗੀ। ਤੂੰ ਬੱਸ ਠੰਡੇ ਮਤੇ ਨਾਲ਼ ਸਾਡੀ ਗੱਲ ਸੁਣ।'

'ਜੇ ਇਹ ਗੱਲ ਏ ਤਾਂ ਫਿਰ ਅੰਦਰ ਬੈਠਕੇ ਗੱਲ ਕਰੀਏ ?'

ਉਸਨੇ ਆਪਣੇ ਸਾਥੀਆਂ ਵੱਲ ਝਾਤ ਮਾਰੀ ਤਾਂ ਸਭ ਦੇ ਸਿਰ ਹਾਮੀ ਭਰਦਿਆਂ ਹਿੱਲੇ।

'ਤਾਂ ਫਿਰ ਚੱਲ ਬਾਈ।'

ਇਹ ਸੁਣ ਤੇਜਵੀਰ ਨੇ ਮੋਟਰ ਸਾਈਕਲ ਠੇਲ੍ਹ ਕੇ ਕੰਪਾਊਂਡ ਦੇ ਅੰਦਰ ਕੀਤਾ, ਤੇ ਉਨ੍ਹਾਂ ਦੇ ਅੱਗੇ ਲੱਗ ਤੁਰਿਆ।

ਏਨੇ ਨੂੰ ਉਨ੍ਹਾਂ ਵਿੱਚੋਂ ਇਕ ਜਣੇ ਨੇ ਗੱਡੀ ਟਿਕਾਣੇ ਸਿਰ ਪਾਰਕ ਕਰ ਲਈ ਸੀ ਤੇ ਉਹ ਚੁੱਪਚਾਪ ਤੇਜਵੀਰ ਦੇ ਪਿੱਛੇ ਲੱਗ ਤੁਰੇ।

ਤੇਜਵੀਰ ਨੇ ਚੌਹਾਨ ਸਾਹਬ ਤੋਂ ਚਾਬੀ ਹਾਸਲ ਕੀਤੀ।

ਪਿਛਲੀ ਰਾਤ ਹੋਈ ਘਟਨਾ ਦੇ ਮੱਦੇਨਜ਼ਰ ਮੁੰਡਿਆਂ ਨੂੰ ਦੇਖ ਕੇ ਚੌਹਾਨ ਸਾਹਬ ਦੇ ਮੱਥੇ 'ਤੇ ਪਈਆਂ ਚਿੰਤਾ ਦੀਆਂ ਲਕੀਰਾਂ ਨੂੰ ਪੜ੍ਹਦਿਆਂ, ਤੇਜਵੀਰ ਨੇ ਅੱਖਾਂ ਹੀ ਅੱਖਾਂ ਵਿੱਚ ਉਨ੍ਹਾਂ ਨੂੰ 'ਸਭ ਠੀਕ ਹੈ' ਦਾ ਦਿਲਾਸਾ ਦਿੱਤਾ ਅਤੇ ਫ਼ਲੈਟ ਅੰਦਰ ਪ੍ਰਵੇਸ਼ ਕਰ ਗਿ

(ਚਲਦਾ)

ਕਹਾਣੀ

# ਲੰਮੀਆਂ ਵਾਟਾਂ

ਪਰਵੀਨ ਮਲਿਕ

ਪਹਿਲੀ ਕਿਸ਼ਤ

ਬੜਾ ਈ ਲੰਮਾਂ ਪੈਂਡਾ ਸੀ। ਸ਼ਮਸ਼ਾਦ ਨੂੰ ਇੰਝ ਲੱਗ ਰਿਹਾ ਸੀ ਜਿਵੇਂ ਉਹ ਅਜ਼ਲਾਂ ਤੋਂ ਇਸ ਖੋਚਲੇ ਜਿਹੇ ਟਾਂਗੇ ਵਿੱਚ ਝੰਝੋਕੇ ਖਾਂਦੀ ਤੁਰੀ ਜਾ ਰਹੀ ਹੋਵੇ। ਮਾੜਤਾ ਜਿਹਾ ਘੋੜਾ ਇੰਝ ਆਵਾਜ਼ਾਰ ਜਿਹਾ ਟੁਰਿਆ ਜਾ ਰਿਹਾ ਸੀ ਜਿਵੇਂ ਦੁਲਕੀ ਚਲਦਿਆਂ ਉਸ ਨੂੰ ਸੌੜ ਪੈਂਦਾ ਹੋਵੇ ਤੇ ਟਾਂਗੇ ਵਾਲਾ ਜਿਹੜਾ ਘੋੜੇ ਦਾ ਹਾਣੀ ਵੀ ਲੱਗਦਾ ਸੀ, ਦੜ ਵੱਟ ਕੇ ਬੈਠਾ ਸੀ ਜਿਵੇਂ ਉਨ੍ਹਾਂ ਨੂੰ ਪਤਾ ਹੋਵੇ ਪਈ ਭਾਵੇਂ ਉਹ ਹਿੱਕ ਦਾ ਸਾਰਾ ਜ਼ੋਰ ਵੀ ਲਾ ਲਵੇ ਤੇ ਫੇਰ ਵੀ ਘੋੜੇ ਨੇ ਇਸ ਤੋਂ ਤੇਜ਼ ਨਹੀਂ ਟੁਰ ਸਕਣਾ। ਪਰ ਸ਼ਮਸ਼ਾਦ ਨੂੰ ਹੁਣ ਗੁੱਸਾ ਆਉਣ ਲੱਗ ਪਿਆ ਸੀ, ਐਹ ਕਿਹੋ ਜਿਹਾ ਬੰਦਾ ਏ। ਟਾਂਗੇ ਵਾਲੇ ਤਾਂ ਚਾਬਕ ਹੱਥ ਵਿਚੋਂ ਛੱਡਦੇ ਵੀ ਨਹੀਂ ਨਾਲੇ ਰੌਲਾ ਪਾਈ ਜਾਂਦੇ ਨੇ। ਐਹ ਜਦੋਂ ਦਾ ਟੁਰਿਆ ਏ ਇਕ ਲਫਜ਼ ਨਹੀਂ ਬੋਲਿਆ, ਨਾ ਚਾਬਕ ਨੂੰ ਹੱਥ ਲਾਇਆ ਏ, ਬਸ ਘੁੰਨ ਮਸੁੰਨ ਬੈਠਾ ਏ, ਐਹ ਕੇਹ ਤੋੜ ਪਹੁੰਚਾਏਗਾ, ਖੌਰੇ ਕਿੱਥੇ ਜਵਾਬ ਦੇ ਜਾਵੇ, ਫੇਰ ਕੇਹ ਬਣੇਗਾ?

ਆਲੇ ਦੁਆਲੇ ਕੋਈ ਆਬਾਦੀ ਵੀ ਨਹੀਂ ਦਿਸਦੀ, ਸ਼ਮਸ਼ਾਦ ਨੂੰ ਘਬਰਾ ਜਿਹਾ ਪੈਣ ਲੱਗ ਪਿਆ, 'ਟਾਂਗੇ ਵਾਲੇ ਜ਼ਰਾ ਤੇਜ਼ ਚਲ ਬਈ, ਇੱਥੇ ਈ ਸ਼ਾਮ ਪੁਆਵੇਂਗਾ' ਟਾਂਗੇ ਵਾਲੇ ਨੇ ਪਿੱਛੇ ਮੁੜ ਕੇ ਵੇਖਿਆ ਫੇਰ ਪਹਿਲੀ ਵਾਰੀ ਬੋਲਿਆ, 'ਤੁਸੀਂ ਘਬਰਾਓ ਨਹੀਂ ਬੀਬੀ, ਮੇਰੇ ਮੌਲਾ ਨੂੰ ਮਨਜ਼ੂਰ ਏ ਤਾਂ ਸ਼ਾਮੀਂ ਤੀਕਰ ਅੱਪੜ ਜਾਵਾਂਗੇ।'

'ਅੱਛਾ' ਸ਼ਮਸ਼ਾਦ ਨੇ ਉਸਾਸ ਮਾਰਿਆ ਤੇ ਫੇਰ ਇੱਧਰ ਉਧਰ ਵੇਖਣ ਲੱਗ ਪਈ ਪਰ ਵੇਖਣ ਵਾਲੀ ਕੋਈ ਚੀਜ਼ ਈ ਨਹੀਂ ਸੀ। ਜਦੋਂ ਗੱਡੀ ਤੋਂ ਲਹਿ ਕੇ ਉਹ ਤੇ ਮਾਈ ਨਰਾਂ ਟੇਸ਼ਨ ਤੋਂ ਬਾਹਰ ਆਈਆਂ ਤਾਂ ਐਹ ਇਕੋ ਈ ਟਾਂਗਾ ਸਾਹਮਣੇ ਖੜ੍ਹਾ ਸੀ ਨਾਲੇ ਉਦੋਂ ਸ਼ਹਿਰ ਦੀ ਜੰਮਪਲ ਸ਼ਮਸ਼ਾਦ ਨੂੰ ਨਹੀਂ ਸੀ ਪਤਾ ਬਈ ਟਾਂਗੇ ਤੇ ਚੌਦਾਂ ਮੀਲ ਦਾ ਪੈਂਡਾ ਚੌਦਾਂ ਸੌ ਮੀਲਾਂ ਦੇ ਬਰਾਬਰ ਹੋ ਜਾਵੇਗਾ।

ਉਹ ਤੇ ਬੱਸਾਂ, ਰਿਕਸ਼ਿਆਂ ਤੇ ਸਫਰ ਕਰਨ ਗਿੱਝੀ ਹੋਈ ਸੀ। ਐਹ ਹੋਰ ਗੱਲ ਪਈ ਸਵਾਰੀ ਦੇ ਇੰਤਜ਼ਾਰ ਵਿਚ ਕਿੰਨੇ ਘੰਟੇ ਖੱਜਲ ਖੁਆਰ ਹੋਣਾ ਪੈਂਦਾ ਸੀ। ਪਰ ਐਹ ਬੜੀ ਆਵਾਜ਼ਾਰੀ ਆਲੀ ਗੱਲ ਐ ਜੇ ਬੰਦਾ ਟੁਰਦਾ ਹੋਇਆ ਵੀ ਅੱਗੇ ਨਾ ਵੱਧ ਰਿਹਾ ਹੋਵੇ। ਖੌਰੇ ਸ਼ਮਸ਼ਾਦ ਨੂੰ ਸਾਰੀ ਹਯਾਤੀ ਐਹੋ ਜਿਹੇ ਪੈਂਡੇ ਨਾਲ ਵਾਹ ਨਾ ਪੈਂਦਾ ਜੇ 'ਇਨਸਪੈਕਟਰ ਆਫ ਸਕੂਲ' ਮਿਸ ਰਿਜ਼ਵੀ ਨੇ ਉਸ ਨੂੰ ਬੁਲਾ ਕੇ ਕਿਹਾ ਨਾ ਹੁੰਦਾ :

'ਸ਼ਮਸ਼ਾਦ ਤੇਰੀ ਰਿਪੋਰਟ ਬਹੁਤ ਅੱਛੀ ਏ, ਸਾਨੂੰ ਤੇਰੇ ਤੇ ਫ਼ਖ਼ਰ ਏ, ਹੁਣ ਤੇਰੀ ਹਿੰਮਤ ਵੇਖਣੀ ਏ, ਤੇਰੇ ਤੋਂ ਪਹਿਲਾਂ ਪੰਜ ਉਸਤਾਦਨੀਆਂ 'ਤਖਤ ਪੜੀ' ਦਿਆਂ ਲੋਕਾਂ ਨਾਲ ਟੱਕਰਾਂ ਮਾਰਕੇ ਆ ਗਈਆਂ ਨੇ ਤੇ ਸਕੂਲ ਨਹੀਂ ਚਲਾ ਸਕੀਆਂ, ਤੂੰ ਸਾਡੀ ਆਖ਼ਰੀ ਉਮੀਦ ਏਂ, ਜੇ ਤੂੰ ਵੀ ਮੁੜ ਆਈ ਤਾਂ ਫੇਰ ਸਕੂਲ ਬੰਦ ਈ ਕਰਨਾ ਪਵੇਗਾ।'

ਸ਼ਮਸ਼ਾਦ ਨੇ ਹਾਮੀ ਭਰ ਲਈ ਕਿਉਂ ਜੇ ਇਕ ਸਕੂਲ ਦੇ ਬੰਦ ਹੋਣ ਦਾ ਮਤਲਬ ਸੀ ਆਪਣੇ ਹੱਥੀਂ ਇਕ ਦੀਵਾ ਬੁਝਾਉਣਾ ਇਸ ਕਰਕੇ ਉਹਨੇ ਸਕੂਲ ਦੀ ਮਾਈ ਨੂਰਾਂ ਨੂੰ ਨਾਲ ਲਿਆ ਤੇ ਈਸ਼ਵਰ ਦਾ ਨਾਂ ਲੈ ਕੇ ਟੁਰ ਪਈ। ਐਹ ਤੇ ਉਸ ਨੂੰ ਪਤਾ ਸੀ ਪਈ ਗੱਡੀ ਤੋਂ ਲਹਿ ਕੇ ਥੋੜ੍ਹਾ ਜਿਹਾ ਪੈਂਡਾ ਕਿਸੇ ਹੋਰ ਸਵਾਰੀ ਤੇ ਕਰਨਾ ਪਵੇਗਾ ਪਰ ਐਹ ਨਹੀਂ ਸੀ ਪਤਾ ਜੇ ਸਵਾਰੀ ਦੇ ਨਾਲ ਐਹੋ ਜਿਹਾ ਟਾਂਗਾ ਉਸ ਨੂੰ ਉਡੀਕਦਾ ਹੋਵੇਗਾ।

ਸਟੇਸ਼ਨ ਤੇ ਥੋੜ੍ਹੀ ਰੌਣਕ ਸੀ, ਇਕ ਪਕੌੜਿਆਂ ਵਾਲਾ ਆਪਣਾ ਛਾਬਾ ਲਈ ਖੜ੍ਹਾ ਸੀ, ਦੋ-ਤਿੰਨ ਕੁਲੀ ਇੱਧਰ ਉਧਰ ਫਿਰਦੇ ਸਨ ਤੇ ਸਟੇਸ਼ਨ ਮਾਸਟਰ ਲਾਲ-ਹਰੀਆਂ ਝੰਡੀਆਂ ਲੈ ਕੇ ਪਲੇਟ ਫਾਰਮ ਤੇ ਖੜ੍ਹਾ ਸੀ। ਇਕ ਪਾਸੇ ਚਾਹ ਦਾ ਖੋਖਾ ਵੀ ਬਣਿਆ ਹੋਇਆ ਸੀ ਜਿਹਦੇ 'ਤੇ ਮੱਖੀਆਂ ਪਈਆਂ ਭਿਣਕਦੀਆਂ ਸਨ ਪਰ ਸਟੇਸ਼ਨ ਤੋਂ ਨਿਕਲਦਿਆਂ ਈ ਪਤਲੀ ਜਿਹੀ ਸੜਕ ਤੇ ਕਿਸੇ ਬੰਦੇ ਦਾ ਪਰਛਾਵਾਂ ਵੀ ਨਹੀਂ ਸੀ ਨਜ਼ਰ ਆ ਰਿਹਾ। ਜਿਥੇ ਤੱਕ ਨਜ਼ਰ ਜਾਂਦੀ ਸੀ ਉਚੇ ਨੀਵੇਂ ਟਿੱਬੇ ਤੋਂ ਉਨ੍ਹਾਂ ਤੇ ਝਾੜੀਆਂ ਵਰਗੇ ਵਿਰਲੇ ਦਰੱਖਤ ਵੀ ਦਿਸਦੇ ਸਨ। ਸੜਕ ਦੇ ਨਾਲ ਨਾਲ ਵੀ ਐਹੋ ਜਿਹੇ ਦਰੱਖਤ ਲੱਗੇ ਹੋਏ ਸਨ ਤੇ ਉਨ੍ਹਾਂ ਦਿਆਂ ਖੌਰਿਆਂ ਪੱਤਰਾਂ ਤੇ ਧੂੜ ਇੰਜ ਜੰਮੀ ਹੋਈ ਸੀ ਜਿਵੇਂ ਉਹ ਕਿਸੇ ਕੁਚੱਜੀ ਮਾਂ ਦੇ ਬਾਲ ਹੋਣ। ਮਾਈ ਨੂਰਾਂ ਅਗਲੀ ਸੀਟ 'ਤੇ ਬੈਠੀ ਉਂਘਲਾਉਂਦੀ ਪਈ ਸੀ। ਟਾਂਗੇ ਵਾਲਾ ਵੀ ਸਾਹਮਣੇ ਸੜਕ ਤੇ ਨਜ਼ਰਾਂ ਜਮਾ ਕੇ ਬੈਠਾ ਸੀ ਪਰ ਕਦੀ ਉਹ ਅੱਖਾਂ ਮੀਟ ਕੇ ਵੀ ਬਹਿ ਰਹਿੰਦਾ ਤਾਂ ਫਰਕ ਕੋਈ ਨਹੀਂ ਸੀ ਪੈਣਾ ਕਿਉਂ ਜੇ ਘੋੜੇ ਨੇ ਸਿੱਧੇ ਤੁਰਦੇ ਈ ਜਾਣਾ ਸੀ ਤੇ ਅੱਗੋਂ ਕੋਈ ਸ਼ੈਅ ਆਉਂਦੀ ਨਹੀਂ ਸੀ ਪਈ ਜਿਸ ਦੇ ਕੋਲੋਂ ਬਚਾਉਣਾ ਪੈਂਦਾ। ਘੋੜੇ ਦੇ ਕਦਮ ਇਕ ਤਾਲ ਵਿਚ ਸੜਕ 'ਤੇ ਪੈ ਰਹੇ ਸਨ ਜਿਵੇਂ ਨਾਚਾ ਨਾਚ ਨਚਦਾ ਹੋਵੇ। 'ਇਕ, ਇਕ, ਟੁੱਕ, ਟੁੱਕ' ਇਸ ਤਾਲ ਨਾਲ ਸੁਰ ਮਿਲਾਉਣ ਲਈ ਟਾਂਗੇ ਵਾਲਾ ਹੌਲੇ ਹੌਲੇ ਗਾਵਣ ਲੱਗ ਪਿਆ।

'ਉਏ ਲੰਮੀਆਂ ਸੜਕਾਂ 'ਤੇ, ਸੁੰਮ ਵਜਦਾ ਘੋੜੇ ਦਾ,



ਮੈਂਡੇ ਜਿਹਾ ਦਿਲ ਹੋਵੀ ਪਤਾ ਲੱਗੀ ਵਿਛੋੜੇ ਦਾ' ਮਾਈ ਨੂਰਾਂ ਸ਼ਾਇਦ ਸੌਂ ਚੁੱਕੀ ਸੀ। ਉਹਦਾ ਤਰਾਹ ਨਿਕਲ ਗਿਆ ਤੇ ਟਾਂਗੇ ਵਾਲੇ ਸ਼ਰਮਿੰਦਾ ਜਿਹਾ ਹੋ ਕੇ ਚੁੱਪ ਕਰ ਗਿਆ। ਹੁਣ ਫੇਰ ਹਰ ਪਾਸੇ ਚੁੱਪ ਸੀ। ਹੌਲੇ ਹੌਲੇ ਟਾਂਗਾ ਅੱਗੇ ਵੱਧ ਰਿਹਾ ਸੀ। ਘੋੜੇ ਦੇ ਕਦਮ ਹੁਣ ਬੇਤਾਲੇ ਪੈ ਰਹੇ ਸਨ। ਸ਼ਮਸ਼ਾਦ ਨੇ ਇਕ ਬਾਂਹ ਦੋਨਾਂ ਸੀਟਾਂ ਦੇ ਵਿਚਕਾਰਲੇ ਫੱਟੇ 'ਤੇ ਰੱਖੀ ਤੇ ਚੰਗੀ ਤਰ੍ਹਾਂ ਟੇਕ ਲਗਾ ਕੇ ਅੱਖਾਂ ਮੀਟ ਲਈਆਂ। ਉਹ ਜਹਾਜ਼ ਵਿਚ ਉਡਦੀ ਜਾ ਰਹੀ ਸੀ, ਜਹਾਜ ਬੱਦਲਾਂ ਉਤੇ ਜਿਵੇਂ ਤਰਦਾ ਜਾ ਰਿਹਾ ਸੀ, ਫੇਰ ਇਕ ਦਮ ਜ਼ਮੀਨ ਵੱਲ ਆਣ ਲੱਗ ਪਿਆ। ਜ਼ੋਰ ਦਾ ਝਟਕਾ ਲੱਗਿਆ ਤੇ ਉਹ ਦੇ ਮੂੰਹ ਵਿਚੋਂ ਚੀਕ ਨਿਕਲ ਗਈ। ਮਾਈ ਨੂਰਾਂ ਘਬਰਾ ਕੇ ਪਿੱਛੇ ਮੁੜੀ ਤੇ ਟਾਂਗੇ ਵਾਲੇ ਨੇ ਇਕ ਦਮ ਰਾਸਾਂ ਖਿੱਚ ਲਈਆਂ। ਘੋੜਾ ਜ਼ਰਾ ਥਿੜਪਾ ਕੇ ਖਲੋ ਗਿਆ।

'ਕੇਹ ਹੋਇਆ, ਮਿਸ ਸਾਹਿਬਾ' ਮਾਈ ਨੂਰਾਂ ਨੇ ਪੁੱਛਿਆ।

'ਕੁੱਝ ਨਹੀਂ, ਸ਼ਾਇਦ ਮੈਂ ਸੌਂਦੀ ਜਾ ਰਹੀ ਸੀ, ਤਰਾਹ ਨਿਕਲ ਗਿਆ ਏ' ਸ਼ਮਸ਼ਾਦ ਨੇ ਮੱਥੇ ਤੋਂ ਪਸੀਨਾ ਪੂੰਝ ਕੇ ਜਵਾਬ ਦਿੱਤਾ ਤੇ ਟਾਂਗਾ ਫੇਰ ਟੁਰ ਪਿਆ। ਹੁਣ ਸੜਕ ਦੇ ਨਾਲ ਮਾੜੇ ਮਾੜੇ ਖੇਤ ਦਿਸ ਰਹੇ ਸਨ। ਜਿਨ੍ਹਾਂ ਵਿਚ ਨਿੱਕੇ ਮੋਟੇ ਵੱਟੇ ਈ ਵੱਟੇ ਖਿਲਰੇ ਹੋਏ ਸਨ। ਉਹਨਾਂ ਵੱਟਿਆਂ ਤੋਂ ਬਚ ਬਚਾ ਕੇ ਕਣਕਾਂ ਨੇ ਸਿਰ ਕੱਢ ਲਿਆ ਸੀ। ਤੇ ਹੁਣ ਫਸਲ ਤਿਆਰ ਸੀ। 'ਐਹ ਤੇ ਬਹਾਰ ਦਾ ਮੌਸਮ ਐ' ਸ਼ਮਸ਼ਾਦ ਨੂੰ ਯਾਦ ਆਇਆ। ਪਰ ਆਲੇ ਦੁਆਲੇ ਬਹਾਰ ਦੀ ਰੁੱਤ ਦੀ ਕੋਈ ਨਿਸ਼ਾਨੀ ਨਜ਼ਰ ਨਹੀਂ ਸੀ ਆ ਰਹੀ। 'ਵੱਟਿਆਂ ਵਿਚ ਆ ਕੇ ਸ਼ਾਇਦ ਬਹਾਰ ਦੀ ਰੁੱਤ ਵੀ ਕਿਧਰੇ ਪੱਧਰ ਬਣ ਗਈ ਹੋਈ ਏ' ਸ਼ਮਸ਼ਾਦ ਨੇ ਸੋਚਿਆ ਤੇ ਆਪਣੇ ਖਿਆਲ ਤੇ ਆਪੇ ਮੁਸਕਰਾ ਪਈ।

ਦੁਪਹਿਰ ਦੀ ਰੋਟੀ ਉਨ੍ਹਾਂ ਨੇ ਗੱਡੀ ਵਿੱਚ ਹੀ ਖਾ ਲਈ ਸੀ ਪਰ ਟਾਂਗੇ ਦੇ ਹੁਚਕਿਆਂ ਨਾਲ ਫੇਰ ਭੁੱਖ ਲੱਗ ਆਈ ਨਾਲੇ ਤ੍ਰੇਹ ਵੀ ਲੱਗ ਪਈ ਸੀ। ਪਰ ਪਾਣੀ ਇੱਥੇ ਕਿੱਥੇ? ਸ਼ਮਸ਼ਾਦ ਨੇ ਸੱਜੇ ਖੱਬੇ ਨਜ਼ਰ ਮਾਰੀ। ਦੂਰ ਇਕ ਖੇਤ ਵਿੱਚ ਕੁਝ ਬੰਦੇ ਨਜ਼ਰ ਆ ਰਹੇ ਸਨ ਪਰ ਉਹ ਹਾਲੀ ਬਹੁਤ ਦੂਰ ਸਨ। ਸਾਇਦ ਟਾਂਗੇ ਵਾਲੇ ਨੂੰ ਪਤਾ ਹੋਵੇ। ਤਰੇਹ ਉਸ ਦੇ ਸੰਘ ਵਿੱਚ ਕੰਡਿਆਂ ਵਾਂਗੂ ਚੁਭਣ ਲੱਗ ਪਈ।

'ਟਾਂਗੇ ਵਾਲੇ, ਕਿਧਰੇ ਪਾਣੀ ਮਿਲ ਜਾਵੇਗਾ?' ਸ਼ਮਸ਼ਾਦ ਨੇ ਪੁੱਛਿਆ। 'ਪਾਣੀ' ਟਾਂਗੇ ਵਾਲਾ ਸੋਚੀਂ ਪੈ ਗਿਆ। 'ਸ਼ਾਇਦ ਉਨ੍ਹਾਂ ਕੋਲੋਂ ਲੱਭ ਜਾਏ' ਉਹ ਨੇ ਦੂਰ ਨਜ਼ਰ ਆਉਂਦਿਆਂ ਬੰਦਿਆਂ ਵੱਲ ਇਸ਼ਾਰਾ ਕਰ ਕੇ ਕਿਹਾ ਤੇ ਫਿਰ ਪਹਿਲੀ ਵਾਰੀ ਘੋੜੇ ਨੂੰ ਹੁਸ਼ਕਾਰਿਆ, 'ਸ਼ਾਵਾਂ ਬਈ, ਟੁਰ ਪਓ ਹੁਣ' ਤੇ ਘੋੜੇ ਨੇ ਸੱਚੀ ਮੁੱਚੀ ਕਦਮ ਤੇਜ਼ ਕਰ ਦਿੱਤੇ।

ਟਾਂਗਾ ਤੁਰਿਆ ਤਾਂ ਸ਼ਮਸ਼ਾਦ ਛਾਲ ਮਾਰ ਕੇ ਲਹਿ ਆਈ। 'ਤੌਬਾ ਲੱਤਾਂ ਦੀ ਜੁੜ ਗਈਆਂ ਨੇ ਬੈਠਿਆਂ ਬੈਠਿਆਂ' 'ਮਿਸ ਸਾਹਿਬਾ! ਪਾਣੀ ਲੈ ਆਵਾਂ' ਮਾਈ ਨੂਰਾਂ ਨੇ ਪੁੱਛਿਆ ਤਾਂ ਸ਼ਮਸ਼ਾਦ ਬੋਲੀ, 'ਨਹੀਂ ਮਾਈ ਤੂੰ ਰਹਿਣ ਦੇ ਮੈਂ ਆਪੇ ਜਾ ਕੇ ਪੀ ਲਵਾਂਗੀ, ਜੇ ਤੈਨੂੰ ਤਰੇਹ ਲੱਗੀ ਏ ਤਾਂ ਤੂੰ ਵੀ ਨਾਲ ਆ ਜਾ।' 'ਹੱਛਾ ਜੀ' ਨੂਰਾਂ ਉਹਦੇ ਨਾਲ ਵੇਖਣ ਟੁਰ ਪਈ। ਖੇਤ ਦੇ ਵਿਚਕਾਰ ਇਕ ਬੂਟਾ ਖੜ੍ਹਾ ਸੀ। ਉਹਦੀ ਛਾਵੇਂ ਇਕ ਅੱਧਖੜ ਉਮਰ ਦਾ ਬੰਦਾ ਬੈਠਾ ਚੋਲਾ ਹਿਲਾ ਹਿਲਾ ਮੁੜਕਾ ਸੁਕਾ ਰਿਹਾ ਸੀ। ਦੋ ਹੋਰ ਬੰਦੇ ਕਣਕ ਕਟ ਰਹੇ ਸਨ। ਸ਼ਮਸ਼ਾਦ ਤੇ ਮਾਈ ਨੂਰਾਂ ਨੂੰ ਆਪਣੇ ਵੱਲ ਆਉਂਦਿਆਂ ਵੇਖ ਕੇ ਉਨ੍ਹਾਂ ਨੇ ਹੱਥ ਰੋਕ ਲਏ ਤੇ ਮੱਥੇ ਤੇ ਹੱਥ ਰੱਖ ਕੇ ਉਨ੍ਹਾਂ ਵੇਖਣ ਲੱਗ ਪਏ ਜਿਵੇਂ ਸਿਆਨਣ ਦੀ ਕੋਸ਼ਿਸ਼ ਕਰ ਰਹੇ ਹੋਣ। ਬੂਟ ਥੱਲੇ ਬੈਠਾ ਬੰਦਾ ਉਠ ਖਲੋਤਾ।

'ਅਸਲਾਮਾਂ ਲੇਕਮ', ਸ਼ਮਸ਼ਾਦ ਨੇ ਸਲਾਮ ਕੀਤਾ ਤਾਂ ਸਾਰੇ ਕੁਝ ਚਿਰ ਉਹਦੇ ਵੱਲ ਵੇਖਦੇ ਰਹਿ ਗਏ। ਅਖੀਰ ਇਕ ਨੇ ਹੌਲੇ ਜਿਹਾ ਜਵਾਬ ਦਿੱਤਾ 'ਵਾ ਅਲੋਕਮ ਸਲਾਮ'। 'ਥੋੜ੍ਹਾ ਪਾਣੀ ਮਿਲ ਜਾਏਗਾ' ਸ਼ਮਸ਼ਾਦ ਨੇ ਪੁੱਛਿਆ ਤਾਂ ਫੇਰ ਸਾਰੇ ਇਕ ਦੂਜੇ ਵੱਲ ਵੇਖਣ ਲੱਗ ਪਏ ਜਿਵੇਂ ਅੱਖਾਂ ਅੱਖਾਂ ਵਿੱਚ ਪੁੱਛਦੇ ਹੋਣ ਪਾਣੀ ਦੇਈਏ ਜਾਂ ਨਾ ਦੇਈਏ। ਫੇਰ ਉਨ੍ਹਾਂ ਵਿਚੋਂ ਇਕ ਉਠਿਆ ਤੇ ਉਧਰ ਟੁਰ ਪਿਆ ਜਿਧਰ ਪੂਲਿਆਂ ਦਾ ਢੇਰ ਲੱਗਿਆ ਹੋਇਆ ਸੀ। ਦੋ ਚਾਰ ਪੂਲਿਆਂ ਨੂੰ ਇਧਰ ਉਧਰ ਹਟਾ ਕੇ ਨਿੱਕਾ ਜਿਹਾ ਘੜਾ ਕੱਢਿਆ ਜਿਹੜਾ ਕੋਰੇ ਬੱਠਲ ਨਾਲ ਢਕਿਆ ਹੋਇਆ ਸੀ, ਉਹਨੇ ਬਿਸਮਿਲਾ ਕਹਿ ਕੇ ਬੱਠਲ ਵਿਚ ਪਾਈ ਪਰਤਿਆ ਤੇ ਸ਼ਮਸ਼ਾਦ ਵੱਲ ਵਧਾ ਦਿੱਤਾ। ਸ਼ਮਸ਼ਾਦ ਨੇ ਬਠਲ ਮੂੰਹ ਨਾਲ ਲਾਇਆ ਤਾਂ ਪਾਣੀ ਵਿਚੋਂ ਉਠਦੀ ਮਿੱਟੀ ਦੀ ਠੰਡੀ ਠੰਡੀ ਖ਼ੁਸ਼ਬੂ ਅੱਗੇ ਵੱਧ ਕੇ ਉਹਦੇ ਗਲ਼ ਆਣ ਲੱਗੀ ਜਿਵੇਂ ਕੋਈ ਵਿਛੜੀ ਸਹੇਲੀ ਮਿਲਦੀ ਏ। ਉਹ ਡੀਕ ਲਾ ਕੇ ਪਾਣੀ ਪੀ ਗਈ ਤੇ ਬੱਠਲ ਉਸ ਬੰਦੇ ਨੂੰ ਮੋੜ ਦਿੱਤਾ। ਮਾਈ ਨੂਰਾਂ ਝਟਪਟ ਬੋਲੀ, 'ਪੁੱਤਰ ਮੈਨੂੰ ਵੀ ਪਾਣੀ ਦੇ ਦੇ।' ਉਹ ਮਾਈ ਨੂਰਾਂ ਨੂੰ ਪਾਣੀ ਦੇਣ ਲੱਗਾ ਤਾਂ ਸ਼ਮਸ਼ਾਦ ਐਧਰ ਉਧਰ ਵੇਖਣ ਲੱਗ ਪਈ। ਦੂਰ ਦੂਰ ਤੱਕ ਕਿਸੇ ਖੂਹ ਦੇ ਅਸਾਰ ਨਹੀਂ ਸਨ ਨਜ਼ਰ ਆ ਰਹੇ।

'ਤੁਹਾਨੂੰ ਪਾਣੀ ਕਿਧਰੋਂ ਦੂਰੋ ਲਿਆਉਣਾ ਪੈਂਦਾ ਏ' ਉਹ ਪੁੱਛ ਈ ਬੈਠੀ। 'ਆਹੋ ਬੀਬੀ' ਅੱਧਾ ਪੱਕੀ ਉਮਰ ਦਾ ਬੰਦਾ ਜਿਹੜਾ ਬਰੋਟੇ ਥਲਿਓਂ ਉਠ ਕੇ ਆਇਆ ਸੀ ਬੋਲਿਆ। 'ਇਥੋਂ ਕੋਈ ਤਿੰਨ ਚਾਰ ਮੀਲ ਦੇ ਪੈਂਡੇ 'ਤੇ ਖੂਹ ਹੈ ਉਥੋਂ ਹੀ ਪਾਣੀ ਲਿਆਈਦਾ ਏ। ਪਰ ਐਹ ਪਾਣੀ ਪੀਣ ਲਈ ਹੋਂਦਾ ਏ। ਕੱਪੜੇ ਕੁਪੜੇ ਧੋਣ ਆਸਤੇ ਕੱਸੀ ਤੇ ਜਾਣਾ ਪੈਂਦਾ, ਉਹ ਜ਼ਰਾ ਦੁਰਾਡੀ ਏ।

'ਅੱਛਾ' ਸ਼ਮਸ਼ਾਦ ਹੈਰਾਨ ਜਿਹੀ ਰਹਿ ਗਈ, 'ਪਰ ਤੁਸੀਂ ਇਥੇ ਹੀ ਕਿਉਂ ਨਹੀਂ ਖੂਹ ਖੁਦਵਾ ਲੈਂਦੇ। ਸਾਰਿਆਂ ਨੂੰ ਪਾਣੀ ਦੀ ਸਹੂਲਤ ਹੋ ਜਾਵੇਗੀ।'

'ਇੱਥੇ ਖੂਹ ਨਹੀਂ ਪੁੱਟਿਆ ਜਾ ਸਕਦਾ।'

'ਕਿਉਂ ਭਲਾ?

'ਓ ਜੀ-ਬਾਰਾਂ ਚੌਦਾਂ ਗਜਾਂ ਤੋਂ ਬਾਅਦ ਪੜ੍ਹਾ ਆ ਜਾਂਦਾ ਏ, ਉਹ ਰਾਹ ਦੇਵੇ ਤਾਂ ਪਾਣੀ ਲੱਭੇ ਨਾ।'

'ਪਰ ਹੁਣ ਤਾਂ ਪੜ੍ਹਾਂ ਨੂੰ ਭੰਨਿਆ ਵੀ ਜਾ ਸਕਦਾ ਏ। ਕਈ ਤਰ੍ਹਾਂ ਦੀਆਂ ਮਸ਼ੀਨਾਂ ਆ ਗਈਆਂ ਨੇ। ਤੁਸੀਂ ਲੋਕ ਕਿਉਂ ਨਹੀਂ ਕੋਸ਼ਿਸ਼ ਕਰਦੇ।' ਸ਼ਮਸ਼ਾਦ ਨੇ ਸਲਾਹ ਦਿੱਤੀ।

'ਕੇਹ ਕੋਸ਼ਿਸ਼ ਕਰਨੀ ਏ ਜੀ, ਬਸ ਗੁਜ਼ਾਰਾ ਚਲ ਈ ਰਿਹਾ ਏ।' ਉਨ੍ਹਾਂ ਏਡੀ ਬੇਪਰਵਾਹੀ ਨਾਲ ਜਵਾਬ ਦਿੱਤਾ ਜਿਵੇਂ ਉਹ ਦਾ ਇਸ ਗੱਲ ਨਾਲ ਤੁਅਲਕ ਵਾਸਤਾ ਈ ਨਹੀਂ ਹੈਗਾ।

ਸ਼ਮਸ਼ਾਦ ਨੂੰ ਗੁੱਸਾ ਆ ਗਿਆ, 'ਤੁਸੀਂ ਕਿਹੋ ਜਹੇ ਲੋਕ ਓ, ਤੁਹਾਡਾ ਏਡਾ ਵੱਡਾ ਮਸਲਾ ਏ ਪਾਣੀ ਦਾ ਨਾ ਮਿਲਣਾ ਤੇ ਤੁਹਾਨੂੰ ਪ੍ਰਵਾਹ ਈ ਕੋਈ ਨਹੀਂ।' ਉਸ ਬੰਦੇ ਨੇ ਸ਼ਮਸ਼ਾਦ ਵੱਲ ਜ਼ਰਾ ਗੌਰ ਨਾਲ ਵੇਖਿਆ ਤੇ ਨਿੰਮਾ ਜਿਹਾ ਹੱਸ ਪਿਆ। 'ਬੀਬੀ ਤੁਸੀਂ ਸ਼ਾਇਦ ਬਾਹਰ ਵਲੋਂ ਆਏ ਓ, ਇਥੇ ਰਹੋਗੇ ਤਾਂ ਤੁਹਾਨੂੰ ਪਤਾ ਲੱਗੇਗਾ, ਸਾਡੇ ਲਈ ਤੇ ਜੀਣਾ ਵੀ ਮਸਲਾ ਹੈ ਤੇ ਮਰਨਾ ਵੀ। ਐਹ ਕਣਕ ਵੇਖ ਰਹੇ ਓ ਨਾ, ਇਹਦੇ ਆਸਰੇ ਤੇ ਅਸੀਂ ਸਾਰਾ ਸਾਲ ਲੰਘਾਣਾ ਜੇ'। ਸ਼ਮਸ਼ਾਦ ਨੇ ਮੁੜ ਕੇ ਇਕ ਨਜ਼ਰ ਪੂਲਿਆਂ ਦੇ ਢੇਰ ਤੇ ਮਾਰੀ, ਸੱਚ ਈ ਕਹਿੰਦਾ ਏ ਵਿਚਾਰਾ, ਇਹਦੇ ਨਾਲ ਕੇਹ ਬਣੇਗਾ ਉਹਨਾਂ ਦਾ, 'ਖਾਣਗੇ ਕਿ ਪਾਣਗੇ'। ਉਸ ਬੰਦੇ ਨੇ ਸ਼ਾਇਦ ਸ਼ਮਸ਼ਾਦ ਦੀਆਂ ਅੱਖਾਂ ਵਿਚ ਲਿਖੀ ਔਹ ਗੱਲ ਪੜ੍ਹ ਲਈ ਤੇ ਜ਼ਮੀਨ ਵੱਲ ਵੇਖ ਕੇ ਕਹਿਣ ਲੱਗਾ, 'ਸਾਡੀ ਮਾਂ ਵਿਚਾਰੀ ਬਹੁਤ ਗਰੀਬ ਐ ਪਰ ਕੇਹ ਕਰੀਏ, ਇਹਨੂੰ ਛੱਡ ਕੇ ਵੀ ਤਾਂ ਨਹੀਂ ਜਾ ਸਕਦੇ।'

'ਮਿਸ ਸਾਹਿਬਾ ਹੁਣ ਟੁਰ ਪਵੋ।' ਮਾਈ ਨੂਰਾਂ ਨੇ ਯਾਦ ਦਿਵਾਇਆ ਤਾਂ ਸ਼ਮਸ਼ਾਦ ਨੇ ਲਹਿੰਦੇ ਵੱਲ ਭਜਦੇ ਦਿਹੁੰ ਨੂੰ ਵੇਖਿਆ ਤੇ ਬੋਲੀ, ਹੱਛਾ ਜੀ ਤੁਹਾਡੀ ਬੜੀ ਮਿਹਰਬਾਨੀ।' ਉਹ ਦੋਵੇਂ ਆ ਕੇ ਟਾਂਗੇ ਵਿਚ ਬਹਿ ਗਈਆਂ ਤੇ ਟਾਂਗਾ ਫੇਰ ਟੁਰ ਪਿਆ।

ਫੇਰ ਉਹ ਈ ਝੰਝੋਕੇ ਵੀਰਾਨ ਲੰਮੀ ਸੜਕ। ਲਗਦਾ ਸੀ ਦੂਰ ਕੋਈ ਬੈਠਾ ਸੜਕ ਨੂੰ ਰਬੜ ਵਾਂਗੂੰ ਵਧਾਈ ਜਾ ਰਿਹਾ ਸੀ।

ਖੌਰੇ ਕਿੰਨੇ ਚਿਰ ਬਾਅਦ ਦੂਰੋਂ ਇਕ ਟਿੱਬਾ ਜਿਹਾ ਦਿਸਿਆ ਤੇ ਜ਼ਰਾ ਹੋਰ ਨੇੜੇ ਹੋਇਆ ਤਾਂ ਪਤਾ ਲੱਗਾ ਪਈ ਕੋਈ ਪਿੰਡ ਐ ਜਿਹਦੇ ਵੱਟਿਆਂ ਨਾਲ ਉਸਰੇ ਹੋਏ ਮਕਾਨ ਇੰਜ ਲੱਗਦੇ ਸਨ ਜਿਵੇਂ ਡਰੇ ਹੋਏ ਬਾਲ ਇਕ ਦੂਜੇ ਨਾਲ ਚਿੰਬੜੇ ਖੜ੍ਹੇ ਨੇ। ਪਿੰਡ ਦੇ ਕੋਲ ਪਹੁੰਚ ਕੇ ਟਾਂਗਾ ਪੱਕੀ ਸੜਕ ਤੋਂ ਲਹਿ ਕੇ ਵੱਟਿਆ ਨਾਲ ਅੱਟੇ ਹੋਏ ਰਸਤੇ ਉਤੇ ਖੜ ਖੜ ਕਰਦਾ ਟੁਰ ਪਿਆ। ਨਿੱਕਾ ਜਿਹਾ ਪਿੰਡ ਸੀ ਕੋਈ ਪੰਜਾਹ ਸੱਠ ਘਰ ਹੋਣਗੇ। ਪਿੰਡ ਦੇ ਵਿਚਕਾਰ ਮਸੀਤ ਦਾ ਮੀਨਾਰ ਸਿਰ ਚੁੱਕ ਕੇ ਖੜ੍ਹਾ ਸੀ। ਸੱਜੇ ਹੱਥ ਇਕ ਪੱਕੀਆਂ ਇੱਟਾਂ ਨਾਲ ਉਸਰਿਆ ਹੋਇਆ ਮਕਾਨ ਹੋਰਾਂ ਤੋਂ ਨਿਖੜਿਆ ਦਿਸ ਰਿਹਾ ਸੀ। ਉਸ ਮਕਾਨ ਦੇ ਬੂਹੇ ਅੱਗੇ ਜਾ ਕੇ ਟਾਂਗੇ ਆਲਾ ਰੁਕ ਗਿਆ। 'ਤੁਸੀਂ ਲੰਬੜਦਾਰ ਹੋਰਾਂ ਦੇ ਘਰ ਜਣਾ ਏ' ਟਾਂਗੇ ਵਾਲੇ ਨੇ ਇੰਨੇ ਯਕੀਨ ਨਾਲ ਪੁੱਛਿਆ ਜਿਵੇਂ ਉਹ ਹੋਰ ਕਿਸੇ ਦੇ ਘਰ ਆ ਈ ਨਹੀਂ ਸਕਦੀਆਂ। ਟਾਂਗੇ ਦੀ ਆਵਾਜ਼ ਸੁਣ ਕੇ ਇਕ ਪੱਕੀ ਜਿਹੀ ਉਮਰ ਦਾ ਬੰਦਾ ਬੈਠਕ ਦਾ ਬੂਹਾ ਖੋਹਲ ਕੇ ਬਾਹਰ ਨਿਕਲ ਆਇਆ। ਉਹਨੇ ਸਵਾਲ ਕਰਦੀਆਂ ਨਜ਼ਰਾਂ ਨਾਲ ਸ਼ਮਸ਼ਾਦ ਤੇ ਮਾਈ ਨੂਰਾਂ ਵੱਲ ਵੇਖਿਆ। ਟਾਂਗੇ ਵਾਲਾ ਝੱਟ ਅੱਗੇ ਵਧਿਆ।

'ਅਸਲਾਮਾਂ ਲੇਕਮ ਜੀ, ਐਹ ਤੁਹਾਡੇ ਪ੍ਰਾਹੁਣੇ ਆਏ ਨੇ।'

'ਜੀ ਆਇਆਂ ਨੂੰ, ਖ਼ੈਰ ਨਾਲ ਕਿੱਥੋਂ ਆਏ ਓ।' ਲੰਬਰੜਦਾਰ ਨੇ ਟਾਂਗੇ ਵਾਲੇ ਦੇ ਸਲਾਮ ਨੂੰ ਘਾਹ ਨਾ ਪਾਉਂਦਿਆਂ ਹੋਇਆਂ ਸ਼ਮਸ਼ਾਦ ਕੋਲੋਂ ਪੁੱਛਿਆ।....

'ਜੀ ਮੈਂ ਤੁਹਾਡੇ ਪਿੰਡ ਸਕੂਲ ਖੋਹਲਣ ਆਈ ਆਂ, ਸ਼ਮਸ਼ਾਦ ਐ ਮੇਰਾ ਨਾ?'

'ਅੱਛਾ' ਲੰਬੜਦਾਰ ਨੇ ਅੱਛਾ ਇੰਜ ਕਿਹਾ ਜਿਵੇਂ ਕਹਿੰਦਾ ਹੋਵੇ ਜੇ ਆਈ ਏਂ ਤਾਂ ਸਾਡਾ ਕੇਹ ਵਿਗਾੜ ਲਵੇਂਗੀ।

ਇੰਨੇ ਚਿਰ ਵਿਚ ਮਾਈ ਨੂਰਾਂ ਨੇ ਬਿਸਤਰੇ ਤੇ ਬਕਸੇ ਟਾਂਗੇ ਤੋਂ ਥੱਲੇ ਲਾਹ ਕੇ ਰੱਖ ਦਿੱਤੇ ਸਨ ਤੇ ਟਾਂਗੇ ਵਾਲਾ ਜਿਹੜਾ ਇਸੇ ਪਿੰਡ ਦਾ ਰਹਿਣ ਵਾਲਾ ਜਾਪਦਾ ਸੀ, ਇਕ ਪਾਸੇ ਟਾਂਗਾ ਖੋਹਲ ਰਿਹਾ ਸੀ। ਸ਼ਮਸ਼ਾਦ ਨੂੰ ਇਸ ਸਾਰੇ ਪੈਂਡ ਵਿਚ ਜ਼ਰਾ ਵੀ ਝਾਕਾ ਜਾਂ ਡਰ ਨਹੀਂ ਸੀ ਆਇਆ। ਉਹ ਪਹਿਲਾਂ ਵੀ ਕਈ ਥਾਵਾਂ ਤੇ ਨਵੇਂ ਸਕੂਲ ਖੋਹਲਣ ਜਾਂ ਚੁੱਕੀ ਸੀ ਕਿਉਂ ਜੇ ਉਹ ਲਾਇਕ ਫਾਇਕ ਉਸਤਾਦਨੀਆਂ ਵਿਚੋਂ ਗਿਣੀ ਜਾਂਦੀ ਸੀ, ਫੇਰ ਅੱਲਾ ਵਲੋਂ ਉਹਨੂੰ ਐਹੋ ਜਹੀ ਮਿੱਠੀ ਜ਼ੁਬਾਨ ਲੱਭੀ ਸੀ ਜੋ ਪਲ ਵਿਚ ਦੂਸਰਿਆਂ ਕੋਲੋਂ ਆਪਣੀ ਗੱਲ ਮੰਨਵਾ ਲੈਂਦੀ ਸੀ। ਇਸ ਕਰ ਕੇ ਮਹਿਕਮੇ ਵਾਲੇ ਅਕਸਰ ਔਖੀਆਂ ਥਾਵਾਂ ਤੇ ਉਹਨੂੰ ਈ ਭੇਜਦੇ ਸਨ ਤੇ ਉਹ ਸਕੂਲ ਚਲਾ ਕੇ ਈ ਮੁੜਦੀ ਸੀ ਪਰ ਇਥੇ ਤਾਂ ਬਿਸਮਿਲਾ ਈ ਗਲਤ ਹੋ ਗਈ। ਉਹਦੇ ਆਣ ਦੀ ਖ਼ਬਰ ਲੰਬੜਦਾਰ ਨੂੰ ਕਈ ਕਈ ਦਿਹਾੜੇ ਪਹਿਲਾਂ ਕਰ ਦਿੱਤੀ ਗਈ ਸੀ ਪਰ ਹੁਣ ਉਹ ਸਮਾਨ ਜ਼ਮੀਨ ਤੇ ਰੱਖ ਕੇ ਇੰਜ ਖੜ੍ਹੀ ਸੀ ਜਿਵੇਂ ਕਿਸੇ ਮੁਸਾਫਰ ਦੀ ਗੱਡੀ ਨਿਕਲ ਗਈ ਹੋਵੇ ਤੇ ਉਹਨੂੰ ਦੂਜੀ ਗੱਡੀ ਮਿਲਣ ਦਾ ਯਕੀਨ ਨਾ ਹੋਵੇ। ਕੁਝ ਚਿਰ ਸਾਰੇ ਚੁੱਪ ਕਰ ਕੇ ਖਲੋਤੇ ਰਹੇ। ਲੰਬੜਦਾਰ ਦੁਬਾਰਾ ਸਮਾਨ ਤੋਂ ਜਿਵੇਂ ਕੁਝ ਟੋਲਣ ਦੀ ਕੋਸ਼ਿਸ਼ ਕਰ ਰਿਹਾ ਸੀ ਤੇ ਸ਼ਮਸ਼ਾਦ ਸੋਚ ਰਹੀ ਸੀ ਅੱਜ ਲੱਗਦਾ ਏ ਕੋਈ ਬੂਹਾ ਨਹੀਂ ਖੁੱਲ੍ਹੇਗਾ।

ਅਖ਼ੀਰ ਮਾਈ ਨੂਰਾਂ ਕੋਲੋਂ ਨਾ ਰਿਹਾ ਗਿਆ, 'ਲੰਬੜਦਾਰ ਜੀ, ਸਾਨੂੰ ਐਹ ਤਾਂ ਦਸ ਦੇਵੋ ਕਿਥੇ ਸਿਰ ਛੁਪਾਉਣ ਦਾ ਸਮਾਨ ਕਰੀਏ। ਐਡਾ ਲੰਮਾ ਪੈਂਡਾ ਕਰ ਕੇ ਆਏ ਐਨਾ ਖਿਆਲ ਤਾਂ ਕਰ ਲਵੋ।'

'ਹਾਂਅ.... ਆ' ਲੰਬਰੜਦਾਰ ਆਪਣੇ ਖਿਆਲਾਂ ਦੀ ਦੁਨੀਆਂ ਵਿਚੋਂ ਬਾਹਰ ਆਉਂਦਿਆਂ ਬੋਲਿਆ। ਮੈਂ ਸੋਚ ਰਿਹਾ ਸਾਂ ਹੁਣ ਤੁਹਾਨੂੰ ਵਾਪਸ ਗੱਡੀ ਤੇ ਨਹੀਂ ਲੱਭਣੀ। ਐਹ ਰਾਤ ਮੇਰੇ ਝੁੱਗੇ ਵਿੱਚ ਕਟ ਲਵੋ ਫਜ਼ਰੀਂ ਮੁੜ ਜਾਣਾ।

"ਸਮਸ਼ਾਦ ਦੇ ਤਾਂ ਜਿਵੇਂ ਤਲਿਓਂ ਲੱਗੀ ਤੇ ਸਿਰ ਤੇ ਜਾ ਬੁੱਝੀ। ਕੁਝ ਚਿਰ ਉਹ ਆਪਣੇ ਪਰਸ ਦਾ ਫੀਤਾ ਇੰਜ ਮਰੋੜਦੀ ਰਹੀ ਜਿਵੇਂ ਉਹ ਲੰਬੜਦਾਰ ਦੀ ਧੌਣ ਹੋਵੇ ਫੇਰ ਬੋਲੀ, 'ਜਿਹੜੀਆਂ ਉਸਤਾਦਨੀਆਂ ਮੇਰੇ ਤੋਂ ਪਹਿਲਾਂ ਆਈਆਂ ਉਹ ਕਿੱਥੇ ਰਹਿੰਦੀਆਂ ਸਨ।' ਉਹਦੀ ਆਵਾਜ਼ ਵਿੱਚ ਥੋੜ੍ਹੀ ਜਿਹੀ ਕੁੜੱਤਣ ਫੇਰ ਵੀ ਆ ਹੀ ਗਈ ਜਿਸ ਨੂੰ ਮਹਿਸੂਸ ਕਰ ਕੇ ਲੰਬੜਦਾਰ ਦੇ ਮੱਥੇ 'ਤੇ ਵੱਟ ਪੈ ਗਏ।

'ਉਹ ਤੇ ਕਿਧਰੇ ਵੀ ਨਹੀਂ ਸਨ ਰਹੀਆਂ ਹਾਂ ਤੁਸੀਂ ਇੱਥੇ ਰਹਿਣ ਦਾ ਸ਼ੌਂਕ ਪੂਰਾ ਕਰ ਸਕਦੇ ਓ। ਸਕੂਲ ਲਈ ਜਿਹੜਾ ਮਕਾਨ ਬਣਾਇਆ ਸੀ ਉਹ ਹਾਲੀ ਖਾਲੀ ਪਿਆ ਏ, ਮੈਂ ਕਿਸੇ ਨੂੰ ਭਿਜਵਾਉਨਾਂ ਤੁਹਾਨੂੰ ਉਥੇ ਛੱਡ ਆਵੇਗਾ।' ਇੰਨਾ ਕਹਿ ਕੇ ਉਹ ਸ਼ਮਸ਼ਾਦ ਵਲ ਵੇਖੇ ਬਿਨਾਂ ਤੇਜ਼ ਟੁਰਦਾ ਆਪਣੇ ਘਰ ਵੜ ਗਿਆ ਤੇ ਉਹ ਦੋਵੇਂ ਖੁਲ੍ਹੇ ਅਸਮਾਨ ਥੱਲੇ ਖਲੋਤੀਆਂ ਰਹਿ ਗਈਆਂ।

'ਵਾਹ ਜੀ ਵਾਹ, ਐਹ ਚੰਗੀ ਹੋਈ।' ਮਾਈ ਨੂਰਾਂ ਨੇ ਗੁੱਸੇ ਨਾਲ ਕਿਹਾ ਤਾਂ ਸ਼ਮਸ਼ਾਦ ਨੇ ਉਹਨੂੰ ਝਿੜਕ ਦਿੱਤਾ 'ਤੂੰ ਚੁੱਪ ਕਰ ਮਾਈ ਕੇਹ ਹੋਇਆ ਏ, ਪਰਦੇਸ਼ ਵਿੱਚ ਹਿੰਝ ਹੀ ਹੋਂਦਾ ਏ।' ਆਹੋ ਮਿਸ ਸਾਹਿਬਾ ਜੀ ਸੱਚ ਕਹਿੰਦੇ ਓ, ਬੰਦਿਆਂ ਦਾ ਵਰਤਾਰਾ ਈ ਦੇਸ਼ ਨੂੰ ਪਰਦੇਸ ਬਣਾਉਂਦਾ ਏ ਤੇ ਕਈ ਕਈ ਪਰਦੇਸ ਵੀ ਆਪਣੇ ਘਰ ਦਾ ਵਿਹੜਾ ਜਾਪਦਾ ਏ।' 'ਹੂੰ' ਸ਼ਮਸ਼ਾਦ ਵੀ ਹੁਣ ਕੁਝ ਪ੍ਰੇਸ਼ਾਨ ਜਹੀ ਹੋ ਗਈ। ਦਿਹੁੰ ਡੁੱਬਣ 'ਤੇ ਆ ਗਿਆ ਸੀ ਤੇ ਭੇਡਾਂ ਬੱਕਰੀਆਂ ਦੇ ਇੱਜੜ ਪਿੰਡ ਵਲ ਮੁੜੀ ਆਉਂਦੇ ਸਨ।

(ਚਲਦਾ)

# ਮੇਰੀ ਕਲਮ

## ਔਰਤ ਦੇ ਦਿਲ ਦੀ ਗੱਲ



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ ਕੇ
ਟੈਲੀਫੋਨ: 07748772308

ਹੱਸਦੇ ਰਹਿਣਾ ਹਾਸੇ ਵੰਡਣਾ, ਹੈ ਇਹ ਮੇਰੀ ਖ਼ਸਲਤ,
ਸਿਰ ਸੁੱਟ ਕੇ ਚੱਲਦੇ ਜਾਣਾ, ਮੇਰੀ ਹੈ ਇਹ ਫ਼ਿਤਰਤ।

ਹਾਸਾ ਦੇਖ ਕਿਸੇ ਦਾ ਦੁਨੀਆ, ਲਾਵੇ ਗ਼ਲਤ ਅੰਦਾਜ਼ੇ,
ਚਿਹਰੇ ਪਿੱਛੇ ਕੋਈ ਨਾ ਦੇਖੇ, ਦਿਲ ਦੇ ਘੋਰ ਅਜ਼ਾਬੇ।

ਔਖੇ ਪਲ ਤੇ ਬਿਖੜੇ ਪੈਂਡੇ, ਬਣਦੇ ਰਹੇ ਮੇਰੇ ਸਾਥੀ,
ਯਾਦਾਂ ਨੇ ਸਭ ਮੇਰਾ ਵਿਰਸਾ, ਕੀ ਖੁਸ਼ੀ ਤੇ ਕੀ ਉਦਾਸੀ।

ਉੱਠ ਕੇ ਡਿੱਗਣਾ ਡਿੱਗ ਕੇ ਉੱਠਣਾ, ਰਿਹਾ ਚਲਣ ਹੈ ਮੇਰਾ,
ਸਾਥੀ ਮੇਰਾ ਘੱਟ ਚਾਨਣ ਬਣਿਆ, ਬਹੁਤਾ ਘੁੱਪ ਹਨੇਰਾ।

ਇਸ ਦੁਨੀਆਂ ਵਿੱਚ ਆਉਣਾ ਸੌਖਾ, ਪਰ ਨਾ ਜੀਣਾ ਸੌਖਾ,
ਨਿੱਤ ਦਿਨ ਹੱਲ ਕਰਨਾ ਪੈਂਦਾ, ਹਰ ਇੱਕ ਮਸਲਾ ਔਖਾ।

ਰਿਸ਼ਤੇ ਨਾਤੇ ਸਹੁਰੇ ਮਾਪੇ, ਦੇ ਨਾ ਸਕੇ ਹੱਕ ਮੈਨੂੰ,
ਦਰਦ ਵੰਡਾਇਆ ਸਭ ਦਾ ਪਰ, ਦਰਦ ਮਿਲੇ ਬੱਸ ਮੈਨੂੰ ।

ਪਿੱਛੇ ਮੁੜ ਕੇ ਤੱਕਣਾ ਮੈਨੂੰ, ਪਰ ਜ਼ਰਾ ਨਹੀਂ ਭਾਉਂਦਾ,
ਔਕੜਾਂ ਦਰੜ ਕੇ ਪੈਰਾਂ ਥੱਲੇ, ਸਵਾਦ ਅਨੋਖਾ ਆਉਂਦਾ।

ਬਹੁਤੀ ਤਾਂ ਹੁਣ ਲੰਘ ਗਈ, ਭਾਵੇਂ ਥੋੜ੍ਹੀ ਰਹਿ ਗਈ,
ਪਰ ਮੁੜ ਜੀਵਣ ਦੀ ਸੱਧਰ, ਚੁੱਪੀ ਵਿੱਚ ਕੁੱਛ ਕਹਿ ਗਈ।

ਆ ਜਿੰਦੇ ਲੱਗ ਮੇਰੇ ਸੀਨੇ, ਦੇ ਜਾਹ ਕੋਈ ਦਿਲਾਸਾ,
ਹੋਰ ਨਹੀਂ ਜੇ ਸਰਦਾ ਤੈਥੋਂ, ਹੱਸ ਜਾਹ ਝੂਠਾ ਹਾਸਾ।

ਸੁਣਾ ਮੈਨੂੰ ਜਾਂ ਸੁਣ ਜਾਹ ਮੈਥੋਂ, ਗੱਲ ਕੋਈ ਧੁਰ ਦਿਲ ਦੀ,
ਜੋ ਅੱਜ ਤੱਕ ਨਾ ਲਬ ਤੇ ਆਈ, ਰਹੀ ਅੰਦਰ ਮੇਰਾ ਛਿੱਲਦੀ।

## ਕਾਫ਼ੀ

ਸ਼ਾਹ ਹੁਸੈਨ

ਆਖ ਨੀਂ ਮਾਏ ਆਖ ਨੀਂ,
ਆਖ ਨੀਂ ਮਾਏ ਆਖ ਨੀਂ,
ਮੇਰਾ ਹਾਲ ਸਾਈਂ ਅੱਗੇ ਆਖੁ ਨੀਂ ।1।ਰਹਾਉ।
ਪ੍ਰੇਮ ਦੇ ਧਾਗੇ ਅੰਤਰਿ ਲਾਗੇ,
ਸੂਲ਼ਾਂ ਸੇਤੀ ਮਾਸ ਨੀਂ ।1।
ਨਿਜੁ ਜਣੇਦੀਏ ਭੋਲ਼ੀਏ ਮਾਏ,
ਜਣ ਕਰਿ ਲਾਇਓ ਪਾਪੁ ਨੀਂ ।2।
ਕਹੈ ਹੁਸੈਨ ਫ਼ਕੀਰ ਨਿਮਾਣਾ,
ਜਾਣਦਾ ਮੌਲਾ ਆਪ ਨੀਂ ।3।

## ਧੀਆਂ

ਬਾਬਾ ਨਜਮੀ

ਜਣੇ ਖਣੇ ਦਾ ਆਹਜੀ ਹੋਇਆ ਧੀਆਂ ਲਈ,
ਧੀਆਂ ਕੋਲੋਂ ਲੁਕ ਲੁਕ ਰੋਇਆ ਧੀਆਂ ਲਈ,
ਉੱਚਾ ਕੱਦ ਸੀ ਆਪਣੀ ਜੂਹ ਦੇ ਲੋਕਾਂ ਤੋਂ,
ਦਾਜ ਬਣਾਉਂਦਾ ਕੁੱਬਾ ਹੋਇਆ ਧੀਆਂ ਲਈ।
ਫ਼ਜ਼ਰ ਤੋਂ ਲੈ ਕੇ ਸ਼ਾਮਾਂ ਤੀਕਰ ਸੜਕਾਂ ’ਤੇ,
ਲੂੰ ਲੂੰ ਮੁੜ੍ਹਕੇ ਵਿਚ ਡਬੋਇਆ ਧੀਆਂ ਲਈ।
ਵਿੱਚ ਧੀਆਂ ਦੇ ਬਹਿਕੇ ਇਹ ਮੈਂ ਖੋਲ੍ਹਾਂਗਾ,
ਜੋ ਮੈਂ ਪਰਨੇ ਵਿਚ ਲਕੋਇਆ ਧੀਆਂ ਲਈ।
ਮੇਰੀ ਅੱਜ ਦਿਹਾੜੀ ਚੰਗੀ ਲੱਗੀ ਜੇ,
ਅੱਜ ਲਵਾਂਗਾ ਮਿੱਠਾ ਖੋਇਆ ਧੀਆਂ ਲਈ।
ਵਿੱਚ ਹਵਾਵਾਂ ਹੂਕਾਂ ਕੂਕਾਂ ਚੀਕਾਂ ਨੇ,
ਫਿਰ ਕੋਈ ਮੇਰੇ ਵਰਗਾ ਮੋਇਆ ਧੀਆਂ ਲਈ।
ਸਦੀਆਂ ਹੋਈਆਂ ਹੁਣ ਤੱਕ ਲੱਭਦਾ ਫਿਰਨਾ ਵਾਂ,
ਹੈ ਕੋਈ ਬਾਬਲ ਜੋ ਨਹੀਂ ਰੋਇਆ ਧੀਆਂ ਲਈ।
ਹੋਰ ਕਿਸੇ ਵੀ ਹੱਟੀ ਉੱਤੋਂ ਲੱਭਣਾ ਨਹੀਂ,
ਇਹ ਮੈਂ ਜਿਹੜਾ ਹਾਰ ਪਰੋਇਆ ਧੀਆਂ ਲਈ।
ਲੋਕੀਂ ਤੇਲ ਨੇ ਚੋਂਦੇ ‘ਬਾਬਾ’ ਸ਼ਗਨਾਂ ਤੇ,
ਮਜ਼ਦੂਰਾਂ ਨੇ ਮੁੜ੍ਹਕਾ ਚੋਇਆ ਧੀਆਂ ਲਈਂ।

## ਮੇਰੀ ਸੋਚ ਮੁਤਾਬਕ ਔਰਤ

ਵਿਲੀਅਮ ਗੋਲਡਿੰਗ
ਪੰਜਾਬੀ ਤਰਜਮਾ : ਗੁਰਭਜਨ ਗਿੱਲ



ਇਹ ਕਹਿ ਕੇ ਹੈ ਭਰਮ ਸਿਰਜਦੀ,
ਮੈਂ ਤਾਂ ਮਰਦ ਬਰਾਬਰ ਸ਼ਕਤੀ।
ਨਹੀਂ ਨਹੀਂ ਇੰਜ ਹਰਗਿਜ਼ ਹੀ ਨਾ।
ਇਹ ਤਾਂ ਮਰਦੋਂ ਕਿਤੇ ਅਗੇਰੇ,
ਆਦਿ ਜੁਗਾਦੀ ਸ਼ਕਤੀ ਸੋਮਾ।
ਔਰਤ ਨੂੰ ਕੁਝ ਦੇ ਕੇ ਵੇਖੋ,
ਸੁਹਜ ਸਲੀਕੇ ਨਾਲ ਸਜਾਵੇ।
ਮਿੱਟੀ ਅੰਦਰ ਜਿੰਦ ਧੜਕਾਵੇ।
ਇੱਕ ਅੱਧ ਕਤਰਾ,
ਬਿੰਦ ’ਚੋਂ ਵਰਤੇ,
ਪੁੱਤਰ ਧੀ ਨੂੰ ਸਿਰਜ ਵਿਖਾਵੇ।
ਔਰਤ ਤੋਂ ਬਿਨ ਮਰਦ ਇਕੱਲਾ,
ਬੜੇ ਮਕਾਨ ਬਣਾ ਸਕਦਾ ਹੈ।
ਪਰ ਉਸ ਤੋਂ ਇੱਕ,
ਘਰ ਨਹੀਂ ਬਣਦਾ।
ਔਰਤ ਜਿਹੜੇ ਥਾਂ ਵੀ ਜਾਵੇ।
ਕੰਧਾਂ ਨੂੰ ਵੀ ਮਹਿਕਣ ਲਾਵੇ।
ਚਾਰ ਦੀਵਾਰਾਂ ਅੰਦਰ ਘਿਰਿਆ
ਚੁੱਪ ਮਕਾਨ ਨੂੰ ਬੋਲਣ ਲਾਵੇ।
ਓਹੀ ਥਾਂ ਫਿਰ ਘਰ ਅਖਵਾਵੇ।
ਰਸਦ ਬਾਜ਼ਾਰ ’ਚੋਂ
ਸੌਦਾ ਕਰਕੇ ਘਰ ਲੈ ਆਓ।
ਘਰ ਦੀ ਔਰਤ ਹੱਥ ਫੜਾਓ।
ਮਨਚਾਹੇ ਪਕਵਾਨ ਬਣਾਵੇ।
ਵਿੱਚ ਰਸੋਈਓ ਲਪਟਾਂ ਉੱਠਣ,
ਮੂੰਹ ਦੇ ਅੰਦਰ ਪਾਣੀ ਆਵੇ,
ਮਨ ਲਲਚਾਵੇ।
ਇੱਕ ਵਾਰੀ ਜੇ ਹੱਸ ਕੇ ਬੋਲੋ।
ਦਿਲ ਦੀ ਘੁੰਡੀ ਕੋਲ ਜਾ ਖੋਲ੍ਹੋ।
ਬਿਨਾ ਕਿਸੇ ਤਸਦੀਕ ਤੋਂ ਔਰਤ,
ਵਿਛ ਵਿਛ ਜਾਵੇ।
ਦਿਲ ਦੀ ਦੌਲਤ ਪਈ ਲੁਟਾਵੇ।
ਔਰਤ ਦੀ ਵਿਸਥਾਰਨ ਸ਼ਕਤੀ,
ਅਪਰਮ ਪਾਰ ਬੇਅੰਤੀ ਤਾਕਤ।
ਮਰਦ ਭਲਾ ਦੱਸ ਕਿੱਥੇ ਰੱਖੇ,
ਅਸਲ ਲਿਆਕਤ।
ਉਸ ਨੂੰ ਐਵੇਂ ਬੇਲੋੜਾ ਵੀ
ਛੇੜ ਨਾ ਬਹਿਣਾ।
ਇੱਕ ਵਾਰੀ ਜੇ ਛਿੜ ਪਈ
ਉਸ ਮਗਰੋਂ ਨਹੀਂ ਲਹਿਣਾ।

## ਬਾਜਾਂ ਵਾਲੇ ਦੀ ਸਿਫ਼ਤ

ਯਸ਼ੂ ਜਾਨ

ਬਾਜਾਂ ਵਾਲੇ ਦੀ ਸਿਫ਼ਤ ਮੇਰੇ ਸ਼ਬਦਾਂ ਕੋਲੋਂ ਨਹੀਂ ਹੋ ਸਕਦੀ,
ਉਨ੍ਹਾਂ ਸਾਨੂੰ ਸ਼ੇਰ ਬਣਾਇਆ ਜਿੱਤੀ ਵੀ ਲੜਾਈ ਸੀ ਹੱਕ ਦੀ,
ਬਾਜਾਂ ਵਾਲੇ ਦੀ ਸਿਫ਼ਤ ਮੇਰੇ ਸ਼ਬਦਾਂ ਕੋਲੋਂ ਨਹੀਂ ਹੋ ਸਕਦੀ
ਤੀਰ ਉਨ੍ਹਾਂ ਦੇ ਤਿੱਖੇ ਸੀ ਤੇ ਸ਼ਬਦ ਉਨ੍ਹਾਂ ਦੇ ਮਿੱਠੇ ਸੀ,
ਉਨ੍ਹਾਂ ਕੌਮ ਦੀ ਖ਼ਾਤਿਰ ਸਿਰ ਦਿੱਤਾ ਜਦ ਬਾਕੀ ਹਟ ਗਏ ਪਿੱਛੇ ਸੀ,
ਜੋ ਸਾਨੂੰ ਬਖ਼ਸ਼ੀ ਮਤ ਉਨ੍ਹਾਂ ਕੋਈ ਸਰਕਾਰ ਨਹੀਂ ਖੋਹ ਸਕਦੀ,
ਬਾਜਾਂ ਵਾਲੇ ਦੀ ਸਿਫ਼ਤ ਮੇਰੇ ਸ਼ਬਦਾਂ ਕੋਲੋਂ ਨਹੀਂ ਹੋ ਸਕਦੀ
ਲੱਖਾਂ ਪਰਿਵਾਰ ਬਚਾਉਣ ਲਈ ਉਨ੍ਹਾਂ ਵਾਰ ਸਾਰਾ ਪਰਿਵਾਰ ਦਿੱਤਾ,
ਬਿਨ ਮਾਂ-ਬਾਪ ਦੇ ਬੱਚਿਆਂ ਨੂੰ ਉਨ੍ਹਾਂ ਹੱਦੋਂ ਵੱਧ ਕੇ ਪਿਆਰ ਦਿੱਤਾ,
ਅਸੀਂ ਸੱਚੇ ਸਿੱਖ ਗੁਰੂ ਗੋਬਿੰਦ ਦੇ ਜਿਨ੍ਹਾਂ ਨੂੰ ਮੌਤ ਨਹੀਂ ਛੋਹ ਸਕਦੀ,
ਬਾਜਾਂ ਵਾਲੇ ਦੀ ਸਿਫ਼ਤ ਮੇਰੇ ਸ਼ਬਦਾਂ ਕੋਲੋਂ ਨਹੀਂ ਹੋ ਸਕਦੀ
ਮੈਂ ਨਿਤਨੇਮ ਗੁਰਬਾਣੀ ਨੂੰ ਪੜ੍ਹਦਾ ਹਾਂ ਮਨ ਚਿੱਤ ਲਾਕੇ ਜੀ,
ਮੈਂ ਪੱਗ ਬੰਨ੍ਹਾਂ ਦਸ਼ਮੇਸ਼ ਪਿਤਾ ਨੂੰ ਸੱਚੇ ਮਨ ਨਾਲ ਧਿਆ ਕੇ ਹੀ,
ਸਾਡੀ ਸੋਚ ਹੈ ਗੁਰੂ ਗ੍ਰੰਥ ਸਾਹਿਬ ਜੋ ਵਹਿਮ, ਪਖੰਡ ਨਹੀਂ ਢੋ ਸਕਦੀ,
ਬਾਜਾਂ ਵਾਲੇ ਦੀ ਸਿਫ਼ਤ ਮੇਰੇ ਸ਼ਬਦਾਂ ਕੋਲੋਂ ਨਹੀਂ ਹੋ ਸਕਦੀ,
ਬਾਜਾਂ ਵਾਲੇ ਦੀ ਸਿਫ਼ਤ ਮੇਰੇ ਸ਼ਬਦਾਂ ਕੋਲੋਂ ਨਹੀਂ ਹੋ ਸਕਦੀ।

## ਆਧੁਨਿਕ ਨਾਰੀ

ਕਮਲਜੀਤ ਕੌਰ ਕਮਲ

ਕਹਿਣ ਨੂੰ ਤਾਂ ਮੈਂ ਆਧੁਨਿਕ
ਭਾਰਤ ਦੀ ਨਾਰੀ,
ਪੜ੍ਹੀ ਲਿਖੀ ਮਰਦ ਦੇ ਮੋਢੇ
ਨਾਲ ਮੋਢਾ ਜੋੜੀ,
ਢੋਈ ਜਾਂਦੀ ਭਾਰ ਅੱਧਾ ।
ਪਰ ਕੀ ਮਰਦ ਨੇ ਵੀ ਇਸ
ਆਧੁਨਿਕ ਸਮੇਂ ਦੇ ਨਾਲ,
ਜੀਣਾ ਤੇ ਢਲਣਾ ਸਿਖਿਆ ਹੈ ?
ਉਸਨੇ ਵੀ ਔਰਤ ਦੇ ਸਾਰੇ,
ਕੰਮਾਂ ਵਿਚ ਮੋਢੇ ਨਾਲ ਮੋਢਾ
ਜੋੜ ਕੇ ਜੀਣਾ ਸਿਖਿਆ ਹੈ ?
ਕੀ ਬਦਲਦੇ ਸਮਿਆਂ ਨਾਲ ਸਿਰਫ
ਔਰਤ ਨੇ ਹੀ ਬਦਲਣਾ ਹੁੰਦਾ ਹੈ ?
ਮਰਦ ਉਵੇਂ ਦਾ ਉਵੇਂ ਹੀ ਹੈ।
ਮੁੱਢ ਕਦੀਮ ਤੋਂ, ਘਰ ਦਾ ਮੁਖੀ
ਹੁਕਮ ਚਲਾਉਣ ਵਾਲਾ, ਸਿਰ ਦਾ ਸਾਈਂ,
ਪੂਜਣ ਯੋਗ ਦਰਜੇ ਵਾਲਾ
ਵੀ ਕੀ ਬਦਲਿਆ ਹੈ ?
ਨਹੀਂ ! ਨਾ ਉਹ ਬਦਲਿਆ ਹੈ,
ਤੇ ਨਾ ਹੀ ਬਦਲੇਗਾ,
ਉਹ ਉਵੇਂ ਹੀ ਔਰਤ ਦਾ
ਸੋਸ਼ਣ ਕਰਦਾ ਰਹੇਗਾ,
ਹੁਕਮ ਚਲਾਉਂਦਾ ਰਹੇਗਾ,
ਕਿਉਂਕਿ ਸਮਾਜ ਵਿੱਚ ਔਰਤ ਦੀ
ਹੀ ਇੱਜ਼ਤ ਹੁੰਦੀ ਹੈ,
ਤੇ ਔਰਤ ਦੀ ਹੀ ਬੇਇੱਜ਼ਤੀ,
ਮਰਦ ਦੀ ਨਾ ਕੋਈ ਇੱਜ਼ਤ ਹੁੰਦੀ ਹੈ,
ਤੇ ਨਾ ਕੋਈ ਬੇਇਜ਼ਤੀ,
ਉਹ ਤਾਂ ਮੁਖੀ ਹੈ ਮੁਖੀ,
ਤੇ ਮੁਖੀ ਹੀ ਰਹੇਗਾ।

## ਗੁਰੂ ਗੋਬਿੰਦ ਸਿੰਘ ਜੀ ਦੇ ਨਾਂ

ਸੰਤ ਰਾਮ ਉਦਾਸੀ

ਜ਼ਿੰਦਗੀ ਦੇ ਰਾਹਾਂ ਵਿਚ ਹੱਕਾਂ ਦੀਆਂ ਮੰਜ਼ਲਾਂ ਨੂੰ
ਤੇਰਾ ਸਿੰਘ ਹੱਸ ਕੇ ਵਰੇ।
ਓਨਿਆਂ ਸਿਰਾਂ ਦੀ ਫੇਰ ਮੁੜ ਕੇ ਹੈ ਲੋੜ ਸਾਨੂੰ
ਪਹਿਲਾਂ ਜਿੰਨੇ ਪੁੰਨ ਤੂੰ ਕਰੇ।
ਸੱਚੇ ਸੁੱਚੇ ਸਿੰਘ ਦਾ ਤਾਂ ਇਹੋ ਈ ਕਮਾਲ ਏ ।
ਜ਼ਾਲਮਾਂ ਦੀ ਮੌਤ ’ਤੇ ਗਰੀਬਾਂ ਦੀ ਉਹ ਢਾਲ ਏ।
ਤੇਰਾ ਸਿੰਘ ਸਦਾ ਹੱਕ ਸੱਚ ਲਈ ਲੜਦਾ ਏ,
ਭਾਵੇਂ ਵੀਅਤਨਾਮ ’ਚ ਲੜੇ।
ਜ਼ਿੰਦਗੀ ਦੇ ਰਾਹਾਂ ਵਿਚ...।
ਲੋਕਾਂ ਨੂੰ ਸਿਖਾਇਆ ਤੇਰੀ ਕਵਿਤਾ ਦੀ ਹੇਕ ਨੇ।
‘ਚਿੜੀ’ ਕਿਵੇ ‘ਬਾਜਾਂ’ ਦੇ ਕਲੇਜੇ ਕੀਤੇ ਛੇਕ ਨੇ।
ਚੰਡੀ ਦੀਆਂ ਵਾਰਾਂ ਦਾ ਨਿਸ਼ਾਨਾ ਰੱਖ ਦਿਲ ਵਿੱਚ,
‘ਇਕੋ’ ਸਵਾ ਲੱਖ ਨਾ’ ਲੜੇ।
ਜਿੰਦਗੀ ਦੇ ਰਾਹਾਂ ਵਿਚ.....।
ਵਾਏ ਕੰਡਿਆਂ ’ਤੇ ਸੁੱਤਾ ਸ਼ੇਰ ਤੂੰ ਜਗਾਵਣਾ ।
ਅਜੇ ਤਾਂ ਬੇਦਾਵਿਆਂ ਨੂੰ ਮੁਕਤ ਕਰਾਵਣਾ ।
ਇਹਦੇ ਨਾਂ ਬੇਦਾਵਾ ਦੇਖ ‘ਭਾਗੋ’ ਦੀਆਂ ਚੂੜੀਆਂ ਵੀ,
ਬਣ ਜਾਣ ਲੋਹੇ ਦੇ ਕੜੇ ।
ਜ਼ਿੰਦਗੀ ਦੇ ਰਾਹਾਂ ਵਿਚ....।
ਅੱਜ ਫੇਰ ਸਾਂਭਿਆ ਔਰੰਗੇ ਨੇ ਹੀ ਰਾਜ ਹੈ ।
ਪਿੰਡ ਪਿੰਡ ਪਹੁੰਚੀ ਚਮਕੌਰ ਦੀ ਆਵਾਜ਼ ਹੈ ।
ਵਿਹਲਾ ਜੇ ਗੋਬਿੰਦ ਵੀਅਤਨਾਮ ਤੇ ਕੰਪੂਚੀਆ ’ਚੋਂ,
ਆ ਕੇ ਹਿੰਦ ਵਿਚ ਵੀ ਲੜੇ ।
ਜ਼ਿੰਦਗੀ ਦੇ ਰਾਹਾਂ ਵਿਚ....।
ਸਰਸਾ ਦੇ ਰੋੜ੍ਹ ਵਾਗੂੰ ਭੂਤਰੀ ਮਹਿੰਗਾਈ ਏ ।
ਜ਼ੁਲਮਾਂ ਦੀ ਕੰਧ ਸਾਡੇ ਗਲ਼ਾਂ ਤੀਕ ਆਈ ਏ ।
ਵਿਹਲੜਾਂ ਦੇ ਮੂੰਹਾਂ ਉਤੇ ਲਾਲੀ ਰੋਜ਼ ਚੜ੍ਹਦੀ ਏ,
ਲਹੂ ਜਦੋਂ ਕਾਮੇ ਦਾ ਸੜੇ।
ਜ਼ਿੰਦਗੀ ਦੇ ਰਾਹਾਂ ਵਿਚ ਹੱਕਾਂ ਦੀਆਂ ਮੰਜ਼ਲਾਂ ਨੂੰ,
ਤੇਰਾ ਸਿੰਘ ਹੱਸ ਕੇ ਵਰੇ।

# 1600 ਕਰੋੜ ਰੁਪਏ ਦੀ ਮਾਲਕਣ ਹੈ ਗੌਰੀ ਖ਼ਾਨ

## ਸ਼ਾਹਰੁਖ ਦੀਆਂ ਫ਼ਿਲਮਾਂ ਦਾ ਨਿਰਮਾਣ ਕਰਨ ਦੇ ਨਾਲ-ਨਾਲ ਕਰਦੀ ਹੈ ਕਈ ਕਾਰੋਬਾਰ

ਸ਼ਾਹਰੁਖ ਖਾਨ ਦੀ ਪਤਨੀ ਅਤੇ ਬਿਜ਼ਨੈੱਸ ਵੂਮੈਨ ਗੌਰੀ ਖਾਨ ਦੀ ਸੋਸ਼ਲ ਮੀਡੀਆ ’ਤੇ ਪ੍ਰਸਿੱਧੀ ਕਿਸੇ ਅਭਿਨੇਤਰੀ ਤੋਂ ਘੱਟ ਨਹੀਂ ਹੈ। ਇਹ ਦੋਵੇਂ ਬਾਲੀਵੁੱਡ ਦੀਆਂ ਬਿਹਤਰੀਨ ਜੋੜੀਆਂ ਵਿੱਚੋਂ ਇੱਕ ਹਨ। ਜਿੱਥੇ ਸ਼ਾਹਰੁਖ ਖਾਨ ਬਾਲੀਵੁੱਡ ’ਤੇ ਰਾਜ ਕਰਦੇ ਹਨ, ਉਥੇ ਗੌਰੀ ਖਾਨ ਨੇ ਵੀ ਆਪਣੇ ਆਪ ਨੂੰ ਇੱਕ ਕਾਰੋਬਾਰੀ ਔਰਤ ਵਜੋਂ ਮਜ਼ਬੂਤੀ ਨਾਲ ਸਥਾਪਿਤ ਕੀਤਾ ਹੈ।



ਸ਼ਾਹਰੁਖ ਖਾਨ ਦੀਆਂ ਫਿਲਮਾਂ ਦੇ ਨਿਰਮਾਣ ਦੇ ਨਾਲ-ਨਾਲ ਉਹ ਆਪਣਾ ਕਾਰੋਬਾਰ ਵੀ ਚਲਾਉਂਦੀ ਹੈ। ਗੌਰੀ ਖਾਨ ਇਕ ਨਹੀਂ ਸਗੋਂ ਕਈ ਕਾਰੋਬਾਰ ਚਲਾਉਂਦੀ ਹੈ। ਉਸ ਨੇ ਪਤੀ ਸ਼ਾਹਰੁਖ ਖਾਨ ਦੇ ਨਾਲ ਸਾਲ 2002 ਵਿੱਚ ਆਪਣਾ ਪ੍ਰੋਡਕਸ਼ਨ ਹਾਊਸ ‘ਰੈੱਡ ਚਿਲੀਜ਼’ ਸ਼ੁਰੂ ਕੀਤਾ ਸੀ। ਗੌਰੀ ਖਾਨ ਨੇ ਸ਼ਾਹਰੁਖ ਖਾਨ ਦੀਆਂ ਕਈ ਫਿਲਮਾਂ ਬਣਾਈਆਂ ਹਨ। ਇਸ ਤੋਂ ਇਲਾਵਾ ਆਰੀਅਨ ਖਾਨ ਵੀ ਰੈੱਡ ਚਿਲੀਜ਼ ਦੇ ਬੈਨਰ ਹੇਠ ਬਤੌਰ ਨਿਰਦੇਸ਼ਕ ਡੈਬਿਊ ਕਰਨਗੇ, ਜਿਸ ਦੀ ਇਕ ਤਸਵੀਰ ਵੀ ਉਨ੍ਹਾਂ ਸ਼ੇਅਰ ਕੀਤੀ ਹੈ। ਇਸ ਤੋਂ ਇਲਾਵਾ ਗੌਰੀ ਖਾਨ ਵੀ ਪੇਸ਼ੇ ਤੋਂ ਇੰਟੀਰੀਅਰ ਡਿਜ਼ਾਈਨਰ ਹੈ ਅਤੇ ਉਹ ਹੁਣ ਤੱਕ ਆਲੀਆ ਭੱਟ ਤੋਂ ਲੈ ਕੇ ਕੈਟਰੀਨਾ ਕੈਫ ਅਤੇ ਮਲਾਇਕਾ ਅਰੋੜਾ ਤੱਕ ਦੇ ਘਰਾਂ ਦੇ ਇੰਟੀਰੀਅਰ ਡਿਜ਼ਾਈਨ ਕਰ ਚੁੱਕੀ ਹੈ। ਇਸ ਤੋਂ ਇਲਾਵਾ ਉਹ ਸ਼ਾਹਰੁਖ ਖਾਨ ਦੇ ਨਾਲ ਕੋਲਕਾਤਾ ਨਾਈਟ ਰਾਈਡਰਜ਼ ਟੀਮ ਦੀ ਵੀ ਮਾਲਕ ਹੈ।

ਗੌਰੀ ਖਾਨ ਅਤੇ ਸ਼ਾਹਰੁਖ ਖਾਨ ਬਾਲੀਵੁੱਡ ਦੇ ਸਭ ਤੋਂ ਅਮੀਰ ਜੋੜਿਆਂ ਵਿੱਚੋਂ ਇੱਕ ਹਨ। ਫੋਰਬਸ ਰਿਚ ਲਿਸਟ 2021 ਦੀਆਂ ਰਿਪੋਰਟਾਂ ਮੁਤਾਬਕ ਗੌਰੀ ਖਾਨ ਅਤੇ ਸ਼ਾਹਰੁਖ ਖਾਨ ਦੀ ਕੁੱਲ ਜਾਇਦਾਦ 5 ਹਜ਼ਾਰ ਕਰੋੜ ਰੁਪਏ ਹੈ। ਮੀਡੀਆ ਰਿਪੋਰਟਾਂ ਮੁਤਾਬਕ ਗੌਰੀ ਖਾਨ ਕੋਲ ਆਪਣੇ ਕਾਰੋਬਾਰ ਤੋਂ 1600 ਕਰੋੜ ਰੁਪਏ ਦੀ ਜਾਇਦਾਦ ਹੈ। ਫਿਲਮਾਂ ਤੋਂ ਇਲਾਵਾ, ਗੌਰੀ ਖਾਨ ਆਪਣੇ ਅੰਦਰੂਨੀ ਕੰਮ ਅਤੇ ਐਂਡੋਰਸਮੈਂਟਸ ਤੋਂ ਵੀ ਕਮਾਈ ਕਰਦੀ ਹੈ।

# ਗਾਇਕੀ ਨੂੰ ਇਬਾਦਤ ਮੰਨਣ ਵਾਲੀ : ਰਜ਼ਾ ਹੀਰ




ਬਠਿੰਡੇ ਸ਼ਹਿਰ ਦੀ ਜੰਮਪਲ ਗਾਇਕਾ ਰਜ਼ਾ ਹੀਰ ਅੱਜ ਕੱਲ੍ਹ ਖ਼ੂਬਸੂਰਤ ਸ਼ਹਿਰ ਚੰਡੀਗੜ੍ਹ ਵਿਖੇ ਰਹਿ ਕੇ ਆਪਣੀ ਸੂਫ਼ੀ ਅਤੇ ਲੋਕ ਗਾਇਕੀ ਨਾਲ ਗਾਇਕੀ ਦੇ ਅੰਬਰ ਦੀ ਫ਼ਿਜ਼ਾ ’ਚ ਮਹਿਕ ਖਿਲਾਰ ਰਹੀ ਹੈ। ਗਾਇਕੀ ਨੂੰ ਇਬਾਦਤ ਮੰਨਣ ਵਾਲੀ ਰਜ਼ਾ ਹੀਰ ਠਰ੍ਹੰਮੇ ਨਾਲ ਘੱਟ ਪਰ ਚੰਗਾ ਗਾਉਣ ਨੂੰ ਤਰਜੀਹ ਦੇਣ ਵਾਲੀ ਗਾਇਕਾ ਹੈ। ਕਿਸੇ ਕਵੀ ਦੀ ਚੰਚਲ ਕਵਿਤਾ ਵਰਗੀ ਰਜ਼ਾ ਹੀਰ ਦੀ ਗਾਇਕੀ ਸਰੋਤਿਆਂ ਨੂੰ ਘੰਟਿਆਂਬੱਧੀ ਬੰਨ੍ਹ ਕੇ ਰੱਖ ਦਿੰਦੀ ਹੈ। ਉਸਤਾਦ ਰਜਿੰਦਰ ਸਿੰਘ ਸਦਿਓੜਾ ਤੋਂ ਸੰਗੀਤ ਦੀ ਸਿੱਖਿਆ ਪ੍ਰਾਪਤ ਕਰਦੀ ਹੋਈ ਰਜ਼ਾ ਹੀਰ ਨੇ ਪੰਜਾਬੀ ਫ਼ਿਲਮ ‘ਕੁੜਮਾਈਆਂ’ ਵਿਚਲੇ ਗੀਤ ‘ਤੇਰੇ ਬਾਰੇ’ ਅਤੇ ਫ਼ਿਲਮ ‘ਨੀਂ ਮੈਂ ਸੱਸ ਕੁਟਣੀ’, ਵਿਚਲੇ ਗੀਤ ‘ਮੈਂ ਤਾਂ ਆ ਗਈ’ ਨਾਲ ਪਿੱਠਵਰਤੀ ਗਾਇਕਾ ਵਜੋਂ ਪਛਾਣ ਬਣਾਈ ਹੈ। ਰਜ਼ਾ ਹੀਰ ਹਮੇਸ਼ਾ ਹੀ ਕੁਝ ਨਵਾਂ ਕਰਨ ਦੀ ਤਾਂਘ ’ਚ ਰਹਿਣ ਵਾਲੀ ਸੁਰੀਲੀ ਗਾਇਕਾ ਹੈ। ਉਸ ਨੇ ਹਿੱਟ ਗੀਤਾਂ ਵਿੱਚ ‘ਮੋਹਾਲੀ’, ‘ਪਿਆਰ ’ਚ ਕਮੀ’, ‘ਸਰਦਾਰਨੀ’, ‘ਝਾਂਜਰਾਂ ਕਰਾਦੇ ਸੋਹਣਿਆਂ’, ‘ਮਿਰਜ਼ਾ’, ‘ਖੜਕ ਪਈ’, ‘ਵੰਡਿਆ ਪੰਜਾਬ’, ‘ਆਸ’, ‘ਇਸ਼ਕ ਦਾ ਨੂਰ’, ‘ਜਿੱਤਾਂਗੇ ਹੌਸਲੇ ਨਾਲ’, ਨੀਰੂ ਬਾਜਵਾ ਦੀ ਪ੍ਰੋਡਕਸ਼ਨ ਹੇਠ ‘ਲੜਦਾ ਰਹਿੰਦਾ’, ‘ਚੇਤੇ ਰੱਖਿਓ’, ‘ਵਰਦੀ’, ‘ਓਹ ਤੁਰ ਪਿਆ’, ‘ਰੋਟੀ ਵਾਸਤੇ’, ‘ਕਾਹਦਾ ਪਿਆਰ, (**ਬਾਕੀ ਸਫ਼ਾ** 31 ’ਤੇ)

# ਯੁਵਰਾਜ ਹੰਸ ‘ਮੁੰਡਾ ਰਾਕਸਟਾਰ’ ਫ਼ਿਲਮ ਦੀ ਮੁੱਖ ਭੂਮਿਕਾ ’ਚ ਨਜ਼ਰ ਆਉਣਗੇ




ਪੰਜਾਬੀ ਕਲਾਕਾਰ 2023 ਲਈ ਆਪਣੇ ਆਉਣ ਵਾਲੇ ਪ੍ਰੋਜੈਕਟਾਂ ਦਾ ਐਲਾਨ ਕਰਨ ਵਿੱਚ ਰੁੱਝੇ ਹੋਏ ਹਨ, ਉੱਥੇ ਹੀ ਯੁਵਰਾਜ ਹੰਸ ਵੀ ਇਸ ਲਿਸਟ ’ਚ ਸ਼ਾਮਲ ਹੋ ਗਿਆ ਹੈ। ਫੇਮਸ ਸਿੰਗਰ ਤੇ ਐਕਟਰ ਨੇ ਅਧਿਕਾਰਤ ਤੌਰ ’ਤੇ ਆਪਣੇ ਆਉਣ ਵਾਲੇ ਐਕਟਿੰਗ ਪ੍ਰੋਜੈਕਟ ਦਾ ਐਲਾਨ ਕੀਤਾ ਹੈ। ‘ਮੁੰਡਾ ਰਾਕਸਟਾਰ’ ਟਾਈਟਲ ਵਾਲੀ ਇਸ ਫਿਲਮ ਵਿੱਚ ਯੁਵਰਾਜ ਹੰਸ ਮੁੱਖ ਭੂਮਿਕਾ ਵਿੱਚ ਨਜ਼ਰ ਆਉਣਗੇ, ਅਤੇ ਉਨ੍ਹਾਂ ਦੇ ਨਾਲ ਅਦਿਤੀ ਆਰੀਆ ਅਤੇ ਮੁਹੰਮਦ ਨਾਜ਼ਿਮ ਨੂੰ ਵੀ ਮੁੱਖ ਭੂਮਿਕਾਵਾਂ ਵਿੱਚ ਦੇਖਣਗੇ। ਇਨ੍ਹਾਂ ਤਿੰਨਾਂ ਸਟਾਰਸ ਤੋਂ ਇਲਾਵਾ ਮੁੰਡਾ ਰੌਕਸਟਾਰ ਵਿੱਚ ਗੁਰਚੇਤ ਚਿੱਤਰਕਾਰ, ਆਰਜੇ ਪ੍ਰੀਤਮ, ਗਾਮਾ ਸਿੱਧੂ ਅਤੇ ਰਣਵੀਰ ਵਰਗੇ ਕਲਾਕਾਰ ਵੀ ਮੁੱਖ ਸਹਾਇਕ ਭੂਮਿਕਾਵਾਂ ਵਿੱਚ ਨਜ਼ਰ ਆਉਣਗੇ।

ਯੁਵਰਾਜ ਹੰਸ ਨੇ ਇਸ ਨੂੰ ਆਪਣੇ ਅਧਿਕਾਰਤ ਇੰਸਟਾਗ੍ਰਾਮ ਹੈਂਡਲ ’ਤੇ ਲਿਆ ਅਤੇ ਫਿਲਮ ਦਾ ਫਰਸਟ ਲੁੱਕ ਪੋਸਟਰ ਸ਼ੇਅਰ ਕਰਕੇ ਇਸ ਫਿਲਮ ਦਾ ਐਲਾਨ ਕੀਤਾ। ਇਹ ਫਿਲਮ ਇੰਡੀਆ ਗੋਲਡ ਫਿਲਮਜ਼ ਵਲੋਂ ਪੇਸ਼ ਕੀਤੀ ਗਈ ਹੈ। ਇਸ ਦਾ ਨਿਰਦੇਸ਼ਨ ਸਤਿਆਜੀਤ ਪੁਰੀ ਨੇ ਕੀਤਾ ਹੈ, ਜਿਨ੍ਹਾਂ ਨੇ ਨਵਦੀਪ ਮੌਦਗਿੱਲ ਨਾਲ ਫ਼ਿਲਮ ਦੀ ਕਹਾਣੀ, ਸਕ੍ਰੀਨਪਲੇਅ ਤੇ ਡਾਈਲੌਗ ਵੀ ਲਿਖੇ ਹਨ। ਪ੍ਰੋਜੈਕਟ ਸੰਜੇ ਜਾਲਾਨ ਅਤੇ ਅਭਿਸ਼ੇਕ ਜਾਲਾਨ ਵਲੋਂ ਤਿਆਰ ਕੀਤਾ ਗਿਆ ਹੈ। ਫਿਲਹਾਲ, ਮੁੰਡਾ ਰੌਕਸਟਾਰ ਲਈ ਕੋਈ ਖਾਸ ਰਿਲੀਜ਼ ਡੇਟ ਫਾਈਨਲ ਨਹੀਂ ਕੀਤੀ ਗਈ ਹੈ ਪਰ ਫਿਲਮ ਦੇ ਪੋਸਟਰ ਨੇ ਫੈਨਸ ਨੂੰ ਇਸਦੀ 2023 ਦੀ ਰਿਲੀਜ਼ ਦਾ ਭਰੋਸਾ ਦਿੱਤਾ ਹੈ।



# ‘ਵੂਮੈਨ ਪ੍ਰੀਮੀਅਰ ਲੀਗ’ ਧੂਮ ਧੜੱਕੇ ਨਾਲ ਸ਼ੁਰੂ




ਇੰਡੀਅਨ ਪ੍ਰੀਮੀਅਰ ਲੀਗ (ਆਈਪੀਐਲ) ਦੀ ਤਰਜ਼ ’ਤੇ ਹੁਣ ਭਾਰਤ ’ਚ ਵੌਮੈਨ ਪ੍ਰੀਮੀਅਰ ਲੀਗ (ਡਬਲਿਊਪੀਐਲ) ਵੀ ਸ਼ੁਰੂ ਹੋ ਗਈ ਹੈ। ਇਸ ਲੀਗ ਦੀ ਸ਼ੁਰੂਆਤ ਧਮਾਕੇਦਾਰ ਹੋਈ ਹੈ। ਮੁੰਬਈ ਦੇ ਡੀਵਾਈ ਪਾਟਿਲ ਸਟੇਡੀਅਮ ’ਚ ਬਾਲੀਵੁੱਡ ਹੀਰੋਇਨ ਕਿਆਰਾ ਅਡਵਾਨੀ ਦੇ ਡਾਂਸ ਦੇ ਨਾਲ ਸ਼ੁਰੂਆਤ ਹੋਈ। ਕਿਆਰਾ ਤੋਂ ਬਾਅਦ ਕ੍ਰਿਤੀ ਸੇਨਨ ਅਤੇ ਹਿਪ-ਹਾਪ ਗਾਇਕ ਏਪੀ ਢਿੱਲੋਂ ਨੇ ਵੀ ਆਪਣੇ ਫਨ ਦਾ ਮੁਜ਼ਾਹਰਾ ਕੀਤਾ। ਕਰੀਬ 40 ਮਿੰਟ ਚੱਲੇ ਰੰਗਾਰੰਗ ਪ੍ਰੋਗਰਾਮ ਮਗਰੋਂ ਟੂਰਨਾਮੈਂਟ ਦੀ ਟ੍ਰਾਫੀ ਰਿਲੀਜ਼ ਕੀਤੀ ਗਈ।

ਇਸ ਰੰਗਾਰੰਗ ਸ਼ੁਰੂਆਤ ’ਚ ਬਾਲੀਵੁੱਡ ਹੀਰੋਇਨ ਕਿਆਰਾ ਅਡਵਾਨੀ ਨੇ ਕਈ ਗੀਤਾਂ ’ਤੇ ਡਾਂਸ ਕੀਤਾ। ਉਸ ਤੋਂ ਬਾਅਦ ਕ੍ਰਿਤੀ ਸੇਨਨ ਨੇ ਆਪਣੀਆਂ ਕਈਆਂ ਫਿਲਮਾਂ ਦੇ ਗੀਤਾਂ ’ਤੇ ਡਾਂਸ ਕੀਤਾ। ਇਸ ਤੋਂ ਬਾਅਦ ਏਪੀ ਢਿੱਲੋਂ ਨੇ ਗੀਤ ਗਾਏ।

## ਬੀ.ਸੀ.ਸੀ.ਆਈ. ਨੇ ਟ੍ਰਾਫ਼ੀ ਕੀਤੀ ਰਿਲੀਜ਼



ਡਬਲਿਊਪੀਐਲ ਦੀ ਰੰਗਾਰੰਗ ਸ਼ੁਰੂਆਤ ਤੋਂ ਬਾਅਦ ਸਾਰੀਆਂ ਟੀਮਾਂ ਦੀਆਂ ਕਪਤਾਨਾਂ ਨੂੰ ਸਟੇਡੀਅਮ ’ਚ ਬੁਲਾਇਆ ਗਿਆ। ਬੀਸੀਸੀਆਈ ਸੈਕਟਰੀ ਰੋਜ਼ਰ ਬਿੰਨੀ, ਸਕੱਤਰ ਜੈ ਸ਼ਾਹ ਅਤੇ ਆਈਪੀਐਲ ਚੇਅਰਮੈਨ ਅਰੁਣ ਧੂਮਲ ਵੀ ਪੁੱਜੇ। ਟੀਮਾਂ ਦੀਆਂ ਕਪਤਾਨਾਂ ਨੇ ਟੂਰਨਾਮੈਂਟ ਦੀ ਟ੍ਰਾਫੀ ਤੋਂ ਪਰਦਾ ਉਠਾਇਆ।

## ‘ਯਹ ਤੋ ਬਸ ਸ਼ੁਰੂਆਤ ਹੈ’ ਐਂਥਮ ਰਿਲੀਜ਼

ਲੀਗ ਦੇ ਸ਼ੁਰੂਆਤ ਸਮਾਗਮ ਤੋਂ ਪਹਿਲਾਂ ਬੀਸੀਸੀਆਈ ਸਕੱਤਰ ਜੈ ਸ਼ਾਹ ਨੇ ਆਪਣੇ ਟਵਿੱਟਰ ਹੈਂਡਲ ’ਤੇ ਡਬਲਿਊਪੀਐਲ ਦਾ ਆਫੀਸ਼ੀਅਲ ਐਂਥਮ ਰਿਲੀਜ਼ ਕੀਤਾ। ਸ਼ੰਕਰ ਮਹਾਂਦੇਵਨ, ਹਰਸ਼ਦੀਪ ਕੌਰ ਅਤੇ ਨੀਤੀ ਮੋਹਨ ਸਮੇਤ 6 ਗਾਇਕਾਂ ਨੇ ਪੂਰਾ ਏਂਥਮ ਰਿਲੀਜ਼ ਕੀਤਾ। ਇਸ ਏਂਥਮ ਦੀ ਟੈਗਲਾਈਨ ‘ਯਹ ਤੋ ਬਸ ਸ਼ੁਰੂਆਤ ਹੈ’, ਹੈ।

## ਲੀਗ ਦਾ ਪਹਿਲਾ ਅਰਧ ਸੈਂਕੜਾ ਪੰਜਾਬਣ ਧੀ ਹਰਮਨਪ੍ਰੀਤ ਕੌਰ ਦੇ ਨਾਂਅ

ਵੂਮੈਨ ਪ੍ਰੀਮੀਅਰ ਲੀਗ ’ਚ ਪਹਿਲਾ ਅਰਧ ਸੈਂਕੜਾ ਬਣਾਉਣ ਦਾ ਮਾਣ ਪੰਜਾਬਣ ਧੀ ਅਤੇ ਮੁੰਬਈ ਇੰਡੀਅਨਜ਼ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ ਨੇ ਹਾਸਿਲ ਕੀਤਾ ਹੈ। ਉਸਦੇ ਇਸ ਅਰਧ ਸੈਂਕੜੇ ਦੀ ਬਦੌਲਤ ਮੁੰਬਈ ਇੰਡੀਅਨਜ਼ ਨੇ ਆਪਣੀ ਮੈਚ ਜੇਤੂ ਸ਼ੁਰੂਆਤ ਵੀ ਕੀਤੀ। ਮੁੰਬਈ ਇੰਡੀਅਨਜ਼ ਨੇ ਗੁਜਰਾਤ ਜੁਆਇੰਟਸ ਨੂੰ 143 ਦੌੜਾਂ ਦੇ ਵੱਡੇ ਫਰਕ ਨਾਲ ਹਰਾ ਕੇ ਇਹ ਮੈਚ ਜਿੱਤਿਆ। ਇਸ ਮੈਚ ’ਚ ਹਰਮਨਪ੍ਰੀਤ ਕੌਰ ਨੇ 30 ਗੇਂਦਾਂ ’ਚ 14 ਚੌਕੇ ਜੜ੍ਹ ਕੇ 65 ਦੌੜਾਂ ਦੀ ਤੂਫਾਨੀ ਪਾਰੀ ਖੇਡੀ। ਮੁੰਬਈ ਇੰਡੀਅਨਜ਼ ਦੀ ਗੇਂਦਬਾਜ਼ ਸਾਇਕਾ ਇਸ਼ਾਕ ਨੇ ਵੀ ਬਿਹਤਰ ਗੇਂਦਬਾਜੀ ਕਰਦਿਆਂ 3.1 ਓਵਰਾਂ ’ਚ ਗੁਜਰਾਤ ਜੁਆਇੰਟਸ ਦੀਆਂ 4 ਖਿਡਾਰਨਾਂ ਨੂੰ ਪੈਵੇਲੀਅਨ ਭੇਜ ਕੇ ਟੀਮ ਦੀ ਜਿੱਤ ’ਚ ਅਹਿਮ ਯੋਗਦਾਨ ਪਾਇਆ।

# 5 ਹੋਣਹਾਰ ਭਾਰਤੀ ਕ੍ਰਿਕਟਰ ਜੋ ਆਪਣੇ ਅੰਤਰਰਾਸ਼ਟਰੀ ਡੈਬਿਊ ਤੋਂ ਬਾਅਦ ਅਲੋਪ ਹੋ ਗਏ





ਭਾਰਤ ਵਿੱਚ ਕ੍ਰਿਕਟਰਾਂ ਦਾ ਬਹੁਤ ਸਨਮਾਨ ਕੀਤਾ ਜਾਂਦਾ ਹੈ। ਭਾਵੇਂ ਕੋਈ ਕ੍ਰਿਕਟਰ ਮੈਦਾਨ ਵਿੱਚ ਇਸ ਨੂੰ ਵੱਡਾ ਨਹੀਂ ਬਣਾਉਂਦਾ, ਉਹ ਕ੍ਰਿਕਟ ਨਾਲ ਸਬੰਧਤ ਹੋਰ ਖੇਤਰਾਂ ਜਿਵੇਂ ਕੁਮੈਂਟਰੀ, ਕੋਚਿੰਗ ਜਾਂ ਮਾਹਿਰਾਂ ਦੇ ਰੂਪ ਵਿੱਚ ਸਫ਼ਲ ਹੁੰਦੇ ਹਨ।

ਕਈ ਖਿਡਾਰੀਆਂ ਦਾ ਕ੍ਰਿਕਟ ਕੈਰੀਅਰ ਬਹੁਤ ਛੋਟਾ ਰਿਹਾ ਹੈ। ਜੇਕਰ ਕੋਈ ਆਪਣੀ ਤਿਆਰੀ ਨਾਲ ਖੇਡ ਮੈਦਾਨ ’ਚ ਖੇਡਣ ਆਉਂਦਾ ਹੈ ਪਰ ਉਹ ਆਪਣੀ ਤਸੱਲੀ ਮੁਤਾਬਕ ਨਹੀਂ ਖੇਡ ਪਾਉਂਦਾ ਤਾਂ ਦੁਖੀ ਹੁੰਦਾ ਹੈ। ਖਿਡਾਰੀਆਂ ’ਚ ਸਪੋਰਟਸਮੈਨਸ਼ਿਪ ਦੀ ਭਾਵਨਾ ਹੋਣ ਕਾਰਨ ਉਹ ਮਾਨਸਿਕ ਤੌਰ ’ਤੇ ਛੇਤੀ ਹਾਰ ਨਹੀਂ ਮੰਨਦੇ । ਕ੍ਰਿਕਟ ਦੇ ਮੈਦਾਨ ’ਚ ਅਨੇਕਾਂ ਖਿਡਾਰੀ ਅਜਿਹੇ ਸਨ, ਜਿੰਨ੍ਹਾਂ ਦਾ ਖੇਡ ਕੈਰੀਅਰ ਤਾਂ ਬਹੁਤ ਛੋਟਾ ਰਿਹਾ ਪਰ ਪ੍ਰਾਪਤੀਆਂ ਫਿਰ ਵੀ ਵੱਡੀਆਂ ਕਰ ਗਏ ਤੇ ਕੁਝ ਉੱਥੇ ਹੀ ਦਬ ਗਏ। ਅਸੀਂ ਤੁਹਾਨੂੰ ਕੁਝ ਅਜਿਹੇ ਹੀ ਖਿਡਾਰੀਆਂ ਬਾਰੇ ਦੱਸਣ ਦਾ ਯਤਨ ਕਰ ਰਹੇ ਹਾਂ :

**ਇੱਕ ਸ਼ਾਨਦਾਰ ਉਦਾਹਰਣ ਸਾਬਕਾ ਭਾਰਤੀ ਕ੍ਰਿਕਟਰ ਆਕਾਸ਼ ਚੋਪੜਾ ਦਾ ਹੈ:** ਚੋਪੜਾ ਨੇ 2004 ਵਿੱਚ ਆਪਣੀ ਅੰਤਰਰਾਸ਼ਟਰੀ ਸ਼ੁਰੂਆਤ ਕੀਤੀ, ਸਿਰਫ 10 ਟੈਸਟ ਖੇਡੇ ਅਤੇ ਇੱਕ ਸਾਲ ਦੇ ਅੰਦਰ ਹੀ ਟੀਮ ਤੋਂ ਬਾਹਰ ਹੋ ਗਏ। ਚੋਪੜਾ ਨੂੰ ਹੌਲੀ ਸਕੋਰਿੰਗ ਦਰ ਦੇ ਕਾਰਨ ਉਸਨੂੰ ਇੱਕ ਰੋਜ਼ਾ ਅੰਤਰਰਾਸ਼ਟਰੀ ਮੈਚਾਂ ਲਈ ਨਹੀਂ ਮੰਨਿਆ ਗਿਆ ਸੀ। ਇੰਡੀਅਨ ਪ੍ਰੀਮੀਅਰ ਲੀਗ (ਆਈ.ਪੀ.ਐੱਲ.) ’ਚ ਵੀ ਉਸ ਨੂੰ ਖਰਾਬ ਫਾਰਮ ਕਾਰਨ ਕੁਝ ਮੈਚ ਖੇਡਣ ਤੋਂ ਬਾਅਦ ਬਾਹਰ ਕਰ ਦਿੱਤਾ ਗਿਆ ਸੀ। ਚੋਪੜਾ ਦੀ ਚੰਗੀ ਸਟਰਾਈਕ ਭਾਵੇਂ ਕ੍ਰਿਕਟ ’ਚ ਨਾ ਰਹੀ ਪਰ ਮਾਈਕ ’ਤੇ ਉਹ ਚੰਗੇ ਕੁਮੈਂਟੇਟਰ ਬਣ ਕੇ ਆਪਣਾ ਨਾਂਅ ਕਮਾ ਰਹੇ ਹਨ। ਉਨ੍ਹਾਂ ਦੀ ਖੇਡ ਦੇ ਗਿਆਨ, ਹਾਲਾਤਾਂ ਦੇ ਡੂੰਘੇ ਵਿਸ਼ਲੇਸ਼ਣ ਦੇ ਨਾਲ-ਨਾਲ ਉਸ ਦੀ ਬੁੱਧੀ ਨੇ ਉਸ ਨੂੰ ਕ੍ਰਿਕਟ ਮੈਚਾਂ ਵਿੱਚ ਇੱਕ ਨਿਯਮਿਤ ਕੁਮੈਂਟੇਟਰ ਬਣਾ ਦਿੱਤਾ ਹੈ।

**ਰੋਹਨ ਗਾਵਸਕਰ :** ਭਾਰਤੀ ਕ੍ਰਿਕਟਰ ਸੁਨੀਲ ਗਾਵਸਕਰ ਦਾ ਪੁੱਤਰ, ਰੋਹਨ ਗਾਵਸਕਰ ਉਮੀਦਾਂ ’ਤੇ ਖਰਾ ਨਹੀਂ ਉਤਰ ਸਕਿਆ। ਰੋਹਨ ਨੂੰ ਭਾਰਤੀ ਰਾਸ਼ਟਰੀ ਟੀਮ ਲਈ ਚੁਣਿਆ ਤਾਂ ਗਿਆ ਪਰ ਪ੍ਰਭਾਵ ਨਾ ਛੱਡ ਸਕਿਆ। ਇੱਕ ਮੱਧ ਕ੍ਰਮ ਖੱਬੇ ਹੱਥ ਦਾ ਬੱਲੇਬਾਜ਼, ਅਤੇ ਇੱਕ ਹੌਲੀ ਖੱਬੇ ਹੱਥ ਦੇ ਆਰਥੋਡਾਕਸ ਸਪਿਨਰ ਰੋਹਨ ਗਾਵਸਕਰ ਨੇ ਘਰੇਲੂ ਕ੍ਰਿਕਟ ਵਿੱਚ ਕਈ ਪ੍ਰਸ਼ੰਸਾ ਐਵਾਰਡ ਜਿੱਤੇ ਅਤੇ ਇੱਕ ਹਮਲਾਵਰ ਬੱਲੇਬਾਜ਼ ਵਜੋਂ ਜਾਣਿਆ ਜਾਂਦਾ ਸੀ। ਰੋਹਨ ਗਾਵਸਕਰ ਨੂੰ ਆਖ਼ਰਕਾਰ 2003-04 ਵਿੱਚ ਆਸਟ੍ਰੇਲੀਆ ਦੇ ਖ਼ਿਲਾਫ਼ ਵੀਬੀ ਸੀਰੀਜ਼ ਵਿੱਚ ਮੌਕਾ ਮਿਲਿਆ। ਉਸ ਨੇ ਭਾਰਤ ਦੇ ਹੇਠਲੇ ਮੱਧਕ੍ਰਮ ਦੇ ਬੱਲੇਬਾਜ਼ ਮੁਹੰਮਦ ਕੈਫ਼ ਦੀ ਥਾਂ ਲਈ ਪਰ ਗਾਵਸਕਰ ਬੱਲੇ ਨਾਲ ਜ਼ਿਆਦਾ ਪ੍ਰਭਾਵਿਤ ਨਹੀਂ ਹੋਇਆ। (ਬਾਕੀ ਸਫ਼ਾ 31 ’ਤੇ)

# ‘ਆਪ’ ਸਰਕਾਰ ਦੀ ਫ਼ਲਾਪ ਖੇਡ ਨੀਤੀ ਤੇ ਪੰਜਾਬ ਪੱਛੜਿਆ

ਡਾ. ਜਤਿੰਦਰ ਸਿੰਘ ਸਾਬੀ





ਖਿਡਾਰੀਆਂ ਲਈ ਖੇਡ ਸੱਭਿਆਚਾਰ ਪੈਦਾ ਕਰਨ ਵਾਲੇ ਪਹਿਲੂ, ਉਦੇਸ਼, ਵਿੱਤੀ ਸਰੋਤ, ਮੁਢਲਾ ਖੇਡ ਢਾਂਚਾ, ਖਿਡਾਰੀਆਂ ਨੂੰ ਖੇਡ ਪ੍ਰਦਰਸ਼ਨ ਦੇ ਮੌਕੇ, ਖੇਡਾਂ ’ਚ ਵਾਧੂ ਕਿਰਤ ਸ਼ਕਤੀ ਨੂੰ ਰੁਜ਼ਗਾਰ ਨਾਲ ਜੋੜਨਾ ਆਦਿ ਕਿਸੇ ਵੀ ਖੇਡ ਨੀਤੀ ਦੇ ਮਹੱਤਵਪੂਰਨ ਬਿੰਦੂ ਹੁੰਦੇ ਹਨ। ਇੱਥੇ ਦੱਸਣਾ ਬਣਦਾ ਹੈ ਕਿ ਪਿਛਲੀਆਂ ਸਰਕਾਰਾਂ ਵਲੋਂ ਵੀ ਸੁੰਦਰ ਸ਼ਬਦਾਵਲੀ ਵਿੱਚ ਗੁੰਦੀ ਖੇਡ ਨੀਤੀ ਲੋਕਾਂ ਸਾਹਮਣੇ ਪਰੋਸੀ ਜਾਂਦੀ ਰਹੀ ਹੈ, ਪਰ ਇਸ ਦਾ ਲੋਕਾਂ ਜਾਂ ਨੌਜਵਾਨ ਵਰਗ ਨੂੰ ਕੋਈ ਖ਼ਾਸ ਲਾਭ ਹਾਸਲ ਨਹੀਂ ਹੋ ਸਕਿਆ। ਹੁਣ ਜਦੋਂ ‘ਆਪ’ ਸਰਕਾਰ ਨੂੰ ਸੱਤਾ ’ਚ ਆਈ ਨੂੰ 10 ਮਹੀਨਿਆਂ ਤੋਂ ਵੀ ਵੱਧ ਸਮਾਂ ਹੋ ਚੁੱਕਾ ਹੈ, ਪਰ ਸੂਬੇ ’ਚ ਕੋਈ ਸਥਾਈ ਖੇਡ ਨਿਰਦੇਸ਼ਕ, ਉਪ ਨਿਰਦੇਸ਼ਕ, ਜ਼ਿਲ੍ਹਾ ਖੇਡ ਅਫ਼ਸਰ ਤੇ ਪੰਜਾਬ ਦੀ ਆਬਾਦੀ ਮੁਤਾਬਿਕ ਸਥਾਈ ਕੋਚ ਸੂਬਾ ਵਾਸੀਆਂ ਨੂੰ ਨਸੀਬ ਨਹੀਂ ਹੋਏ। ਅਜੇ ਵੀ ਠੇਕਾ ਪ੍ਰਣਾਲੀ ਰਾਹੀਂ ਭਰਤੀ ਕੀਤੇ ਉੱਚ ਦਰਜੇ ਦੀ ਸਿਖਲਾਈ ਪ੍ਰਾਪਤ ਕੋਚਾਂ ਨੂੰ ਆਮ ਮਜ਼ਦੂਰਾਂ ਵਾਂਗ ਤਨਖਾਹ ਦਿੱਤੀ ਜਾ ਰਹੀ ਹੈ। ਕਿਉਂਕਿ ਪੰਜਾਬ ਸਰਕਾਰ ਨੇ ਉਨ੍ਹਾਂ ਦਾ ਆਰਥਿਕ ਸ਼ੋਸ਼ਣ ਵੱਡੇ ਪੱਧਰ ’ਤੇ ਕੀਤਾ ਹੈ, ਇਸ ਲਈ ਕੁਝ ਜੁਗਾੜੂ ਕੋਚ ਖਿਡਾਰੀਆਂ ਦਾ ਦੂਜੇ ਰਾਜਾਂ ਤੋਂ ਪ੍ਰਵਾਸ ਕਰਵਾ ਕੇ ਪੰਜਾਬ ਦੇ ਸਰੋਤਾਂ ਦਾ ਘਾਣ ਕਰ ਰਹੇ ਹਨ। ਇਸ ਖੇਡ ਨੀਤੀ ’ਚ ਪਹਿਲਾ ਬਿੰਦੂ ਜ਼ਿੰਮੇਵਾਰ ਅਫ਼ਸਰਸ਼ਾਹੀ, ਲੰਬੀ ਦੂਰੀ ਦੀ ਖੇਡ ਨੀਤੀ ਬਣਾਉਣ ਵਾਲੇ ਕੋਚਾਂ ਦੀ ਭਰਤੀ ਸਮੇਂ ਦੀ ਲੋੜ ਹੈ। ਨੌਜਵਾਨ ਕੋਚਾਂ ਨੂੰ ਸਮੇਂ-ਸਮੇਂ ਦੀਆਂ ਸਰਕਾਰਾਂ ’ਤੇ ਸਖ਼ਤ ਰੋਸ ਹੈ ਕਿ ਕਿਸੇ ਨੇ ਵੀ ਖੇਡ ਨੀਤੀ ’ਚ ਤਮਗ਼ਾ ਜੇਤੂ ਖਿਡਾਰੀਆਂ ਦੇ ਕੋਚਾਂ ਨੂੰ ਖਿਡਾਰੀਆਂ ਦੀ ਇਨਾਮੀ ਰਾਸ਼ੀ ਵਿਚੋਂ ਕੇਂਦਰ ਸਰਕਾਰ ਦੀ ਖੇਡ ਨੀਤੀ ਅਨੁਸਾਰ ਇਨਾਮੀ ਰਾਸ਼ੀ ਨਹੀਂ ਦਿੱਤੀ। ਕਦੇ ਵੀ ਕੋਈ ਇਕੱਲਾ ਖਿਡਾਰੀ ਆਪਣੇ ਬਲਬੂਤੇ ’ਤੇ ਤਮਗ਼ਾ ਨਹੀਂ ਜਿੱਤ ਸਕਦਾ, ਉਸ ਲਈ ਤਮਗ਼ਾ ਜਿੱਤਣ ਵਾਲੇ ਖਿਡਾਰੀ ਦੇ ਬਰਾਬਰ ਕੋਚ ਨੂੰ ਵੀ ਮਿਹਨਤ ਕਰਨੀ ਪੈਂਦੀ ਹੈ। ਜੇਕਰ ਖੇਡ ਢਾਂਚੇ ’ਤੇ ਨਜ਼ਰ ਮਾਰੀਏ ਤਾਂ ਪਤਾ ਲਗਦਾ ਹੈ ਕਿ ਭਾਰਤ ਦੇ ਵੱਖ-ਵੱਖ ਰਾਜਾਂ ਨੇ ਕੇਂਦਰੀ ਖੇਡ ਯੋਜਨਾਵਾਂ ਦਾ ਭਰਪੂਰ ਲਾਭ ਉਠਾਉਂਦਿਆਂ ਖੇਡ ਮੈਦਾਨ, ਹੋਸਟਲ, ਖੇਡ ਜਿਮਨੇਜ਼ੀਅਮ ਹਾਲ ਤੇ ਹੋਰ ਖੇਡ ਮਾਨਵ ਸ਼ਕਤੀ ਦਾ ਵਿਕਾਸ ਕੀਤਾ ਹੈ। ਦੂਰ ਜਾਣ ਦੀ ਲੋੜ ਨਹੀਂ, ਸਾਡੇ ਗੁਆਂਢੀ ਰਾਜ ਹਰਿਆਣਾ ਨੇ ਕੇਂਦਰੀ ਖੇਡ ਯੋਜਨਾਵਾਂ ਤਹਿਤ ਪੰਚਕੂਲਾ, ਸੋਨੀਪਤ ਤੇ ਦਿੱਲੀ ਨੇੜੇ ਖੇਡਾਂ ਦਾ ਅਸਲੀ ਧੁਰਾ ਉਸਾਰ ਲਿਆ ਹੈ। ਪੰਜਾਬ ’ਚ ਕਾਂਗਰਸ ਜਾਂ ਅਕਾਲੀ-ਭਾਜਪਾ ਸਰਕਾਰ ਜਿਸ ਦੀ ਕੇਂਦਰ ਦੀ ਸੱਤਾ ’ਚ ਭਾਈਵਾਲੀ ਹੁੰਦੀ ਰਹੀ ਹੈ, ਵਲੋਂ ਕਦੇ ਕੋਈ ਵੱਡਾ ਕੌਮੀ ਖੇਡ ਟੂਰਨਾਮੈਂਟ ਸੂਬੇ ਵਿੱਚ ਕਰਵਾਉਣ ਲਈ ਕਦੇ ਕੋਸ਼ਿਸ਼ ਨਹੀਂ ਕੀਤੀ ਗਈ। ਹਾਕੀ ਦੇ ਧੁਰੰਧਰ ਖਿਡਾਰੀ ਪੈਦਾ ਕਰਨ ਵਾਲਾ ਪੰਜਾਬ ਹਾਕੀ ਵਿਸ਼ਵ ਕੱਪ ਆਯੋਜਿਤ ਨਹੀਂ ਕਰ ਸਕਿਆ ਤੇ ਓਡੀਸ਼ਾ ਵਰਗੇ ਪੱਛੜੇ ਰਾਜ ਨੇ 260 ਕਰੋੜ ਦਾ ਨਵਾਂ ਸਟੇਡੀਅਮ ਉਸਾਰ ਕੇ 1100 ਕਰੋੜ ਰੁਪਏ ਖਰਚ ਕਰ ਕੇ ਦੂਜੀ ਵਾਰੀ ਹਾਕੀ ਵਿਸ਼ਵ ਕੱਪ ਸਫਲਤਾਪੂਰਵਕ ਨੇਪਰੇ ਚਾੜ੍ਹਿਆ ਹੈ। ਪੰਜਾਬ ਇਸ ਮਾਮਲੇ ਵਿਚ ਫਾਡੀ ਕਿਉਂ ਹੈ ਸਰਕਾਰ ਜੀ ? ਇਹ ਸਵਾਲ ਖੇਡ ਨੀਤੀ ਦੇ ਮਾਹਿਰਾਂ ਅੱਗੇ ਸਵਾਲੀਆ ਚਿੰਨ੍ਹ ਹੈ, ਜਿਸ ਨੂੰ ਹੱਲ ਕਰਨਾ ਸਮੇਂ ਦੀ ਲੋੜ ਹੈ।ਕਿਸੇ ਵੀ ਸਰਕਾਰ ਲਈ ਖੇਡ ਸੱਭਿਆਚਾਰ ਪੈਦਾ ਕਰਨ ਖ਼ਾਤਰ ਸਮੇਂ-ਸਮੇਂ ’ਤੇ ਲੋਕਾਂ ਨੂੰ ਉਤਸ਼ਾਹਿਤ ਕਰਨਾ ਮੁੱਖ ਤਰਜੀਹ ਹੋਣੀ ਚਾਹੀਦੀ ਹੈ। ਜੇਕਰ ਹਾਕਮ ਸਰਕਾਰ ਖੇਡ ਸੱਭਿਆਚਾਰ ਪੈਦਾ ਕਰਨ ਵਾਲੀ ਖੇਡ ਨੀਤੀ ਤਿਆਰ ਕਰੇ ਤਾਂ ਪੰਜਾਬ ਦੇ ਲੋਕਾਂ ਦੀ ਸਿਹਤ ’ਤੇ ਖ਼ਰਚ ਹੋ ਰਹੇ ਕਰੋੜਾਂ ਹੀ ਰੁਪਏ ਬਚ ਸਕਦੇ ਹਨ। ਖੇਡਾਂ ’ਚ ਨਿਵੇਸ਼ ਮਤਲਬ ਪੰਜਾਬੀਆਂ ਲਈ ਤੰਦਰੁਸਤੀ ਦੀ ਸੁਗਾਤ। ਪੰਜਾਬ ਨੂੰ ਵੱਡੇ ਹਸਪਤਾਲ, ਮੁਹੱਲਾ ਕਲੀਨਿਕਾਂ ਦੀ ਕੋਈ ਜ਼ਰੂਰਤ ਨਹੀਂ ਰਹਿਣੀ, ਜੇਕਰ ਸਰਕਾਰ ਲੋਕਾਂ ਨੂੰ ਸਿਹਤਮੰਦ ਭੋਜਨ ਤੇ ਚੰਗੀ ਸਿਹਤ ਸਬੰਧੀ ਜਾਗਰੂਕ ਕਰੇ। ਸਰਕਾਰ ਲਈ ਸਕੂਲਾਂ ’ਚ ਖੇਡ ਸੱਭਿਆਚਾਰ ਨੂੰ ਵੱਧ ਤੋਂ ਵੱਧ ਉਤਸ਼ਾਹਿਤ ਕਰਨਾ, ਸੂਬੇ ’ਚ ਲੋੜ ਅਨੁਸਾਰ ਖੇਡ ਢਾਂਚਾ ਵਿਕਸਿਤ ਕਰਨਾ, ਹਰਿਆਣਾ ਸਰਕਾਰ ਵਾਂਗੂ ਪਿੰਡ ਪੱਧਰ ’ਤੇ ਸੇਵਾਮੁਕਤ ਅੰਤਰਰਾਸ਼ਟਰੀ ਖਿਡਾਰੀਆਂ ਨੂੰ ਬਤੌਰ ਕੋਚ ਨਿਯੁਕਤ ਕਰ ਕੇ ਪਿੰਡਾਂ ਦੇ ਬੱਚਿਆਂ ਨੂੰ ਖੇਡਾਂ ਨਾਲ ਜੋੜਨਾ ਮੁੱਖ ਉਦੇਸ਼ ਹੋਣਾ ਚਾਹੀਦਾ ਹੈ। ਨਵੀਂ ਬਣ ਰਹੀ ਖੇਡ ਨੀਤੀ ’ਚ ਇਹ ਯਕੀਨੀ ਬਣਾਇਆ ਜਾਵੇ ਕਿ ਪੰਜਾਬ ਵਿੱਚ ਸਥਾਪਿਤ ਹਰ ਵੱਡੀ, ਛੋਟੀ ਉਦਯੋਗਿਕ ਇਕਾਈ ਖੇਡਾਂ ਦੇ ਖੇਤਰ ਦੇ ਉਥਾਨ ਲਈ ਆਪਣਾ ਯੋਗਦਾਨ ਜ਼ਰੂਰ ਪਾਵੇ। ਸੂਬੇ ’ਚ ਹਰ ਯੂਨੀਵਰਸਿਟੀ, ਕਾਲਜ, ਸਕੂਲ ਤੇ ਸਾਂਝੇ ਖੇਤਰ ਵਿੱਚ ਵੱਡੀ ਪੱਧਰ ’ਤੇ ਖੇਡ ਢਾਂਚਾ ਮਜ਼ਬੂਤ ਹੈ ਪਰ ਉਹ ਆਪਸੀ ਤਾਲਮੇਲ ਦੀ ਘਾਟ ਕਰਕੇ ਵਰਤਿਆ ਨਹੀਂ ਜਾ ਰਿਹਾ। ਪਿੰਡ ਪੱਧਰ ‘ਤੇ ਸਾਂਝੀ ਖੇਡ ਪ੍ਰਣਾਲੀ ਵਿਕਸਿਤ ਕਰਕੇ ਸਾਂਝਾ ਖੇਡ ਕੇਂਦਰ ਉਸਾਰਨ ਲਈ ਇਹ ਖੇਡ ਨੀਤੀ ਇਕ ਨਵੀਂ ਦਿਸ਼ਾ ਦੇ ਸਕਦੀ ਹੈ। ਖਿਡਾਰੀਆਂ ਲਈ ਪ੍ਰਸਤਾਵਿਤ ਇਨਾਮੀ ਰਾਸ਼ੀ ਪਿਛਲੀਆਂ ਖੇਡ ਨੀਤੀਆਂ ’ਚ ਮਹਿਜ਼ ਕਾਗ਼ਜ਼ੀ ਸਾਬਿਤ ਹੋਈਆਂ ਹਨ। 2010 ਤੋਂ ਕਈ ਖਿਡਾਰੀਆਂ ਨੂੰ ਇਨਾਮੀ ਰਾਸ਼ੀ ਨਹੀਂ ਮਿਲੀ, ਮਹਾਰਾਜਾ ਰਣਜੀਤ ਸਿੰਘ ਐਵਾਰਡ ਅਜੇ ਪਿੱਛੇ ਚਲ ਰਹੇ ਹਨ। ਸਬ ਜੂਨੀਅਰ ਤੇ ਜੂਨੀਅਰ ਖਿਡਾਰੀਆਂ ਨੂੰ ਇਨਾਮੀ ਰਾਸ਼ੀ ਕਿਉਂ ਨਹੀਂ ਮਿਲ ਰਹੀ। ਦੋ ਸਾਲ ਬਾਅਦ ਹੋ ਰਹੀਆਂ ਅੰਤਰ ਰਾਸ਼ਟਰੀ ਖੇਡਾਂ ਇਨਾਮੀ ਰਾਸ਼ੀ ਤੋਂ ਬਾਹਰ ਕਿਉਂ ਹਨ। ਸਿਆਣੇ ਕਹਿੰਦੇ ਹਨ ਕਿ ਖਿਡਾਰੀ ਦਾ ਮੁੜਕਾ ਸੁੱਕਣ ਤੋਂ ਪਹਿਲਾਂ ਉਸ ਦੀ ਮਿਹਨਤ ਦਾ ਮੁੱਲ ਮਿਲਣਾ ਚਾਹੀਦਾ ਹੈ। ਪਰ ਖੇਡ ਵਿਭਾਗ ਦਾ ਰੱਬ ਹੀ ਰਾਖਾ ਹੈ।

ਰਾਜਨੀਤਕ ਲਾਹਾ ਲੈਣ ਲਈ ਭਾਵੇਂ ‘ਖੇਡਾਂ ਵਤਨ ਪੰਜਾਬ ਦੀਆਂ’ ਸਫਲ ਆਯੋਜਨ ਸੀ, ਪਰ ਕੌਮੀ ਪੱਧਰ ’ਤੇ ਇਸ ਦਾ ਠੀਕ ਢੰਗ ਨਾਲ ਲਾਭ ਲੈਣ ਲਈ ਦਿੱਲੀ ਅਜੇ ਦੂਰ ਹੈ। ਖੇਡ ਮੰਤਰੀ ਵਲੋਂ ਕੌਮੀ ਪੱਧਰ ’ਤੇ ਤਮਗ਼ੇ ਜਿੱਤਣ ਵਾਲੇ ਖਿਡਾਰੀਆਂ ਨੂੰ 8 ਹਜ਼ਾਰ ਰੁਪਏ ਮਹੀਨਾ ਦੇਣ ਦਾ ਐਲਾਨ ਖਿਡਾਰੀਆਂ ਲਈ ਸ਼ੇਖ ਚਿੱਲੀ ਦਾ ਸੁਪਨਾ ਸਾਬਤ ਹੋ ਰਿਹਾ ਹੈ। ਖੇਡ ਨੀਤੀ ’ਚ ਪੰਜਾਬ ਦੇ ਧਰਾਤਲ, ਸਰੀਰਕ ਬਣਤਰ ਅਨੁਸਾਰ ਖੇਡਾਂ ਨੂੰ ਵਿਉਂਤਬੱਧ ਕਰਕੇ ਉਸ ਦਾ ਖੇਡ ਢਾਂਚਾ ਵਿਕਸਿਤ ਕਰਕੇ ਹੀ ਨਵੀਂ ਬਣਨ ਵਾਲੀ ਖੇਡ ਨੀਤੀ ਨੂੰ ਅੱਗੇ ਤੋਰਿਆ ਜਾ ਸਕਦਾ ਹੈ ਨਹੀਂ ਤਾਂ ਇਹ ਖੇਡ ਨੀਤੀ ਵੀ ਇਕ ਤਜਰਬਾ ਬਣ ਕੇ ਰਹਿ ਜਾਵੇਗੀ।

## ਹੰਗਾਮੇ ਭਰਪੂਰ ਹੈ ਪੰਜਾਬ ਵਿਧਾਨ ਸਭਾ

ਧਿਰ ਆਗੂ ਪ੍ਰਤਾਪ ਸਿੰਘ ਬਾਜਵਾ ਮਿਹਣੋ ਮਿਹਣੀ ਹੋ ਗਏ। ਜਿਥੇ ਬਾਜਵਾ ਨੇ ਪੰਜਾਬ ਸਰਕਾਰ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਗਾਏ, ਉਥੇ ਮੁੱਖ ਮੰਤਰੀ ਭਗਵੰਤ ਮਾਨ ਭੜਕ ਗਏ ਅਤੇ ਕਿਹਾ ਕਿ ਕਾਂਗਰਸ ਦੇ ਸਾਰੇ ਆਗੂ ਭ੍ਰਿਸ਼ਟ ਹਨ, ਜਿਹਨਾਂ ਵਿਚੋਂ ਕੁਝ ਭ੍ਰਿਸ਼ਟ ਆਗੂ ਸਦਨ ਵਿਚ ਬੈਠੇ ਹਨ। ਇਸ 'ਤੇ ਵਿਰੋਧੀ ਧਿਰ ਰੋਸ ਜਾਹਰ ਕਰਦੀ ਹੋਈ ਵਾਕਆਊਟ ਕਰ ਗਈ।

ਵਿਧਾਨ ਸਭਾ ਦੇ ਬਜਟ ਸ਼ੈਸ਼ਨ ਦੇ ਤੀਜੇ ਦਿਨ ਇਕ ਅਹਿਮ ਗਲ ਇਹ ਰਹੀ ਕਿ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਮਾਤਾ-ਪਿਤਾ ਨੇ ਵਿਧਾਨ ਸਭਾ ਦੇ ਬਾਹਰ ਧਰਨਾ ਲਾਇਆ ਹੋਇਆ ਸੀ, ਜਿਸ ਨੂੰ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਦਿੱਤੇ ਭਰੋਸੇ ਤੋਂ ਬਾਅਦ ਉਨ ਾਂ ਨੇ ਆਪਣਾ ਧਰਨਾ ਖ਼ਤਮ ਕਰ ਲਿਆ ।ਮੂਸੇਵਾਲਾ ਦੇ ਮਾਪਿਆਂ ਵੱਲੋਂ ਸੀ ਬੀ ਆਈ ਜਾਂਚ ਦੀ ਮੰਗ 'ਤੇ ਬੋਲਦਿਆਂ ਮੰਤਰੀ ਧਾਲੀਵਾਲ ਨੇ ਕਿਹਾ ਕਿ ਇਸ ਮਾਮਲੇ 'ਚ ਸੀ. ਬੀ. ਆਈ. ਜਾਂਚ ਦੀ ਕੋਈ ਲੋੜ ਨਹੀਂ ਕਿਉਂਕਿ ਸਾਡੀਆਂ ਆਪਣੀਆਂ ਏਜੰਸੀਆਂ ਬਹੁਤ ਕਾਮਯਾਬ ਹਨ। ਪੰਜਾਬ ਪੁਲਿਸ ਨੇ ਹੁਣ ਤੱਕ ਇਸ ਮਾਮਲੇ 'ਚ 29 ਬੰਦੇ ਫੜੇ ਸਨ ਅਤੇ 2 ਗੈਂਗਸਟਰਾਂ ਦਾ ਐਨਕਾਊਂਟਰ ਕੀਤਾ ਹੈ। ਇਸ ਲਈ ਸਾਡੀ ਹੀ ਪੁਲਿਸ ਬਾਕੀ ਰਹਿੰਦੇ ਬੰਦਿਆਂ ਨੂੰ ਫੜ ਕੇ ਲੈ ਕੇ ਆਵੇਗੀ। ਮੰਤਰੀ ਧਾਲੀਵਾਲ ਨੇ ਆਖਿਆ ਕਿ ਇਸ ਮਾਮਲੇ ਦੀ ਕਾਨੂੰਨੀ ਪ੍ਰਕਿਰਿਆ ਜਾਰੀ ਹੈ , ਜੋ ਬਾਹਰ ਬੈਠੇ ਹਨ, ਉਨ ਾਂ ਵੀ ਲੈ ਆਵਾਂਗੇ।

ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੇ ਤੀਜੇ ਦਿਨ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਵਿਚਾਲੇ ਤਿੱਖੀ ਬਹਿਸ ਹੋ ਗਈ। ਦਰਅਸਲ ਸੁਖਪਾਲ ਖਹਿਰਾ ਵਲੋਂ ਸਦਨ ਵਿਚ ਪ੍ਰਿੰਸੀਪਲਾਂ ਨੂੰ ਸਿੰਗਾਪੁਰ ਭੇਜੇ ਜਾਣ ਦੀ ਪ੍ਰਕਿਰਿਆ 'ਤੇ ਸਵਾਲ ਚੁੱਕੇ ਗਏ। ਇਸ 'ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਤਲਖੀ ਦਿਖਾਉਂਦਿਆਂ ਖਹਿਰਾ ਨੂੰ ਪ੍ਰਿੰਸੀਪਲਾਂ ਦੇ ਤੀਜੇ ਬੈਚ ਨਾਲ ਸਿੰਗਾਪੁਰ ਜਾਣ ਦਾ ਆਫਰ ਦੇ ਦਿੱਤਾ। ਉਨ ਾਂ ਕਿਹਾ ਕਿ ਲੀਡਰ ਆਪ ਤਾਂ ਅਮਰੀਕਾ-ਕੈਨੇਡਾ ਘੁੰਮਦੇ ਹਨ ਪਰ ਜਦੋਂ ਸਰਕਾਰੀ ਸਕੂਲਾਂ ਦੇ ਆਮ ਪ੍ਰਿੰਸੀਪਲ ਵਿਦੇਸ਼ ਟਰੇਨਿੰਗ ਲਈ ਜਾਂਦੇ ਹਨ ਤਾਂ ਇਸ 'ਤੇ ਸਵਾਲ ਕਿਉਂ ਚੁੱਕੇ ਜਾਂਦੇ ਹਨ।

ਪੰਜਾਬ ਵਿਧਾਨ ਸਭਾ 'ਚ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ 'ਵਾਰਿਸ ਪੰਜਾਬ ਦੇ' ਦੇ ਮੁਖੀ ਅੰਮ੍ਰਿਤਪਾਲ ਦਾ ਜ਼ੋਰ-ਸ਼ੋਰ ਨਾਲ ਮੁੱਦਾ ਚੁੱਕਿਆ ਗਿਆ। ਉਨ ਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅੰਮ੍ਰਿਤਪਾਲ ਨੂੰ ਜਲਦ ਤੋਂ ਜਲਦ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ। ਉਨ ਾਂ ਨੇ ਕਿਹਾ ਕਿ ਅੰਮ੍ਰਿਤਪਾਲ ਨੂੰ ਜਿੰਨੀ ਜਲਦੀ ਹੋ ਸਕੇ ਗ੍ਰਿਫ਼ਤਾਰ ਕੀਤਾ ਜਾਵੇ, ਅਸੀਂ ਸਰਕਾਰ ਦੇ ਨਾਲ ਹਾਂ। ਰਾਜਾ ਵੜਿੰਗ ਨੇ ਕਿਹਾ ਕਿ ਅੰਮ੍ਰਿਤਪਾਲ ਦੇ ਸਲਾਹਕਾਰ ਲਾਹੌਰ ਜਾਂਦੇ ਹਨ ਅਤੇ ਆਈ. ਐੱਸ. ਆਈ. ਦੇ ਨਾਲ ਸਾਡੇ ਦੇਸ਼ ਵਿਚਲੀਆਂ ਕੁੱਝ ਏਜੰਸੀਆਂ ਪੰਜਾਬ ਦਾ ਮਾਹੌਲ ਖ਼ਰਾਬ ਕਰਨਾ ਚਾਹੁੰਦੀਆਂ ਹਨ, ਜਿਸ ਨੂੰ ਕਿਸੇ ਵੀ ਹਾਲਤ 'ਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਰਾਜਾ ਵੜਿੰਗ ਨੇ ਮੁੱਖ ਮੰਤਰੀ ਮਾਨ ਦੀ ਤਾਰੀਫ਼ ਕਰਦਿਆਂ ਕਿਹਾ ਕਿ ਸਾਨੂੰ ਵੀ ਖ਼ੁਸ਼ੀ ਹੁੰਦੀ ਹੈ ਕਿ ਮੁੱਖ ਮੰਤਰੀ ਮਾਨ ਆਮ ਘਰ 'ਚੋਂ ਉੱਠ ਕੇ ਆਏ ਹਨ ਅਤੇ ਸਾਨੂੰ ਵੀ ਉਮੀਦ ਹੈ ਕਿ ਕੋਈ ਆਮ ਬੰਦਾ ਵੀ ਮੁੱਖ ਮੰਤਰੀ ਬਣ ਸਕਦਾ ਹੈ।

ਚਲ ਰਹੇ ਬਜਟ ਸ਼ੈਸਨ ਦੌਰਾਨ ਜਿਥੇ ਸਰਕਾਰ ਵਲੋਂ ਆਪਣੇ ਵਲੋਂ ਕੀਤੇ ਗਏ ਕੰਮਾਂ ਨੂੰ ਗਿਣਾਇਆ ਜਾ ਰਿਹਾ ਹੈ, ਉਥੇ ਵਿਰੋਧੀ ਧਿਰ ਵਲੋਂ ਕਈ ਤਰਾਂ ਦੇ ਦੋਸ਼ ਲਗਾਏ ਜਾ ਰਹੇ ਹਨ। ਬਜਟ ਸ਼ੈਸਨ ਦੇ ਰਹਿੰਦੇ ਬਾਕੀ ਦਿਨਾਂ ਦੌਰਾਨ ਵੀ ਸਦਨ ਵਿਚ ਸਥਿਤੀ ਹੰਗਾਮੇ ਭਰਪੂਰ ਰਹਿਣ ਦੇ ਆਸਾਰ ਹਨ।

## ਬਜਟ ਸੈਸ਼ਨ ਦੀਆਂ ਦਿਲਚਸਪ ਝਲਕੀਆਂ

ਇਥੇ ਇਹ ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਪਿਛਲੀਆਂ ਸਰਕਾਰਾਂ ਦੌਰਾਨ ਵੀ ਸਦਨ ਵਿੱਚ ਅਕਸਰ ਬਹਿਸਬਾਜ਼ੀ ਦੌਰਾਨ ਹਾਸਾ ਠੱਠਾ ਵੀ ਹੁੰਦਾ ਰਿਹਾ ਹੈ। ਅਕਾਲੀ ਸਰਕਾਰਾਂ ਸਮੇਂ ਸਦਨ ਵਿਚ ਹੁੰਦਾ ਹਾਸਾ ਖੇਡਾ ਕਾਫ਼ੀ ਦਿਲਚਸਪ ਹੁੰਦਾ ਸੀ। ਇਸ ਤੋਂ ਇਲਾਵਾ ਇੱਕ ਵਾਰ ਸਦਨ ਵਿੱਚ ਇੱਕ ਕਾਂਗਰਸੀ ਮੁੱਖ ਮੰਤਰੀ ਰੋਮਾਂਟਿਕ ਹੋ ਗਏ ਸਨ ਅਤੇ ਖ਼ੁਦ ਹੀ ਸ਼ੇਅਰੋ ਸ਼ਾਇਰੀ ਕਰਨ ਲੱਗ ਪਏ ਸਨ। ਇੱਕ ਵਾਰੀ ਸਦਨ ਵਿੱਚ ਉਸ ਸਮੇਂ ਦੇ ਇੱਕ ਵਿਧਾਇਕ ਅਤੇ ਗਾਇਕ ਮੁਹੰਮਦ ਸਦੀਕ ਵਲੋਂ ਗਾਇਆ ਗਾਣਾ ਵੀ ਕਾਫ਼ੀ ਚਰਚਾ ਦਾ ਵਿਸ਼ਾ ਬਣਿਆ ਸੀ। ਚੱਲ ਰਹੇ ਮੌਜੂਦਾ ਵਿਧਾਨ ਸਭਾ ਸੈਸ਼ਨ ਦੌਰਾਨ ਹੋਇਆ ਹਾਸਾ ਖੇਡਾ ਸੱਤਾਧਾਰੀ ਧਿਰ ਅਤੇ ਵਿਰੋਧੀ ਧਿਰ ਵਿਚਾਲੇ ਪੈਦਾ ਹੋਈ ਤਲਖ਼ੀ ਨੂੰ ਘਟਾਉਣ ਵਿੱਚ ਸਹਾਇਕ ਬਣਿਆ।

## ਧਾਰਮਿਕ ਸਥਾਨ 'ਤੇ ਕਤਲ,

ਪ੍ਰਿੰਸ ਦੇ ਕਤਲ ਤੋਂ ਸਬਕ ਲੈਣ ਦੀ ਲੋੜ ਹੈ। ਚਾਹੀਦਾ ਹੈ ਕਿ ਭੀੜ ਨੂੰ ਕੰਟਰੋਲ ਕਰਨ ਵਾਲੇ ਸਿਆਣੇ ਬੰਦਿਆਂ ਦੀਆਂ ਡਿਊਟੀਆਂ ਹੋਣ । ਖ਼ੈਰ, ਭੰਗ ਦੇ ਭਾਣੇ ਤੁਰ ਗਏ ਨੌਜਵਾਨ ਪ੍ਰਿੰਸ ਨੂੰ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਅੱਗੇ ਤੋਂ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਨਾ ਵਾਪਰਨ, ਕੋਈ ਹੋਰ ਪ੍ਰਿੰਸ ਚੜ੍ਹਦੀ ਉਮਰੇ ਉੱਥੇ ਨਾ ਜਾਵੇ ਜਿੱਥੋਂ ਕੋਈ ਮੁੜ ਨਹੀਂ ਆਉਂਦਾ, ਇਸ ਲਈ ਸਖ਼ਤੀ ਅਪਣਾਉਣੀ ਪਵੇਗੀ। ਅਨੁਸ਼ਾਸਨ ਦਾ ਪੱਲਾ ਘੁੱਟ ਕੇ ਫੜਨਾ ਪਵੇਗਾ। ਗੁਰੂ ਦੀਆਂ ਲਾਡਲੀਆਂ ਫੌਜਾਂ ਚੜ੍ਹਦੀ ਕਲਾ ਵਿੱਚ ਰਹਿਣ। ਸਰਬੱਤ ਦਾ ਭਲਾ ਮੰਗੀਏ ਤੇ ਨਾਲ ਹੀ ਕਰੀਏ ਵੀ। ਇਸੇ ਨਾਲ ਹੀ ਸਿੱਖ ਕੌਮ ਦੀ ਮਹਾਨਤਾ ਹੈ, ਜਿਸਨੂੰ ਕਾਇਮ ਰੱਖਿਆ ਜਾਵੇ।

***

## ਕੀ ਅਕਾਲ ਤਖ਼ਤ ਦਾ ਜਥੇਦਾਰ

ਮੁਖੀ ਦਮਦਮੀ ਟਕਸਾਲ, ਜਥੇਦਾਰ ਬਾਬਾ ਬਲਵੀਰ ਸਿੰਘ ਮੁਖੀ ਬੁੱਢਾ ਦਲ, ਬਾਬਾ ਅਵਤਾਰ ਸਿੰਘ ਸੁਰ ਸਿੰਘ ਵਾਲੇ, ਬਾਬਾ ਗੱਜਣ ਸਿੰਘ ਤਰਨਾ ਦਲ, ਬਾਬਾ ਮੇਜਰ ਸਿੰਘ ਦਸਮੇਸ਼ ਤਰਨਾ ਦਲ, ਚੇਅਰਮੈਨ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਪ੍ਰਿੰਸੀਪਲ ਸਿੱਖ ਮਿਸ਼ਨਰੀ ਕਾਲਜ ਚੌਂਤਾ ਕਲਾਂ, ਰਜਿੰਦਰ ਸਿੰਘ ਮਹਿਤਾ ਮੈਂਬਰ ਸ਼੍ਰੋਮਣੀ ਕਮੇਟੀ, ਡਾ. ਪਰਮਵੀਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ, ਸਿੱਖ ਵਿਦਵਾਨ ਡਾ. ਇੰਦਰਜੀਤ ਸਿੰਘ ਗੋਗੋਆਣੀ, ਤਲਵਿੰਦਰ ਸਿੰਘ ਬੁੱਟਰ ਅਤੇ ਡਾ. ਅਮਰਜੀਤ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਕਮੇਟੀ ਵਲੋਂ ਗੁਰਬਾਣੀ, ਸਿਧਾਂਤ, ਇਤਿਹਾਸ, ਮਰਿਆਦਾ ਅਤੇ ਪਰੰਪਰਾ ਦੀ ਰੌਸ਼ਨੀ ਵਿਚ ਧਰਨਿਆਂ, ਮੁਜ਼ਾਹਰਿਆਂ ਅਤੇ ਕਬਜ਼ਿਆਂ ਵਾਲੀਆਂ ਥਾਵਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਦੇ ਵਧ ਰਹੇ ਰੁਝਾਨ ਸਬੰਧੀ ਸਾਂਝੀ ਰਾਏ ਤਿਆਰ ਕਰਕੇ ਸ੍ਰੀ ਅਕਾਲ ਤਖ਼ਤ ਨੂੰ ਸੌਂਪੀ ਜਾਵੇਗੀ, ਜਿਸ ਦੇ ਆਧਾਰ 'ਤੇ ਅਕਾਲ ਤਖ਼ਤ ਦੇ ਜਥੇਦਾਰ ਵਲੋਂ ਭਵਿੱਖ ਲਈ ਕੋਈ ਢੁੱਕਵੀਂ ਨੀਤੀ ਤੈਅ ਕੀਤੀ ਜਾਵੇਗੀ। ਪਰ ਹੁਣੇ ਜਿਹੇ ਭਾਈ ਅੰਮ੍ਰਿਪਾਲ ਨਾਲ ਜਥੇਦਾਰ ਦੀ ਲੰਬੀ ਮੀਟਿੰਗ ਤੋਂ ਪ੍ਰੇਸ਼ਾਨ ਸ਼੍ਰੋਮਣੀ ਕਮੇਟੀ ਵਿਚ ਅਤੇ ਅਕਾਲੀ ਦਲ ਵਿਚ ਇਸ ਗੱਲ 'ਤੇ ਗੰਭੀਰ ਵਿਚਾਰ ਚਰਚਾ ਸ਼ੁਰੂ ਹੋ ਗਈ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪੱਕਾ ਜਥੇਦਾਰ ਜਲਦੀ ਲਾਇਆ ਜਾਵੇ। ਹਾਲੇ ਤੱਕ ਸ਼੍ਰੋਮਣੀ ਕਮੇਟੀ ਨੂੰ ਇਸ ਅਹੁਦੇ ਬਾਰੇ ਢੁਕਵੀਂ ਸ਼ਖ਼ਸੀਅਤ ਨਹੀਂ ਮਿਲੀ।

## ਹਾਥਰਸ ਬਲਾਤਕਾਰ ਕੇਸ

ਬਣਾਇਆ ਗਿਆ ਹੈ।' ਉਨ੍ਹਾਂ ਦਾ ਕਹਿਣਾ ਸੀ, 'ਇਹ ਦਬਾਅ ਵਿੱਚ ਫੈਸਲਾ ਹੋਇਆ ਹੈ, ਸਬੂਤਾਂ ਅਤੇ ਗਵਾਹਾਂ ਦੀ ਬੁਨਿਆਦ ਉੱਤੇ ਨਹੀਂ ਹੋਇਆ ਹੈ।'

ਪੀੜਤਾ ਦੇ ਭਰਾ ਫੈਸਲੇ ਉੱਤੇ ਸਵਾਲ ਚੁੱਕਦੇ ਹੋਏ ਕਹਿੰਦੇ ਹਨ, 'ਜੇ ਇਹ ਬੇਕਸੂਰ ਸਾਬਤ ਹੋਏ ਹਨ ਫਿਰ ਢਾਈ ਸਾਲ ਇਨ੍ਹਾਂ ਨੂੰ ਜੇਲ੍ਹ ਵਿੱਚ ਕਿਉਂ ਰੱਖਿਆ ਹੋਇਆ ਸੀ ? ਸੀਬੀਆਈ ਦੀਆਂ ਵੱਡੀਆਂ-ਵੱਡੀਆਂ ਧਾਰਾਵਾਂ ਵਿੱਚ ਇਲਜ਼ਾਮਾਂ ਨੂੰ ਸਾਬਿਤ ਕਿਉਂ ਨਹੀਂ ਕੀਤਾ ?'

ਦਲਿਤਾਂ ਵਾਸਤੇ ਕਾਨੂੰਨ-ਵਾਨੂਨ ਕੁਝ ਨਹੀਂ ਹੈ। ਇਨਸਾਫ਼ ਤਾਂ ਜਾਤੀ ਵੇਖ ਕੇ ਦਿੱਤਾ ਜਾਂਦਾ ਹੈ।'

ਪੀੜਤਾ ਦੇ ਭਰਾ ਨੇ ਆਪਣੀ ਭੈਣ ਦੇ ਡਾਈਂਗ ਡਿਕਲਰੇਸ਼ਨ (ਮੌਤ ਤੋਂ ਠੀਕ ਪਹਿਲਾਂ ਦਿੱਤਾ ਬਿਆਨ) ਦਾ ਜ਼ਿਕਰ ਕਰਦੇ ਹੋਏ ਕਿਹਾ ਕਿ 'ਸਾਡੀ ਭੈਣ ਨੇ ਉਨ੍ਹਾਂ ਸਾਰਿਆਂ ਦਾ ਨਾਂ ਲਿਆ ਸੀ। ਉਹ ਮੈਜਿਸਟ੍ਰੇਟ ਨੇ ਲਿਖਿਆ ਸੀ, ਤਾਂ ਵੀ ਉਸ ਨੂੰ ਕਿਵੇਂ ਠੁਕਰਾਇਆ ਜਾ ਸਕਦਾ ਹੈ?'

ਜਿਸ ਤਰੀਕੇ ਨਾਲ 19 ਸਾਲਾ ਕੁੜੀ ਦਾ ਦੇਰ ਰਾਤ ਵਿੱਚ ਸਸਕਾਰ ਹੋਇਆ ਉਸ ਨੂੰ ਲੈ ਕੇ ਪਰਿਵਾਰ ਇੱਕ ਵਾਰ ਫਿਰ ਸਵਾਲ ਚੁੱਕਦਾ ਹੈ।ਪੀੜਤਾ ਦੇ ਭਰਾ ਕਹਿੰਦੇ ਹਨ, 'ਕਿਸੇ ਦੀ ਦੇਹ ਨੂੰ ਰਾਤ ਦੇ ਢਾਈ ਵਜੇ ਅੱਗ ਕਿਵੇਂ ਲਗਾ ਸਕਦੇ ਹਨ ? ਪਰਿਵਾਰ ਦੀ ਇਜਾਜ਼ਤ ਤੋਂ ਬਿਨਾਂ ਅੱਗ ਲਗਾ ਸਕਦੇ ਹਨ ? ਇੱਥੇ ਕਾਨੂੰਨ ਕਿੱਥੇ ਹੈ?

## ਨਿਊਜ਼ੀਲੈਂਡ ਵਿੱਚ ਕੰਪਨੀ ਮੈਨੇਜਰ ਵੱਲੋਂ

ਕੁੱਝ ਸਮਾਂ ਪਹਿਲਾਂ ਦੋ ਨੌਜਵਾਨਾਂ ਨੇ ਇਸ ਘਟਨਾ ਬਾਰੇ ਜਾਣੂ ਕਰਾਇਆ ਸੀ। ਜਿਸ ਪਿੱਛੋਂ ਫ਼ੈਸਲਾ ਕਰਕੇ ਕੇਸ ਦੀ ਪੈਰਵੀ ਸੁਪਰੀਮ ਸਿੱਖ ਸੁਸਾਇਟੀ ਵੱਲੋਂ ਇਸ ਕਰਕੇ ਕੀਤੀ ਜਾ ਰਹੀ ਹੈ, ਕਿਉਂਕਿ ਦੋਵੇਂ ਪੰਜਾਬੀ ਨੌਜਵਾਨ ਨਿੱਜੀ ਕਾਰਨਾਂ ਕਰਕੇ ਸਿੱਧੇ ਤੌਰ 'ਤੇ ਲੋਕਾਂ ਦੇ ਸਾਹਮਣੇ ਨਹੀਂ ਆਉਣਾ ਚਾਹੁੰਦੇ। ਜਿਸ ਕਰਕੇ ਕਾਰਵਾਈ ਸੁਸਾਇਟੀ ਰਾਹੀਂ ਨੇਪਰੇ ਚੜ੍ਹਾਈ ਜਾ ਰਹੀ ਹੈ।

ਦੂਜੇ ਪਾਸੇ, ਕੰਪਨੀ ਦੀ ਮਾਲਕ ਅਤੇ ਮੈਨੇਜਿੰਗ ਡਾਇਰੈਕਟਰ ਪਾਮ ਵਾਟਸਨ ਦਾ ਕਹਿਣਾ ਹੈ ਕਿ ਉਹ ਵਿਦੇਸ਼ ਹੋਣ ਕਰਕੇ ਮਾਰਚ ਦੇ ਅੰਤ ਤੱਕ ਛੁੱਟੀ 'ਤੇ ਹੈ। ਹਾਲਾਂਕਿ ਉਸ ਨੇ ਦਾਅਵਾ ਕੀਤਾ ਸੀ ਕਿ ਮੈਨੇਜਰ ਦੇ ਖ਼ਿਲਾਫ਼ ਕਾਰਵਾਈ ਕੀਤੀ ਗਈ ਹੈ ਪਰ ਉਨ੍ਹਾਂ ਇਹ ਨਹੀਂ ਦੱਸਿਆ ਕਿ 'ਕਾਰਵਾਈ' ਕਿਸ ਦੀ ਤਰ੍ਹਾਂ ਦੀ ਕੀਤੀ ਗਈ ਹੈ। ਹਾਲਾਂਕਿ ਇਸ ਦੇ ਬਾਵਜੂਦ ਮੈਨੇਜਰ ਵੱਲੋਂ ਪਹਿਲਾਂ ਦੀ ਤਰ੍ਹਾਂ ਡਿਊਟੀ ਕੀਤੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਇਹ ਦੋਵੇਂ ਨਿਊਜ਼ੀਲੈਂਡ ਦੇ ਨਾਗਰਿਕ ਹਨ। ਪੀੜਤ ਸੁਮੀਤ ਨੰਦਪੁਰੀ ਇਸ ਟਰੱਕ ਟੋਇੰਗ ਕੰਪਨੀ ਨਾਲ ਪਿਛਲੇ 5 ਸਾਲ ਅਤੇ ਰਾਮਿੰਦਰ ਢਾਈ ਸਾਲ ਤੋਂ ਕੰਮ ਕਰ ਰਿਹਾ ਸੀ।

***

## ਧਰਮ ਦੇ ਨਾਂ 'ਤੇ ਭਾਰਤ 'ਚ...

ਦੱਖਣੀ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਦੇਵਦਾਸੀਆਂ ਨੂੰ ਵੱਖ-ਵੱਖ ਨਾਵਾਂ ਨਾਲ ਬੁਲਾਇਆ ਜਾਂਦਾ ਹੈ। ਓਡੀਸ਼ਾ ਵਿੱਚ ਉਸ ਨੂੰ ਮਹਾਰੀ ਕਿਹਾ ਜਾਂਦਾ ਹੈ, ਭਾਵ ਇੱਕ ਮਹਾਨ ਔਰਤ ਜੋ ਆਪਣੇ ਜਨੂੰਨ ਨੂੰ ਕਾਬੂ ਕਰ ਸਕਦੀ ਹੈ। ਕਰਨਾਟਕ ਵਿੱਚ ਇਨ੍ਹਾਂ ਨੂੰ ਰਾਜਾਦਾਸੀ, ਜੋਗਤੀ ਅਤੇ ਦੇਵਦਾਸੀ ਕਿਹਾ ਜਾਂਦਾ ਹੈ। ਇਸ ਨੂੰ ਮਹਾਰਾਸ਼ਟਰ ਵਿੱਚ ਮੁਰਲੀ, ਭਾਵੀਨ, ਚੇਨਨਾਵਿਡੂ, ਕੰਨੀਗੈਰ, ਨਿਤਿਯਾਕਲਿਆਨੀ, ਰੁਦਰ ਦਾਸੀ, ਤਾਮਿਲਨਾਡੂ ਵਿੱਚ ਮਨੀਕੱਟਰ, ਭੋਗਮ, ਬਸਵੀ, ਸਾਨੀ, ਦੇਵਾਲੀ, ਆਂਧਰਾ ਪ੍ਰਦੇਸ਼ ਵਿੱਚ ਕਲਾਵੰਥਲਾ ਅਤੇ ਕੇਰਲਾ ਵਿੱਚ ਚਕਯਾਰ, ਕੁਡੀਕਯਾਰ ਕਿਹਾ ਜਾਂਦਾ ਹੈ।

ਸਰਕਾਰ ਨੇ ਪਾਬੰਦੀ ਲਗਾ ਦਿੱਤੀ ਹੈ, ਪਰ ਕਰਨਾਟਕ ਵਿੱਚ ਹੀ ਇਨ੍ਹਾਂ ਦੀ ਗਿਣਤੀ 70 ਹਜ਼ਾਰ ਤੋਂ ਵੱਧ ਹੈ।

ਕਰਨਾਟਕ ਸਰਕਾਰ ਨੇ 1982 ਵਿੱਚ ਅਤੇ ਆਂਧਰਾ ਪ੍ਰਦੇਸ਼ ਸਰਕਾਰ ਨੇ 1988 ਵਿੱਚ ਇਸ ਪ੍ਰਥਾ ਨੂੰ ਗ਼ੈਰਕਾਨੂੰਨੀ ਕਰਾਰ ਦਿੱਤਾ ਸੀ।

ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ 2013 ਵਿੱਚ ਰਿਪੋਰਟ ਦਿੱਤੀ ਸੀ ਕਿ ਦੇਸ਼ ਵਿੱਚ ਅਜੇ ਵੀ 4,50,000 ਦੇਵਦਾਸੀਆਂ ਹਨ।

ਜਸਟਿਸ ਰਘੂਨਾਥ ਰਾਓ ਦੀ ਅਗਵਾਈ ਵਾਲੇ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਇਕੱਲੇ ਤੇਲੰਗਾਨਾ ਅਤੇ ਆਂਧਰਾ ਪ੍ਰਦੇਸ਼ ਵਿੱਚ 80,000 ਦੇਵਦਾਸੀਆਂ ਹਨ।

ਕਰਨਾਟਕ ਵਿੱਚ ਇੱਕ ਸਰਕਾਰੀ ਸਰਵੇਖਣ ਅਨੁਸਾਰ ਰਾਜ ਵਿੱਚ ਕੁੱਲ 46,000 ਦੇਵਦਾਸੀਆਂ ਹਨ। ਸਰਕਾਰ ਨੇ 45 ਸਾਲ ਤੋਂ ਉਪਰ ਦੀਆਂ ਦੇਵਦਾਸੀਆਂ ਨੂੰ ਹੀ ਗਿਣਿਆ ਹੈ।

ਕਰਨਾਟਕ ਰਾਜ ਦੇਵਦਾਸੀ ਮਹਿਦੇਯਾਰਾ ਵਿਮੋਚਨ ਸੰਘ ਦੇ ਅਨੁਸਾਰ, ਉਨ੍ਹਾਂ ਦੀ ਗਿਣਤੀ 70,000 ਹੈ।

ਸਰਕਾਰ ਤੋਂ 1500 ਰੁਪਏ ਮਿਲਦੇ ਹਨ ਅਤੇ ਰਾਸ਼ਨ ਵਿੱਚ ਸਿਰਫ਼ ਚੌਲ ਹੀ ਮਿਲਦੇ ਹਨ। ਬਾਕੀ ਖਾਣ-ਪੀਣ ਦਾ ਸਮਾਨ ਉਨ੍ਹਾਂ ਨੂੰ ਆਪਣੇ ਪੈਸਿਆਂ ਨਾਲ ਲਿਆਉਣਾ ਪੈਂਦਾ ਹੈ। ਹੁਣ ਤੱਕ ਬਣੇ ਕਾਨੂੰਨ ਇਸ ਆਸਥਾ ਅੱਗੇ ਬੌਣੇ ਹਨ।

***

## SAP ਭਾਰਤ ਵਿੱਚ ਨਿਵੇਸ਼ ਨੂੰ ਦੁੱਗਣਾ ਕਰਨ

ਨੂੰ ਖਤਰੇ ਤੋਂ ਮੁਕਤ ਕਰਨਾ ਚਾਹੁੰਦੀਆਂ ਹਨ ਅਤੇ SAP ਉਨ੍ਹਾਂ ਨੂੰ ਭਾਰਤ ਵਰਗੇ 'ਸੁਰੱਖਿਅਤ, ਸਥਿਰ ਵਾਤਾਵਰਣ' ਵਿੱਚ ਜਾਣ 'ਚ ਮਦਦ ਕਰ ਰਿਹਾ ਹੈ।

ਅੱਜ ਆਰਥਿਕ ਪੱਖੋਂ 'ਧਾਰਨਾ ਅਤੇ ਰਾਜਨੀਤਿਕ ਮਾਹੌਲ' ਭਾਰਤ ਦੇ ਪੱਖ ਵਿੱਚ ਬਦਲ ਗਿਆ ਹੈ।ਅੱਗੇ ਉਨ੍ਹਾਂ ਨੇ ਕਿਹਾ ਕਿ ਭਾਰਤੀ ਬਾਜ਼ਾਰ ਸਭ ਤੋਂ ਵੱਧ ਅਰਥ ਰੱਖਦਾ ਹੈ ਕਿਉਂਕਿ SAP 'ਰੂਸ ਤੋਂ ਬਾਹਰ' ਹੈ ਜੋ ਯੂਕਰੇਨ ਵਿੱਚ ਆਪਣੀ ਮੌਜੂਦਗੀ ਨੂੰ ਬਰਕਰਾਰ ਰੱਖਦਾ ਹੈ, ਜਰਮਨੀ ਅਤੇ ਯੂਰਪ ਵਿੱਚ ਪ੍ਰਤਿਭਾ ਦੀ ਘਾਟ ਹੈ, ਚੀਨ ਆਪਣੇ ਦੇਸ਼ ਵਿੱਚ ਲਾਕਡਾਊਨ ਦੀਆਂ ਰੁਕਾਵਟਾਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਉੱਤਰੀ ਅਮਰੀਕਾ ਸਿਲੀਕਾਨ ਵੈਲੀ ਵਿੱਚ ਕੇਂਦਰਿਤ ਪ੍ਰਤਿਭਾ ਦੀ ਘਾਟ ਕਾਰਨ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ।

ਕਲੇਨ ਨੇ ਇਹ ਵੀ ਮੰਨਿਆ ਕਿ ਚੈਟਜੀਪੀਟੀ, ਏਆਈ ਅਤੇ ਮੈਟਾਵਰਸ 'ਕਾਰੋਬਾਰ ਦੇ ਕੁਝ ਹਿੱਸਿਆਂ ਵਿੱਚ ਵਿਘਨ ਪਾਉਣਗੇ', ਪਰ ਉਹ ਵਿਸ਼ਵਾਸ ਕਰਦਾ ਹੈ ਕਿ ਉਨ੍ਹਾਂ ਵਿੱਚ ਵਿਘਨ ਪੈਦਾ ਕਰਨ ਦੀ ਬਜਾਏ 'ਮਜ਼ਬੂਤ ਵਰਤੋਂ ਦੇ ਕੇਸ' ਵੱਧ ਹੋਣਗੇ। ਉਸਨੇ ਅੱਗੇ ਕਿਹਾ ਕਿ ਤਕਨੀਕ ਅਗਲੇ ਦੋ ਤੋਂ ਤਿੰਨ ਸਾਲਾਂ ਵਿੱਚ ਪਰਿਪੱਕ ਹੋ ਜਾਵੇਗੀ ਅਤੇ SAP ਗਾਹਕਾਂ ਨੂੰ ਇਸ ਮੁਕਾਬਲੇ ਤੋਂ ਅੱਗੇ ਰੱਖਣ ਲਈ ਤੇ ਇਸ ਦੇ ਹੱਲ ਨੂੰ ਸ਼ਾਮਲ ਕਰਨਾ ਸ਼ੁਰੂ ਕਰਨਾ ਚਾਹੀਦਾ ਹੈ।

ਦਾ ਇਕਨੋਮਿਕਸ ਟਾਈਮਜ਼ ਨੇ ਜਦੋਂ ਪੁੱਛਿਆ ਕਿ, SAP ਦੇ ਗਲੋਬਲ ਮਾਲੀਏ ਵਿੱਚ ਭਾਰਤ ਦੇ ਸੰਚਾਲਨ ਵਿਚ ਕਿੰਨਾ ਕੁ ਯੋਗਦਾਨ ਪਾ ਰਹੇ ਹਨ ?

ਤਾਂ ਜਵਾਬ ਵਿੱਚ ਕਿਹਾ ਕਿ ਸਾਡਾ ਫਲੈਗਸ਼ਿਪ ਸਾਡਾ ERP ਹੱਲ ਹੈ ਅਤੇ ਇੱਥੇ ਭਾਰਤ ਵਿੱਚ ਬਹੁਤ ਸਾਰੇ ਕੋਡ ਅਤੇ IP ਵਿਕਸਿਤ ਕੀਤੇ ਗਏ ਹਨ ਅਤੇ ਇਸ ਵਿੱਚ SAP ਲਈ ਇੱਕ ਵੱਡਾ ਮਾਲੀਆ ਹਿੱਸਾ ਸ਼ਾਮਲ ਹੈ। ਸਪਲਾਈ ਚੇਨ ਸਥਿਰਤਾ ਤੇ ਸਾਡਾ ਪਲੇਟਫਾਰਮ ਜੋ ਸਾਡੇ ਸਾਰੇ ਉਤਪਾਦਾਂ ਦੀ ਬੁਨਿਆਦ ਹੈ, ਨੂੰ ਵੀ ਇੱਥੇ ਭਾਰਤ ਵਿੱਚ ਵਿਕਸਤ ਕੀਤਾ ਗਿਆ ਹੈ। ਇਸ ਲਈ, ਜ਼ਿਆਦਾਤਰ ਮਾਲੀਆ ਜੋ SAP ਚਲਾ ਰਿਹਾ ਹੈ ਉਸਦਾ ਸਰੋਤ ਕੋਡ ਇੱਥੇ ਭਾਰਤ ਵਿੱਚ ਹੈ।

ਇਹ ਬਹੁਤ ਮਹੱਤਵਪੂਰਨ ਹੈ ਕਿ ਅਸੀਂ ਨਾ ਸਿਰਫ਼ ਕੰਮ ਨੂੰ ਭਾਰਤ ਵਿੱਚ ਤਬਦੀਲ ਕੀਤਾ ਹੈ, ਸਗੋਂ ਅਸੀਂ ਨਵੇਂ ਉਤਪਾਦਾਂ ਨੂੰ ਪੂਰੀ ਜ਼ਿੰਮੇਵਾਰੀ 'ਚ ਤਬਦੀਲ ਕੀਤਾ ਹੈ ਤਾਂ ਜੋ ਕਰਮਚਾਰੀਆਂ ਨੂੰ ਇਹ ਮਹਿਸੂਸ ਨਾ ਹੋਵੇ ਕਿ ਉਹ ਅਮਰੀਕਾ ਅਤੇ ਜਰਮਨੀ ਵਿੱਚ ਕੀਤੇ ਗਏ ਕੰਮ ਤੋਂ ਏਥੇ ਘੱਟ ਹਨ।

ਐਸਏਪੀ ਦੇ ਸੀਈਓ ਕ੍ਰਿਸਚੀਅਨ ਕਲੇਨ ਨੇ ਭਾਰਤ ਦੀ ਆਰਥਿਕਤਾ ਵਿੱਚ ਆਪਣਾ ਭਰੋਸਾ ਪ੍ਰਗਟਾਇਆ ਅਤੇ ਇੱਕ ਬਾਜ਼ਾਰ ਵਜੋਂ ਦੇਸ਼ ਦੀ ਮਹੱਤਤਾ ਉੱਤੇ ਜ਼ੋਰ ਦਿੱਤਾ। ਉਨ੍ਹਾਂ ਨੇ ਇਕ ਬਿਆਨ 'ਚ ਕਿਹਾ, 'ਭਾਰਤ ਇਕ ਮਹੱਤਵਪੂਰਨ ਬਾਜ਼ਾਰ ਵਾਲਾ ਸਥਾਨ ਹੈ ਤੇ ਅਸੀਂ ਭਾਰਤ ਦਾ ਭਾਈਵਾਲ ਬਣ ਕੇ ਬਹੁਤ ਖੁਸ਼ ਹਾਂ'।ਉਸ ਨੇ ਇਹ ਵੀ ਕਿਹਾ ਕਿ ਉਹ ਭਾਰਤ ਦੀ ਆਰਥਿਕਤਾ ਅਤੇ ਜਰਮਨੀ ਤੋਂ ਨਿਵੇਸ਼ ਦੇ ਭਵਿੱਖ ਦੀਆਂ ਕਾਲਾਂ ਬਾਰੇ ਬਹੁਤ ਆਸ਼ਾਵਾਦੀ ਹੈ।

***

## 2023 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ

ਹੁਣ ਗ਼ੈਰ-ਭਾਜਪਾ ਵਿਰੋਧ ਤੋਂ ਦੂਰ ਰਹਿ ਰਹੀਆਂ ਹਨ, ਹਾਲਾਂਕਿ ਦੋਵੇਂ ਪਾਰਟੀਆਂ ਆਉਣ ਵਾਲੀਆਂ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ 'ਚ ਆਪਣੇ ਗ੍ਰਹਿ ਖੇਤਰ ਵਿੱਚ ਭਾਜਪਾ ਦੇ ਹਮਲਿਆਂ ਨੂੰ ਲੈ ਕੇ ਚੌਕਸ ਹਨ ਅਤੇ ਉਹ ਜ਼ਮੀਨੀ ਸਥਿਤੀ ਦੇ ਆਧਾਰ 'ਤੇ 2024 ਤੋਂ ਬਾਅਦ ਦੀ ਆਪਣੀ ਚੋਣ ਰਣਨੀਤੀ ਤੈਅ ਕਰਨਗੇ।

ਪੂਰਬ-ਉੱਤਰ 'ਚ ਖੇਤਰੀ ਦਲਾਂ ਦਾ ਵੀ ਇਹੀ ਹਾਲ ਹੈ। ਇਨ੍ਹਾਂ ਦਲਾਂ ਦੀ ਪ੍ਰਵਿਰਤੀ ਕੇਂਦਰ 'ਚ ਸ਼ਾਸਨ ਕਰਨ ਵਾਲੀ ਕੌਮੀ ਪਾਰਟੀ ਦੇ ਨਾਲ ਗੱਠਜੋੜ ਕਰਨ ਦੀ ਹੁੰਦੀ ਹੈ। ਅਜੇ ਜ਼ਿਆਦਾਤਰ ਖੇਤਰੀ ਦਲ ਭਾਜਪਾ ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਦੇ ਮੈਂਬਰ ਹਨ ਅਤੇ ਉਹ ਆਪਣੇ-ਆਪਣੇ ਸੂਬਿਆਂ 'ਚ ਕੇਂਦਰੀ ਸੱਤਾ ਵਿੱਚ ਭਾਈਵਾਲੀ ਲਈ ਭਾਜਪਾ ਦੀ ਮਦਦ ਕਰ ਰਹੇ ਹਨ। ਕੇਂਦਰ 'ਚ ਭਾਜਪਾ ਦੇ ਘੱਟ-ਗਿਣਤੀ ਦਲ ਬਣਨ ਅਤੇ ਕਾਂਗਰਸ ਦੀ ਅਗਵਾਈ ਵਾਲੀ ਵਿਰੋਧੀ ਧਿਰ ਦੇ ਸੱਤਾਧਾਰੀ ਬਣਨ ਦੀ ਸੰਭਾਵਨਾ ਤੋਂ ਬਾਅਦ ਸਥਿਤੀ ਬਦਲ ਜਾਵੇਗੀ। ਜੇਕਰ ਕਾਂਗਰਸ ਕਰਨਾਟਕ, ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛਤੀਸਗੜ੍ਹ ਵਿਧਾਨ ਸਭਾ ਚੋਣਾਂ 'ਚ ਭਾਜਪਾ ਨੂੰ ਹਰਾਉਣ ਵਿੱਚ ਸਮਰੱਥ ਹੁੰਦੀ ਹੈ ਤਾਂ ਅਜਿਹੀ ਅਨੁਕੂਲ ਗਤੀ ਪੈਦਾ ਹੋਵੇਗੀ ਕਿ ਅੜੀਅਲ ਟੀ.ਐਮ.ਸੀ. ਵੀ 'ਹਾਂ' ਕਹਿਣ ਲਈ ਮਜ਼ਬੂਰ ਹੋ ਜਾਵੇਗੀ।

***

## ਜਨਸੰਖਿਆ ਸੰਕਟ ਡੂੰਘਾ ਹੋਣ ਕਾਰਨ ਜਾਪਾਨ ਵਿੱਚ ਜਨਮ ਦਰ

ਸਾਲਾਂ ਵਿੱਚ ਬਦਲ ਗਏ ਹਨ ਅਤੇ ਨੌਜਵਾਨ ਭਵਿੱਖ ਬਾਰੇ ਵੱਧ ਤੋਂ ਵੱਧ ਨਿਰਾਸ਼ਾਵਾਦੀ ਮਹਿਸੂਸ ਕਰ ਰਹੇ ਹਨ।

ਇਹ ਪੂਰੇ ਪੂਰਬੀ ਏਸ਼ੀਆ ਵਿੱਚ ਇੱਕ ਜਾਣੀ-ਪਛਾਣੀ ਕਹਾਣੀ ਹੈ, ਜਿੱਥੇ ਦੱਖਣੀ ਕੋਰੀਆ ਦੀ ਜਣਨ ਦਰ ਪਹਿਲਾਂ ਹੀ ਦੁਨੀਆ ਦੀ ਸਭ ਤੋਂ ਘੱਟ ਜਣਨ ਦਰ ਹੈ।ਪਿਛਲੇ ਸਾਲ ਇੱਕ ਵਾਰ ਫਿਰ ਘਟਦੀ ਆਬਾਦੀ ਨੂੰ ਵਧਾਉਣ ਦੇ ਦੇਸ਼ ਦੇ ਯਤਨਾਂ ਦੇ ਤਾਜ਼ਾ ਝਟਕੇ ਵਿੱਚ ਗਿਰਾਵਟ ਆਈ ਹੈ।

ਇਸ ਦੌਰਾਨ, ਚੀਨ 1960 ਦੇ ਦਹਾਕੇ ਤੋਂ ਬਾਅਦ ਪਹਿਲੀ ਵਾਰ 2022 ਵਿੱਚ ਆਪਣੀ ਆਬਾਦੀ ਘਟਣ ਤੋਂ ਬਾਅਦ ਅਧਿਕਾਰਤ ਤੌਰ 'ਤੇ ਭਾਰਤ ਤੋਂ ਦੁਨੀਆ ਦੇ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਵਜੋਂ ਆਪਣਾ ਖਿਤਾਬ ਗੁਆਉਣ ਦੇ ਨੇੜੇ ਪਹੁੰਚ ਰਿਹਾ ਹੈ।

***

## ਪ੍ਰਭਲੀਨ ਕੌਰ ਗਰੇਵਾਲ

ਮਿਹਨਤ ਦੀ ਮੰਗ ਕਰਦਾ ਹੈ ਜਿਸ ਨੂੰ ਪੜ੍ਹਾਈ ਦੇ ਨਾਲ ਜਾਰੀ ਰੱਖਣਾ ਇੱਕ ਚੁਣੌਤੀ ਵੀ ਹੈ।ਉਨ੍ਹਾਂ ਕਿੰਗਜ਼ ਇਲੈਵਨ ਦੇ ਕੋਚ ਜੱਗੀ ਧਾਲੀਵਾਲ ਤੇ ਕਲੱਬ ਦੀ ਸਮੁੱਚੀ ਪ੍ਰਬੰਧਕੀ ਟੀਮ ਦਾ ਧੰਨਵਾਦ ਕੀਤਾ ਜਿਨ੍ਹਾਂ ਦੇ ਸਹਿਯੋਗ ਸਦਕਾ ਪ੍ਰਭਲੀਨ ਨੇ ਇਹ ਮੁਕਾਮ ਹਾਸਲ ਕੀਤਾ ਤੇ ਕੋਚ ਦਿਲਪਾਲ ਸਿੰਘ ਦਾ ਵੀ ਸ਼ੁਕਰਾਨਾ ਕੀਤਾ ਜਿਨ੍ਹਾਂ ਤੋਂ ਪ੍ਰਭਲੀਨ ਨੇ ਹਾਕੀ ਫੜਨੀ ਸਿੱਖੀ। ਉਨ੍ਹਾਂ ਦੇ ਪਰਿਵਾਰ ਨੂੰ ਆਸ ਹੈ ਕਿ ਹਰਲੀਨ ਅਤੇ ਪ੍ਰਭਲੀਨ ਦੀਆਂ ਇਨ੍ਹਾਂ ਪਹਿਲਕਦਮੀਆਂ ਤੋਂ ਕੈਨੇਡਾ ਰਹਿੰਦੇ ਪਰਿਵਾਰ ਪ੍ਰੇਰਿਤ ਹੋ ਕੇ ਆਪਣੀਆਂ ਬੱਚੀਆਂ ਨੂੰ ਖੇਡਾਂ ਵਿੱਚ ਭਾਗ ਲੈਣ ਲਈ ਹੱਲਾਸ਼ੇਰੀ ਦੇਣਗੇ।

***

## ਰਮਨਦੀਪ ਸਿੰਘ ਅਠਵਾਲ

ਅਠਵਾਲ ਜਿਹੜੀ ਕਿ ਉਸ ਵਕਤ ਸਿਰਫ 6 ਸਾਲ ਦੀ ਸੀ ਨੂੰ ਸਾਰਾ ਸਰੀਰ ਸੁੰਨ ਕਰਨ ਵਾਸਤੇ ਭਾਰੀ ਮਾਤਰਾ ਵਿੱਚ ਦਵਾਈ ਦੇ ਦਿੱਤੀ ਸੀ ਜਿਸ ਕਾਰਨ ਉਹ ਦਿਮਾਗੀ ਤੌਰ 'ਤੇ ਬਿਮਾਰ ਹੋ ਗਈ ਜਿਹੜੀ ਕਿ ਹੁਣ ਤੱਕ ਬਿਮਾਰ ਹੈ। ਉਸ ਦਿਨ ਤੋਂ ਹੀ ਰਮਨਦੀਪ ਸਿੰਘ ਅਠਵਾਲ ਨੇ ਇਹ ਨਿਸ਼ਚਾ ਕਰ ਲਿਆ ਕਿ ਉਹ ਹੁਣ ਹੋਰ ਕਿਸੇ ਵੀ ਬੱਚੇ ਜਾਂ ਵਿਅਕਤੀ ਨਾਲ ਅਜਿਹਾ ਨਹੀਂ ਹੋਣ ਦੇਵੇਗਾ ਅਤੇ ਉਸ ਨੇ ਵਿਦੇਸ਼ੀ ਸਰਕਾਰ ਖ਼ਿਲਾਫ਼ ਜੰਗ ਲੜ ਕੇ ਇਸ 'ਤੇ ਫਤਹਿ ਹਾਸਲ ਕੀਤੀ।ਰਮਨਦੀਪ ਸਿੰਘ ਅਠਵਾਲ ਨੇ ਕਿਹਾ ਕਿ ਚੋਣ ਜਿੱਤਣ ਤੋਂ ਬਾਅਦ ਉਨ੍ਹਾਂ ਦੀ ਤਰਜੀਹ ਸਿਹਤ ਅਤੇ ਸਿੱਖਿਆ ਸੇਵਾਵਾਂ ਵਿੱਚ ਹੋਰ ਸੁਧਾਰ ਲਿਆਉਣ ਦੀ ਹੋਵੇਗੀ। ਇਲਾਕੇ ਨੂੰ ਜੁਰਮ ਰਹਿਤ ਬਣਾਉਣਾ ਵੀ ਅਹਿਮ ਰਹੇਗਾ। ਰਮਨਦੀਪ ਸਿੰਘ ਦੇ ਇਸ ਉਦਮ ਦਾ ਪੂਰੇ ਸੂਬੇ ਵਿੱਚ ਭਾਰੀ ਪ੍ਰਸੰਸਾ ਹੋਣ ਲੱਗੀ ਅਤੇ ਲੋਕਾਂ ਦਾ ਹਰਮਨਪਿਆਰਾ ਬਣ ਗਿਆ। ਇਸ ਕਰਕੇ ਰਮਨਦੀਪ ਸਿੰਘ ਅਠਵਾਲ ਨੂੰ ਅਲਬਰਟਾ ਕਾਲਜ ਆਫ ਡੈਂਟਲ ਅਸਿਸਟੈਂਟ ਵਿੱਚ ਪਬਲਿਕ ਮੈਂਬਰ ਵਜੋਂ ਨਿਯੁਕਤ ਕੀਤਾ ਗਿਆ। ਉਸ ਦੀ ਇਹ ਹਰਮਨਪਿਆਰਤਾ ਨੂੰ ਵੇਖ ਕੇ ਯੂਨਾਈਟਿਡ ਕੰਜ਼ਰਵੇਟਿਵ ਪਾਰਟੀ ਨੇ ਟਿਕਟ ਦੇ ਕੇ ਨਿਵਾਜਿਆ ਹੈ।

## ਹੋਲਾ ਮਹੱਲਾ-ਅਜੋਕੇ ਯੁੱਗ ਦੇ ਸਨਮੁੱਖ

ਵਾਲੇ ਨਸ਼ਿਆਂ ਦੇ ਗ਼ੁਲਾਮ ਹੋ ਕੇ ਰਹਿਗਏ ਹਨ। 'ਹੋਲੇ ਮਹੱਲੇ' ਦੀ ਆਰੰਭਤਾ ਹੀ ਪ੍ਰਮੁੱਖ ਰੂਪ ਵਿੱਚ ਸਾਨੂੰ ਸਰੀਰਿਕ ਤੌਰ 'ਤੇ ਬਲਵਾਨ ਬਣਾਉਣ ਲਈ ਕੀਤੀ ਗਈ। ਇਸ ਲਈ ਹੋਲੇ ਮਹੱਲੇ ਦਾ ਨੌਜਵਾਨਾਂ ਨੂੰ ਸੁਨੇਹਾ ਹੈ ਕਿ ਉਹ ਨਸ਼ਿਆਂ ਦੀ ਦਲਦਲ ਵਿੱਚੋਂ ਬਾਹਰ ਨਿਕਲਣ ਅਤੇ ਆਪਣੀ ਡਿੱਗਦੀ ਜਾ ਰਹੀ ਜਵਾਨੀ ਨੂੰ ਸਾਂਭਣ ਅਤੇ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਨ। ਗੁਰੂ ਗੋਬਿੰਦ ਸਿੰਘ ਜੀ ਦੇ ਦੱਸੇ ਮਾਰਗ 'ਤੇ ਚੱਲਣ ਅਤੇ ਆਪਣੀ ਜ਼ਿੰਦਗੀ ਦੇ ਨਿਸ਼ਾਨੇ ਨੂੰ ਪ੍ਰਾਪਤ ਕਰਨ ਲਈ ਯਤਨਸ਼ੀਲ ਹੋਣ।

ਹੱਕਾਂ ਲਈ ਸਦਾ ਸੰਘਰਸ਼ਸ਼ੀਲ ਰਹਿਣਾ ਅਤੇ ਜ਼ੁਲਮ ਖ਼ਿਲਾਫ ਲੜ੍ਹਦੇ ਰਹਿਣਾ ਖ਼ਾਲਸੇ ਦਾ ਮਹੱਤਵਪੂਰਨ ਕਾਰਜ ਹੈ। ਗੁਰੂ ਜੀ ਨੇ ਸਿੱਖਾਂ ਨੂੰ ਮਜ਼ਬੂਤ ਬਣਾ ਕੇ, ਇਹ ਮਹਾਨ ਕਾਰਜ ਸੌਂਪਿਆ। ਇਸ ਲਈ ਅੱਜ ਲੋੜ ਹੈ ਕਿ ਜੋ ਸਮਾਜ ਵਿੱਚ ਅਨਿਆਂ, ਜ਼ੁਲਮ ਅਤੇ ਧੱਕੇ ਦਾ ਰਾਜ ਕਾਇਮ ਹੋ ਚੁੱਕਿਆ ਹੈ, ਨੂੰ ਠੱਲ੍ਹ ਪਾਈ ਜਾਵੇ।ਜਿੱਥੇ ਹੋਲੇ ਮਹੱਲੇ 'ਤੇ ਖ਼ਾਲਸਾ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕਰਦਾ ਹੈ, ਉੱਥੇ ਹੀ ਇਸ ਸ਼ਕਤੀ ਨੂੰ ਵਰਤੋਂ ਵਿੱਚ ਲਿਆਵੇ ਅਤੇ ਸਮਾਜ ਵਿੱਚ ਹੋ ਰਹੇ ਜ਼ੁਲਮ ਨੂੰ ਰੋਕਣ ਲਈ ਅੱਗੇ ਆਵੇ। ਪੰਥਕ ਫੈਸਲਿਆਂ ਨੂੰ ਏਕਤਾ ਅਤੇ ਇਸ ਸ਼ਕਤੀ ਦੁਆਰਾ ਨਜਿਠਿਆ ਜਾਵੇ।

ਸੋ ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ 'ਹੋਲੇ ਮਹੱਲੇ' ਦੇ ਰੂਪ ਵਿੱਚ ਸਮਾਜ ਨੂੰ ਇਕ ਨਵੀਂ ਚੇਤਨਾ ਪ੍ਰਦਾਨ ਕੀਤੀ। ਜਿਸ ਦਾ ਟੀਚਾ ਇਕ ਅਜਿਹੇ ਮਨੁੱਖ ਦੀ ਸਿਰਜਣਾ ਕਰਨਾ ਹੈ, ਜੋ ਆਜ਼ਾਦ ਸੋਚ ਦਾ ਮਾਲਕ, ਸੱਚ ਅਤੇ ਨੇਕੀ ਦੇ ਮਾਰਗ ਦਾ ਪਾਂਧੀ ਅਤੇ ਜ਼ੁਲਮ ਖ਼ਿਲਾਫ ਡੱਟ ਕੇ ਖੜ੍ਹਨ ਵਾਲਾ ਹੋਵੇ। ਜਿਸ ਦੁਆਰਾ ਇਕ ਅਜਿਹੇ ਸਮਾਜ ਦੀ ਸਿਰਜਣਾ ਕੀਤੀ ਜਾਵੇ, ਜਿਸ ਵਿੱਚ ਸਮਾਜਿਕ ਕੁਰੀਤੀਆਂ ਅਤੇ ਪਸ਼ੂ ਬਿਰਤੀਆਂ ਲਈ ਕੋਈ ਥਾਂ ਨਾ ਹੋਵੇ। ਅਜਿਹੇ ਆਦਰਸ਼ਿਕ ਮਨੁੱਖ ਦੀ ਤਲਾਸ਼ ਅੱਜ ਦਾ ਯੁੱਗ ਕਰ ਰਿਹਾ ਹੈ, ਜੋ ਇਸ ਨਵੀਂ ਚੇਤਨਾ ਦਾ ਧਾਰਨੀ ਹੋਵੇ।

***

## ਅਮਰੀਕਾ ਵਿੱਚ ਜਾਤੀ ਭੇਦਭਾਵ

ਇਸੇ ਤਰ੍ਹਾਂ ਹਰ 3 ਵਿੱਚੋਂ 2 ਦਲਿਤਾਂ ਨੇ ਆਪਣੇ ਕੰਮ ਵਾਲੀ ਥਾਂ 'ਤੇ ਵਿਤਕਰਾ ਮਹਿਸੂਸ ਕੀਤਾ। ਇਸ ਦਾ ਮਤਲਬ ਹੈ ਕਿ ਜਾਤੀ ਵਿਤਕਰਾ ਇੱਕ ਅਸਲ ਸਮੱਸਿਆ ਹੈ ਜੋ ਬਰਾਬਰੀ 'ਤੇ ਆਧਾਰਿਤ ਸਮਾਜ ਦੇ ਰਾਹ ਵਿੱਚ ਖੜ੍ਹੀ ਹੈ। ਇਸ ਨੂੰ ਦੂਰ ਕਰਨਾ ਸਭ ਦਾ ਭਲਾ ਹੈ, ਦਲਿਤਾਂ ਲਈ ਇਹ ਇਨਸਾਫ਼ ਦੀ ਗੱਲ ਹੈ, ਜਦੋਂ ਕਿ ਅਖੌਤੀ ਉੱਚ ਜਾਤੀ ਦੇ ਭਾਈਚਾਰਿਆਂ ਲਈ ਮਨੁੱਖਤਾ ਦੇ ਮਾਰਗ ਵੱਲ ਜਾਣਾ ਹੈ। ਜੇਕਰ ਇਸਦੀ ਮਾਨਤਾ ਲਈ ਕੋਈ ਕਾਨੂੰਨੀ ਪ੍ਰਣਾਲੀ ਬਣਾਈ ਜਾਂਦੀ ਹੈ ਤਾਂ ਇਹ ਹਿੰਦੂਆਂ ਦਾ ਭਲਾ ਕਰੇਗੀ, ਯਾਨੀ ਇਹ ਬਿਨਾਂ ਕਿਸੇ ਭੇਦਭਾਵ ਦੇ ਇਕਸੁਰ ਹਿੰਦੂ ਭਾਈਚਾਰੇ ਦੀ ਸਿਰਜਣਾ ਦਾ ਰਾਹ ਪੱਧਰਾ ਕਰੇਗੀ। ਇਸ ਨੂੰ ਹਿੰਦੂ ਵਿਰੋਧੀ ਸਾਜ਼ਿਸ਼ ਕਿਉਂ ਮੰਨਿਆ ਜਾਵੇ ?

## ਆਰਟੀਫ਼ੀਸ਼ੀਅਲ ਇੰਟੈਲੀਜੈਂਸ 'ਚ

ਵਧੇਰੇ ਆਮ ਹੋ ਗਿਆ, ਤਾਂ ਨਾਰੀਵਾਦ ਅਤੇ ਲਿੰਗ ਅਸਮਾਨਤਾ ਦੇ ਵਿਰੁੱਧ ਲੜਾਈ ਨੇ ਇੱਕ ਪੁਨਰ-ਉਭਾਰ ਦਾ ਅਨੁਭਵ ਮਿਲਿਆ। ਹੁਣ ਅਸੀਂ ਹਰ ਸਾਲ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਉਂਦੇ ਹਾਂ ਕਿਉਂਕਿ ਅਸੀਂ ਪੂਰੀ ਤਰ੍ਹਾਂ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਦੀ ਉਮੀਦ ਨਾਲ ਲਗਾਤਾਰ ਅੱਗੇ ਵਧਦੇ ਹਾਂ।

ਸਾਡੀ ਜ਼ਿੰਦਗੀ ਮਜ਼ਬੂਤ ਤਕਨੀਕੀ ਏਕੀਕਰਣ 'ਤੇ ਨਿਰਭਰ ਕਰਦੀ ਹੈ ਬੇਸ਼ਕ ਕਿਸੇ ਕੋਰਸ ਵਿਚ ਸ਼ਾਮਲ ਹੋਣਾ, ਅਜ਼ੀਜ਼ਾਂ ਨੂੰ ਕਾਲ ਕਰਨਾ, ਬੈਂਕ ਲੈਣ-ਦੇਣ ਕਰਨਾ ਜਾਂ ਡਾਕਟਰੀ ਮੁਲਾਕਾਤ ਬੁੱਕ ਕਰਨਾ ਹੋਵੇ। ਵਰਤਮਾਨ ਵਿੱਚ ਹਰ ਚੀਜ਼ ਇੱਕ ਡਿਜੀਟਲ ਪ੍ਰਕਿਰਿਆ ਵਿੱਚੋਂ ਲੰਘਦੀ ਹੈ। ਹਾਲਾਂਕਿ ਇਕ ਸਰਵੇਖਣ ਦੌਰਾਨ, 37% ਔਰਤਾਂ ਇੰਟਰਨੈਟ ਦੀ ਵਰਤੋਂ ਨਹੀਂ ਕਰਦੀਆਂ ਹਨ। ਪੁਰਸ਼ਾਂ ਦੇ ਮੁਕਾਬਲੇ 259 ਮਿਲੀਅਨ ਘੱਟ ਬੀਬੀਆਂ ਕੋਲ ਇੰਟਰਨੈੱਟ ਦੀ ਪਹੁੰਚ ਹੈ, ਭਾਵੇਂ ਕਿ ਉਹ ਦੁਨੀਆ ਦੀ ਲਗਭਗ ਅੱਧੀ ਅਬਾਦੀ ਦਾ ਹਿੱਸਾ ਹਨ।

ਜੇਕਰ ਬੀਬੀਆਂ ਇੰਟਰਨੈੱਟ ਤੱਕ ਪਹੁੰਚ ਕਰਨ ਵਿੱਚ ਅਸਮਰੱਥ ਹਨ ਅਤੇ ਆਨਲਾਈਨ ਸੁਰੱਖਿਅਤ ਮਹਿਸੂਸ ਨਹੀਂ ਕਰਦੀਆਂ ਹਨ, ਤਾਂ ਉਹ ਡਿਜੀਟਲ ਸਥਾਨਾਂ ਵਿੱਚ ਸ਼ਾਮਲ ਹੋਣ ਲਈ ਲੋੜੀਂਦੇ ਡਿਜੀਟਲ ਹੁਨਰਾਂ ਨੂੰ ਵਿਕਸਤ ਕਰਨ ਵਿੱਚ ਅਸਮਰੱਥ ਹਨ, ਜਿਸ ਨਾਲ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ (STEM) ਵਿੱਚ ਕਰੀਅਰ ਬਣਾਉਣ ਦੇ ਉਨ੍ਹਾਂ ਦੇ ਮੌਕੇ ਘੱਟ ਜਾਂਦੇ ਹਨ। ਖੇਤਰ 2050 ਤੱਕ, 75% ਨੌਕਰੀਆਂ STEM ਖੇਤਰਾਂ ਨਾਲ ਸਬੰਧਤ ਹੋਣਗੀਆਂ। ਫਿਰ ਵੀ ਅੱਜ, ਬੀਬੀਆਂ ਆਰਟੀਫੀਸ਼ੀਅਲ ਇੰਟੈਲੀਜੈਂਸ ਵਿੱਚ ਸਿਰਫ਼ 22% ਅਹੁਦਿਆਂ 'ਤੇ ਹਨ।

ਬੀਬੀਆਂ ਨੂੰ ਤਕਨਾਲੋਜੀ ਵਿੱਚ ਲਿਆਉਣ ਨਾਲ ਵਧੇਰੇ ਰਚਨਾਤਮਕ ਹੱਲ ਨਿਕਲਦੇ ਹਨ ਅਤੇ ਬੀਬੀਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਲੇ ਅਤੇ ਲਿੰਗ ਸਮਾਨਤਾ ਨੂੰ ਉਤਸ਼ਾਹਿਤ ਕਰਨ ਵਾਲੀਆਂ ਨਵੀਨਤਾਵਾਂ ਦੀ ਵਧੇਰੇ ਸੰਭਾਵਨਾ ਹੁੰਦੀ ਹੈ। ਇਸ ਦੇ ਉਲਟ, ਉਨ੍ਹਾਂ ਦੀ ਸ਼ਮੂਲੀਅਤ ਦੀ ਘਾਟ, ਭਾਰੀ ਲਾਗਤਾਂ ਦੇ ਨਾਲ ਆਉਂਦੀ ਹੈ।

'ਡਿਜੀਟਲ : ਲਿੰਗ ਸਮਾਨਤਾ ਲਈ ਨਵੀਨਤਾ ਅਤੇ ਤਕਨਾਲੋਜੀ' ਥੀਮ ਦੇ ਤਹਿਤ ਆਈਡਬਲਯੂਡੀ ਦਾ ਸੰਯੁਕਤ ਰਾਸ਼ਟਰ ਆਬਜ਼ਰਵੇਂਸ, ਉਨ੍ਹਾਂ ਔਰਤਾਂ ਅਤੇ ਲੜਕੀਆਂ ਨੂੰ ਮਾਨਤਾ ਦਿੰਦਾ ਹੈ ਅਤੇ ਉਨ੍ਹਾਂ ਦੇ ਜਸ਼ਨ ਮਨਾਉਂਦਾ ਹੈ ਜੋ ਪਰਿਵਰਤਨਸ਼ੀਲ ਤਕਨਾਲੋਜੀ ਅਤੇ ਡਿਜੀਟਲ ਸਿੱਖਿਆ ਦੀ ਉੱਨਤੀ ਨੂੰ ਅੱਗੇ ਵਧਾ ਰਹੀਆਂ ਹਨ। ਆਉਣ ਵਾਲੇ ਸਮੇਂ ਵਿੱਚ ਇਹ ਨਿਰੀਖਣ ਆਰਥਿਕ ਅਤੇ ਸਮਾਜਿਕ ਅਸਮਾਨਤਾਵਾਂ ਨੂੰ ਵਧਾਉਣ 'ਤੇ ਡਿਜੀਟਲ ਲਿੰਗ ਪਾੜੇ ਦੇ ਪ੍ਰਭਾਵਾਂ ਦੀ ਪੜਚੋਲ ਕਰੇਗਾ ਅਤੇ ਇਹ ਡਿਜੀਟਲ ਸਥਾਨਾਂ ਵਿੱਚ ਬੀਬੀਆਂ ਅਤੇ ਲੜਕੀਆਂ ਦੇ ਅਧਿਕਾਰਾਂ ਦੀ ਸੁਰੱਖਿਆ ਅਤੇ ਆਨਲਾਈਨ ਅਤੇ ਆਈਸੀਟੀ-ਸੁਵਿਧਾਜਨਕ ਲਿੰਗ-ਆਧਾਰਿਤ ਹਿੰਸਾ ਨੂੰ ਹੱਲ ਕਰਨ ਦੇ ਮਹੱਤਵ ਨੂੰ ਵੀ ਦਰਸਾਏਗਾ ਤੇ ਆਉਣ ਵਾਲੇ ਸਮੇਂ ਵਿੱਚ ਬੀਬੀਆਂ ਨੂੰ ਹੋਰ ਵਧੇਰੇ ਮੌਕੇ ਪ੍ਰਦਾਨ ਕਰਵਾਏਗਾ।

***

## 5 ਹੋਣਹਾਰ ਭਾਰਤੀ ਕ੍ਰਿਕਟਰ

ਅਗਲੀ ਵਾਰ ਉਸ ਨੂੰ 2005 ਵਿੱਚ ਪਾਕਿਸਤਾਨ ਖ਼ਿਲਾਫ਼ ਮੌਕਾ ਮਿਲਿਆ ਅਤੇ ਉਸ ਤੋਂ ਬਾਅਦ ਉਹ ਕਦੇ ਵੀ ਕੌਮੀ ਟੀਮ ਵਿੱਚ ਨਹੀਂ ਚੁਣਿਆ ਗਿਆ।ਉਸਨੇ 11 ਇੱਕ ਰੋਜ਼ਾ ਮੈਚਾਂ ਦੇ ਨਾਲ ਆਪਣੇ ਕੈਰੀਅਰ ਦਾ ਅੰਤ ਕੀਤਾ ਜਿੱਥੇ ਉਸਨੇ 18.87 ਦੀ ਔਸਤ ਨਾਲ 151 ਦੌੜਾਂ ਬਣਾਈਆਂ। ਗਾਵਸਕਰ ਨੇ ਕਲਕੱਤਾ ਨਾਈਟ ਰਾਈਡਰਜ਼ ਲਈ 2009 ਵਿੱਚ ਆਈ.ਪੀ.ਐਲ. ਵਿੱਚ ਵੀ ਹਿੱਸਾ ਲਿਆ ਪਰ ਇੱਥੇ ਵੀ ਉਹ ਪ੍ਰਭਾਵਿਤ ਕਰਨ ਵਿੱਚ ਅਸਫ਼ਲ ਰਿਹਾ। ਆਖਿਰਕਾਰ, ਉਸਨੇ 2012 ਵਿੱਚ ਅੰਤਰਰਾਸ਼ਟਰੀ ਕ੍ਰਿਕਟ ਨੂੰ ਅਲਵਿਦਾ ਕਹਿ ਦਿੱਤਾ।ਹਾਲਾਂਕਿ ਉਸ ਨੂੰ 2013 ਵਿੱਚ ਕ੍ਰਿਕਟ ਵਿੱਚ ਕੁਮੈਂਟਰੀ ਕਰਦੇ ਦੇਖਿਆ ਗਿਆ ਸੀ ਅਤੇ ਕਈ ਵਾਰ ਆਪਣੇ ਪਿਤਾ ਨਾਲ ਕੁਮੈਂਟਰੀ ਬਾਕਸ ਵਿੱਚ ਵੀ ਦੇਖਿਆ ਗਿਆ ਸੀ ਪਰ ਉਸ ਤੋਂ ਬਾਅਦ ਕਦੇ ਜਨਤਕ ਤੌਰ 'ਤੇ ਦਿਖਾਈ ਨਹੀਂ ਦਿੱਤੇ ।

**ਦਿਨੇਸ਼ ਮੋਂਗੀਆ:** ਦਿਨੇਸ਼ ਮੋਂਗੀਆ ਦੋ ਵਿਸ਼ਵ ਕੱਪਾਂ ਦਾ ਹਿੱਸਾ ਸਨ ਪਰ ਉਹ ਦੋਵਾਂ ਵਿੱਚ ਆਪਣੀ ਛਾਪ ਛੱਡਣ ਵਿੱਚ ਅਸਫ਼ਲ ਰਹੇ। 2001 ਵਿੱਚ ਆਪਣੇ ਅੰਤਰਰਾਸ਼ਟਰੀ ਕੈਰੀਅਰ ਦੀ ਸ਼ੁਰੂਆਤ ਕਰਨ ਤੋਂ ਬਾਅਦ ਮੋਂਗੀਆ ਨੇ ਇੱਕ ਜਾਂ ਦੋ ਵੱਡੀਆਂ ਪਾਰੀਆਂ ਖੇਡੀਆਂ ਜਿਵੇਂ ਕਿ ਜ਼ਿੰਬਾਬਵੇ ਦੇ ਖ਼ਿਲਾਫ਼ 159 ਦੌੜਾਂ, ਜਿਸ ਨਾਲ ਉਸਨੂੰ ਮੈਨ ਆਫ਼ ਦਾ ਮੈਚ ਦਾ ਪੁਰਸਕਾਰ ਵੀ ਮਿਲਿਆ।ਇੱਕ ਬੱਲੇਬਾਜ਼ੀ ਆਲਰਾਊਂਡਰ ਵਜੋਂ ਮੋਂਗੀਆ ਦਾ ਇਹ ਪਹਿਲਾ ਅਤੇ ਆਖਰੀ ਸੈਂਕੜਾ ਸੀ।ਮੋਂਗੀਆ 2005 ਵਿੱਚ ਪਾਕਿਸਤਾਨ ਦੇ ਖ਼ਿਲਾਫ਼ ਸੌਰਵ ਗਾਂਗੁਲੀ ਦੀ ਅਗਵਾਈ ਵਿੱਚ ਪਲੇਇੰਗ ਇਲੈਵਨ ਵਿੱਚ ਵੀ ਸੀ। ਪਰ ਦੁਬਾਰਾ ਕੋਈ ਯਾਦਗਾਰ ਪ੍ਰਦਰਸ਼ਨ ਨਹੀਂ ਕਰ ਸਕਿਆ। 2005 ਵਿੱਚ ਖਰਾਬ ਪ੍ਰਦਰਸ਼ਨ ਦੇ ਬਾਅਦ ਉਸਨੂੰ ਟੀਮ ਤੋਂ ਬਾਹਰ ਕਰ ਦਿੱਤਾ ਗਿਆ ਸੀ।ਉਸ ਨੂੰ 2008 ਵਿੱਚ ਗੈਰ-ਪ੍ਰਵਾਨਿਤ ਇੰਡੀਅਨ ਕ੍ਰਿਕੇਟ ਲੀਗ ਵਿੱਚ ਹਾਜ਼ਰ ਹੋਣ ਲਈ ਬੀ.ਸੀ.ਸੀ.ਆਈ. ਵੱਲੋਂ ਮੁਅੱਤਲ ਕਰ ਦਿੱਤਾ ਗਿਆ ਸੀ, ਹਾਲਾਂਕਿ ਉਨ੍ਹਾਂ 'ਤੇ ਲੱਗੀ ਪਾਬੰਦੀ ਹਟਾ ਲਈ ਗਈ ਸੀ ਪਰ ਉਹ ਫਿਰ ਕਦੇ ਭਾਰਤੀ ਟੀਮ 'ਚ ਨਜ਼ਰ ਨਹੀਂ ਆਏ।42 ਸਾਲ ਦੀ ਉਮਰ ਵਿੱਚ ਮੋਂਗੀਆ ਨੇ ਕ੍ਰਿਕਟ ਦੇ ਸਾਰੇ ਰੂਪਾਂ ਤੋਂ ਸੰਨਿਆਸ ਲੈਣ ਦਾ ਐਲਾਨ ਕੀਤਾ।2021 ਵਿੱਚ, ਉਹ 2022 ਦੀਆਂ ਪੰਜਾਬ ਚੋਣਾਂ ਤੋਂ ਪਹਿਲਾਂ ਭਾਜਪਾ ਵਿੱਚ ਸ਼ਾਮਿਲ ਹੋ ਗਿਆ।

**ਵੇਣੂਗੋਪਾਲ ਰਾਓ:** ਰਾਓ ਉਨ੍ਹਾਂ ਭੁੱਲੇ ਹੋਏ ਭਾਰਤੀ ਖਿਡਾਰੀਆਂ ਵਿੱਚੋਂ ਇੱਕ ਹੈ ਜਿਨ੍ਹਾਂ ਨੇ ਅੰਤਰਰਾਸ਼ਟਰੀ ਡੈਬਿਊ ਉਦੋਂ ਕੀਤਾ ਸੀ ਜਦੋਂ ਕਪਤਾਨ ਸੌਰਵ ਗਾਂਗੁਲੀ ਨੂੰ 2005 ਵਿੱਚ ਟੀਮ ਤੋਂ ਬਾਹਰ ਕਰ ਦਿੱਤਾ ਗਿਆ ਸੀ।ਆਂਧਰਾ ਪ੍ਰਦੇਸ਼ ਲਈ ਖੇਡਦੇ ਸਮੇਂ ਰਾਓ ਦਾ ਘਰੇਲੂ ਟਰੈਕ ਰਿਕਾਰਡ ਚੰਗਾ ਸੀ ਅਤੇ ਉਸ ਨੂੰ 2005-06 ਵਿੱਚ ਭਾਰਤੀ ਟੀਮ ਲਈ ਪਹਿਲੀ ਵਾਰ ਬੁਲਾਇਆ ਗਿਆ ਜਦੋਂ ਅੰਤਰਰਾਸ਼ਟਰੀ ਪੱਧਰ 'ਤੇ ਨਵੇਂ ਖਿਡਾਰੀਆਂ ਦੀ ਜਾਂਚ ਕੀਤੀ ਜਾ ਰਹੀ ਸੀ। ਉਹ ਹੇਠਲੇ ਮੱਧਕ੍ਰਮ ਦਾ ਬੱਲੇਬਾਜ਼ ਅਤੇ ਸੱਜੇ ਹੱਥ ਦਾ ਆਫ਼ ਬ੍ਰੇਕ ਗੇਂਦਬਾਜ਼ ਸੀ। ਰਾਓ ਨੇ 2005-06 ਦੇ ਵਿਚਕਾਰ ਕੁਝ ਚੰਗੇ ਸਕੋਰ ਬਣਾਏ ਜਦੋਂ ਉਹ ਭਾਰਤੀ ਟੀਮ ਲਈ ਖੇਡਿਆ ਪਰ ਟੀਮ ਵਿੱਚ ਆਪਣੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਇੰਨਾ ਵੱਡਾ ਨਹੀਂ ਸੀ। ਆਈ.ਪੀ.ਐਲ. ਵਿੱਚ ਵੀ

ਉਸਨੇ ਕੁਝ ਮੈਚ ਖੇਡੇ ਪਰ ਕਿਸੇ ਵੀ ਫਰੈਂਚਾਇਜ਼ੀ ਦੁਆਰਾ ਕਦੇ ਵੀ ਬਰਕਰਾਰ ਨਹੀਂ ਰੱਖਿਆ ਗਿਆ। ਉਸਨੇ ਆਪਣਾ ਆਖਰੀ ਅੰਤਰਰਾਸ਼ਟਰੀ ਡੈਬਿਊ ਕਰਨ ਤੋਂ 14 ਸਾਲ ਬਾਅਦ, 2019 ਵਿੱਚ ਆਪਣੇ ਕ੍ਰਿਕਟ ਕੈਰੀਅਰ ਤੋਂ ਸੰਨਿਆਸ ਲਿਆ।ਉਹ ਅੱਜਕੱਲ੍ਹ ਕਿਤੇ ਵੀ ਨਜ਼ਰ ਨਹੀਂ ਆ ਰਿਹਾ, ਨਾ ਕੁਮੈਂਟਰੀ ਵਿਚ ਅਤੇ ਨਾ ਹੀ ਕਿਸੇ ਟੀਮ ਦੇ ਕੋਚ ਵਜੋਂ।

**ਜੋਗਿੰਦਰ ਸ਼ਰਮਾ:** 2007 ਦੇ ਟੀ-20 ਵਿਸ਼ਵ ਕੱਪ ਵਿੱਚ ਪਾਕਿਸਤਾਨ ਦੇ ਖ਼ਿਲਾਫ਼ ਆਪਣੇ ਆਖਰੀ ਓਵਰ ਦੀ ਗੇਂਦਬਾਜ਼ੀ ਸਦਕਾ ਜੋਗਿੰਦਰ ਸ਼ਰਮਾ ਨੂੰ ਹਮੇਸ਼ਾ ਯਾਦ ਰੱਖਿਆ ਜਾਂਦਾ ਹੈ।ਸ਼ਰਮਾ ਨੂੰ ਅੰਤਰਰਾਸ਼ਟਰੀ ਕ੍ਰਿਕਟ ਵਿੱਚ ਸਭ ਤੋਂ ਘੱਟ ਪ੍ਰਸਿੱਧੀ ਮਿਲੀ ਸੀ।2007 ਦੇ ਵਿਸ਼ਵ ਕੱਪ ਦੇ ਆਖਰੀ ਓਵਰ ਤੋਂ ਪਹਿਲਾਂ ਸ਼ਾਇਦ ਹੀ ਕੋਈ ਉਸਨੂੰ ਜਾਣਦਾ ਸੀ ਜੋ ਭਾਰਤ ਨੇ ਜਿੱਤਿਆ ਸੀ।2004 ਵਿੱਚ ਆਪਣੀ ਸ਼ੁਰੂਆਤ ਕਰਨ ਤੋਂ ਬਾਅਦ, ਸੱਜੇ ਹੱਥ ਦੇ ਮੱਧਮ- ਤੇਜ਼ ਗੇਂਦਬਾਜ਼ ਨੇ 2011 ਤੱਕ ਚੇਨਈ ਸੁਪਰ ਕਿੰਗਜ਼ ਨਾਲ ਕੁਝ ਆਈ.ਪੀ.ਐਲ. ਗੇਮਾਂ ਵੀ ਖੇਡੀਆਂ। ਸ਼ਰਮਾ ਨੇ ਭਾਰਤ ਲਈ ਸਿਰਫ਼ 4 ਵਨਡੇ ਅਤੇ 4 ਟੀ-20 ਮੈਚ ਖੇਡੇ ਹਨ।2011 ਵਿੱਚ ਉਸ ਦੀ ਕਾਰ ਦਾ ਇੱਕ ਹਾਦਸਾ ਹੋਇਆ ਉਸ ਤੋਂ ਬਾਅਦ ਉਸ ਨੇ ਕੋਈ ਵੀ ਆਈ.ਪੀ.ਐਲ. ਜਾਂ ਅੰਤਰਰਾਸ਼ਟਰੀ ਮੈਚ ਨਹੀਂ ਖੇਡਿਆ ਹੈ।ਉਸਨੇ ਇਸੇ ਵਰ੍ਹੇ 3 ਫਰਵਰੀ ਨੂੰ ਕ੍ਰਿਕਟ ਤੋਂ ਸੰਨਿਆਸ ਲੈ ਲਿਆ।ਉਹ ਇਸ ਸਮੇਂ ਹਰਿਆਣਾ ਪੁਲਿਸ ਵਿੱਚ ਡਿਪਟੀ ਸੁਪਰਡੈਂਟ ਹਨ।

**ਮੁਰਲੀ ਕਾਰਤਿਕ:** ਮੁਰਲੀਕਾਰਤਿਕ ਸੂਚੀ ਵਿੱਚ ਆਖਰੀ ਸਥਾਨ 'ਤੇ ਹੈ। ਹਾਲਾਂਕਿ ਖੱਬੇ ਹੱਥ ਦੇ ਆਰਥੋਡਾਕਸ ਗੇਂਦਬਾਜ਼ ਦਾ ਅੰਤਰਰਾਸ਼ਟਰੀ ਪੱਧਰ 'ਤੇ ਕੋਈ ਮਾੜਾ ਪ੍ਰਦਰਸ਼ਨ ਨਹੀਂ ਸੀ ਪਰ ਅਨਿਲ ਕੁੰਬਲੇ ਅਤੇ ਹਰਭਜਨ ਸਿੰਘ ਵਰਗੇ ਖਿਡਾਰੀਆਂ ਦੀ ਮੌਜੂਦਗੀ ਕਾਰਨ ਉਸ ਨੂੰ ਟੀਮ ਵਿੱਚ ਗੇਂਦਬਾਜ਼ ਵਜੋਂ ਫੁੱਲ-ਟਾਈਮ ਭੂਮਿਕਾ ਨਹੀਂ ਮਿਲ ਸਕੀ।ਕਾਰਤਿਕ ਨੇ 2000 ਤੋਂ 2007 ਤੱਕ ਭਾਰਤੀ ਟੀਮ ਲਈ ਕੁਝ ਚੰਗਾ ਪ੍ਰਦਰਸ਼ਨ ਕੀਤਾ ਪਰ ਉਹ ਕਦੇ ਵੀ ਸਥਾਈ ਮੈਂਬਰ ਨਹੀਂ ਰਹੇ।7 ਸਾਲਾਂ ਦੇ ਕੈਰੀਅਰ 'ਚ ਕਾਰਤਿਕ ਨੇ 37 ਵਨਡੇ ਮੈਚਾਂ 'ਚ 37 ਵਿਕਟਾਂ ਲਈਆਂ ਜਦਕਿ 8 ਟੈਸਟ ਮੈਚਾਂ 'ਚ ਉਸ ਨੇ 24 ਵਿਕਟਾਂ ਲਈਆਂ। ਉਸਨੇ ਕਲਕੱਤਾ ਨਾਈਟ ਰਾਈਡਰਜ਼, ਰਾਇਲ ਚੈਲੇਂਜਰਜ਼ ਬੈਂਗਲੁਰੂ ਅਤੇ ਕਿੰਗਜ਼ ਇਲੈਵਨ ਪੰਜਾਬ ਲਈ ਵੀ ਆਈ.ਪੀ.ਐੱਲ. ਕੁੱਲ ਮਿਲਾ ਕੇ, ਉਸਨੇ ਛੇ ਸਾਲਾਂ ਵਿੱਚ 56 ਮੈਚ ਖੇਡੇ ਅਤੇ 31 ਵਿਕਟਾਂ ਨਾਲ ਆਪਣੇ ਆਈ.ਪੀ.ਐਲ. ਕੈਰੀਅਰ ਦਾ ਅੰਤ ਕੀਤਾ।ਉਸਨੇ 2021 ਵਿੱਚ ਖੇਡ ਤੋਂ ਸੰਨਿਆਸ ਲੈਣ ਦਾ ਐਲਾਨ ਕੀਤਾ।

***

## ਕਿੱਥੇ ਹੈ ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ ?

ਗਈ ਅਤੇ ਅੱਜ ਤੱਕ ਉੱਥੇ ਪਈ ਹੈ। ਹੁਣ ਇਹ ਇਤਿਹਾਸ ਹੈ ਕਿ ਕੀ ਕਲਕੱਤੇ ਵਿਚੋਂ ਗੁਰੂ ਜੀ ਦੀ ਕਲਗੀ ਹੀ ਚੋਰੀ ਹੋ ਗਈ ਸੀ ? ਜੇ ਅਜਿਹਾ ਹੋਇਆ ਸੀ ਤਾਂ ਚੁੱਕਣ ਵਾਲਾ ਵੀ ਕੋਈ ਅੰਗਰੇਜ਼ ਫ਼ੌਜੀ ਅਫ਼ਸਰ ਹੀ ਹੋ ਸਕਦਾ ਹੈ।

ਮੈਂ ਅੱਜ ਇਹ ਮੰਗ ਕਰ ਰਿਹਾ ਹਾਂ ਕਿ ਇਸ ਬਾਰੇ ਸਾਡੇ ਚੋਣਵੇਂ ਇਤਿਹਾਸਕਾਰ ਧਿਆਨ ਦੇਣ ਅਤੇ ਇਸ ਦੀ ਖੋਜ ਆਰੰਭ ਕਰਨ ਅਤੇ ਮੇਰੀ ਕੱਚ ਅਤੇ ਜੇਡ ਦੀ ਪਛਾਣ ਵਾਲੀ ਦਲੀਲ ਨੂੰ ਵੀ ਵਿਚਾਰਨ ਅਤੇ ਲੰਡਨ ਪਈ ਇਸ ਕਲਗੀ ਨੂੰ ਵੇਖਣ ਅਤੇ ਉਸ ਦਾ ਇਤਿਹਾਸ ਪੜ੍ਹ ਕੇ ਕਿਸੇ ਨਤੀਜੇ 'ਤੇ ਪੁੱਜਣ। ਲੰਡਨ ਵਿੱਚ ਵੀ ਬੜੇ ਸਿੱਖ ਹਨ ਜਿਨ੍ਹਾਂ ਨੇ ਗੁਰੂ ਸਾਹਿਬਾਨ ਦੇ ਵਸਤਰਾਂ ਅਤੇ ਸ਼ਸਤਰਾਂ ਬਾਰੇ ਕਿਤਾਬਾਂ ਲਿਖੀਆਂ ਹਨ, ਉਹ ਵੀ ਇਸ ਬਾਰੇ ਖੋਜ ਕਰਨ।

***

## ਗਾਇਕੀ ਨੂੰ ਇਬਾਦਤ ਮੰਨਣ

ਸੂਹੀ ਫੁਲਕਾਰੀ, ਮੇਲਾ ਤੀਆਂ ਦਾ', 'ਦਿਲ ਜਾਨੀ ਵੇ', 'ਉਹ ਤੁਰ ਪਿਆ', 'ਲੋਕ ਬੋਲੀਆਂ', 'ਮੋਹ ਜਿਹਾ ਆਉਂਦਾ' ਤੋਂ ਇਲਾਵਾ ਸੂਫ਼ੀ ਗਾਇਕੀ 'ਛਾਪ ਤਿਲਕ ਸਭ ਛੀਨੀ' ਵਰਗੇ ਸੂਫ਼ੀਆਨਾ ਰੰਗ ਨਾਲ ਲੋਕ ਮਨਾਂ 'ਚ ਵਸਦੀ ਹੈ। ਉਸ ਨੇ ਧਾਰਮਿਕ ਗੀਤਾਂ 'ਦੇ ਕੇ ਦਾਦੀ ਨੇ ਦਿਲਾਸੇ', 'ਸ਼ੁਕਰ ਕਰਾਂ ਤੇਰਾ', 'ਬਾਬਾ ਨਾਨਕ', 'ਸਾਂਝਾ ਨਾਨਕ', 'ਨਾਨਕ ਦੇ ਦਰ ਤੋਂ', 'ਸਭ ਤੋਂ ਮੂਹਰੇ ਪਗੜੀ ਦਿਸੀ' ਆਦਿ ਮਕਬੂਲ ਗੀਤਾਂ ਨਾਲ ਨਾਮਣਾ ਖੱਟਿਆ ਹੈ।

***

## ਪਾਕਿ 'ਚ ਹੋਲੀ ਮਨਾ ਰਹੇ ਹਿੰਦੂ ਵਿਦਿਆਰਥੀਆਂ

ਕੁੱਟਮਾਰ ਕਰਨ ਵਾਲੇ ਯੂਨੀਵਰਸਿਟੀ ਦੇ ਸੁਰੱਖਿਆ ਗਾਰਡਾਂ ਖ਼ਿਲਾਫ਼ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ ਪਰ ਅਜੇ ਤੱਕ ਐਫ.ਆਈ.ਆਰ. ਦਰਜ ਨਹੀਂ ਕੀਤੀ ਗਈ। ਉਧਰ ਪੰਜਾਬ ਯੂਨੀਵਰਸਿਟੀ ਦੇ ਬੁਲਾਰੇ ਖੁਰਮ ਸ਼ਹਿਜ਼ਾਦ ਨੇ ਦੱਸਿਆ ਕਿ ਯੂਨੀਵਰਸਿਟੀ ਪ੍ਰਸ਼ਾਸਨ ਨੇ ਕਾਲਜ ਦੇ ਲਾਅਨ 'ਚ ਹੋਲੀ ਮਨਾਉਣ ਦੀ ਇਜਾਜ਼ਤ ਨਹੀਂ ਦਿੱਤੀ ਸੀ। ਉਨ੍ਹਾਂ ਕਿਹਾ ਕਿ ਜੇਕਰ ਜਸ਼ਨ ਅੰਦਰ ਮਨਾਇਆ ਜਾਂਦਾ ਤਾਂ ਕੋਈ ਸਮੱਸਿਆ ਨਹੀਂ ਹੋਣੀ ਸੀ। ਉੱਪ-ਕੁਲਪਤੀ ਨੇ ਮਾਮਲੇ ਦੀ ਜਾਂਚ ਦੇ ਆਦੇਸ਼ ਦੇ ਦਿੱਤੇ ਹਨ।

***

## ਨਿਤਿਆਨੰਦ ਦੇ ਕੈਲਾਸਾ ਨੂੰ ਮਿਲਿਆ

ਉਨ੍ਹਾਂ ਦਾ ਸਵਾਲ ਸੀ ਕਿ ਨਿਤਿਆਨੰਦ ਅਤੇ ਕੈਲਾਸਾ ਨੂੰ ਦਰਪੇਸ਼ ਮੁਸ਼ਕਿਲਾਂ ਤੋਂ ਨਿਜਾਤ ਪਾਉਣ ਲਈ ਕਿਹੜੇ ਕਦਮ ਚੁੱਕੇ ਜਾ ਸਕਦੇ ਹਨ?

ਸੰਯੁਕਤ ਰਾਸ਼ਟਰ ਨੇ ਕਿਹਾ ਹੈ ਕਿ ਉਹ ਜਨੇਵਾ ਵਿੱਚ ਆਯੋਜਿਤ ਆਪਣੇ ਦੋ ਪ੍ਰੋਗਰਾਮਾਂ ਵਿੱਚ ਇੱਕ ਭਗੌੜੇ ਭਾਰਤੀ ਗੁਰੂ ਦੇ ਫਰਜ਼ੀ ਦੇਸ਼ ਦੇ ਨੁਮਾਇੰਦੇ ਦੀਆਂ ਗੱਲਾਂ ਨੂੰ ਨਜ਼ਰਅੰਦਾਜ਼ ਕਰੇਗਾ। ਸੰਯੁਕਤ ਰਾਸ਼ਟਰ ਦੇ ਇੱਕ ਅਧਿਕਾਰੀ ਨੇ ਕਿਹਾ ਹੈ ਕਿ ਪ੍ਰਤੀਨਿਧੀ ਦਾ ਭਾਸ਼ਣ ਮੀਟਿੰਗ ਵਿੱਚ ਵਿਚਾਰੇ ਜਾ ਰਹੇ ਵਿਸ਼ਿਆਂ ਤੋਂ ਬਾਹਰ ਸੀ ਤੇ ਅਪ੍ਰਸੰਗਿਕ ਸੀ। ਭਾਰਤ ਸਰਕਾਰ ਨੇ ਹਾਲ ਦੀ ਘੜੀ ਇਸ ਵਿਸ਼ੇ 'ਤੇ ਕੋਈ ਟਿੱਪਣੀ ਨਹੀਂ ਕੀਤੀ ਹੈ।

ਸੰਯੁਕਤ ਰਾਸ਼ਟਰ ਦੇ ਇੱਕ ਅਧਿਕਾਰੀ ਨੇ ਦੱਸਿਆ : 'ਯੂਐੱਸਕੇ ਦੀ ਪ੍ਰਤੀਨਿਧੀ ਨੇ ਫ਼ਰਵਰੀ ਮਹੀਨੇ ਜਨੇਵਾ ਵਿੱਚ ਹੋਏ ਸੰਯੁਕਤ ਰਾਸ਼ਟਰ ਦੇ ਦੋ ਸਮਾਗਮਾਂ ਵਿੱਚ ਹਿੱਸਾ ਲਿਆ ਸੀ।'

ਪਹਿਲਾ ਪ੍ਰੋਗਰਾਮ ਫ਼ੈਸਲਾਕੁਨ ਅਹੁਦਿਆਂ 'ਤੇ ਔਰਤਾਂ ਦੀ ਹਿੱਸੇਦਾਰੀ ਬਾਰੇ ਸੀ। ਇਸ ਦਾ ਆਯੋਜਨ ਔਰਤਾਂ ਵਿਰੁੱਧ ਭੇਦਭਾਵ ਖ਼ਤਮ ਕਰਨ ਦੀ ਕਮੇਟੀ (ਸੀਈਡੀਏਡਬਲਿਯੂ) ਵਲੋਂ ਕੀਤਾ ਗਿਆ ਸੀ। ਇਹ ਪ੍ਰੋਗਰਾਮ 22 ਫ਼ਰਵਰੀ ਨੂੰ ਹੋਇਆ ਸੀ। ਇਸ ਤੋਂ ਬਾਅਦ 24 ਫ਼ਰਵਰੀ ਨੂੰ ਇੱਕ ਵਾਰ ਫ਼ਿਰ ਯੂਐੱਸਕੇ ਦੀ ਪ੍ਰਤੀਨਿਧੀ ਨੇ ਸੰਯੁਕਤ ਰਾਸ਼ਟਰ ਦੀ ਬੈਠਕ ਵਿੱਚ ਹਿੱਸਾ ਲਿਆ ਸੀ। ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਦੇ ਹਾਈ ਕਮਿਸ਼ਨਰ ਵਿਵਿਅਨ ਕਵਾਕ ਨੇ ਕਿਹਾ ਹੈ ਕਿ ਇਹ ਸੰਯੁਕਤ ਰਾਸ਼ਟਰ ਦੀਆਂ ਆਮ ਬੈਠਕਾਂ ਸਨ, ਜਿਸ ਵਿਚ ਕੋਈ ਵੀ ਵਿਅਕਤੀ ਆਪਣੇ ਵਿਚਾਰ ਪੇਸ਼ ਕਰ ਸਕਦਾ ਸੀ।ਵਿਵਿਅਨ ਕਵਾਕ ਨੇ ਕਿਹਾ ਕਿ ਯੂਐੱਸਕੇ ਦੀ ਪ੍ਰਤੀਨਿਧੀ ਦੇ ਵਿਚਾਰਾਂ ਨੂੰ ਅੰਤਿਮ ਰਿਪੋਰਟ ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ ਕਿਉਂਕਿ ਉਨ੍ਹਾਂ ਦੇ ਵਿਚਾਰ ਮੀਟਿੰਗ ਦੇ ਨਿਰਧਾਰਿਤ ਵਿਸ਼ੇ ਤੋਂ ਬਾਹਰੇ ਸਨ। ਹਾਈ ਕਮਿਸ਼ਨਰ ਨੇ ਇਹ ਵੀ ਕਿਹਾ ਕਿ ਦੂਜੀ ਮੀਟਿੰਗ ਵਿੱਚ ਪ੍ਰਗਟਾਏ ਗਏ ਵਿਚਾਰ ਵੀ ਅੰਤਿਮ ਰਿਪੋਰਟ ਦਾ ਹਿੱਸਾ ਨਹੀਂ ਹੋਣਗੇ।

**

## ਉੱਤਰ-ਪੂਰਬ ਦੇ ਤਿੰਨ ਰਾਜਾਂ ਦੀਆਂ ਚੋਣਾਂ ਦੇ ਨਤੀਜਿਆਂ

ਜੋ ਕਿ ਉਸ ਨੂੰ ਪਿਛਲੀ ਵਾਰ ਮਿਲੀਆਂ ਸੀਟਾਂ ਦੇ ਬਰਾਬਰ ਹੀ ਹਨ। ਪਰ ਜੇਕਰ ਭਾਜਪਾ ਗੱਠਜੋੜ ਦੀ ਗੱਲ ਕਰੀਏ ਤਾਂ ਉਸ ਨੂੰ ਇਨ੍ਹਾਂ ਚੋਣਾਂ ਵਿਚ 60 'ਚੋਂ 37 ਸੀਟਾਂ ਮਿਲ ਗਈਆਂ ਹਨ। ਨਾਗਾਲੈਂਡ ਦੇ 16 ਜ਼ਿਲ੍ਹਿਆਂ ਵਿਚ 27 ਫਰਵਰੀ 2023 ਨੂੰ ਕਰੀਬ 86 ਫ਼ੀਸਦੀ ਵੋਟਿੰਗ ਹੋਈ ਸੀ, ਜੋ ਕਿ ਪਿਛਲੀ ਵਾਰ ਹੋਈ ਵੋਟਿੰਗ ਨਾਲੋਂ 10 ਫ਼ੀਸਦੀ ਜ਼ਿਆਦਾ ਸੀ। 10 ਫਰਵਰੀ 2023 ਨੂੰ ਇਕ ਵਿਧਾਨ ਸਭਾ ਖੇਤਰ ਤੋਂ ਭਾਜਪਾ ਉਮੀਦਵਾਰ ਕਜੇਤੋ ਕਿੰਨੀ ਨਿਰਵਿਰੋਧ ਚੁਣੇ ਗਏ। ਜਦੋਂ ਕਿ ਨੈਸ਼ਨਲਿਸਟ ਡੈਮੋਕ੍ਰੇਟਿਕ ਪ੍ਰੋਗ੍ਰੇਸਿਵ ਪਾਰਟੀ ਭਾਵ ਐਨ.ਡੀ.ਪੀ.ਪੀ. ਨੇ 25 ਸੀਟਾਂ ਜਿੱਤੀਆਂ ਹਨ। ਨਾਗਾਲੈਂਡ 'ਚ ਅਜੇ ਵੀ ਐਨ.ਡੀ.ਪੀ.ਪੀ. ਦੀ ਹੀ ਸਰਕਾਰ ਹੈ। ਇਹ ਪਾਰਟੀ 2017 'ਚ ਹੋਂਦ ਵਿੱਚ ਆਈ ਸੀ ਅਤੇ ਉਦੋਂ ਇਸ ਨੇ 18 ਸੀਟਾਂ ਜਿੱਤੀਆਂ ਸਨ। ਇਸ ਵਾਰ ਇਸ ਦੀਆਂ 7 ਸੀਟਾਂ ਵਿੱਚ ਵਾਧਾ ਹੋਇਆ ਹੈ। ਇਸ ਤਰ੍ਹਾਂ ਭਾਜਪਾ ਨਾਗਾਲੈਂਡ ਵਿਚ ਵੀ ਸੱਤਾ 'ਚ ਆਪਣੇ ਗੱਠਜੋੜ ਜ਼ਰੀਏ ਪਹਿਲਾਂ ਵਾਂਗ ਬਣੀ ਰਹੇਗੀ। ਨਾਗਾਲੈਂਡ ਵਿੱਚ ਸਭ ਤੋਂ ਜ਼ਿਆਦਾ ਬੁਰੀ ਹਾਲਤ ਕਾਂਗਰਸ ਦੀ ਹੋਈ ਹੈ। ਜਿਸ ਨੂੰ 2018 'ਚ ਇਕ ਵੀ ਸੀਟ ਨਹੀਂ ਮਿਲੀ ਸੀ ਅਤੇ ਇਸ ਵਾਰ ਵੀ ਉਸ ਦਾ ਦੂਰ ਤੱਕ ਕਿਤੇ ਕੋਈ ਨਾਮੋ ਨਿਸ਼ਾਨ ਨਹੀਂ ਹੈ।

ਜੇਕਰ ਮੇਘਾਲਿਆ ਦੇ ਚੋਣ ਨਤੀਜਿਆਂ ਦੀ ਗੱਲ ਕਰੀਏ ਤਾਂ ਇੱਥੇ ਨੈਸ਼ਨਲ ਪੀਪਲਜ਼ ਪਾਰਟੀ ਦਾ ਡੰਕਾ ਵੱਜਿਆ ਹੈ। 27 ਫਰਵਰੀ, 2023 ਨੂੰ ਮੇਘਾਲਿਆ ਦੀਆਂ 60 ਵਿਚ 59 ਸੀਟਾਂ 'ਤੇ ਵੋਟਾਂ ਹੋਈਆਂ ਸਨ ਅਤੇ 85.27 ਫ਼ੀਸਦੀ ਵੋਟਾਂ ਪਈਆਂ ਸਨ। ਇਕ ਸੀਟ ਸੋਹਿਯੋਂਗ 'ਤੇ ਚੋਣ ਟਾਲ ਦਿੱਤੀ ਗਈ ਸੀ, ਕਿਉਂਕਿ ਇੱਥੇ ਯੂ.ਡੀ.ਪੀ. ਦੇ ਉਮੀਦਵਾਰ ਐੱਚ.ਡੀ.ਆਰ. ਲਿੰਗਦੋਹ ਦਾ ਦਿਹਾਂਤ ਹੋ ਗਿਆ ਸੀ। ਇਸ ਵਾਰ ਮੇਘਾਲਿਆ ਵਿੱਚ ਪਿਛਲੀ ਵਾਰ ਦੇ ਮੁਕਾਬਲੇ ਕਰੀਬ 18 ਫ਼ੀਸਦੀ ਜ਼ਿਆਦਾ ਵੋਟਾਂ ਪਈਆਂ ਸਨ। ਇਸ ਵਾਰ ਐਨ.ਪੀ.ਪੀ. ਨੇ 57, ਕਾਂਗਰਸ ਅਤੇ ਭਾਜਪਾ ਨੇ ਸਾਰੀਆਂ ਸੀਟਾਂ 'ਤੇ ਅਤੇ ਟੀ.ਐਮ.ਸੀ. ਨੇ 56 ਸੀਟਾਂ 'ਤੇ ਆਪਣੇ ਉਮੀਦਵਾਰ ਉਤਾਰੇ ਸਨ। ਕਾਂਗਰਸ ਨੇ 2018 ਵਿੱਚ ਮੇਘਾਲਿਆ 'ਚ ਸਭ ਤੋਂ ਜ਼ਿਆਦਾ 21 ਸੀਟਾਂ ਜਿੱਤੀਆਂ ਸਨ। ਪਰ ਇਸ ਵਾਰ ਉਹ ਸਿਰਫ਼ 5 ਸੀਟਾਂ ਤੱਕ ਸਿਮਟ ਗਈ ਹੈ। ਭਾਜਪਾ ਨੂੰ ਪਿਛਲੀ ਵਾਰ ਦੋ ਸੀਟਾਂ ਮਿਲੀਆਂ ਸਨ, ਜਦੋਂ ਕਿ ਉਸ ਨੇ 47 ਸੀਟਾਂ 'ਤੇ ਮੁਕਾਬਲਾ ਕੀਤਾ ਸੀ। ਇਹ ਦੋਵੇਂ ਸੀਟਾਂ ਵੀ ਉਸ ਨੂੰ ਪਹਿਲੀ ਵਾਰ ਮਿਲੀਆਂ ਸਨ। ਇਸ ਵਾਰ ਵੀ ਭਾਜਪਾ ਨੂੰ ਇੱਥੇ ਦੋ ਸੀਟਾਂ ਹੀ ਮਿਲੀਆਂ ਹਨ। ਹਾਲਾਂਕਿ 60 ਉਮੀਦਵਾਰ ਉਤਾਰ ਕੇ ਅਤੇ 59 ਉਮੀਦਵਾਰਾਂ ਦੇ ਮੁਕਾਬਲੇ ਤੋਂ ਬਾਅਦ ਇਹ ਕੋਈ ਸੰਤੋਖਜਨਕ ਕਾਰਗੁਜ਼ਾਰੀ ਨਹੀਂ ਹੈ। ਫਿਰ ਵੀ ਕਾਂਗਰਸ ਦੀ ਜਿਸ ਤਰ੍ਹਾਂ ਨਾਲ ਬੁਰੀ ਹਾਲਤ ਹੋਈ ਹੈ, ਉਸ ਨੂੰ ਦੇਖਦੇ ਹੋਏ ਤਾਂ ਉਸ ਦੀ ਹਾਲਤ ਨਾ ਸਿਰਫ਼ ਚੰਗੀ ਹੈ, ਸਗੋਂ ਐਨ.ਪੀ.ਪੀ. ਦੇ ਕੋਨਰਾਡ ਸੰਗਮਾ ਭਾਜਪਾ ਦੇ ਹੇਮੰਤ ਵਿਸਵਾ ਸ਼ਰਮਾ ਦੇ ਸੰਪਰਕ ਵਿੱਚ ਹਨ, ਇਸ ਲਈ ਭਾਜਪਾ ਮੇਘਾਲਿਆ ਦੀ ਸਰਕਾਰ 'ਚ ਵੀ ਭਾਈਵਾਲ ਜ਼ਰੂਰ ਬਣੇਗੀ। ਇਸ ਤਰ੍ਹਾਂ ਦੇਖਿਆ ਜਾਵੇ ਤਾਂ ਇਸ ਸਾਲ ਜਿਨ੍ਹਾਂ 9 ਵਿਧਾਨ ਸਭਾਵਾਂ ਦੀਆਂ ਚੋਣਾਂ ਹੋਣੀਆਂ ਹਨ, ਉਨ੍ਹਾਂ 'ਚੋਂ ਪਹਿਲੀਆਂ ਤਿੰਨ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ 'ਚ ਭਾਜਪਾ ਦੀ ਕਾਰਗੁਜ਼ਾਰੀ ਕਾਂਗਰਸ ਦੇ ਮੁਕਾਬਲੇ ਬਿਹਤਰ ਰਹੀ ਹੈ। ਇਸ ਨਾਲ ਇਕ ਗੱਲ ਇਹ ਵੀ ਸਾਬਤ ਹੁੰਦੀ ਹੈ ਕਿ ਭਾਜਪਾ ਦੀ ਉੱਤਰ-ਪੂਰਬ 'ਚ ਚੰਗੀ ਪੈਂਠ ਬਣ ਚੁੱਕੀ ਹੈ।

***


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA
MUDDA
ON
jus
PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com